**Thinking Real Estate?**

**BUYERS** we'll find the right home for you.
We have a common goal: Making you a homeowner.
**SELLERS** we know your local markets

COLDWELL BANKER

Residential Brokerage

*Pradeep Singh*
**847-322-5832**
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
**Landmark Realty**
40600 Ann Arbor Rd., Suite# 150, Plymouth, MI 48170
**Call: 734-751-4455** Raj Shergill
rajsshergill@yahoo.com *Associate Broker*



Twenty-Second Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 22, May 29th, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਕਿਸਾਨਾਂ ਵੱਲੋਂ ਸੰਘਰਸ਼ ਨੂੰ ਨਵੀਂ ਧਾਰ ਦੇਣ ਲਈ ਹੰਭਲਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਪਿਛਲੇ 6 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਮੱਲੀ ਬੈਠੀਆਂ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਨੂੰ ਨਵੀਂ ਧਾਰ ਦੇਣ ਲਈ ਇਕ ਵਾਰ ਫਿਰ ਹੰਭਲਾ ਮਾਰਿਆ ਹੈ। ਕਿਸਾਨ ਜਥੇਬੰਦੀਆਂ ਨੇ ਮੋਰਚਿਆਂ ਉਤੇ ਲਾਮਬੰਦੀ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਗੱਲਬਾਤ ਮੁੜ ਸ਼ੁਰੂ ਕਰਨ ਦੀ ਅਪੀਲ ਨਾਲ ਇਹ ਵੀ ਸਾਫ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਢਿੱਲ-ਮੱਠ ਸਰਕਾਰ ਵਾਲੇ ਪਾਸਿਉਂ ਹੈ, ਉਹ ਕਿਸੇ ਗੱਲੋਂ ਭੱਜੇ ਨਹੀਂ ਹਨ।



ਇਸ ਚਿੱਠੀ ਨੇ ਭਾਜਪਾ ਵਿਰੋਧੀ ਪਾਰਟੀਆਂ ਨੂੰ ਵੀ ਹਲੂਣਿਆ ਹੈ ਅਤੇ ਇਸ ਪਿੱਛੋਂ 12 ਤੋਂ ਵੱਧ ਸਿਆਸੀ ਧਿਰਾਂ ਨੇ ਕਿਸਾਨਾਂ ਵੱਲੋਂ ਉਲੀਕੇ ਪ੍ਰੋਗਰਾਮਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਣ ਦਾ ਐਲਾਨ ਕਰ ਦਿੱਤਾ ਹੈ। ਉਧਰ, ਪਿਛਲੇ ਕੁਝ ਦਿਨਾਂ ਤੋਂ ਕਰੋਨਾ ਪਾਬੰਦੀਆਂ ਦੇ ਬਾਵਜੂਦ ਹਰਿਆਣਾ ਦੇ ਕਿਸਾਨਾਂ ਵੱਲੋਂ ਸੂਬਾ ਸਰਕਾਰ ਦੀ ਕੀਤੀ ਘੇਰਾਬੰਦੀ ਨੇ ਭਾਜਪਾ ਨੂੰ ਸੋਚੀਂ ਪਾ ਦਿੱਤਾ ਹੈ। ਸੂਬੇ ਵਿਚ ਹਾਲਾਤ ਇੰਜ ਜਾਪ ਰਹੇ ਹਨ ਕਿ ਜਿਵੇਂ ਕਿਸਾਨਾਂ ਨੇ ਹਰਿਆਣਾ ਦੀ ਖੱਟਰ ਸਰਕਾਰ ਨੂੰ ਅੱਗੇ ਲਾ ਲਿਆ ਹੈ। ਕਿਸਾਨਾਂ ਦੇ ਦਬਾਅ ਹੇਠ ਹਿਸਾਰ ਵਿਚ 16 ਮਈ ਨੂੰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕਰੋਨਾ ਹਸਪਤਾਲ ਦੇ ਉਦਘਾਟਨ ਤੋਂ ਬਾਅਦ ਪੁਲਿਸ ਅਤੇ ਕਿਸਾਨਾਂ ਵਿਚਕਾਰ ਹੋਈ ਝੜਪ 'ਤੇ 350 ਕਿਸਾਨਾਂ ਖਿਲਾਫ ਇਰਾਦਾ ਕਤਲ ਤੇ ਹੋਰਨਾਂ ਧਾਰਾਵਾਂ ਤਹਿਤ ਕੇਸ ਦਰਜ ਵਾਪਸ ਲੈਣ ਨੂੰ ਕਿਸਾਨ ਦੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਕਿਸਾਨਾਂ ਦੀਆਂ ਤਾਜ਼ਾ ਸਰਗਰਮੀਆਂ ਤੋਂ ਜਾਪ ਰਿਹਾ ਹੈ ਕਿ ਆਉਂਦੇ ਦਿਨਾਂ ਵਿਚ ਇਹ ਸੰਘਰਸ਼ ਵੱਡੀ ਲਾਮਬੰਦੀ ਵੱਲ ਵਧੇਗਾ। ਕਿਸਾਨ ਜਥੇਬੰਦੀਆਂ ਨੇ ਇਹ ਗੱਲ ਵੀ ਮੋਦੀ ਸਰਕਾਰ ਦੇ ਕੰਨੀ ਪਾ ਦਿੱਤੀ ਹੈ ਕਿ ਆਉਂਦੇ ਵਰ੍ਹੇ ਉਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਧਾਨ ਸਭਾ ਚੋਣਾਂ ਵਿਚ ਆਪਣੇ ਸਿਆਸੀ ਸਫਾਏ ਲਈ ਤਿਆਰ ਰਹੇ।

ਯਾਦ ਰਹੇ ਕਿ 26 ਜਨਵਰੀ ਨੂੰ ਟਰੈਕਟਰ ਮਾਰਚ ਵਿਚ ਹੋਈ ਹਿੰਸਾ ਤੋਂ ਬਾਅਦ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਤੋਂ ਮੂੰਹ ਮੋੜ ਲਿਆ ਸੀ। ਇਸ ਤੋਂ ਬਾਅਦ ਕਿਸਾਨਾਂ ਸੰਘਰਸ਼ ਨੂੰ ਬਦਨਾਮ ਕਰ ਲਈ ਹਰ ਫਿਰਕੂ ਪੱਤਾ ਖੇਡਿਆ ਪਰ ਕੋਈ ਦਾਅ ਨਾ ਚੱਲਿਆ। ਇਸ ਤੋਂ ਬਾਅਦ ਕੇਂਦਰ ਸਰਕਾਰ ਕਰੋਨਾ ਦੀ ਦੂਜੀ ਲਹਿਰ ਨੂੰ ਵੱਡੇ ਮੌਕੇ ਵਜੋਂ ਦੇਖਦੀ ਰਹੀ। ਕਰੋਨਾ ਮਹਾਮਾਰੀ ਲਈ ਕਿਸਾਨ ਸੰਘਰਸ਼ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਟਿੱਲ ਲਾਇਆ ਪਰ ਇਥੇ ਵੀ ਕੋਈ ਵਾਹ ਨਹੀਂ ਚੱਲੀ। ਹੁਣ ਕਰੋਨਾ ਦੀ ਲਹਿਰ ਵੀ ਮੱਠੀ ਪੈਂਦੀ ਨਜ਼ਰ ਆ ਰਹੀ ਹੈ ਅਤੇ ਕਿਸਾਨ ਹਾੜ੍ਹੀ ਦੀ ਫਸਲ ਸਾਂਭ ਕੇ ਵਿਹਲੇ ਵੀ ਹੋ ਗਏ ਹਨ। ਇਸ ਲਈ ਦਿੱਲੀ ਮੋਰਚੇ ਫਿਰ ਚੜ੍ਹਦੀ ਕਲਾ ਵਿਚ ਹੋ ਗਏ ਹਨ। 26 ਮਈ ਨੂੰ ਦਿੱਲੀ ਦੀਆਂ ਹੱਦਾਂ ਉਤੇ ਅੰਦੋਲਨ ਨੂੰ 6 ਮਹੀਨੇ ਪੂਰੇ ਹੋ ਗਏ ਹਨ ਅਤੇ ਇਸੇ ਦਿਨ ਤੋਂ ਭਾਜਪਾ ਆਪਣਾ 7 ਸਾਲ ਦਾ ਕਾਰਜਕਾਲ ਪੂਰਾ ਹੋਣ ਦੇ ਜਸ਼ਨ ਮਨਾ ਰਹੀ ਹੈ। ਕਿਸਾਨ ਜਥੇਬੰਦੀਆਂ ਨੇ ਇਸ ਦਿਨ ਨੂੰ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ ਕੀਤਾ। ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਸਣੇ ਪੂਰੇ ਮੁਲਕ ਵਿਚ ਕਿਸਾਨ ਹਮਾਇਤੀਆਂ ਨੂੰ ਘਰਾਂ ਉਤੇ ਕਾਲੇ ਝੰਡੇ ਤੇ ਮੋਦੀ ਦੇ ਪੁਤਲੇ ਫੂਕਣ ਦਾ ਸੱਦਾ ਭਾਜਪਾ ਲਈ ਵੱਡੀ ਨਮੋਸ਼ੀ ਬਣਿਆ ਹੈ। ਭਾਜਪਾ ਵਿਰੋਧੀ ਸਿਆਸੀ ਧਿਰਾਂ ਨੇ ਵੀ ਇਸ ਸੱਦੇ ਉਤੇ ਫੁੱਲ ਚੜ੍ਹਾਏ ਹਨ।

ਅਸਲ ਵਿਚ, ਸੱਤਾ ਵਿਚ ਲੰਮੀ ਪਾਰੀ ਖੇਡਣ ਦੀ ਰਣਨੀਤੀ ਬਣਾਈ ਬੈਠੀ ਭਾਜਪਾ ਖਿਲਾਫ ਪੂਰੇ

(ਬਾਕੀ ਸਫਾ 6 ਉਤੇ)

## ਕੈਪਟਨ ਤੋਂ ਕਪਤਾਨੀ ਖੋਹਣ ਲਈ ਲਾਮਬੰਦੀ ਹੋਰ ਤਿੱਖੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਖਾਨਾਜੰਗੀ ਸਿਖਰਾਂ ਵੱਲ ਜਾ ਰਹੀ ਹੈ। ਇਸ ਮੁੱਦੇ ਉਤੇ ਹਾਈਕਮਾਨ ਦੀ ਚੁੱਪ ਤੇ ਬਾਗੀਆਂ ਦੇ ਕੁਨਬੇ ਵਿਚ ਹੋ ਰਹੇ ਵਾਧੇ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਬਾਗੀ ਧੜੇ ਨੇ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਬਗਾਵਤ ਪਾਰਟੀ ਖਿਲਾਫ ਨਹੀਂ ਸਗੋਂ ਕੈਪਟਨ ਖਿਲਾਫ ਹੈ। ਇਸ ਧੜੇ ਨੇ 2022



ਦੀ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਨੂੰ ਮੁੱਖ ਮੰਤਰੀ ਉਮੀਦਵਾਰ ਵਜੋਂ ਲਾਂਭੇ ਕਰਨ ਦੀ ਮੰਗ ਖੁੱਲ੍ਹ ਕੇ ਰੱਖ ਦਿੱਤੀ ਹੈ। ਇਥੋਂ ਤੱਕ ਕਿ ਇਸ ਬਗਾਵਤ ਵਿਚ ਮੋਹਰੀ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਸਾਫ ਕਰ ਦਿੱਤਾ ਹੈ ਕਿ ਉਹ ਪਾਰਟੀ ਦਾ ਵਫਾਦਾਰ ਸਿਪਾਹੀ ਹੈ ਅਤੇ ਪਾਰਟੀ ਛੱਡ ਕੇ ਕਿਸੇ ਹੋਰ ਧਿਰ ਵਿਚ ਜਾਣ ਦਾ ਸਵਾਲ ਹੀ ਨਹੀਂ ਉਠਦਾ। ਲੜਾਈ ਕੈਪਟਨ ਦੀ ਮਾੜੀ ਅਗਵਾਈ ਤੇ ਨਾਕਾਮੀਆਂ ਖਿਲਾਫ ਹੈ।

ਸਿੱਧੂ ਦੇ ਇਸ ਦਾਅਵੇ ਪਿੱਛੋਂ ਬਾਗੀ ਧੜੇ ਨੂੰ ਪਾਰਟੀ ਅੰਦਰੋਂ ਵੱਡੀ ਹਮਾਇਤ ਮਿਲਣ ਲੱਗੀ ਹੈ। ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਦੇ ਸਰਕਾਰੀ ਫਲੈਟ 'ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਚਰਨਜੀਤ ਸਿੰਘ ਚੰਨੀ ਸਣੇ ਕਈ ਆਗੂਆਂ ਨੇ ਮੀਟਿੰਗ ਕਰ ਕੇ ਆਉਂਦੇ ਦਿਨਾਂ ਵਿਚ ਕੈਪਟਨ ਖਿਲਾਫ ਮੁਹਿੰਮ ਹੋਰ ਤਿੱਖੀ ਕਰਨ ਦੇ ਸੰਕੇਤ ਦਿੱਤੇ ਹਨ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਕਾਂਗਰਸ ਹਾਈ ਕਮਾਂਡ ਦੇ ਰੁਖ 'ਤੇ ਚਰਚਾ ਕੀਤੀ ਗਈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੁੱਖ ਮੰਤਰੀ ਵਿਰੋਧੀ ਧੜੇ ਨੇ ਇਸ ਗੱਲ 'ਤੇ ਵੀ ਵਿਚਾਰ ਕੀਤਾ ਕਿ ਜੇਕਰ ਹਾਈ ਕਮਾਂਡ ਨੇ ਪੰਜਾਬ ਕਾਂਗਰਸ 'ਚ ਛਿੜੀ ਲੜਾਈ ਦਾ ਤੁਰਤ ਹੱਲ ਨਾ ਕੱਢਿਆ ਤਾਂ ਭਵਿੱਖ ਵਿਚ ਕਿਸ ਤਰ੍ਹਾਂ ਦੀ ਰਣਨੀਤੀ ਅਪਣਾਏ ਜਾਣ ਦੀ ਜ਼ਰੂਰਤ ਹੈ। ਮੀਟਿੰਗ ਤੋਂ ਬਾਅਦ ਰੰਧਾਵਾ ਅਤੇ ਚੰਨੀ ਨੇ ਤਾਂ ਮੀਟਿੰਗ ਸਬੰਧੀ ਤੇ ਭਵਿੱਖ ਦੀ ਰਣਨੀਤੀ ਬਾਰੇ ਕੋਈ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ। ਪਰਗਟ ਸਿੰਘ ਨੇ ਇਥੋਂ ਤੱਕ ਕਿਹਾ ਕਿ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਕਾਮਯਾਬ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਹ ਗੱਲ ਤਾਂ ਉਨ੍ਹਾਂ ਮੁੱਖ ਮੰਤਰੀ ਦੇ ਸਾਹਮਣੇ ਆਖੀ ਸੀ ਕਿ ਹੋਰਨਾਂ ਦਾ ਸਰਵੇਖਣ ਕਰਾਉਣ ਦੀ ਥਾਂ ਸਭ ਤੋਂ ਪਹਿਲਾਂ ਕੈਪਟਨ ਆਪਣੇ ਬਾਰੇ ਹੀ ਸਰਵੇਖਣ ਕਰਵਾ ਲੈਣ ਕਿ ਲੋਕਾਂ 'ਚ 2017 ਦੀਆਂ ਚੋਣਾਂ ਤੋਂ ਪਹਿਲਾਂ ਵਾਲੀ ਗੱਲ ਹੈ ਜਾਂ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਲੋਕਾਂ 'ਚ ਆਪਣਾ ਆਧਾਰ ਪੂਰੀ ਤਰ੍ਹਾਂ ਗੁਆ ਚੁੱਕੇ ਹਨ।

ਬਾਗੀ ਧੜੇ ਦੇ ਇਸ ਵਿਧਾਇਕ ਨੇ ਅਮਰਗੜ੍ਹ ਤੋਂ ਪਾਰਟੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੱਲੋਂ ਵਿਧਾਇਕਾਂ ਵੱਲੋਂ ਖੁੱਲ੍ਹੀ ਬਗਾਵਤ ਕਰਨ ਦੇ ਦਿੱਤੇ ਸੱਦੇ ਦੀ ਵੀ ਹਮਾਇਤ ਕੀਤੀ। ਕਾਂਗਰਸ ਦੇ ਸੀਨੀਅਰ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਕਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਅਗਵਾਈ

(ਬਾਕੀ ਸਫਾ 6 ਉਤੇ)


**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

**Amber Indian Restaurant**
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**MOVING To INDIANA?**
ਇੰਡੀਆਨਾ 'ਚ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
*Successfully Selling Real Estate for 17 Years!*
*Beenu Sikand, Legacy Homes Intl. Broker Owner, Realtor, CRS, MBA*

**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page: BigBazaarIndianGrocery

Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours: 11 am to 8 pm
Contact: Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਕਰੋਨਾ ਪਿਛੋਂ ਹੁਣ ਭਾਰਤ ਬਲੈਕ ਫੰਗਸ ਦੇ ਲਪੇਟੇ ’ਚ

## ਪੰਜਾਬ ਸਣੇ ਵੱਡੀ ਗਿਣਤੀ ਸੂਬਿਆਂ ਨੇ ਫੰਗਸ ਨੂੰ ਮਹਾਮਾਰੀ ਐਲਾਨਿਆ

**ਚੰਡੀਗੜ੍ਹ:** ਕੋਵਿਡ-19 ਮਹਾਮਾਰੀ ਦਾ ਸਾਹਮਣਾ ਕਰ ਰਹੇ ਭਾਰਤ ਨੂੰ ਕਾਲੀ ਉੱਲੀ (ਬਲੈਕ ਫੰਗਸ) ਨਾਂ ਦੀ ਗੰਭੀਰ ਬਿਮਾਰੀ ਲਪੇਟੇ ਵਿਚ ਲੈ ਰਹੀ ਹੈ। ਬਲੈਕ ਫੰਗਸ ਦੇ ਖਤਰੇ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪੰਜਾਬ, ਹਿਮਾਚਲ, ਤਾਮਿਲਨਾਡੂ, ਤੇਲੰਗਾਨਾ ਅਤੇ ਗੁਜਰਾਤ ਦੀਆਂ ਸਰਕਾਰਾਂ ਨੇ ਇਸ ਨੂੰ ਮਹਾਂਮਾਰੀ ਐਲਾਨ ਦਿੱਤਾ ਹੈ। ਰਾਜਸਥਾਨ ਅਤੇ ਹਰਿਆਣਾ ਪਹਿਲਾਂ ਹੀ ਇਸ ਨੂੰ ਮਹਾਂਮਾਰੀ ਐਲਾਨ ਚੁੱਕੇ ਹਨ, ਜਦਕਿ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਕਰਨਾਟਕ ਵਿਚ ਵੀ ਬਲੈਕ ਫੰਗਸ ਦੀ ਭਿਆਨਕਤਾ ਵੱਡੇ ਪੱਧਰ ਉਤੇ ਮਹਿਸੂਸ ਕੀਤੀ ਜਾ ਰਹੀ ਹੈ।

ਕੇਂਦਰ ਸਰਕਾਰ ਨੇ ਰਾਜਾਂ ਨੂੰ ਮਹਾਂਮਾਰੀ ਰੋਗ ਐਕਟ 1897 ਤਹਿਤ ਆਪਣੇ ਤੌਰ ‘ਤੇ ਫੈਸਲਾ ਲੈਣ ਲਈ ਕਿਹਾ ਸੀ। ਬਲੈਕ ਫੰਗਸ ਦਾ ਖਤਰਾ ਇਸ ਲਈ ਵੀ ਗੰਭੀਰ ਹੋ ਜਾਂਦਾ ਹੈ ਕਿ ਇਕ ਪਾਸੇ ਤਾਂ ਵਿਗਿਆਨੀ ਦੇਸ਼ ਵਿਚ ਕਰੋਨਾ ਦੀ ਤੀਜੀ ਲਹਿਰ ਆਉਣ ਦੀ ਚਿਤਾਵਨੀ ਦੇ ਰਹੇ ਹਨ, ਉਥੇ ਫੰਗਸ ਮਾਹਿਰਾਂ ਨੇ ਬਲੈਕ ਫੰਗਸ ਦੇ ਨਾਲ ਵਾਈਟ ਫੰਗਸ ਦੇ ਖਤਰੇ ਨੂੰ ਲੈ ਕੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ। ਬਲੈਕ ਫੰਗਸ ਕਾਰਨ ਉੱਤਰੀ ਭਾਰਤ ਦੇ ਰਾਜਾਂ ਵਿਚ ਕਰੀਬ ਢਾਈ ਸੌ ਮੌਤਾਂ ਹੋਣ ਦੀ ਵੀ ਸੂਚਨਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੰਗਸ ਨੂੰ



ਇਕ ਨਵੀਂ ਚੁਣੌਤੀ ਕਰਾਰ ਦਿੱਤਾ ਹੈ। ਪੰਜਾਬ ਵਿਚ ਇਸ ਰੋਗ ਦੇ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਕਰੋਨਾ ਦੀ ਤਰ੍ਹਾਂ ਇਸ ਦੇ ਦਿਹਾਤੀ ਖੇਤਰਾਂ ‘ਚ ਪ੍ਰਸਾਰ ਨੂੰ ਰੋਕਣ ਲਈ ਉਪਾਅ ਤੇਜ਼ ਕਰਨ ਲਈ ਕਿਹਾ ਹੈ। ਸਿਹਤਮੰਦ ਮਨੁੱਖ ਇਸ ਫੰਗਸ (ਉੱਲੀ) ਦਾ ਸਾਹਮਣਾ ਬਹੁਤ ਆਸਾਨੀ ਨਾਲ ਕਰ ਲੈਂਦੇ ਹਨ ਪਰ ਇਹ ਫੰਗਸ ਉਨ੍ਹਾਂ ਵਿਅਕਤੀਆਂ ਜਿਨ੍ਹਾਂ ਦੀ ਰੋਗਾਂ ਨਾਲ ਲੜਨ ਦੀ ਅੰਦਰੂਨੀ ਸ਼ਕਤੀ ਕਮਜ਼ੋਰ ਹੋ ਚੁੱਕੀ ਹੋਵੇ, ‘ਤੇ ਤੇਜੀ ਨਾਲ ਹਮਲਾ ਕਰਦੀ ਹੈ। ਵੀਰਵਾਰ ਕੇਂਦਰ ਸਰਕਾਰ ਨੇ ਦਿੱਲੀ ਹਾਈਕੋਰਟ ਵਿਚ ਦੱਸਿਆ ਕਿ ਦੇਸ਼ ਵਿਚ 7251 ਬਲੈਕ ਫੰਗਸ ਦੇ ਮਾਮਲੇ ਸਾਹਮਣੇ ਆਏ ਹਨ। ਵੱਖ ਵੱਖ ਪ੍ਰਾਂਤਾਂ ਵਿਚ ਇਹ ਸੰਖਿਆ ਵਧ ਰਹੀ ਹੈ।

ਬਲੈਕ ਫੰਗਸ ਅੱਖਾਂ ਨਾਲ ਸਬੰਧਤ ਇਕ ਰੋਗ ਹੈ। ਇਹ ਰੋਗ ਨੱਕ ਰਾਹੀਂ ਪਹਿਲਾਂ ਅੱਖਾਂ ਉਤੇ ਹਮਲਾ ਕਰਦਾ ਹੈ ਅਤੇ ਫਿਰ ਗੁਰਦਿਆਂ ਨੂੰ ਪ੍ਰਭਾਵਿਤ ਕਰਕੇ ਮਨੁੱਖ ਨੂੰ ਗੰਭੀਰ ਬਿਮਾਰ ਕਰ ਦਿੰਦਾ ਹੈ। ਇਸ ਬਿਮਾਰੀ ਸਬੰਧੀ ਸਾਵਧਾਨੀ ਵਰਤਣਾ ਬਹੁਤ ਜ਼ਰੂਰੀ ਹੈ। ਕਰੋਨਾ ਮਹਾਂਮਾਰੀ ਤੋਂ ਪੀੜਤ ਰੋਗੀਆਂ ਦੇ ਸਰੀਰ ਉਤੇ ਫੰਗਸ ਛੇਤੀ ਹਮਲਾ ਕਰਦਾ ਹੈ। ਇਨ੍ਹੀਂ ਦਿਨੀਂ ਇਸ ਰੋਗ ਕਾਰਨ ਹਾਹਾਕਾਰ ਮਚੀ ਹੋਈ ਹੈ। ਮਾਹਿਰਾਂ ਨੇ ਕਰੋਨਾ ਦੇ ਇਲਾਜ ਦੌਰਾਨ ਮਰੀਜ਼ਾਂ ਨੂੰ ਦਿੱਤੇ ਜਾਣ ਵਾਲੇ ਸਟੇਰਾਈਡ ਨੂੰ ਇਸ ਦਾ ਕਾਰਨ ਦੱਸਿਆ ਹੈ। ਪਹਿਲਾਂ ਤੋਂ ਬਿਮਾਰ ਅਤੇ ਕਮਜ਼ੋਰ ਲੋਕਾਂ ‘ਤੇ ਫੰਗਸ ਬਹੁਤ ਛੇਤੀ ਅਸਰ ਕਰਦਾ ਹੈ। ਵਾਈਟ ਫੰਗਸ ਬਲੈਕ ਫੰਗਸ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ।

ਕਰੋਨਾ ਮਹਾਂਮਾਰੀ ਨੇ ਦੇਸ਼ ਦੇ ਕਮਜ਼ੋਰ ਸਿਹਤ ਢਾਂਚੇ ਦੀ ਪੋਲ ਪਹਿਲਾਂ ਹੀ ਖੋਲ੍ਹ ਛੱਡੀ ਹੈ। ਆਮ ਆਦਮੀ ਅਤੇ ਮੱਧ ਵਰਗ ਦੇ ਲੋਕਾਂ ਦੀ ਆਰਥਿਕ ਹਾਲਤ ਮਹਾਂਮਾਰੀ ਕਾਰਨ ਬੇਹੱਦ ਕਮਜ਼ੋਰ ਹੋ ਚੁੱਕੀ ਹੈ। ਕੰਮਕਾਰ ਬੰਦ ਹਨ, ਰੁਜ਼ਗਾਰ ਖੁਸ ਚੁੱਕੇ ਹਨ ਅਤੇ ਨੌਕਰੀਆਂ ਵੀ ਘੱਟ ਹਨ। ਦੇਸ਼ ਵਿਚ ਮਹਿੰਗਾਈ ਨੇ ਜੀਵਨ ਨੂੰ ਪਟੜੀ ਤੋਂ ਲਾਹ ਦਿੱਤਾ ਹੈ। ਦੇਸ਼ ਵਿਚ ਇਲਾਜ ਦੇ ਲਗਾਤਾਰ ਮਹਿੰਗੇ ਹੁੰਦੇ ਜਾਣ ਕਾਰਨ ਲੋਕਾਂ ਦੀਆਂ ਪਰੇਸ਼ਾਨੀਆਂ ਵਧੀਆਂ ਹਨ। ਭਾਰਤੀ ਸਟੇਟ ਬੈਂਕ ਦੀ ਇਕ ਰਿਪੋਰਟ ਅਨੁਸਾਰ ਕਰੋਨਾ ਦੀ ਦੂਜੀ ਲਹਿਰ ਦੌਰਾਨ ਦੇਸ਼ ਦੇ 30 ਫੀਸਦੀ ਲੋਕਾਂ ਨੂੰ ਨਿੱਜੀ ਹਸਪਤਾਲਾਂ ਵਿਚ ਦਾਖਲ ਹੋਣਾ ਪਿਆ। ਉਨ੍ਹਾਂ ਦੇ ਇਲਾਜ ਲਈ 50 ਹਜ਼ਾਰ ਕਰੋੜ ਰੁਪਏ ਦਾ ਖਰਚਾ ਹੋਇਆ, ਜੋ ਔਸਤ ਰੂਪ ਨਾਲ ਹਰੇਕ ਮਰੀਜ਼ ‘ਤੇ ਡੇਢ ਲੱਖ ਰੁਪਏ ਬਣਦਾ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਵਿਚ ਮਹਾਂਮਾਰੀਆਂ ਦੇ ਵਧਦੇ ਪ੍ਰਕੋਪ ਕਾਰਨ ਲੋਕਾਂ ‘ਤੇ ਵਿੱਤੀ ਦਬਾਅ ਹੋਰ ਵਧਣ ਦੀ ਸੰਭਾਵਨਾ ਹੈ।

### ਸਰਕਾਰੀ ਨਾਕਾਮੀ ਕਾਰਨ ਬਲੈਕ ਫੰਗਸ ਆਈ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਭਾਰਤੀ ਜਨਤਾ ਪਾਰਟੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਪ੍ਰਬੰਧਨ ਦੀ ਨਾਕਾਮੀ ਕਾਰਨ ਦੇਸ਼ ਇਕ ਹੋਰ ਮਹਾਮਾਰੀ ‘ਬਲੈਕ ਫੰਗਸ’ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਟਵੀਟ ਕੀਤਾ, ‘ਮੋਦੀ ਸਰਕਾਰ ਦੀ ਨਾਕਾਮੀ ਕਾਰਨ ਸਿਰਫ ਭਾਰਤ ਅਜਿਹਾ ਦੇਸ਼ ਹੈ ਜੋ ਕੋਵਿਡ-19 ਮਹਾਮਾਰੀ ਦੇ ਨਾਲ ਨਾਲ ਬਲੈਕ ਫੰਗਸ ਦੀ ਮਹਾਮਾਰੀ ਦਾ ਸਾਹਮਣਾ ਕਰ ਰਿਹਾ ਹੈ। ਇਥੇ ਟੀਕਿਆਂ ਦੇ ਨਾਲ ਨਾਲ ਦਵਾਈਆਂ ਦੀ ਵੀ ਘਾਟ ਹੈ। ਅਜਿਹੇ ਹਾਲਾਤ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਲੋਕਾਂ ਨੂੰ ਥਾਲੀਆਂ ਖੜਕਾਉਣ ਤੇ ਤਾੜੀਆਂ ਵਜਾਉਣ ਨੂੰ ਕਹਿਣਗੇ।’

## ਦੂਜੀ ਲਹਿਰ ਆਉਣ ਵਾਲੇ ਮਾੜੇ ਸੰਕਟ ਦਾ ਸੰਕੇਤ ਕਰਾਰ

**ਵਾਸ਼ਿੰਗਟਨ:** ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਨੇ ਭਾਰਤ ਵਿਚ ਕੋਵਿਡ-19 ਦੀ ‘ਵਿਨਾਸ਼ਕਾਰੀ’ ਦੂਜੀ ਲਹਿਰ ਨੂੰ ਅੱਗੇ ਆਉਣ ਵਾਲੇ ਸਮੇਂ ਵਿਚ ਹੋਰ ਬੁਰੇ ਸੰਕਟ ਦਾ ਇਸ਼ਾਰਾ ਦੱਸਿਆ ਹੈ। ਆਈ.ਐਮ.ਐਫ. ਨੇ ਕਿਹਾ ਕਿ ਭਾਰਤ ਦੇ ਹਾਲਾਤ ਉਨ੍ਹਾਂ ਗਰੀਬ ਤੇ ਮੱਧ ਆਮਦਨ ਵਾਲੇ ਦੇਸ਼ਾਂ ਲਈ ਚਿਤਾਵਨੀ ਹੈ, ਜੋ



ਅਜੇ ਤੱਕ ਮਹਾਮਾਰੀ ਤੋਂ ਬਚੇ ਹੋਏ ਹਨ।

ਆਈ.ਐਮ.ਐਫ. ਦੇ ਅਰਥਸ਼ਾਸਤਰੀ ਰੁਚਿਰ ਅਗਰਵਾਲ ਤੇ ਸੰਸਥਾ ਦੀ ਮੁੱਖ ਅਰਥਸ਼ਾਸਤਰੀ ਗੀਤਾ ਗੋਪੀਨਾਥ ਨੇ ਉਪਰੋਕਤ ਦਾਅਵਾ ਆਪਣੀ ਇਕ ਰਿਪੋਰਟ ਵਿਚ ਕੀਤਾ ਹੈ। ਰਿਪੋਰਟ ਮੁਤਾਬਕ ਮੌਜੂਦਾ ਰਫਤਾਰ ਨਾਲ ਭਾਰਤ ਵਿਚ 2021 ਦੇ ਆਖਰ ਤੱਕ 35 ਫੀਸਦ ਤੋਂ ਘੱਟ ਲੋਕਾਂ ਨੂੰ ਹੀ ਟੀਕਾ ਲੱਗਣ ਦੇ ਆਸਾਰ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬ੍ਰਾਜੀਲ ਮਗਰੋਂ ਕੋਵਿਡ-19 ਦੀ ਭਾਰਤ ਵਿਚ ਜਾਰੀ ਦੂਜੀ ਲਹਿਰ ਇਸ ਗੱਲ ਦਾ ਸੰਕੇਤ ਹੈ ਕਿ ਵਿਕਾਸਸ਼ੀਲ ਮੁਲਕਾਂ ਵਿਚ ਅੱਗੇ ਹੋਰ ਬੁਰੇ ਹਾਲਾਤ ਵੇਖਣ ਨੂੰ ਮਿਲ ਸਕਦੇ ਹਨ।

ਰਿਪੋਰਟ ਮੁਤਾਬਕ ਭਾਰਤ ਦਾ ਸਿਹਤ ਢਾਂਚਾ ਕੋਵਿਡ ਦੀ ਪਹਿਲੀ ਲਹਿਰ ਨਾਲ ਨਜਿੱਠਣ ਵਿਚ ਕਾਫੀ ਹੱਦ ਤੱਕ ਸਫਲ ਰਿਹਾ, ਪਰ ਐਤਕੀਂ ਦੂਜੀ ਲਹਿਰ ਦੌਰਾਨ ਸਿਹਤ ਢਾਂਚੇ ’ਤੇ ਇੰਨਾ ਬੋਝ ਪਿਆ ਕਿ ਲੋਕ ਆਕਸੀਜਨ ਤੇ ਹੋਰ ਸਿਹਤ ਸਹੂਲਤਾਂ ਦੀ ਕਿੱਲਤ ਕਰਕੇ ਮਰ ਰਹੇ ਹਨ।

## ਹਵਾ ਰਾਹੀਂ ਕੀਟਾਣੂਆਂ ਦੀ ਮਾਰ ਦਾ ਸੱਚ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਹੈ ਕਿ ਕਰੋਨਾ ਮਰੀਜ਼ ਵਲੋਂ ਫੈਲਾਏ ਕੀਟਾਣੂ 10 ਮੀਟਰ ਤੱਕ ਜਾ ਸਕਦੇ ਹਨ। ਪ੍ਰਿੰਸੀਪਲ ਸਾਇੰਟੇਫਿਕ ਅਡਵਾਈਜਰ ਆਫਿਸ ਨੇ ਦੱਸਿਆ ਕਿ ਮਰੀਜ਼ ਵੱਲੋਂ ਛਿੱਕ ਮਾਰਨ ‘ਤੇ ਕੀਟਾਣੂ ਭਾਵੇਂ 2 ਮੀਟਰ ਤੱਕ ਜਾਂਦੇ ਹਨ ਪਰ ਇਹ ਹਵਾ ਰਾਹੀਂ 10 ਮੀਟਰ ਦੂਰ ਜਾ ਸਕਦੇ ਹਨ। ਇਸ ਤੋਂ ਬਚਾਅ ਲਈ ਦਫਤਰਾਂ ਤੇ ਹੋਰ ਇਮਾਰਤਾਂ ਵਿਚ ਹਵਾ ਦੀ ਨਿਕਾਸੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਆਮ ਲੋਕਾਂ ਨੂੰ ਡਬਲ ਮਾਸਕ ਪਾਉਣ ਲਈ ਵੀ ਕਿਹਾ।


ਪਰਮਵੀਰ ਸਿੰਘ, ਫੋਨ: 773-956-0718

BEST FLOORING & CARPET LTD

2761 W. Algonquin Rd., Algonquin, IL 60102

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ

ਨਵਾਂ ਕਾਰਪੈਟਸ ਸਟੋਰ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ
ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੰਗ ਹਰ ਕਵਾਲਿਟੀ ਵਿਚ






Ph: 224-678-7070

Fax: 224-678-7131; Bestflooring13@gmail.com






For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

PAPERBACK: $9.99

KINDLE: $2.99


*For more information visit:*

ForHomelandTheNovel.com

# 1984 ਦੇ ਘੱਲੂਘਾਰੇ ਦੀ ਯਾਦ ਵਿਚ ਸਮਾਗਮ 6 ਜੂਨ ਨੂੰ

**ਸ਼ਿਕਾਗੋ (ਬਿਊਰੋ):** 1984 ਦੇ ਘੱਲੂਘਾਰੇ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਆਉਂਦੀ 6 ਜੂਨ ਨੂੰ ਗੁਰਦੁਆਰਾ ਪੈਲਾਟਾਈਨ ਵਿਚ ਹੋਵੇਗਾ। ਇਸ ਸਬੰਧੀ 30 ਮਈ, ਐਤਵਾਰ ਨੂੰ ਸਹਿਜ ਪਾਠ ਅਰੰਭ ਕੀਤੇ ਜਾਣਗੇ ਅਤੇ ਭੋਗ 6 ਜੂਨ, ਐਤਵਾਰ ਨੂੰ ਸਵੇਰੇ 10:15 ਵਜੇ ਪਾਏ ਜਾਣਗੇ। ਉਪਰੰਤ ਕੀਰਤਨ, ਕਥਾ ਤੇ ਪੰਥਕ ਵਿਚਾਰਾਂ ਹੋਣਗੀਆਂ, ਜਿਸ ਵਿਚ ਭਾਈ ਅਜੀਤ ਸਿੰਘ ਇੰਡੀਆਨਾ ਵਾਲਿਆਂ ਦਾ ਕੀਰਤਨੀ ਜਥਾ ਵਿਸ਼ੇਸ਼ ਤੌਰ 'ਤੇ ਪਹੁੰਚ ਰਿਹਾ ਹੈ। ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਕਥਾ ਕਰਨਗੇ ਅਤੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਜਥਾ ਕੀਰਤਨ ਰਾਹੀਂ ਹਾਜ਼ਰੀ ਭਰੇਗਾ।

## ਭਾਰਤੀ ਅੰਬੈਸੀ ਅੱਗੇ ਰੋਸ ਮੁਜਾਹਰਾ 4 ਜੂਨ ਨੂੰ




ਇਸ ਤੋਂ ਇਲਾਵਾ 4 ਜੂਨ, ਸ਼ੁੱਕਰਵਾਰ ਨੂੰ ਡਾਊਨ ਟਾਊਨ ਸ਼ਿਕਾਗੋ ਵਿਚ ਭਾਰਤੀ ਅੰਬੈਸੀ ਅੱਗੇ ਇਕ ਰੋਸ ਮੁਜਾਹਰਾ ਵੀ ਕੀਤਾ ਜਾਵੇਗਾ, ਜੋ ਦੁਪਹਿਰ ਇਕ ਵਜੇ ਤੋਂ ਲੈ ਕੇ ਬਾਅਦ ਦੁਪਹਿਰ ਤਿੰਨ ਵਜੇ ਤੱਕ ਹੋਵੇਗਾ। ਇਸ ਸਬੰਧੀ ਗੁਰਦੁਆਰਾ ਪੈਲਾਟਾਈਨ ਤੋਂ ਸਵੇਰੇ 11:30 ਵਜੇ ਬੱਸ ਸੰਗਤਾਂ ਨੂੰ ਲੈ ਕੇ ਰਵਾਨਾ ਹੋਏਗੀ ਅਤੇ ਬਾਅਦ ਦੁਪਹਿਰ 3:30 ਵਜੇ ਵਾਪਸ ਗੁਰਦੁਆਰਾ ਸਾਹਿਬ ਲਈ ਤੁਰੇਗੀ।

ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਸੰਗਤ ਨੂੰ ਮਿੱਥੇ ਸਮੇਂ ਅਨੁਸਾਰ ਗੁਰਦੁਆਰਾ ਪੈਲਾਟਾਈਨ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ, ਤਾਂ ਜੋ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚ ਕੇ ਭਾਰਤੀ ਸਰਕਾਰ ਤੇ ਉਸ ਦੇ ਕਾਰਿੰਦਿਆਂ ਨੂੰ ਇਹ ਦੱਸਿਆ ਜਾ ਸਕੇ ਕਿ ਸਿੱਖ ਕੌਮ ਆਪਣੇ 'ਤੇ ਹੋਏ ਸਰਕਾਰੀ ਤੇ ਗੈਰ-ਸਰਕਾਰੀ ਜ਼ੁਲਮਾਂ ਨੂੰ ਕਦੇ ਵੀ ਨਹੀਂ ਭੁੱਲ ਸਕਦੀ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



# ਡੇਰਾ ਬਿਆਸ ਨੇ ਮਦਦ ਲਈ ਹੱਥ ਵਧਾਇਆ

**ਅੰਮ੍ਰਿਤਸਰ:** ਕਰੋਨਾ ਦੇ ਪਾਸਾਰ ਦੌਰਾਨ ਜਦੋਂ ਹਸਪਤਾਲਾਂ ਵਿਚ ਕਰੋਨਾ ਮਰੀਜ਼ਾਂ ਲਈ ਬੈੱਡਾਂ, ਆਕਸੀਜਨ ਤੇ ਟੀਕਾਕਰਨ ਦੀ ਕਮੀ ਪੇਸ਼ ਆ ਰਹੀ ਹੈ ਤਾਂ ਅਜਿਹੇ ਸਮੇਂ ਰਾਧਾ ਸੁਆਮੀ ਡੇਰਾ ਬਿਆਸ ਵੱਲੋਂ ਆਪਣੇ ਸਤਿਸੰਗ ਭਵਨ ਕਰੋਨਾ ਕੇਅਰ ਕੇਂਦਰਾਂ ਵਜੋਂ ਦਿੱਤੇ ਜਾ ਰਹੇ ਹਨ। ਇਸੇ ਤਹਿਤ ਫਤਿਹਪੁਰ ਵਿਖੇ ਸਤਿਸੰਗ ਭਵਨ ਵਿਚ ਕਰੋਨਾ ਕੇਅਰ ਕੇਂਦਰ ਸਥਾਪਿਤ ਕੀਤਾ ਗਿਆ ਹੈ। ਇਸ ਕੇਂਦਰ ਵਿਚ ਕਰੋਨਾ ਮਰੀਜ਼ਾਂ ਵਾਸਤੇ ਗੱਤੇ ਦੇ ਬੈੱਡ ਬਣਾਏ ਗਏ ਹਨ, ਜਿਨ੍ਹਾਂ ਨੂੰ ਮਗਰੋਂ ਨਸ਼ਟ ਕਰ ਦਿੱਤਾ ਜਾਵੇਗਾ ਤਾਂ ਜੋ ਇਹ ਕਿਸੇ ਹੋਰ ਲਈ ਲਾਗ ਦਾ ਕਾਰਨ ਨਾ ਬਣਨ।

ਇਸ ਕੇਂਦਰ ਵਿਚ 120 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਥੇ 60 ਪੁਰਸ਼ ਅਤੇ 60 ਮਹਿਲਾ ਕਰੋਨਾ ਮਰੀਜ਼ਾਂ ਨੂੰ ਰੱਖਿਆ ਜਾਵੇਗਾ। ਇਥੇ ਕਰੋਨਾ ਦੇ ਦਰਜਾ ਇਕ ਅਤੇ ਦੋ ਦੇ ਮਰੀਜ਼ਾਂ ਦਾ ਇਲਾਜ ਹੋਵੇਗਾ ਪਰ ਇਸ ਲਈ ਡਾਕਟਰੀ ਅਮਲਾ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਸਤਿਸੰਗ ਭਵਨ ਵੱਲੋਂ ਮਰੀਜ਼ਾਂ ਦੀ ਦੇਖਭਾਲ ਦੇ ਨਾਲ ਨਾਲ ਤਿੰਨ ਵੇਲੇ ਦਾ ਲੰਗਰ ਵੀ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਸ਼ਹਿਰ ਵਿਚਲੇ ਇਕ ਸਤਿਸੰਗ ਭਵਨ ਨੂੰ ਕਰੋਨਾ ਟੀਕਾਕਰਨ ਲਈ ਕੇਂਦਰ ਬਣਾਇਆ ਗਿਆ ਹੈ।

ਕਰੋਨਾ ਕੇਅਰ ਸੈਂਟਰ ਦੀ ਸੇਵਾਦਾਰ ਸਿਮਰਨ, ਦਾਨਿਸ਼ ਤੇ ਦਿਸ਼ਾ ਨੇ ਦੱਸਿਆ ਕਿ ਇਨ੍ਹਾਂ ਕਰੋਨਾ ਕੇਅਰ ਕੇਂਦਰਾਂ ਵਿਚ ਉਨ੍ਹਾਂ ਲੋੜਵੰਦ ਕਰੋਨਾ ਮਰੀਜ਼ਾਂ ਨੂੰ ਰੱਖਿਆ ਜਾਵੇਗਾ, ਜਿਨ੍ਹਾਂ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ ਜਾਂ ਉਨ੍ਹਾਂ ਦੇ ਘਰਾਂ ਵਿਚ ਇਕਾਂਤਵਾਸ ਵਾਸਤੇ ਥਾਂ ਨਹੀਂ ਹੈ। ਸੂਬੇ ਦੇ ਮੁੱਖ ਮੰਤਰੀ ਵੱਲੋਂ ਮਦਦ ਮੰਗੇ ਜਾਣ ਮਗਰੋਂ ਡੇਰਾ ਮੁਖੀ ਵੱਲੋਂ ਦਿੱਤੇ ਆਦੇਸ਼ਾਂ 'ਤੇ ਕਰੋਨਾ ਕੇਅਰ ਕੇਂਦਰ 7 ਦਿਨਾਂ ਵਿਚ ਤਿਆਰ ਕੀਤੇ ਗਏ ਹਨ। ਇਥੇ ਮਰੀਜ਼ਾਂ ਨੂੰ ਤਿੰਨ ਸਮੇਂ ਦੇ ਭੋਜਨ ਸਮੇਤ ਦੁੱਧ, ਚਾਹ, ਫਲ ਦਿੱਤੇ ਜਾਣਗੇ। ਸੇਵਾਦਾਰ ਇੱਥੇ 24 ਘੰਟੇ ਡਿਊਟੀ ਦੇਣਗੇ।

ਗੱਤੇ ਦੇ ਬੈੱਡਾਂ ਬਾਰੇ ਉਨ੍ਹਾਂ ਦੱਸਿਆ ਕਿ ਸਾਢੇ 6 ਫੁੱਟ ਲੰਮੇ ਅਤੇ 3 ਫੁੱਟ ਚੌੜੇ ਇਨ੍ਹਾਂ ਬੈੱਡਾਂ ਦਾ ਵਜ਼ਨ ਲਗਭਗ 8 ਤੋਂ 10 ਕਿੱਲੋ ਹੈ, ਜਿਨ੍ਹਾਂ ਨੂੰ ਡੱਬਿਆਂ ਵਿਚ ਪੈਕ ਕਰ ਕੇ ਇੱਥੇ ਭੇਜਿਆ ਗਿਆ। ਇਹ ਬੈੱਡ ਲਗਭਗ 200 ਕਿੱਲੋ ਵਜ਼ਨ ਸਹਾਰ ਸਕਦੇ ਹਨ। ਇਨ੍ਹਾਂ ਉੱਪਰ ਲੈਮੀਨੇਸ਼ਨ ਦੀ ਪਰਤ ਹੈ ਤਾਂ ਜੋ ਪਾਣੀ ਆਦਿ ਨਾਲ ਇਹ ਖਰਾਬ ਨਾ ਹੋਣ।

# ਸਿੱਖ ਸੁਸਾਇਟੀ ਸੌ ਆਕਸੀਜਨ ਕੰਸਨਟਰੇਟਰ ਭੇਜੇਗੀ

**ਅੰਮ੍ਰਿਤਸਰ:** ਨਿਊਜ਼ੀਲੈਂਡ ਦੀ ਸੁਪਰੀਮ ਸਿੱਖ ਸੁਸਾਇਟੀ ਗੁਰਦੁਆਰਾ ਕਲਗੀਧਰ ਸਾਹਿਬ, ਟਾਕਾਨੀਨੀ ਆਕਲੈਂਡ ਨੇ ਸ਼੍ਰੋਮਣੀ ਕਮੇਟੀ ਨੂੰ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਆਕਸੀਜਨ ਦੇ ਸੌ ਕੰਸਨਟਰੇਟਰ ਭੇਜਣ ਦਾ ਫੈਸਲਾ ਲਿਆ ਹੈ, ਜਿਸ ਵਿਚੋਂ 15 ਕੰਸਨਟਰੇਟਰ ਭੇਜੇ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਪ੍ਰੇਰਨਾ ਨਾਲ ਸੁਸਾਇਟੀ ਦੇ ਮੁੱਖ ਪ੍ਰਬੰਧਕ ਦਲਜੀਤ ਸਿੰਘ ਨੇ ਇਹ ਉੱਦਮ ਕੀਤਾ ਅਤੇ ਪ੍ਰਿਥੀਪਾਲ ਸਿੰਘ ਬਸਰਾ ਤੇ ਭਵਦੀਪ ਸਿੰਘ ਢਿੱਲੋਂ ਨੇ ਵੀ ਯੋਗਦਾਨ ਪਾਇਆ।

ਸੁਸਾਇਟੀ ਵੱਲੋਂ ਭੇਜੇ ਗਏ ਇਹ 15 ਕੰਸਨਟਰੇਟਰ ਦਰਬਾਰ ਸਾਹਿਬ ਦੇ ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਨੇ ਹਾਸਲ ਕੀਤੇ, ਜੋ ਅੱਗੇ ਕੋਵਿਡ ਕੇਅਰ ਕੇਂਦਰਾਂ ਵਿਚ ਭੇਜੇ ਜਾਣਗੇ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਵਿਸ਼ੇਸ਼ ਕੋਵਿਡ ਕੇਅਰ ਕੇਂਦਰ ਬਣਾਏ ਗਏ ਹਨ।

ਕੁੱਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੁਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਫਰੀ
ਸੰਪਰਕ ਕਰੋ: ਬਲਬੀਰ ਸਿੰਘ
ਫੋਨ: 414-581-3784
22-24


Follow us on :
LAW OFFICES OF VIVEK MALIK
ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸ ਐਂਡ ਵੈਵਰਸ
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Languages SPOKEN Punjabi | Hindi | Urdu | Spanish & English



SERVING WISCONSIN & ILLINOIS STATE





JESSE SINGH - 847 606 3664
SALOME - 847 571 0097
BUYING SELLING RENTING OR INVESTING
JESSE SINGH - 847 606 3664 / SALOME 847 571 0097
OFFICE: 847 634 1000 , EMAIL: JSINGH@REMAX.NET, WEBSITE: HTTPS://JSINGH.REMAX.COM/
REMAX SHOWCASE, LONG GROVE, IL 60060
SELLING:- YOUR PROPERTY LISTING WILL GO TO 80 MAJOR WEBSITES PLUS 60 ENTERCONNECTED WEBSITES. PROFESSIONAL PHOTO AND VIDEO TOURS VERY AFFORDABLE COMMISSION TERMS BELOW 1% LISTING COMMISSION FOR FULL SERVICE LISTING 2.5% GOES TO BUYER AGENT SO TOTAL 3.5%
BUYING:- BUY A HOME THROUGH US GET $1000 -$10000 CLOSING COST CREDIT (SOME CONDITION APPLY) WE SPEAK ENGLISH HINDI GUJARATI RUSSIAN
750 HOMES SOLD, 315 RENTALS, 42 COMMERCIAL
FIRST TIME BUYERS:
WHY PAY RENT FIND OUT HOW MUCH YOU QUALIFY TO BUY HOUSE AND GET FREE PRE- APPROVAL LETTER.









# ਕਰੋਨਾ ਦੀ ਥਾਂ ਭਾਜਪਾ ਆਪਣੀ ਡਿੱਗਦੀ ਸਾਖ ਬਾਰੇ ਵੱਧ ਫਿਕਰਮੰਦ



**ਨਵੀਂ ਦਿੱਲੀ:** ਭਾਰਤ ਸਰਕਾਰ ਕੋਵਿਡ-19 ਦੇ ਮਾਮਲੇ ਨੂੰ ਲੈ ਕੇ ਵਿਦੇਸ਼ੀ ਮੀਡੀਆ ਵਿਚ ਹੋਈ ਬਦਨਾਮੀ ਬਾਰੇ ਕਾਫੀ ਫਿਕਰਮੰਦ ਜਾਪਦੀ ਹੈ। ਇਕ ਪਾਸੇ ਜਿਥੇ ਕਰੋਨਾ ਨਾਲ ਨਜਿੱਠਣ ਵਿਚ ਨਾਕਾਮੀ ਉਤੇ ਸਰਕਾਰ ਘਿਰੀ ਹੋਈ ਹੈ, ਉਥੇ ਆਪਣੀ ਨਾਲਾਇਕੀ ਉਤੇ ਝਾਤ ਮਾਰਨ ਦੀ ਥਾਂ ਸਾਰੇ ਦੋਸ਼ ਵਿਰੋਧੀ ਧਿਰਾਂ ਸਿਰ ਮੜ੍ਹਨ ਦੀ ਰਣਨੀਤੀ ਵੀ ਭਾਜਪਾ ਨੂੰ ਪੁੱਠੀ ਪੈ ਗਈ ਹੈ।

ਟੂਲਕਿੱਟ ਟਵੀਟ 'ਤੇ ਟਵਿੱਟਰ ਵੱਲੋਂ 'ਮੈਨੀਪੁਲੇਟਿਡ' (ਹੇਰਾ-ਫੇਰੀ) ਦਾ ਟੈਗ ਲਗਾ ਕੇ ਭਾਜਪਾ ਨੂੰ ਨਮੋਸ਼ੀ ਵੱਲ ਧੱਕ ਦਿੱਤਾ ਹੈ। ਭਾਜਪਾ ਨੇ ਇਸ ਟੂਲਕਿੱਟ ਨੂੰ ਕਾਂਗਰਸ ਵੱਲੋਂ ਮੋਦੀ ਤੇ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੱਸਿਆ ਸੀ, ਟਵਿੱਟਰ ਨੇ ਇਸ ਨੂੰ 'ਝੂਠੀ' ਕਰਾਰ ਦੇ ਦਿੱਤਾ ਹੈ। ਛੱਤੀਸਗੜ੍ਹ 'ਚ ਰਾਏਪੁਰ ਪੁਲਿਸ ਨੇ ਫਰਜ਼ੀ ਟੂਲਕਿੱਟ ਮਾਮਲੇ 'ਚ ਭਾਜਪਾ ਤਰਜਮਾਨ ਸੰਬਿਤ ਪਾਤਰਾ ਤੇ ਸੀਨੀਅਰ ਆਗੂ ਰਮਨ ਸਿੰਘ ਖਿਲਾਫ ਐਫ.ਆਈ.ਆਰ. ਦਰਜ ਕੀਤੀ ਹੈ।

ਦੁਨੀਆਂ ਦੇ ਪ੍ਰਮੁੱਖ ਅਖਬਾਰਾਂ ਜਿਨ੍ਹਾਂ ਵਿਚ 'ਦਿ ਆਸਟਰੇਲੀਅਨ', 'ਗਾਰਡੀਅਨ', 'ਨਿਊਯਾਰਕ ਟਾਈਮਜ', 'ਲੇ-ਮੋਂਦ' ਅਤੇ ਹੋਰ ਅਖਬਾਰਾਂ ਸ਼ਾਮਲ ਹਨ, ਨੇ ਭਾਰਤ ਸਰਕਾਰ ਦੀ ਕੋਵਿਡ-19 ਦੀ ਮਹਾਮਾਰੀ ਨਾਲ ਨਜਿੱਠਣ ਲਈ ਕੀਤੀ ਗਈ ਕਾਰਗੁਜ਼ਾਰੀ ਦੀ ਤਿੱਖੀ ਆਲੋਚਨਾ ਕੀਤੀ ਹੈ। 'ਦਿ ਆਸਟਰੇਲੀਅਨ' ਵਿਚ ਛਪੇ ਇਕ ਲੇਖ ਵਿਚ ਕੇਂਦਰ ਸਰਕਾਰ 'ਤੇ ਦੋਸ਼ ਲਗਾਇਆ ਗਿਆ ਸੀ ਕਿ ਕੇਂਦਰੀ ਮੰਤਰੀ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਵੱਡੀਆਂ ਰੈਲੀਆਂ ਕਰਦੇ ਰਹੇ ਜਿਸ ਕਾਰਨ ਕਰੋਨਾ ਬਹੁਤ ਤੇਜੀ ਨਾਲ ਫੈਲਿਆ। ਭਾਰਤ ਦੇ ਆਸਟਰੇਲੀਆ ਵਿਚਲੇ ਸਫ਼ਾਰਤਖ਼ਾਨੇ ਨੇ ਇਸ ਲੇਖ ਨੂੰ ਭਾਰਤ ਦੀ ਬਦਨਾਮੀ ਕਰਨ ਵਾਲਾ ਤੇ ਗਲਤ ਅੰਕੜਿਆਂ 'ਤੇ ਆਧਾਰਿਤ ਦੱਸਿਆ ਸੀ।

ਦੱਸ ਦਈਏ ਕਿ ਸਮਾਜ ਸੇਵੀ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਸਿਆਸਤ ਨਾਲ ਜੁੜੇ ਕੁਝ ਗਰੁੱਪਾਂ ਵੱਲੋਂ ਵੀ ਕਰੋਨਾ ਦੇ ਦੌਰ ਵਿਚ ਪੀੜਤਾਂ ਦੀ ਮਦਦ ਕਰਨ ਦੀ ਹੋਈ ਪ੍ਰਸ਼ੰਸਾ ਅਤੇ ਭਾਰਤੀ ਜਨਤਾ ਪਾਰਟੀ ਦੇ ਅੰਦਰੋਂ ਹੀ ਪਾਰਟੀ ਦੀ ਗੈਰ ਸਰਗਰਮ ਭੂਮਿਕਾ ਉੱਤੇ ਉੱਠ ਰਹੇ ਸਵਾਲਾਂ ਨੇ ਭਾਜਪਾ ਦੀ ਚਿੰਤਾ ਵਧਾ ਦਿੱਤੀ ਹੈ। ਇਸੇ ਲਈ ਪਾਰਟੀ ਦੇ ਪ੍ਰਧਾਨ ਜੇ.ਪੀ. ਨੱਡਾ ਨੇ ਪਾਰਟੀ ਕਾਰਕੁਨਾਂ ਨੂੰ ਕਰੋਨਾ ਪੀੜਤਾਂ ਲਈ ਆਕਸੀਜਨ ਸਿਲੰਡਰ, ਦਵਾਈਆਂ ਅਤੇ ਹੋਰ ਲੋੜਾਂ ਦੀ ਪੂਰਤੀ ਵਾਸਤੇ ਮਦਦਗਾਰ ਹੋਣ ਦੇ ਹੁਕਮ ਦਿੱਤੇ ਹਨ। ਇਹ ਵੀ ਕਿਹਾ ਗਿਆ ਹੈ ਕਿ ਮਦਦ ਕਰਨੀ ਹੀ ਨਹੀਂ ਬਲਕਿ ਨਜ਼ਰ ਵੀ ਆਉਣੀ ਚਾਹੀਦੀ ਹੈ। ਪਿਛਲੇ ਦਿਨਾਂ ਵਿਚ ਆਰ.ਐਸ.ਐਸ. ਦੀ ਦਿੱਲੀ ਕਾਰਜਕਾਰਨੀ ਦੇ ਇਕ ਮੈਂਬਰ ਨੇ ਕਿਹਾ ਸੀ ਕਿ ਭਾਜਪਾ ਗਾਇਬ ਹੈ ਅਤੇ ਇਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ। ਲੋਕ ਮਰ ਰਹੇ ਹਨ, ਪਾਰਟੀ ਦਾ ਨਾਮੋ-ਨਿਸ਼ਾਨ ਨਹੀਂ ਹੈ।

ਯੂਪੀ ਵਿਚ ਕਈ ਵਿਧਾਇਕਾਂ ਸਮੇਤ ਕੇਂਦਰੀ ਮੰਤਰੀ ਸੰਤੋਸ਼ ਗੰਗਵਾਰ ਨੇ ਕਰੋਨਾ ਮਾਮਲਿਆਂ ਵਿਚ ਕੋਈ ਮਦਦ ਨਾ ਹੋਣ ਕਰ ਕੇ ਮੁੱਖ ਮੰਤਰੀ ਨੂੰ ਚਿੱਠੀਆਂ ਲਿਖੀਆਂ ਸਨ। ਸਰਕਾਰ ਅਤੇ ਕੇਂਦਰੀ ਸੱਤਾਧਾਰੀ ਪਾਰਟੀ ਇਸ ਕਰ ਕੇ ਵੀ ਦਬਾਅ ਵਿਚ ਆਈ ਕਿਉਂਕਿ ਸਰਕਾਰੀ ਤੌਰ ਉਤੇ ਆਕਸੀਜਨ ਦੇ ਸਿਲੰਡਰ ਅਤੇ ਦਵਾਈਆਂ ਨਹੀਂ ਮਿਲਦੀਆਂ ਸਨ ਪਰ ਗੁਰਦੁਆਰਿਆਂ ਵਿਚ, ਸੋਨੂੰ ਸੂਦ ਵਰਗੇ ਫਿਲਮੀ ਕਲਾਕਾਰ, ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਸ੍ਰੀਨਿਵਾਸ ਬੀ ਵੀ ਦੀ ਅਗਵਾਈ ਵਾਲੀ ਟੀਮ ਅਜਿਹੀਆਂ ਲੋੜਾਂ ਪੂਰੀਆਂ ਕਰ ਰਹੀ ਸੀ। ਲੋਕਾਂ ਦਾ ਸਵਾਲ ਸੀ ਕਿ ਸਰਕਾਰ ਜਾਂ ਸੱਤਾਧਾਰੀ ਪਾਰਟੀ ਦੀ ਪੀੜਤਾਂ ਦੀ ਮਦਦ ਕਰਨ ਦੀ ਨੀਅਤ ਨਹੀਂ ਹੈ। ਹੁਣ ਭਾਜਪਾ ਉਨ੍ਹਾਂ ਬੱਚਿਆਂ ਦੀ ਮਦਦ ਦੀ ਯੋਜਨਾ ਐਲਾਨਣ ਜਾ ਰਹੀ ਹੈ ਜਿਨ੍ਹਾਂ ਦੇ ਮਾਪੇ ਕਰੋਨਾ ਦੀ ਭੇਟ ਚੜ੍ਹ ਗਏ ਹਨ।

ਕਰੋਨਾ ਦੇ ਵਧਦੇ ਕੇਸਾਂ ਦੇ ਮੁਕਾਬਲੇ ਸਰਕਾਰਾਂ ਵੱਲੋਂ ਲੋੜੀਂਦੇ ਬਜਟ ਅਤੇ ਪ੍ਰਬੰਧਾਂ ਵਿਚ ਕਮੀ ਅਤੇ ਵਧਾਈ ਜਾ ਰਹੀ ਤਾਲਾਬੰਦੀ ਨਾਲ ਕਰੋਨਾ ਮਰੀਜ਼ਾਂ ਦੇ ਨਾਲ ਦੀ ਨਾਲ ਰੋਜ਼ੀ-ਰੋਟੀ ਦੇ ਸਾਧਨ ਬੰਦ ਹੋਣ ਦਾ ਸੰਕਟ ਵੀ ਵਧ ਰਿਹਾ ਹੈ। ਉਨ੍ਹਾਂ ਦੀ ਸਹਾਇਤਾ ਬਾਰੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਉੱਤੇ ਯੋਜਨਾਬੰਦੀ ਦੀ ਬੇਹੱਦ ਲੋੜ ਹੈ, ਪਰ ਸਰਕਾਰ ਇਸ ਪਾਸੇ ਧਿਆਨ ਕਰਨ ਦੀ ਆਪਣੇ ਸਿਆਸੀ ਵਿਰੋਧੀ ਨੂੰ ਘੇਰਨ ਉਤੇ ਟਿੱਲ ਲਾ ਰਹੀ ਹੈ।

## ਕਰੋਨਾ ਕਾਲ ਦੌਰਾਨ ਮੋਦੀ ਦੀ ਰੇਟਿੰਗ 'ਚ ਨਿਘਾਰ

**ਨਵੀਂ ਦਿੱਲੀ:** ਮੁਲਕ ਜਦੋਂ ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਨਾਲ ਸਿੱਝਣ ਲਈ ਸੰਘਰਸ਼ ਕਰ ਰਿਹਾ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਭਾਵਸ਼ਾਲੀ ਆਗੂ ਵਜੋਂ ਦਿਖ ਨੂੰ ਨੁਕਸਾਨ ਪਹੁੰਚਿਆ ਹੈ। ਦੋ ਸਰਵੇਖਣਾਂ 'ਚ ਦਰਸਾਇਆ ਗਿਆ ਹੈ ਕਿ ਸ੍ਰੀ ਮੋਦੀ ਦੀ ਰੇਟਿੰਗ ਹੋਰ ਹੇਠਾਂ ਨੂੰ ਗਈ ਹੈ। ਸਾਲ 2014 'ਚ ਸੱਤਾ 'ਚ ਆਏ ਸ੍ਰੀ ਮੋਦੀ ਨੇ 2019 'ਚ ਮੁੜ ਚੋਣ ਜਿੱਤ ਕੇ ਤਾਕਤਵਰ ਆਗੂ ਵਜੋਂ ਆਪਣਾ ਰੁਤਬਾ ਵਧਾਇਆ ਸੀ। ਆਲਮੀ ਆਗੂਆਂ ਦੇ ਰੁਤਬੇ 'ਤੇ ਨਜ਼ਰ ਰੱਖਣ ਵਾਲੀ ਅਮਰੀਕੀ ਡੇਟਾ ਇੰਟੈਲੀਜੈਂਸ ਕੰਪਨੀ 'ਮੌਰਨਿੰਗ ਕੰਸਲਟ' ਨੇ ਇਸ ਦਾ ਖੁਲਾਸਾ ਕੀਤਾ ਹੈ। ਸ੍ਰੀ ਮੋਦੀ ਦੀ ਓਵਰਆਲ ਰੇਟਿੰਗ ਇਸ ਹਫਤੇ 63 ਫੀਸਦ ਰਹੀ ਜੋ ਅਗਸਤ 2019 ਤੋਂ ਸਭ ਤੋਂ ਘੱਟ ਹੈ। ਰੇਟਿੰਗ 'ਚ ਸਭ ਤੋਂ ਵੱਧ ਗਿਰਾਵਟ ਅਪਰੈਲ 'ਚ ਦਰਜ ਹੋਈ ਜਦੋਂ ਇਹ 22 ਅੰਕ ਡਿੱਗ ਗਈ ਸੀ।

# ਕਰੋਨਾ ਦੀ ਉਤਪਤੀ 'ਤੇ ਫਿਰ ਸਵਾਲ, ਮੁੜ ਚੀਨ ਵੱਲ ਉਂਗਲ




**ਵਾਸ਼ਿੰਗਟਨ:** ਬਰਤਾਨੀਆ ਦੇ ਵਿਗਿਆਨੀ ਨਿਕੋਲਸ ਵੇਡ ਨੇ ਕਿਹਾ ਹੈ ਕਿ ਚੀਨ ਦੇ ਵੂਹਾਨ ਇੰਸਟੀਚਿਊਟ ਆਫ ਵਾਇਰੋਲਾਜੀ ਦੇ ਖੋਜਕਾਰ ਕਰੋਨਾ ਵਾਇਰਸ ਤੋਂ ਮਨੁੱਖੀ ਕੋਸ਼ਿਕਾਵਾਂ ਅਤੇ ਚੂਹਿਆਂ ਨੂੰ ਲਾਗਗ੍ਰਸਤ ਕਰਨ ਲਈ ਪ੍ਰਯੋਗ ਕਰ ਰਹੇ ਸਨ ਤੇ ਇਸੀ ਪ੍ਰਯੋਗ ਤੋਂ ਕੋਵਿਡ-19 ਵਰਗੇ ਵਾਇਰਸ ਦੇ ਪੈਦਾ ਹੋਣ ਦੀ ਸੰਭਾਵਨਾ ਹੈ।

ਵੇਡ ਨੇ ਆਪਣੇ ਲੇਖ ਵਿਚ ਇਸ ਦਾ ਖੁਲਾਸਾ ਕੀਤਾ ਹੈ। ਕਰੋਨਾ ਵਾਇਰਸ ਦਸੰਬਰ 2019 ਵਿਚ ਵੂਹਾਨ ਵਿਚ ਫੈਲਣਾ ਸ਼ੁਰੂ ਹੋਇਆ ਸੀ ਤੇ ਵਿਸ਼ਵ ਵਿਚ ਮਹਾਮਾਰੀ ਵਜੋਂ ਫੈਲ ਗਿਆ। ਉਨ੍ਹਾਂ ਕਿਹਾ ਕਿ ਇਸ ਵਾਇਰਸ ਬਾਰੇ ਦੋ ਕਿਆਸ ਲਾਏ ਜਾ ਰਹੇ ਹਨ। ਪਹਿਲਾ ਵਾਇਰਸ ਵਣ ਜੀਵਾਂ ਤੋਂ ਮਨੁੱਖ ਵਿਚ ਕੁਦਰਤੀ ਤੌਰ 'ਤੇ ਆਇਆ ਤੇ ਦੂਜਾ ਇਹ ਵਾਇਰਸ ਕਿਸੀ ਪ੍ਰਯੋਗਸਾਲਾ ਵਿਚ ਪ੍ਰਯੋਗ ਕਰਦੇ ਹੋਏ ਫੈਲ ਗਿਆ। ਉਨ੍ਹਾਂ ਕਿਹਾ ਕਿ ਵੂਹਾਨ ਚੀਨ ਦੇ ਮੁੱਖ ਕਰੋਨਾ ਵਾਇਰਸ ਖੋਜ ਦਾ ਕੇਂਦਰ ਸੀ ਜਿਥੇ ਖੋਜਕਰਤਾ ਮਨੁੱਖੀ ਕੋਸ਼ਿਕਾਵਾਂ 'ਤੇ ਅਸਰ ਪਾਉਣ ਲਈ ਚਮਗਾਦੜਾਂ ਸਬੰਧੀ ਕਰੋਨਾ ਵਾਇਰਸ ਬਣਾ ਰਹੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਖੋਜ ਕਰ ਰਹੇ ਵਿਗਿਆਨੀਆਂ ਦਾ ਵਾਇਰਸ ਦੇ ਬਚਾਅ ਲਈ ਟੀਕਾਕਰਨ ਨਹੀਂ ਹੋਇਆ ਸੀ ਤੇ ਉਹ ਘੱਟ ਸੁਰੱਖਿਆ ਪ੍ਰਬੰਧਾਂ ਹੇਠ ਕੰਮ ਕਰ ਰਹੇ ਸਨ। ਇਸ ਕਰ ਕੇ ਉਥੋਂ ਕਰੋਨਾ ਵਾਇਰਸ ਪੈਦਾ ਹੋਣਾ ਹੈਰਾਨੀ ਦੀ ਗੱਲ ਨਹੀਂ ਹੈ।

## ਵੂਹਾਨ ਲੈਬ ਵਿਚੋਂ ਵਾਇਰਸ ਲੀਕ ਹੋਣ ਦੀ ਮੁੜ ਚਰਚਾ

**ਵਾਸ਼ਿੰਗਟਨ:** ਵਾਲ ਸਟਰੀਟ ਜਰਨਲ ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਨਵੰਬਰ 2019 ਵਿਚ ਚੀਨ ਵੱਲੋਂ ਕਰੋਨਾ ਵਾਇਰਸ ਦੀ ਲਾਗ ਦੇ ਪਹਿਲੇ ਕੇਸ ਦੀ ਪੁਸ਼ਟੀ ਕੀਤੇ ਜਾਣ ਤੋਂ ਇਕ ਮਹੀਨਾ ਪਹਿਲਾਂ ਵੂਹਾਨ ਸਥਿਤ ਇੰਸਟੀਚਿਊਟ ਆਫ ਵੀਰੋਲੋਜੀ ਦੇ ਤਿੰਨ ਖੋਜਾਰਥੀਆਂ ਨੇ ਬਿਮਾਰ ਹੋਣ ਮਗਰੋਂ ਇਲਾਜ ਲਈ ਮਦਦ ਮੰਗੀ ਸੀ। ਰਿਪੋਰਟ ਵਿਚ ਵਾਇਰਸ ਦੀ ਮਾਰ ਹੇਠ ਆਉਣ ਵਾਲੇ ਖੋਜਾਰਥੀਆਂ ਦੀ ਗਿਣਤੀ, ਬਿਮਾਰ ਹੋਣ ਦੇ ਸਮੇਂ ਤੇ ਉਨ੍ਹਾਂ ਵੱਲੋਂ ਹਸਪਤਾਲ ਦੇ ਮਾਰੇ ਚੱਕਰਾਂ ਬਾਰੇ ਦੀ ਤਫਸੀਲ ਦਿੱਤੀ ਗਈ ਹੈ।

**Low Interest Rates in History**
**No Cost Refinancing Available!**




Call Madan Khatri
**Ph: 847-530-1550**
Madan@MoonstarMortgage.com
IL and CA Mortgage Loan Licensee
We Works From Start to End!
*Madan Khatri*
*NMLS # 1980752*
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

**ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
ਸੰਪਰਕ ਕਰੋ, ਮਿਸਟਰ ਸਿੰਘ
ਫੋਨ: 608-886-2500
12+

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*
**Live on Jas TV**
Saturday 9:30AM and Sunday 4PM (Pacific Time)
Email: Homeomedicine@yahoo.com
7021 Village Park Way, Dublin, CA 94568

**ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

# ਬੂਟਾ ਸਿੰਘ ਖੜੌਦ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੂੰ ਉਦੋਂ ਡੂੰਘਾ ਸਦਮਾ ਪੁੱਜਾ, ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਪਿਤਾ ਸ. ਰਘੁਵੀਰ ਸਿੰਘ ਖੜੌਦ ਸਵਾਸਾਂ ਦੀ ਪੂੰਜੀ ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਉਹ 82 ਸਾਲਾਂ ਦੇ ਸਨ। ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਕੁਝ ਢਿੱਲੀ ਚੱਲ ਰਹੀ ਸੀ। ਉਹ ਆਪਣੇ ਪਿੱਛੇ ਧਰਮ ਪਤਨੀ ਬੀਬੀ ਮੁਹਿੰਦਰ ਕੌਰ ਤੇ ਦੋ ਬੇਟੇ-ਬੂਟਾ ਸਿੰਘ ਤੇ ਸਰਬਜੀਤ ਸਿੰਘ ਅਤੇ ਦੋ ਨੂੰਹਾਂ ਤੇ ਪੋਤਰੇ-ਪੋਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਕੁਝ ਸਮੇਂ ਤੋਂ ਆਪਣੇ ਜੱਦੀ



ਪਿੰਡ ਕੱਟਾਂ, ਜਿਲਾ ਨਵਾਂ ਸ਼ਹਿਰ ਵਿਖੇ ਰਹਿ ਰਹੇ ਸਨ। ਉਥੇ ਹੀ ਉਨ੍ਹਾਂ ਆਖਰੀ ਸਵਾਸ ਲਏ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਸਮੁੱਚੀ ਜਥੇਬੰਦੀ ਅਤੇ ਵੱਖ ਵੱਖ ਦੇਸ਼ਾਂ ਦੀ ਬਣੀ ਕੌਆਰਡੀਨੇਸ਼ਨ ਕਮੇਟੀ ਨੇ ਖੜੌਦ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਕ ਸ਼ੋਕ ਮਤੇ ਰਾਹੀਂ ਸਵਰਗੀ ਰਘੁਵੀਰ ਸਿੰਘ ਦੇ ਸਦੀਵੀ ਵਿਛੋੜੇ 'ਤੇ ਅਫਸੋਸ ਪ੍ਰਗਟਾਉਂਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਬਖਸ਼ਣ ਤੇ ਸਵਰਗੀ ਰਘੁਵੀਰ ਸਿੰਘ ਦੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ।


# ਅਮਰੀਕੀ ਕਾਮੇਡੀਅਨ ਪਾਲ ਮੂਨੀ ਦਾ ਦੇਹਾਂਤ

**ਫਰਿਜ਼ਨੋ (ਬਿਊਰੋ):** ਅਮਰੀਕਾ ਵਿਚ ਰਿਚਰਡ ਪ੍ਰਾਇਰ ਅਤੇ ਡੇਵ ਚੈਪਲ ਸਮੇਤ ਪ੍ਰਸਿੱਧ ਕਾਮੇਡੀ ਕਲਾਕਾਰਾਂ ਨਾਲ ਮਿਲ ਕੇ ਕੰਮ ਕਰਨ ਵਾਲੇ ਕਾਮੇਡੀਅਨ ਅਤੇ ਅਦਾਕਾਰ ਪਾਲ ਮੂਨੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 79 ਸਾਲਾਂ ਦੇ ਸਨ। ਮੂਨੀ ਕਾਮੇਡੀਅਨ ਸਰਕਲਾਂ ਵਿਚ ਕੰਮ ਕਰਨ ਲਈ ਮਸ਼ਹੂਰ ਸਨ, ਜਿਸ ਵਿਚ ਉਸ ਦੀਆਂ ਕਾਮੇਡੀ ਐਲਬਮਾਂ ਅਤੇ 'ਦਿ ਰਿਚਰਡ ਪ੍ਰਾਇਰ' ਸ਼ੋਅ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਮੂਨੀ ਨੂੰ ਕਾਮੇਡੀ ਲੇਖਕ ਵਜੋਂ ਵੀ ਜਾਣਿਆ ਜਾਂਦਾ ਹੈ। ਉਸ ਦੀਆਂ ਲਿਖਤਾਂ ਵਿਚ 'ਗੁੱਡ ਟਾਈਮਜ਼', 'ਇਨ ਲਿਵਿੰਗ ਕਲਰ', 'ਪ੍ਰਾਇਅਰ ਪਲੇਸ', 'ਚੈਪਲਜ਼ ਸ਼ੋਅ' ਆਦਿ ਪ੍ਰਮੁੱਖ ਹਨ।

ਕਾਮੇਡੀ ਲਿਖਤਾਂ ਤੋਂ ਇਲਾਵਾ ਮੂਨੀ ਨੇ ਕਈ ਫਿਲਮਾਂ ਵਿਚ ਵੀ ਅਭਿਨੈ ਕੀਤਾ ਹੈ। ਉਹ ਸਾਲ 2016 ਵਿਚ ਆਈ ਫਿਲਮ 'ਮੀਟ ਦਿ ਬਲੈਕਜ਼', 'ਦਿ ਬਡੀ ਹੋਲੀ ਸਟੋਰੀ' ਵਿਚ ਵੀ ਦਿਖਾਈ ਦਿੱਤੇ। ਮੂਨੀ ਦੀ ਮੌਤ ਦੀ ਖਬਰ ਸੁਣਨ ਤੋਂ ਬਾਅਦ, ਪ੍ਰਸ਼ੰਸਕਾਂ ਅਤੇ ਦੋਸਤਾਂ ਨੇ ਸੋਸ਼ਲ ਮੀਡੀਆ 'ਤੇ ਅਫਸੋਸ ਪ੍ਰਗਟ ਕੀਤਾ ਹੈ ਅਤੇ ਉਸ ਦੀਆਂ ਸ਼ਾਨਦਾਰ ਭੂਮਿਕਾਵਾਂ ਲਈ ਮੂਨੀ ਦਾ ਧੰਨਵਾਦ ਕੀਤਾ। ਅਮਰੀਕਾ ਦੀਆਂ ਮਸ਼ਹੂਰ ਹਸਤੀਆਂ ਅਤੇ ਫਿਲਮ ਨਿਰਮਾਤਾਵਾਂ ਨੇ ਵੀ ਮੂਨੀ ਦੀ ਮੌਤ ਨੂੰ ਅਮਰੀਕੀ ਕਾਮੇਡੀ ਅਤੇ ਫਿਲਮੀ ਜਗਤ ਲਈ ਵੱਡਾ ਘਾਟਾ ਦੱਸਿਆ ਹੈ।

# ਅਲਬਰਟ ਆਈਨਸਟਾਈਨ ਦਾ ਪੱਤਰ 1.2 ਮਿਲੀਅਨ ਡਾਲਰ 'ਚ ਨਿਲਾਮ ਹੋਇਆ

**ਬੋਸਟਨ (ਬਿਊਰੋ):** ਵਿਗਿਆਨ ਦੇ ਖੇਤਰ ਵਿਚ ਆਪਣੀਆਂ ਖੋਜਾਂ ਦੁਆਰਾ ਆਪਣਾ ਨਾਂ ਅਮਰ ਕਰ ਚੁਕੇ ਵਿਗਿਆਨੀ ਅਲਬਰਟ



ਆਈਨਸਟਾਈਨ ਦਾ ਇੱਕ ਫਾਰਮੂਲੇ ਵਾਲਾ ਹੱਥ-ਲਿਖਤ ਪੱਤਰ ਬੋਸਟਨ ਵਿਚ ਕਰੀਬ 1.2 ਮਿਲੀਅਨ ਡਾਲਰ 'ਚ ਨਿਲਾਮ ਹੋਇਆ ਹੈ। ਬੋਸਟਨ ਸਥਿਤ ਇੱਕ ਨਿਲਾਮੀ ਸੰਸਥਾ ਅਨੁਸਾਰ ਅਲਬਰਟ ਆਈਨਸਟਾਈਨ ਦੇ ਇਸ ਹੱਥ-ਲਿਖਤ ਪੱਤਰ ਵਿਚ ਉਸ ਦਾ ਇਕ ਮਸ਼ਹੂਰ ਫਾਰਮੂਲਾ ਲਿਖਿਆ ਹੋਇਆ ਹੈ। ਹਾਲਾਂਕਿ ਇਸ ਪੱਤਰ ਦੇ ਖਰੀਦਦਾਰ ਦੀ ਪਛਾਣ ਨਹੀਂ ਦੱਸੀ ਗਈ ਹੈ।

ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਅਤੇ ਯੇਰੂਸ਼ਲਮ ਦੀ ਇਬਰਾਨੀ ਯੂਨੀਵਰਸਿਟੀ ਵਿਚ ਆਈਨਸਟਾਈਨ ਪੇਪਰਜ਼ ਪ੍ਰਾਜੈਕਟ ਦੇ ਅਧਿਕਾਰੀਆਂ ਅਨੁਸਾਰ ਆਈਨਸਟਾਈਨ ਦੀਆਂ ਸਿਰਫ ਤਿੰਨ ਹੋਰ ਹੱਥ-ਲਿਖਤਾਂ ਮੌਜੂਦ ਹਨ, ਜਿਨ੍ਹਾਂ ਵਿਚ ਇਹ ਫਾਰਮੂਲਾ ਵਰਤਿਆ ਗਿਆ ਹੈ। ਇਸ ਪੱਤਰ ਨੂੰ ਵੇਚਣ ਵਾਲੀ ਨਿਲਾਮੀ ਸੰਸਥਾ ਆਰ. ਆਰ. ਆਕਸ਼ਨ ਅਨੁਸਾਰ ਇਹ ਚੌਥਾ ਪੱਤਰ ਨਿਜੀ ਸੰਗ੍ਰਹਿ ਵਿਚੋਂ ਇੱਕ ਹੈ ਅਤੇ ਹਾਲ ਹੀ ਵਿਚ ਜਨਤਕ ਹੋਇਆ ਹੈ।

ਆਰ. ਆਰ. ਆਕਸ਼ਨ ਅਨੁਸਾਰ ਐਨਰਜੀ ਅਤੇ ਲਾਈਟ ਦੀ ਸਪੀਡ ਬਾਰੇ ਫਾਰਮੂਲੇ ਵਾਲਾ ਇਹ ਪੱਤਰ ਆਈਨਸਟਾਈਨ ਵਲੋਂ 26 ਅਕਤੂਬਰ 1946 ਨੂੰ ਪੋਲਿਸ਼-ਅਮਰੀਕੀ ਭੌਤਿਕ ਵਿਗਿਆਨੀ ਲੂਡਵਿਕ ਸਿਲਬਰਸਟੀਨ ਨੂੰ ਲਿਖਿਆ ਗਿਆ ਸੀ। ਸਿਲਬਰਸਟੀਨ ਦੀ ਮੌਤ ਹੋਣ ਤੱਕ ਪੱਤਰ ਉਸ ਕੋਲ ਸੀ, ਪਰ ਹੁਣ ਉਸ ਦੇ ਵਾਰਿਸ ਉਸ ਦਾ ਨਿਜੀ ਸਮਾਨ ਵੇਚ ਰਹੇ ਹਨ।

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 *14-17*

## ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com *20-23*

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com *14-18*

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

ਪੰਜਾਬ ਟਾਈਮਜ਼


## ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

**ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ**

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼*

**Restaurant Help**

**Immediately hiring Kitchen Helper & Dishwasher for Indian restaurant in Indiana. Good Salary and free accommodation.**

*ਸੰਪਰਕ ਕਰੋ: ਟੋਨੀ*

**ਫੋਨ: 317-340-1470**

*17-20*

## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

**ਫੋਨ: 515-291-1961**

*18-21*

**KULJEET (KJ) SINGH**
Managing Broker Realtor

GAYA Realty

**Interested in:**
- Buying
- Selling
- Investing
- Renting

Gas Stations, Motels & Shopping Malls

ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



*Kuljeet Singh*

Over 20 Years of Experience

*Contact Information:*

**Cell: 224-305-3250**


Email: ksingh4622@gmail.com

Serving All Chicagoland & Surrounding Suburbs

**Looking for new agents.**

## Sistar Mortgage

Minimizing Cost, Maximizing Investment
www.SistarMortgage.com



**Balbir (Bill) Grewal, Loan Officer (NMLS 353442)**
*Residential & Commercial Loans*

**(734) 330-8859 Mobile**
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕੋਵਿਡ-19 ਲਾਗ ਦਾ ਪਤਾ ਲਾ ਸਕਦੇ ਨੇ ਸਿਖਲਾਈ ਪ੍ਰਾਪਤ ਕੁੱਤੇ

**ਲੰਡਨ:** ਕਰੋਨਾ ਵਾਇਰਸ ਲਾਗ ਤੋਂ ਪੀੜਤ ਲੋਕਾਂ ਦੇ ਸਰੀਰ ਤੋਂ ਵੱਖ ਤਰ੍ਹਾਂ ਦੀ ਗੰਧ ਆਉਂਦੀ ਹੈ ਜਿਸ ਦਾ ਸਿਖਲਾਈ ਪ੍ਰਾਪਤ ਕੁੱਤੇ ਸਟੀਕ ਪਤਾ ਲਾ ਸਕਦੇ ਹਨ। ਇਹ ਦਾਅਵਾ ਬ੍ਰਿਟੇਨ 'ਚ ਹੋਈ ਇਕ ਨਵੀਂ ਖੋਜ 'ਚ ਕੀਤਾ ਗਿਆ ਹੈ।

ਲੰਡਨ ਸਕੂਲ ਆਫ ਹਾਈਜੀਨ ਐਂਡ ਟ੍ਰੌਪੀਕਲ ਮੈਡੀਸਿਨ (ਐਲ. ਐਸ. ਐਚ. ਟੀ. ਐਮ.) ਨੇ ਇਹ ਖੋਜ ਚੈਰਿਟੀ ਮੈਡੀਕਲ ਡਿਟੈਕਸ਼ਨ ਡੌਗਜ ਐਂਡ ਦਰਹਾਮ ਯੂਨੀਵਰਸਿਟੀ ਨਾਲ ਮਿਲ ਕੇ ਕੀਤੀ ਹੈ। ਇਸ ਨੂੰ ਆਪਣੀ ਤਰ੍ਹਾਂ ਦਾ ਮੁਕੰਮਲ ਅਧਿਐਨ ਕਰਾਰ ਦਿੱਤਾ ਗਿਆ ਹੈ ਜਿਸ ਨੂੰ ਕੁੱਤਿਆਂ ਦੀ ਸਿਖਲਾਈ, ਗੰਧ ਵਿਸ਼ਲੇਸ਼ਣ ਅਤੇ ਮਾਡਲਿੰਗ ਨੂੰ ਮਿਲਾ ਕੇ ਤਿਆਰ ਕੀਤਾ ਗਿਆ ਹੈ। ਖੋਜੀਆਂ ਨੇ ਪਾਇਆ ਕਿ ਵਿਸ਼ੇਸ਼ ਢੰਗ ਨਾਲ ਸਿਖਲਾਈ ਪ੍ਰਾਪਤ ਕੁੱਤੇ ਬਿਮਾਰੀ ਨੂੰ 94.3 ਫੀਸਦ ਤੱਕ ਸੰਵੇਦਨਸ਼ੀਲਤਾ ਅਤੇ 92 ਫੀਸਦ ਸਟੀਕਤਾ ਨਾਲ ਪਤਾ ਲਗਾ ਲੈਂਦੇ ਹਨ। ਪਿਛਲੇ ਹਫਤੇ ਪ੍ਰਕਾਸ਼ਿਤ ਖੋਜ ਪੱਤਰ ਮੁਤਾਬਕ ਕੁੱਤੇ ਬਿਨਾਂ ਲੱਛਣ ਵਾਲੇ ਵਿਅਕਤੀਆਂ 'ਚ ਲਾਗ ਦਾ ਪਤਾ ਲਗਾਉਣ ਦੇ ਨਾਲ ਨਾਲ ਕਰੋਨਾ ਵਾਇਰਸ ਦੀਆਂ ਕਿਸਮਾਂ 'ਚ ਵੀ ਫਰਕ ਕਰਨ ਦੇ ਸਮਰੱਥ ਹਨ।

## ਬੇਅਦਬੀ ਮਾਮਲੇ: ਸੁਖਬੀਰ ਵੱਲੋਂ ਕੈਪਟਨ ਸਰਕਾਰ ਨੂੰ ਤਿੱਖੇ ਸਵਾਲ

**ਜਲੰਧਰ:** ਹਾਈਕੋਰਟ ਵੱਲੋਂ ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਜਾਂਚ ਰਿਪੋਰਟ ਰੱਦ ਕੀਤੇ ਜਾਣ ਤੋਂ ਬਾਅਦ ਸੂਬੇ ਦੀ ਸਿਆਸਤ 'ਚ ਇਕਦਮ ਆਏ ਉਬਾਲ ਅਤੇ ਇਸ ਮਾਮਲੇ ਵਿਚ ਕਾਂਗਰਸ ਦੇ ਅੰਦਰ ਹੀ ਬਣੇ ਟਕਰਾਅ ਵਾਲੇ ਹਾਲਾਤ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਅਸਲ 'ਚ ਕਾਂਗਰਸ ਬੇਅਦਬੀ ਮਾਮਲਿਆਂ ਦੀ ਜਾਂਚ ਨੂੰ ਲੈ ਕੇ ਕਦੇ ਵੀ ਗੰਭੀਰ ਨਹੀਂ ਰਹੀ ਤੇ ਕਾਂਗਰਸ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਬੇਹੱਦ ਗੰਭੀਰ ਤੇ ਸੰਜੀਦਾ ਮੁੱਦੇ 'ਤੇ ਕੇਵਲ ਤੇ ਕੇਵਲ ਸਿਆਸਤ ਕੀਤੀ ਗਈ ਤੇ ਕਾਂਗਰਸ ਦਾ ਸਾਰਾ ਜ਼ੋਰ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਉਤੇ ਹੀ ਲੱਗਾ ਰਿਹਾ।

ਉਨ੍ਹਾਂ ਕਾਂਗਰਸ ਦੀ ਨੀਤੀ ਤੇ ਨੀਅਤ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਕਾਂਗਰਸ ਸਰਕਾਰ ਨੇ ਕਦੇ ਵੀ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਸੰਜੀਦਾ ਯਤਨ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਚਾਹੁੰਦੀ ਤਾਂ 4 ਸਾਲ ਦੇ ਅਰਸੇ ਦੌਰਾਨ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਸੀ ਪਰ ਅਜਿਹਾ ਨਹੀਂ ਹੋ ਸਕਿਆ, ਕਿਉਂਕਿ ਕਾਂਗਰਸ ਨੇ ਇਸ ਮੁੱਦੇ ਨੂੰ ਕੇਵਲ ਸਿਆਸੀ ਹਿੱਤਾਂ ਲਈ ਵਰਤਿਆ ਹੈ। ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਉਤੇ ਬੇਅਦਬੀ ਮਾਮਲਿਆਂ ਦਾ ਇਨਸਾਫ ਕੀਤਾ ਜਾਵੇਗਾ ਅਤੇ ਦੋਸ਼ੀਆਂ ਨੂੰ ਫੜ ਕੇ ਜੇਲ੍ਹ 'ਚ ਸੁੱਟਿਆ ਜਾਵੇਗਾ।

## ਸਿੱਧਾ ਵਿਦੇਸ਼ੀ ਨਿਵੇਸ਼ 2020-21 'ਚ 19 ਫੀਸਦੀ ਵਧਿਆ

**ਨਵੀਂ ਦਿੱਲੀ:** ਵਣਜ ਤੇ ਉਦਯੋਗ ਮੰਤਰਾਲੇ ਨੇ ਦੱਸਿਆ ਕਿ ਦੇਸ਼ ਵਿਚ 2020-21 ਦੌਰਾਨ ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਪ੍ਰਵਾਹ 19 ਪ੍ਰਤੀਸ਼ਤ ਵਧ ਕੇ 59.64 ਅਰਬ ਡਾਲਰ ਰਿਹਾ ਹੈ। ਮੰਤਰਾਲੇ ਮੁਤਾਬਕ ਇਸ ਵਿਚ ਸਰਕਾਰ ਵੱਲੋਂ ਕੀਤੇ ਗਏ ਨੀਤੀਗਤ ਸੁਧਾਰਾਂ, ਨਿਵੇਸ਼ ਸੁਵਿਧਾ ਤੇ ਵਪਾਰ ਸੁਖਾਲਾ ਕਰਨ ਲਈ ਚੁੱਕੇ ਗਏ ਕਦਮਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਇਸੇ ਤਰ੍ਹਾਂ ਦੇਸ਼ ਵਿਚ ਇਕਵਿਟੀ ਨਿਵੇਸ਼, ਪੂੰਜੀ ਤੇ ਕਮਾਈ ਦੇ ਦੁਬਾਰਾ ਕੀਤੇ ਗਏ ਨਿਵੇਸ਼ ਸਹਿਤ ਕੁੱਲ ਐਫ.ਡੀ.ਆਈ. 2020-21 ਦੌਰਾਨ ਦਸ ਪ੍ਰਤੀਸ਼ਤ ਵਧ ਕੇ 81.72 ਅਰਬ ਡਾਲਰ ਦੇ ਹੁਣ ਤੱਕ ਦੇ ਸਭ ਤੋਂ ਉਚੇ ਪੱਧਰ ਉਤੇ ਪਹੁੰਚ ਗਿਆ। ਇਹ 2019-20 ਵਿਚ 74.39 ਅਰਬ ਅਮਰੀਕੀ ਡਾਲਰ ਸੀ।

ਮੰਤਰਾਲੇ ਮੁਤਾਬਕ ਐਫ.ਡੀ.ਆਈ. ਪ੍ਰਵਾਹ ਵਿਚ ਸਭ ਤੋਂ ਵੱਧ 29 ਫੀਸਦ ਹਿੱਸੇਦਾਰੀ ਨਾਲ ਸਿੰਗਾਪੁਰ ਚੋਟੀ 'ਤੇ ਰਿਹਾ। ਇਸ ਤੋਂ ਬਾਅਦ ਅਮਰੀਕਾ (23 ਫੀਸਦ) ਤੇ ਮੌਰੀਸ਼ਸ (9 ਫੀਸਦ) ਦਾ ਸਥਾਨ ਰਿਹਾ। ਕੰਪਿਊਟਰ ਹਾਰਡਵੇਅਰ ਤੇ ਸੌਫਟਵੇਅਰ ਖੇਤਰ ਦੇ ਕੁੱਲ ਐਫ.ਡੀ.ਆਈ. ਇਕਵਿਟੀ ਪ੍ਰਵਾਹ ਵਿਚ ਲਗਭਗ 44 ਪ੍ਰਤੀਸ਼ਤ ਹਿੱਸੇਦਾਰੀ ਰਹੀ। ਇਸ ਤੋਂ ਬਾਅਦ ਨਿਰਮਾਣ ਗਤੀਵਿਧੀਆਂ (13 ਪ੍ਰਤੀਸ਼ਤ) ਤੇ ਸੇਵਾ ਖੇਤਰ (8 ਪ੍ਰਤੀਸ਼ਤ) ਦਾ ਸਥਾਨ ਰਿਹਾ।

## ਮੌਤ ਤੋਂ 24 ਘੰਟੇ ਬਾਅਦ ਨੱਕ ਤੇ ਮੂੰਹ 'ਚ ਨਹੀਂ ਰਹਿੰਦਾ ਕਰੋਨਾ ਵਾਇਰਸ

**ਨਵੀਂ ਦਿੱਲੀ:** ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ (ਏਮਸ) ਦੇ ਮਾਹਿਰਾਂ ਦਾ ਕਹਿਣਾ ਹੈ ਕਿ ਕਰੋਨਾ ਪੀੜਤ ਦੀ ਮੌਤ ਮਗਰੋਂ ਕਰੋਨਾ ਵਾਇਰਸ ਨੱਕ ਤੇ ਮੂੰਹ 'ਚ 12 ਤੋਂ 24 ਘੰਟੇ ਤੱਕ ਹੀ ਜਿਊਂਦਾ ਰਹਿੰਦਾ ਹੈ। ਇਸ ਲਈ ਕਰੋਨਾ ਪੀੜਤ ਦੀ ਲਾਸ਼ ਤੋਂ ਕਿਸੇ ਹੋਰ ਨੂੰ ਲਾਗ ਲੱਗਣ ਦੀ ਖਦਸ਼ਾ ਬਹੁਤ ਘੱਟ ਹੈ। ਇਸ ਸਬੰਧੀ ਏਮਸ ਦੇ ਫਰੈਂਸਿਕ ਮੈਡੀਸਨ ਵਿਭਾਗ 'ਚ ਪਿਛਲੇ ਇਕ ਸਾਲ ਤੋਂ ਅਧਿਐਨ ਕੀਤਾ ਜਾ ਰਿਹਾ ਹੈ।

ਏਮਸ ਦੇ ਫੋਰੈਂਸਿਕ ਮੁਖੀ ਡਾ. ਸੁਧੀਰ ਗੁਪਤਾ ਨੇ ਕਿਹਾ ਕਿ ਸੌ ਦੇ ਕਰੀਬ ਕਰੋਨਾ ਪੀੜਤਾਂ ਦੀਆਂ ਲਾਸ਼ਾਂ ਦੀ ਮੌਤ ਤੋਂ 12 ਤੋਂ 24 ਘੰਟੇ ਮਗਰੋਂ ਮੁੜ ਜਾਂਚ ਕੀਤੀ ਗਈ ਤਾਂ ਉਨ੍ਹਾਂ 'ਚ ਕਰੋਨਾ ਵਾਇਰਸ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਫਿਰ ਵੀ ਸੁਰੱਖਿਆ ਦੇ ਮੱਦੇਨਜ਼ਰ ਸਰੀਰ 'ਚੋਂ ਕੋਈ ਤਰਲ ਰਿਸਣ ਤੋਂ ਰੋਕਣ ਲਈ ਲਾਸ਼ ਦੇ ਨੱਕ ਤੇ ਮੂੰਹ ਬੰਦ ਕੀਤੇ ਜਾਣੇ ਚਾਹੀਦੇ ਹਨ ਤੇ ਲਾਸ਼ ਚੁੱਕਣ ਵਾਲਿਆਂ ਨੂੰ ਦਸਤਾਨੇ, ਮਾਸਕ ਤੇ ਪੀ.ਪੀ.ਈ. ਕਿੱਟ ਪਹਿਨ ਲੈਣੀ ਚਾਹੀਦੀ ਹੈ। ਸਸਕਾਰ ਤੋਂ ਬਾਅਦ ਕਰੋਨਾ ਪੀੜਤਾਂ ਦੇ ਫੁੱਲ ਚੁਗਣਾ ਪੂਰੀ ਤਰ੍ਹਾਂ ਸੁਰੱਖਿਅਤ ਹੈ।

## ਕਿਸਾਨਾਂ ਵੱਲੋਂ ਸੰਘਰਸ਼ ਨੂੰ ਨਵੀਂ ਧਾਰ ਦੇਣ ਲਈ ਹੰਭਲਾ

*(ਸਫਾ ਇਕ ਦੀ ਬਾਕੀ)*

ਮੁਲਕ ਵਿਚ ਮਾਹੌਲ ਬਣਨ ਲੱਗਾ ਹੈ। ਕਰੋਨਾ ਦੀ ਦੂਜੀ ਲਹਿਰ ਨਾਲ ਨਜਿੱਠਣ ਵਿਚ ਨਕਾਮੀ, ਦੇਸ਼ ਦੀ ਆਰਥਿਕ ਮੰਦਹਾਲੀ, ਮਹਿੰਗਾਈ, ਬੇਰੁਜ਼ਗਾਰੀ ਵਰਗੇ ਮੁੱਦਿਆਂ ਉਤੇ ਭਗਵਾ ਧਿਰ ਬੁਰੀ ਤਰ੍ਹਾਂ ਘਿਰ ਗਈ ਹੈ। ਇਸੇ ਮਹੀਨੇ 5 ਵਿਧਾਨ ਸਭਾ ਚੋਣਾਂ ਤੇ ਉਤਰ ਪ੍ਰਦੇਸ਼ ਦੀਆਂ ਪੰਚਾਇਤੀ ਚੋਣਾਂ ਦੇ ਆਏ ਨਤੀਜਿਆਂ ਨੇ ਭਾਜਪਾ ਨੂੰ ਹਲੂਣਿਆਂ ਹਨ। ਕਿਸਾਨ ਜਥੇਬੰਦੀਆਂ ਭਾਜਪਾ ਦੇ ਇਸ ਹਸ਼ਰ ਨੂੰ ਸੰਘਰਸ਼ ਦਾ ਸਿੱਟਾ ਗਰਦਾਨ ਰਹੀਆਂ ਹਨ। ਭਾਜਪਾ ਸੱਤਾ ਵਾਲੇ ਸੂਬਿਆਂ ਵਿਚੋਂ ਵੀ ਕੇਂਦਰ ਸਰਕਾਰ ਨੂੰ ਅਜੇ ਵੀ ਮੌਕਾ ਸਾਂਭਣ ਦੀ ਹਾਲ-ਦੁਹਾਈ ਪਾਈ ਜਾ ਰਹੀ ਹੈ। ਸਿਆਸੀ ਮਾਹਰ ਵੀ ਹੁਣ ਇਹ ਗੱਲ ਖੁੱਲ੍ਹ ਕੇ ਆਖਣ ਲੱਗੇ ਹਨ ਕਿ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭਾਜਪਾ ਪਿਛਲੇ ਸਾਲ ਨਾਗਰਿਕਤਾ ਕਾਨੂੰਨਾਂ ਖਿਲਾਫ ਉਠੀ ਲਹਿਰ ਵਾਂਗ ਕਰੋਨਾ ਨੂੰ ਇਕ ਮੌਕੇ ਵਜੋਂ ਨਹੀਂ ਵਰਤ ਸਕੀ। ਹੁਣ ਬਾਜ਼ੀ ਮੁੜ ਕਿਸਾਨਾਂ ਹੱਥ ਜਾਪ ਰਹੀ ਹੈ। ਕਿਸਾਨ ਜਥੇਬੰਦੀਆਂ ਦੇ ਤਾਜ਼ਾ ਲਾਮਬੰਦੀ ਤੋਂ ਜਾਪ ਰਿਹਾ ਹੈ ਕਿ ਆਉਣ ਵਾਲੇ ਦਿਨ ਕੇਂਦਰ ਸਰਕਾਰ ਨੂੰ ਗੱਲ ਇਕ ਪਾਸੇ ਲਾਉਣ ਲਈ ਮਜਬੂਰ ਕਰੇਗੀ।

ਖਾਸਕਰ ਕਿਸਾਨ ਜਥੇਬੰਦੀਆਂ ਦੀ ਮੋਦੀ ਨੂੰ ਗੱਲਬਾਤ ਸ਼ੁਰੂ ਕਰਨ ਲਈ ਲਿਖੀ ਚਿੱਠੀ ਪਿੱਛੋਂ ਕੇਂਦਰ ਸਰਕਾਰ ਗੋਡਿਆਂ ਪਰਨੇ ਜਾਪ ਰਿਹਾ ਹੈ। ਅਸਲ ਵਿਚ, ਕੇਂਦਰ ਸਰਕਾਰ ਇਸ ਗੱਲ ਉਤੇ ਅੜੀ ਹੋਈ ਹੈ ਕਿ ਜਥੇਬੰਦੀਆਂ ਜਨਵਰੀ 2021 ਦੀ ਇਨ੍ਹਾਂ ਕਾਨੂੰਨਾਂ ਨੂੰ ਡੇਢ ਸਾਲ ਤਕ ਮੁਲਤਵੀ ਕੀਤੇ ਜਾਣ ਵਾਲੀ ਪੇਸ਼ਕਸ਼ ਨੂੰ ਸਵੀਕਾਰ ਕਰਨ ਜਾਂ ਉਸੇ ਤਰ੍ਹਾਂ ਦੀ ਕੋਈ ਹੋਰ ਤਜਵੀਜ਼ ਪੇਸ਼ ਕਰਨ। ਕਿਸਾਨ ਜਥੇਬੰਦੀਆਂ ਦੀ ਮੰਗ ਹੈ ਕਿ ਕੇਂਦਰ ਸਰਕਾਰ ਦੋਵੇਂ ਖੇਤੀ ਕਾਨੂੰਨ ਅਤੇ ਜਰੂਰੀ ਵਸਤਾਂ ਬਾਰੇ ਕਾਨੂੰਨ ਵਿਚ ਕੀਤੀ ਸੋਧ ਵਾਪਸ ਲਵੇ, ਭਾਵ ਉਨ੍ਹਾਂ ਨੂੰ ਰੱਦ ਕਰੇ। ਦੂਸਰੇ ਪਾਸੇ ਕੇਂਦਰ ਸਰਕਾਰ ਦਾ ਹੁਣ ਤੱਕ ਦਾ ਸਟੈਂਡ ਇਹ ਹੈ ਕਿ ਕਾਨੂੰਨਾਂ ਨੂੰ ਰੱਦ ਕਰਨ ਦਾ ਸਵਾਲ ਨਹੀਂ ਉਠਦਾ। ਸਿਆਸੀ ਮਾਹਰ ਵੀ ਉਮੀਦ ਕਰ ਰਹੇ ਹਨ ਕਿ ਪਿਛਲੇ ਸਮੇਂ ਵਿਚ ਭਾਜਪਾ ਨੂੰ ਜਿਸ ਤਰ੍ਹਾਂ ਦਾ ਸੇਕ ਲੱਗ ਰਿਹਾ ਹੈ ਤੇ ਕਰੋਨਾ ਮਹਾਮਾਰੀ ਵਾਲਾ ਦਾਅ ਵੀ ਪੁੱਠਾ ਪਿਆ ਹੈ, ਆਉਂਦੇ ਦਿਨਾਂ ਵਿਚ ਸਰਕਾਰ ਨੂੰ ਮਸਲੇ ਦੇ ਹੱਲ ਲਈ ਅੱਗੇ ਆਉਣ ਲਈ ਮਜਬੂਰ ਹੋਣਾ ਕਰੇਗਾ।

## ਰਾਮਦੇਵ ਵੱਲੋਂ ਆਈ. ਐਮ. ਏ. ਨੂੰ ਐਲੋਪੈਥੀ ਬਾਰੇ ਸਵਾਲ

**ਨਵੀਂ ਦਿੱਲੀ:** ਯੋਗ ਗੁਰੂ ਰਾਮਦੇਵ ਨੇ 'ਐਲੋਪੈਥੀ' ਬਾਰੇ ਆਪਣੇ ਬਿਆਨ ਵਾਪਸ ਲੈਣ ਤੋਂ ਬਾਅਦ ਟਵਿੱਟਰ 'ਤੇ ਆਈ.ਐਮ.ਏ. ਦੇ ਨਾਂ ਇਕ 'ਖੁੱਲ੍ਹਾ ਪੱਤਰ' ਲਿਖ ਕੇ 25 ਸਵਾਲ ਪੁੱਛੇ ਹਨ। ਜ਼ਿਕਰਯੋਗ ਹੈ ਕਿ ਰਾਮਦੇਵ ਨੇ ਇਕ ਵੀਡੀਓ ਵਿਚ 'ਐਲੋਪੈਥੀ' ਨੂੰ ਕੋਵਿਡ ਦੇ ਇਲਾਜ ਲਈ ਵਰਤੇ ਜਾਣ ਬਾਰੇ ਟਿੱਪਣੀ ਕੀਤੀ ਸੀ ਜਿਸ 'ਤੇ ਮੈਡੀਕਲ ਐਸੋਸੀਏਸ਼ਨ ਨੇ ਇਤਰਾਜ਼ ਕੀਤਾ ਸੀ। ਰਾਮਦੇਵ ਨੇ ਪੁੱਛਿਆ ਕਿ ਕੀ ਐਲੋਪੈਥੀ ਬੀਪੀ ਅਤੇ ਸ਼ੂਗਰ ਦੀ ਕਿਸਮ ਇਕ ਤੇ ਦੋ ਤੋਂ ਪੱਕੀ ਰਾਹਤ ਦਿੰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਫਾਰਮਾ ਸਨਅਤ ਤੋਂ ਵੀ ਸਵਾਲ ਪੁੱਛੇ ਕਿ ਕੀ ਇਨ੍ਹਾਂ ਕੋਲ ਥਾਇਰਾਈਡ, ਗਠੀਆ, ਕੋਲਾਇਟਿਸ ਤੇ ਦਮਾ ਦਾ ਪੱਕਾ ਇਲਾਜ ਹੈ। ਉਨ੍ਹਾਂ ਐਲੋਪੈਥੀ ਰਾਹੀਂ ਕਈ ਹੋਰ ਬਿਮਾਰੀਆਂ ਦੇ ਇਲਾਜ ਬਾਰੇ ਵੀ ਸਵਾਲ ਪੁੱਛੇ ਹਨ। ਰਾਮਦੇਵ ਨੇ ਕਿਹਾ ਕਿ ਡਾਕਟਰਾਂ ਨੂੰ ਤਾਂ ਫਿਰ ਕਦੇ ਵੀ ਬਿਮਾਰ ਨਹੀਂ ਹੋਣਾ ਚਾਹੀਦਾ ਜੇ ਐਲੋਪੈਥੀ ਕੋਲ ਹਰ ਮਰਜ਼ ਦਾ ਇਲਾਜ ਹੈ।

## ਉਡਦੇ ਜਹਾਜ਼ 'ਚ ਕੀਤਾ ਵਿਆਹ

**ਨਵੀਂ ਦਿੱਲੀ:** ਸਪਾਈਸ ਜੈੱਟ ਦੀ ਚਾਰਟਰਡ ਉਡਾਣ 'ਚ ਮਹਿਮਾਨਾਂ ਤੇ ਰਿਸ਼ਤੇਦਾਰਾਂ ਦੀ ਮੌਜੂਦਗੀ 'ਚ ਵਿਆਹ ਕੀਤਾ ਗਿਆ ਅਤੇ ਇਸ ਦੌਰਾਨ ਆਪਸ 'ਚ ਦੂਰੀ ਬਣਾ ਕੇ ਰੱਖਣ ਦੇ ਨਿਯਮ ਦੀ ਉਲੰਘਣਾ ਵੀ ਕੀਤੀ ਗਈ।

ਸੂਤਰਾਂ ਨੇ ਦੱਸਿਆ ਕਿ ਇਹ ਚਾਰਟਰਡ ਜਹਾਜ਼ ਮਦੁਰਾਈ ਹਵਾਈ ਅੱਡੇ ਤੋਂ ਉਡਿਆ ਅਤੇ ਕਰੀਬ ਦੋ ਘੰਟੇ ਤੱਕ ਅਸਮਾਨ ਦੇ ਚੱਕਰ ਲਾਉਣ ਤੋਂ ਬਾਅਦ ਮੁੜ ਆਇਆ। ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟਰ ਜਨਰਲ (ਡੀ.ਜੀ.ਸੀ.ਏ.) ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉਡਾਣ ਦੌਰਾਨ ਜਹਾਜ਼ 'ਚ ਆਪਸ 'ਚ ਦੂਰੀ ਨਾ ਰੱਖਣ 'ਤੇ ਉਡਾਣ ਦੀ ਚਾਲਕ ਟੀਮ ਫਿਲਹਾਲ ਡਿਊਟੀ ਤੋਂ ਹਟਾ ਦਿੱਤੀ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸਪਾਈਸ ਜੈੱਟ ਦੇ ਉਨ੍ਹਾਂ ਲੋਕਾਂ ਖਿਲਾਫ ਸਬੰਧਤ ਅਧਿਕਾਰੀਆਂ ਸਾਹਮਣੇ ਸ਼ਿਕਾਇਤ ਦਰਜ ਕਰਵਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ ਜਿਨ੍ਹਾਂ ਉਡਾਣ 'ਚ ਆਪਸੀ ਦੂਰੀ ਬਣਾਉਣ ਦੇ ਨਿਯਮ ਦਾ ਪਾਲਣ ਨਹੀਂ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਮਾਮਲੇ ਦੀ ਜਾਂਚ ਮਗਰੋਂ ਡੀ.ਜੀ.ਸੀ.ਏ. ਸਖਤ ਕਾਰਵਾਈ ਕਰੇਗਾ। ਸੋਸ਼ਲ ਮੀਡੀਆ 'ਤੇ ਵਿਆਹ ਦੀਆਂ ਤਸਵੀਰਾਂ ਤੇ ਵੀਡੀਓ ਸਾਹਮਣੇ ਆਈ ਹੈ। ਇਨ੍ਹਾਂ 'ਚ ਦਿਖਾਈ ਦੇ ਰਿਹਾ ਹੈ ਕਿ ਵਿਆਹ ਸਮੇਂ ਮਹਿਮਾਨ ਇਕ-ਦੂਜੇ ਦੇ ਬਹੁਤ ਨੇੜੇ ਖੜ੍ਹੇ ਹਨ। ਇਸ ਬਾਰ ਸਪਾਈਸ ਜੈੱਟ ਦੇ ਬੁਲਾਰੇ ਨੇ ਕਿਹਾ, 'ਸਪਾਈਸ ਜੈੱਟ ਬੋਇੰਗ 737 ਵਿਆਹ ਪਿਛੋਂ ਮਹਿਮਾਨਾਂ ਦੀ ਉਡਾਣ ਲਈ ਇਕ ਟਰੈਵਲ ਏਜੰਟ ਨੇ ਬੁੱਕ ਕਰਵਾਇਆ ਸੀ। ਉਨ੍ਹਾਂ ਨੂੰ ਕੋਵਿਡ-19 ਸਬੰਧੀ ਹਦਾਇਤਾਂ ਬਾਰੇ ਵੀ ਦੱਸਿਆ ਗਿਆ ਸੀ।'

## ਕੈਪਟਨ ਤੋਂ ਕਪਤਾਨੀ ਖੋਹਣ ਲਈ ਲਾਮਬੰਦੀ ਹੋਰ ਤਿੱਖੀ

*(ਸਫਾ ਇਕ ਦੀ ਬਾਕੀ)*

ਹੇਠ ਜੇ ਚੋਣਾਂ ਲੜੀਆਂ ਜਾਣ ਤਾਂ ਪਾਰਟੀ ਮੁੜ ਸਰਕਾਰ ਬਣਾ ਸਕਦੀ ਹੈ। ਸ੍ਰੀ ਧੀਮਾਨ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਸੱਦਾ ਦਿੱਤਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਤਖਤਾ ਪਲਟ ਦਿੱਤਾ ਜਾਵੇ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਮੈਂਬਰ ਰਾਜ ਸਭਾ ਪ੍ਰਤਾਪ ਸਿੰਘ ਬਾਜਵਾ ਨੇ ਸਾਫ ਆਖ ਦਿੱਤਾ ਹੈ ਕਿ ਅਸੀਂ ਉਦੋਂ ਬੋਲਣ ਲਈ ਮਜਬੂਰ ਹੋਏ, ਜਦੋਂ ਲੋਕਾਂ ਦੀ ਆਵਾਜ਼ ਨਹੀਂ ਸੁਣੀ ਗਈ, ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਅਤੇ ਪਾਰਟੀ ਵਰਕਰ ਵੀ ਮਾਯੂਸ ਹੋ ਉਠੇ। ਉਨ੍ਹਾਂ ਕਿਹਾ ਕਿ ਸਾਡੀ ਇਕੋ ਆਵਾਜ਼ ਹੈ ਕਿ ਬੇਅਦਬੀ, ਬਹਿਬਲ ਕਲਾਂ, ਬਰਗਾੜੀ ਮਾਮਲੇ ਜਲਦ ਤੋਂ ਜਲਦ ਫੈਸਲਾ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ ਅਤੇ ਜੋ ਨਸ਼ਿਆਂ ਦਾ ਲੱਕ ਤੋੜਨ, ਘਰ-ਘਰ ਨੌਕਰੀ ਦੇਣ ਸਮੇਤ ਜੋ ਹੋਰ ਵਾਅਦੇ ਕੀਤੇ ਗਏ ਸਨ, ਉਹ ਪੂਰੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਦੇ ਕੰਮ ਤੋਂ ਸਾਰੇ ਸੰਤੁਸ਼ਟ ਹੁੰਦੇ ਤਾਂ ਪਾਰਟੀ ਵਿਚ ਏਨਾ ਰੌਲਾ ਪੈਣਾ ਹੀ ਨਹੀਂ ਸੀ।

## ਮਾਲੀ 'ਚ ਫੌਜੀਆਂ ਵੱਲੋਂ ਬਗਾਵਤ; ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਗ੍ਰਿਫਤਾਰ

**ਬਮਾਕੋ (ਮਾਲੀ):** ਮਾਲੀ ਵਿਚ ਫੌਜੀਆਂ ਨੇ ਬਗਾਵਤ ਕਰ ਦਿੱਤੀ ਹੈ। ਉਨ੍ਹਾਂ ਦੇਸ਼ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਘਟਨਾ ਤੋਂ ਕੁਝ ਘੰਟਿਆਂ ਬਾਅਦ ਹੀ ਸਰਕਾਰ ਵਿਚ ਫੇਰਬਦਲ ਕਰ ਦਿੱਤਾ ਗਿਆ ਹੈ ਤੇ ਫੌਜ ਦੇ ਦੋ ਮੈਂਬਰਾਂ ਨੂੰ ਸਰਕਾਰ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਜਾਣਕਾਰੀ ਅਫਰੀਕੀ ਸੰਘ ਤੇ ਸੰਯੁਕਤ ਰਾਸ਼ਟਰ ਨੇ ਦਿੱਤੀ। ਜ਼ਿਕਰਯੋਗ ਹੈ ਕਿ ਮਾਲੀ ਵਿਚ ਨੌਂ ਮਹੀਨੇ ਪਹਿਲਾਂ ਫੌਜ ਨੇ ਤਖਤਾ ਪਲਟਦਿਆਂ ਸੱਤਾ ਆਪਣੇ ਹੱਥ ਲੈ ਲਈ ਸੀ। ਦੂਜੇ ਪਾਸੇ ਪੱਛਮੀ ਅਫਰੀਕੀ ਖੇਤਰੀ ਖੰਡ ਤੇ ਕੌਮਾਂਤਰੀ ਭਾਈਚਾਰੇ ਨੇ ਰਾਸ਼ਟਰਪਤੀ ਬਾਹ ਅਨਡਾਵ ਤੇ ਪ੍ਰਧਾਨ ਮੰਤਰੀ ਮੋਕਟਰ ਆਓਨੇ ਨੂੰ ਤੁਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਤੀਜੀ ਲਹਿਰ ਦੇ ਟਾਕਰੇ ਲਈ ਟੀਕਾ ਨੀਤੀ 'ਚ ਸੁਧਾਰ ਦੀ ਲੋੜ ਉਤੇ ਜ਼ੋਰ

**ਨਵੀਂ ਦਿੱਲੀ:** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਮਹਾਂਮਾਰੀ ਦੀ ਦੂਸਰੀ ਲਹਿਰ ਤੋਂ ਬਾਅਦ ਤੀਸਰੀ ਲਹਿਰ ਦੀ ਚਿਤਾਵਨੀ ਦਿੰਦਿਆਂ ਇਹ ਕਿਹਾ ਹੈ ਕਿ ਦੇਸ਼ ਵਿਚ ਵੱਧ ਤੋਂ ਵੱਧ ਟੀਕਾਕਰਨ ਹੀ ਬਚਾਅ ਦਾ ਇਕੋ-ਇਕ ਰਸਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਚਾਹੇ ਨਵੇਂ ਬਿਮਾਰਾਂ ਦੀ ਗਿਣਤੀ ਤਾਂ ਘਟ ਰਹੀ ਹੈ ਪਰ ਮੌਤਾਂ ਨੇ ਵੱਡੀ ਚਿੰਤਾ ਜ਼ਰੂਰ ਪੈਦਾ ਕੀਤੀ ਹੈ। ਇਸ ਸਮੇਂ ਦੇਸ਼ ਵਿਚ ਟੀਕਿਆਂ ਦੀ ਵੱਡੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ, ਜਿਸ ਲਈ ਸਰਕਾਰ ਨੂੰ ਸਖਤ ਆਲੋਚਨਾ ਦਾ ਨਿਸ਼ਾਨਾ ਵੀ ਬਣਾਇਆ ਜਾ ਰਿਹਾ ਹੈ। ਪਿਛਲੇ ਹਫਤੇ ਦਿੱਲੀ ਵਿਚ ਤਾਂ ਵੱਡੇ-ਵੱਡੇ ਇਸ਼ਤਿਹਾਰ ਲੱਗੇ ਸਨ, ਜਿਨ੍ਹਾਂ ਵਿਚ ਇਹ ਕਿਹਾ ਗਿਆ ਸੀ ਕਿ ਜਨਵਰੀ ਦੇ ਮਹੀਨੇ ਵਿਚ ਸੀਰਮ ਇੰਸਟੀਚਿਊਟ ਆਫ ਇੰਡੀਆ ਵਲੋਂ ਵਿਦੇਸ਼ਾਂ ਨੂੰ ਵੱਡੀ ਗਿਣਤੀ ਵਿਚ ਟੀਕੇ ਨਿਰਯਾਤ ਕੀਤੇ ਗਏ। ਜਦੋਂ ਕਿ ਇਨ੍ਹਾਂ ਦੀ ਭਾਰਤ ਵਿਚ ਵੱਡੀ ਜ਼ਰੂਰਤ ਸੀ।

ਇਸ ਸਬੰਧੀ ਸੀਰਮ ਦੇ ਮੁਖੀ ਅਦਾਰ ਪੂਨਾਵਾਲਾ ਨੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਜਨਵਰੀ ਦੇ ਮਹੀਨੇ ਵਿਚ ਉਸ ਕੋਲ ਕਾਫੀ ਮਾਤਰਾ ਵਿਚ ਟੀਕੇ ਮੌਜੂਦ ਸਨ ਪਰ ਉਸ ਸਮੇਂ ਭਾਰਤ ਵਿਚ ਰੋਜ਼ ਸਾਹਮਣੇ ਆਉਣ ਵਾਲੇ ਮਾਮਲੇ ਸਭ ਤੋਂ ਹੇਠਲੇ ਪੱਧਰ 'ਤੇ ਸਨ। ਸਿਹਤ ਵਿਸ਼ਲੇਸ਼ਕਾਂ ਅਤੇ ਵੱਡੀਆਂ ਖੋਜ ਸੰਸਥਾਵਾਂ ਨੇ ਇਹ ਕਿਹਾ ਸੀ ਕਿ ਭਾਰਤ ਮਹਾਂਮਾਰੀ ਤੋਂ ਉੱਭਰਨ ਵਿਚ ਕਾਮਯਾਬ ਹੋ ਰਿਹਾ ਹੈ। ਲਗਭਗ ਉਸ ਸਮੇਂ ਦੁਨੀਆ ਦੇ ਬਾਕੀ ਦੇਸ਼ਾਂ ਵਿਚ ਸੰਕਟ ਗੰਭੀਰ ਸੀ। ਉਸ ਸਮੇਂ ਸਰਕਾਰ ਵਲੋਂ ਬਾਕੀ ਦੇਸ਼ਾਂ ਵਿਚ ਮਦਦ ਪਹੁੰਚਾਈ ਗਈ ਕਿਉਂਕਿ ਵੱਖ-ਵੱਖ ਦੇਸ਼ਾਂ ਵਲੋਂ ਅਜਿਹਾ ਸਹਿਯੋਗ ਕੀਤਾ ਜਾ ਰਿਹਾ ਸੀ।

ਭਾਰਤ ਵਿਚ ਉਸ ਸਮੇਂ ਦਵਾਈਆਂ ਅਤੇ ਹੋਰ ਉਪਕਰਨਾਂ ਦੀ ਵੱਡੀ ਮਾਤਰਾ ਸਹਾਇਤਾ ਵਜੋਂ ਵਿਦੇਸ਼ਾਂ ਤੋਂ ਆ ਰਹੀ ਸੀ। ਸੀਰਮ ਦੇ ਮੁਖੀ ਅਦਾਰ ਪੂਨਾਵਾਲਾ ਨੇ ਇਹ ਵੀ ਕਿਹਾ ਕਿ ਚਾਹੇ ਕੰਪਨੀ ਦੇ ਵਿਦੇਸ਼ੀ ਕੰਪਨੀਆਂ ਨਾਲ ਟੀਕੇ ਤਿਆਰ ਕਰਨ ਦੇ ਕਰਾਰ ਹਨ ਪਰ ਉਨ੍ਹਾਂ ਦੀ ਸਪਲਾਈ ਵਿਚ ਭਾਰਤ ਨੂੰ ਹੀ ਹਰ ਸੂਰਤ ਵਿਚ ਪਹਿਲ ਦਿੱਤੀ ਜਾਵੇਗੀ।



ਆਲੋਚਕਾਂ ਦੀਆਂ ਇਹ ਸੁਰਾਂ ਇਸ ਲਈ ਵੀ ਤਿੱਖੀਆਂ ਹੋਈਆਂ ਹਨ ਕਿ ਦੇਸ਼ ਭਰ ਵਿਚ ਟੀਕਾਕਰਨ ਸ਼ੁਰੂ ਹੋ ਚੁੱਕਾ ਹੈ। ਬਹੁਤ ਸਾਰੇ ਰਾਜਾਂ ਵਿਚੋਂ ਵੈਕਸੀਨ ਦੀਆਂ ਖੁਰਾਕਾਂ ਖਤਮ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ, ਜਿਸ ਨਾਲ ਇਕ ਤਰ੍ਹਾਂ ਨਾਲ ਹੜਬੜੀ ਪੈਦਾ ਹੋਈ ਹੈ ਅਤੇ ਸਰਕਾਰ ਦੀਆਂ ਚਿੰਤਾਵਾਂ ਵਿਚ ਵੀ ਵਾਧਾ ਹੋਇਆ ਹੈ। ਸਰਕਾਰ ਵਲੋਂ ਪਹਿਲਾਂ 45 ਸਾਲ ਤੋਂ ਉੱਪਰ ਵਾਲੇ ਵਿਅਕਤੀਆਂ ਨੂੰ ਟੀਕਾ ਲਹਿਰ ਵਿਚ ਸ਼ਾਮਲ ਕੀਤਾ ਗਿਆ ਸੀ ਪਰ ਇਹ ਨਿਸ਼ਾਨਾ ਹਾਲੇ ਅੱਧਾ ਅਧੂਰਾ ਹੀ ਸੀ ਕਿ ਸਰਕਾਰ ਨੇ 18-44 ਸਾਲ ਦੇ ਉਮਰ ਵਾਲੇ ਵਿਅਕਤੀਆਂ ਨੂੰ ਵੀ ਇਸ ਵਿਚ ਸ਼ਾਮਿਲ ਕਰ ਦਿੱਤਾ। ਜਿਸ ਨਾਲ ਵਧੇਰੇ ਉਮਰ ਦੇ ਵਿਅਕਤੀਆਂ ਦੇ ਟੀਕਾ ਨਾ ਲੱਗਣ ਦੇ ਨਾਲ-ਨਾਲ ਦੂਸਰੀ ਖ਼ੁਰਾਕ ਪ੍ਰਾਪਤ ਕਰਨ ਵਾਲੇ ਵਿਅਕਤੀ ਵੀ ਦੱਸੀਆਂ ਤਰੀਕਾਂ ਮੁਤਾਬਿਕ ਵੈਕਸੀਨ ਦੀ ਦੂਜੀ ਖੁਰਾਕ ਨਹੀਂ ਲੈ ਸਕਣਗੇ।

## ਰੋਸ਼ ਕੋਕਟੇਲ ਐਂਟੀਬਾਡੀ ਰਾਹੀਂ ਹੋਵੇਗਾ ਇਲਾਜ

**ਨਵੀਂ ਦਿੱਲੀ:** ਦਵਾਈ ਨਿਰਮਾਤਾ ਰੋਸ਼ ਇੰਡੀਆ ਤੇ ਸਿਪਲਾ ਵੱਲੋਂ ਸਾਂਝੇ ਤੌਰ 'ਤੇ ਭਾਰਤ ਵਿਚ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਰੋਸ਼ ਐਂਟੀਬਾਡੀ ਕੋਕਟੇਲ ਜਾਰੀ ਕੀਤੀ ਗਈ ਜਿਸ ਦੀ ਕੀਮਤ 59,750 ਰੁਪਏ ਪ੍ਰਤੀ ਡੋਜ਼ ਹੋਵੇਗੀ ਜੋ ਹਲਕੇ ਤੇ ਦਰਮਿਆਨੇ ਕਰੋਨਾ ਪੀੜਤ ਮਰੀਜ਼ਾਂ ਦੇ ਇਲਾਜ ਵਿਚ ਸਹਾਈ ਹੋਵੇਗੀ। ਇਸ ਐਂਟੀਬਾਡੀ ਦਾ ਪਹਿਲਾ ਬੈਚ ਹੁਣ ਭਾਰਤ ਵਿਚ ਮਿਲੇਗਾ ਜਦਕਿ ਦੂਜਾ ਬੈਚ ਜੂਨ ਦੇ ਮੱਧ ਵਿਚ ਪੁੱਜੇਗਾ। ਇਹ ਦਵਾਈ ਕੈਸਿਰੀਵੀਮੈਬ 600 ਐਮਜੀ ਤੇ ਇਮਡੈਵੀਮੈਬ 600 ਐਮਜੀ ਦਾ ਮਿਸ਼ਰਣ ਹੋਵੇਗੀ ਜੋ ਬਣਾਉਟੀ ਐਂਟੀਬਾਡੀ ਕੋਕਟੇਲ ਹੈ ਜਿਸ ਨਾਲ ਸਾਰਸ-ਕੋਵ-2 ਕਰੋਨਾ ਵਾਇਰਸ ਨੂੰ ਰੋਕਣ ਲਈ ਰੋਧਕ ਸ਼ਕਤੀ ਵਧੇਗੀ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

18-21



A & I WATSONVILLE, CA

A & I Transport Inc.

123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਵੈਕਸੀਨ ਨਿਰਮਾਤਾ ਕੰਪਨੀਆਂ ਵੱਲੋਂ ਪੰਜਾਬ ਨੂੰ ਟੀਕੇ ਸਿੱਧੇ ਭੇਜਣ ਤੋਂ ਨਾਂਹ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵੈਕਸੀਨ ਦੀ ਘਾਟ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਵੱਲੋਂ ਵੱਖ-ਵੱਖ ਕਰੋਨਾ ਵੈਕਸੀਨ ਨਿਰਮਾਤਾ ਕੰਪਨੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਪਰ ਕਰੋਨਾ ਵੈਕਸੀਨ ਨਿਰਮਾਤਾ 'ਮੋਡਰਨਾ' ਤੇ ਫਾਈਜ਼ਰ ਨੇ ਪੰਜਾਬ ਸਰਕਾਰ ਨੂੰ ਸਿੱਧੇ ਤੌਰ 'ਤੇ ਟੀਕੇ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ।

ਕੰਪਨੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਨੀਤੀ ਅਨੁਸਾਰ ਉਹ ਸਿਰਫ ਭਾਰਤ ਸਰਕਾਰ ਨਾਲ ਹੀ ਸਮਝੌਤਾ ਕਰ ਸਕਦੇ ਹਨ ਨਾ ਕਿ ਕਿਸੇ ਸੂਬਾ ਸਰਕਾਰ ਜਾਂ ਨਿੱਜੀ ਧਿਰ ਨਾਲ। ਸੂਬੇ ਵਿਚ ਟੀਕਾਕਰਨ ਲਈ ਪੰਜਾਬ ਦੇ ਸਟੇਟ ਨੋਡਲ ਅਧਿਕਾਰੀ ਅਤੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵਿਕਾਸ ਗਰਗ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਜਲਦ ਟੀਕਾਕਰਨ ਯਕੀਨੀ ਬਣਾਉਣ ਲਈ ਟੀਕਿਆਂ ਦੀ ਖਰੀਦ ਲਈ ਵਿਸ਼ਵ ਪੱਧਰੀ ਟੈਂਡਰ ਤੈਅ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਦੇ ਨਿਰਦੇਸ਼ ਦਿੱਤੇ ਸਨ। ਇਨ੍ਹਾਂ 'ਤੇ ਅਮਲ ਕਰਦਿਆਂ ਸਪੂਤਨਿਕ ਵੀ, ਫਾਈਜ਼ਰ, ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਤੱਕ ਪਹੁੰਚ ਕੀਤੀ ਗਈ ਹੈ। ਇਨ੍ਹਾਂ ਵਿਚੋਂ 'ਮੋਡਰਨਾ' ਤੇ ਫਾਈਜ਼ਰ ਨੇ ਪੰਜਾਬ ਨੂੰ ਸਿੱਧੇ ਤੌਰ 'ਤੇ ਟੀਕੇ ਸਪਲਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ




ਜਦਕਿ ਹੋਰਨਾਂ ਕੰਪਨੀਆਂ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਟੀਕਿਆਂ ਦੀ ਘਾਟ ਦੇ ਚਲਦਿਆਂ ਸੂਬਾ ਸਰਕਾਰ ਪਿਛਲੇ ਤਿੰਨ ਦਿਨਾਂ ਵਿਚ ਪਹਿਲੇ ਅਤੇ ਦੂਜੇ ਪੜਾਅ ਲਈ ਟੀਕਾਕਰਨ ਬੰਦ ਕਰਨੇ ਪੈ ਰਹੇ ਹਨ ਜਦਕਿ ਭਾਰਤ ਸਰਕਾਰ ਵੱਲੋਂ ਹੁਣ ਤੱਕ ਟੀਕਿਆਂ ਦੀਆਂ 44 ਲੱਖ ਤੋਂ ਘੱਟ ਖੁਰਾਕਾਂ ਮਿਲੀਆਂ ਹਨ। ਨੋਡਲ ਅਧਿਕਾਰੀ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਤੀਜੇ ਪੜਾਅ (18-44 ਉਮਰ ਵਰਗ) ਲਈ ਕੀਤੀ ਅਲਾਟਮੈਂਟ ਅਨੁਸਾਰ ਸੂਬਾ ਸਰਕਾਰ ਸਿਰਫ 4.2 ਲੱਖ ਦੀ ਖੁਰਾਕ ਖਰੀਦ ਕਰਨ ਦੇ ਯੋਗ ਹੋਈ ਹੈ ਜਿਸ ਵਿਚ ਬੀਤੇ ਦਿਨ ਪ੍ਰਾਪਤ ਕੀਤੀਆਂ 66,000 ਖੁਰਾਕਾਂ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ 3.65 ਲੱਖ ਟੀਕਿਆਂ ਦੀ ਵਰਤੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ ਅਤੇ ਹੁਣ ਤੱਕ 64000 ਟੀਕੇ ਹੀ ਬਚੇ ਹਨ।

### 'ਤਿੰਨ ਮਹੀਨਿਆਂ ਵਿਚ ਹੋ ਸਕਦੈ ਟੀਕਾਕਰਨ'

**ਮੁਹਾਲੀ:** ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਖਿਆ ਕਿ ਕਰੋਨਾ ਹੁਣ ਪਿੰਡਾਂ ਵਿਚ ਵਧੇਰੇ ਫੈਲਣ ਕਾਰਨ ਮੌਤ ਦਰ ਵਧ ਰਹੀ ਹੈ। ਸ਼ਹਿਰਾਂ ਵਿਚ ਲੋਕ ਇਸ ਮਹਾਮਾਰੀ ਪ੍ਰਤੀ ਵਧੇਰੇ ਜਾਗਰੂਕ ਹਨ ਅਤੇ ਉਹ ਸਮੇਂ ਸਿਰ ਆਪਣਾ ਇਲਾਜ ਵੀ ਕਰਵਾ ਰਹੇ ਹਨ। ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਕੋਲ ਵੈਕਸੀਨ ਦੀ ਓਨੀ ਸਪਲਾਈ ਨਹੀਂ, ਜਿੰਨੀ ਪੰਜਾਬ ਨੂੰ ਲੋੜ ਹੈ। ਜੇ ਕੇਂਦਰ ਸਰਕਾਰ ਪੰਜਾਬ ਨੂੰ ਲੋੜੀਂਦੀ ਵੈਕਸੀਨ ਦੇ ਦੇਵੇ ਤਾਂ ਅਗਲੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੂਰੇ ਪੰਜਾਬ ਦੇ ਲੋਕਾਂ ਦਾ ਟੀਕਾਕਰਨ ਹੋ ਸਕਦਾ ਹੈ। ਇਸ ਲਈ ਹੁਣ ਸਾਰਾ ਕੁਝ ਕੇਂਦਰ ਸਰਕਾਰ 'ਤੇ ਨਿਰਭਰ ਹੈ।

# ਪੰਜਾਬ ਵੱਲੋਂ ਪਿੰਡਾਂ ਨੂੰ ਕੋਵਿਡ ਮੁਕਤ ਬਣਾਉਣ ਉਤੇ ਜ਼ੋਰ



**ਚੰਡੀਗੜ੍ਹ:** ਪੰਜਾਬ ਦੀ ਮੁੱਖ ਸਕੱਤਰ ਵਿਨੀ ਮਹਾਜਨ ਨੇ ਸਾਰੇ ਵਿਭਾਗਾਂ ਦੇ ਨਾਲ-ਨਾਲ ਜ਼ਿਲ੍ਹਾ ਅਧਿਕਾਰੀਆਂ ਨੂੰ ਟੈਸਟਿੰਗ, ਟਰੇਸਿੰਗ, ਇਲਾਜ ਅਤੇ ਟੀਕਾਕਰਨ ਮੁਹਿੰਮ ਨੂੰ ਹਰੇਕ ਪਿੰਡ ਦੇ ਹਰੇਕ ਘਰ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮੁਹਿੰਮ ਦੀ ਕਾਮਯਾਬੀ ਲਈ ਸਾਰੇ ਯਤਨ ਕੀਤੇ ਜਾਣਗੇ ਜਿਸ ਨਾਲ ਪੰਜਾਬ ਦੇ ਪਿੰਡ ਕਰੋਨਾ ਮੁਕਤ ਹੋ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਚੋਣਵੇਂ ਪੇਂਡੂ ਸਰਕਾਰੀ ਹਸਪਤਾਲਾਂ ਵਿਚ ਤੁਰਤ ਆਕਸੀਜਨ ਕੰਸਨਟਰੇਟਰ ਮੁਹੱਈਆ ਕਰਵਾਏ ਜਾਣ। ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਜਿਹੜੇ ਵੀ ਪ੍ਰਾਈਵੇਟ ਹਸਪਤਾਲ ਕੋਵਿਡ ਮਰੀਜ਼ਾਂ ਦੀ ਲੁੱਟ ਕਰ ਰਹੇ ਹਨ, ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਬਲੈਕ ਫੰਗਸ ਦੇ ਇਲਾਜ ਬਾਰੇ ਮਾਹਰਾਂ ਵੱਲੋਂ ਬਣਾਏ ਪ੍ਰੋਟੋਕੋਲ ਤੁਰਤ ਰਾਜ ਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨਾਲ ਸਾਂਝੇ ਕਰਨ ਦੇ ਆਦੇਸ਼ ਵੀ ਦਿੱਤੇ। ਮੁੱਖ ਸਕੱਤਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਘਰ-ਘਰ ਜਾ ਕੇ ਟੈਸਟ ਕਰਨ ਅਤੇ ਇਲਾਜ ਕਰਵਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਗੈਰ ਸਰਕਾਰੀ ਸੰਸਥਾਵਾਂ, ਵਾਲੰਟੀਅਰਾਂ ਅਤੇ ਹੋਰਨਾਂ ਦੇ ਸਹਿਯੋਗ ਨਾਲ ਸਥਾਨਕ ਪੱਧਰ 'ਤੇ ਪਿੰਡਾਂ ਅਤੇ ਕਸਬਿਆਂ ਵਿਚ ਕੋਵਿਡ ਕੇਅਰ ਸੈਂਟਰ (ਐਲ-1) ਸਥਾਪਤ ਕੀਤੇ ਜਾਣ।

# ਦਮ ਤੋੜਦੀ ਕੋਵਿਡ ਟੀਕਾਕਰਨ ਮੁਹਿੰਮ ਦੇ ਮੁੱਦੇ 'ਤੇ ਸਰਕਾਰ ਨੂੰ ਤਿੱਖੇ ਸਵਾਲ

**ਨਵੀਂ ਦਿੱਲੀ:** ਭਾਰਤ ਵਿਚ ਦਮ ਤੋੜਦੀ ਕੋਵਿਡ ਟੀਕਾਕਰਨ ਮੁਹਿੰਮ ਦੀ ਵੱਡੇ ਪੱਧਰ ਉਤੇ ਅਲੋਚਨਾ ਹੋ ਰਹੀ ਹੈ। ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਜਾ ਰਹੇ ਹਨ। ਕਾਂਗਰਸ ਨੇ ਸਰਕਾਰ ਦੇ ਉਸ ਬਿਆਨ 'ਤੇ ਸਵਾਲ ਉਠਾਏ ਹਨ, ਜਿਸ 'ਚ ਉਨ੍ਹਾਂ ਦਾਅਵਾ ਕੀਤਾ ਹੈ ਕਿ ਭਾਰਤ ਇਸ ਸਾਲ ਦੇ ਅਖੀਰ ਤੱਕ 18 ਸਾਲ ਤੋਂ ਵੱਧ ਉਮਰ ਵਾਲੀ ਅਬਾਦੀ ਨੂੰ ਕਰੋਨਾ ਤੋਂ ਬਚਾਅ ਦੇ ਟੀਕੇ ਲਗਾਉਣ ਦੀ ਸਥਿਤੀ 'ਚ ਹੋਵੇਗਾ।

ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਟੀਕਾਕਰਨ ਦੀ ਰਫਤਾਰ ਨਾ ਵਧਾਈ ਗਈ ਤਾਂ ਕਰੋਨਾ ਮਹਾਮਾਰੀ ਦੀ ਤੀਜੀ ਲਹਿਰ ਨੂੰ ਰੋਕਣਾ ਮੁਸ਼ਕਲ ਹੋਵੇਗਾ। ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਆਈ.ਐਮ.ਐਫ. ਅਤੇ ਡਬਲਿਊ.ਐਚ.ਓ. ਨੇ ਭਾਰਤ ਨੂੰ ਟੀਕਾਕਰਨ ਦੀ ਹੌਲੀ ਰਫਤਾਰ ਦੇ ਸਿੱਟੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ ਅਤੇ ਉਸ ਨੂੰ ਚਿਤਾਵਨੀਆਂ 'ਤੇ ਗੌਰ ਕਰਕੇ ਲੋਕਾਂ ਨੂੰ ਕਰੋਨਾ ਤੋਂ ਬਚਾਉਣ ਦੇ ਯਤਨ ਤੇਜ਼ ਕਰਨੇ ਚਾਹੀਦੇ ਹਨ।




ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਰੋਨਾ ਵੈਕਸੀਨ ਦੀ ਘਾਟ ਕਾਰਨ 18 ਤੋਂ 44 ਸਾਲ ਦੇ ਲੋਕਾਂ ਲਈ ਟੀਕਾਕਰਨ ਕੇਂਦਰ ਬੰਦ ਕਰਨੇ ਪੈ ਰਹੇ ਹਨ। ਉਨ੍ਹਾਂ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਨੂੰ ਹੋਰ ਵੈਕਸੀਨ ਮੁਹੱਈਆ ਕਰਵਾਏ। ਮੁੱਖ ਮੰਤਰੀ ਨੇ ਦੇਸ਼ 'ਚ ਵੈਕਸੀਨ ਦੀ ਉਪਲੱਬਧਤਾ ਵਧਾਉਣ ਲਈ ਕੇਂਦਰ ਨੂੰ ਚਾਰ ਸੁਝਾਅ ਵੀ ਦਿੱਤੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਨੌਜਵਾਨਾਂ ਨੂੰ ਟੀਕੇ ਲਗਾਉਣ ਲਈ ਇਕ ਮਹੀਨੇ 'ਚ 80 ਲੱਖ ਖੁਰਾਕਾਂ ਦੀ ਲੋੜ ਹੈ ਪਰ ਮਈ 'ਚ ਸਿਰਫ 16 ਲੱਖ ਖੁਰਾਕਾਂ ਹੀ ਮਿਲੀਆਂ ਹਨ। 'ਕੇਂਦਰ ਨੇ ਜੂਨ 'ਚ ਦਿੱਲੀ ਦੀਆਂ ਖੁਰਾਕਾਂ ਦਾ ਕੋਟਾ ਹੋਰ ਘਟਾ ਕੇ 8 ਲੱਖ ਕਰ ਦਿੱਤਾ ਹੈ।' ਕੇਂਦਰ ਨੂੰ ਟੀਕਿਆਂ ਦਾ ਕੋਟਾ ਵਧਾਉਣ ਦੀ ਬੇਨਤੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਰਾਜਧਾਨੀ 'ਚ ਸਾਰੇ ਬਾਲਗਾਂ ਦੇ ਟੀਕਾਕਰਨ ਲਈ ਢਾਈ ਕਰੋੜ ਖੁਰਾਕਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦਿੱਲੀ 'ਚ ਕਰੋਨਾ ਵਾਇਰਸ ਫੈਲਣ ਦੀ ਰਫਤਾਰ ਬਹੁਤ ਤੇਜ਼ੀ ਨਾਲ ਘਟੀ ਹੈ। ਸ੍ਰੀ ਕੇਜਰੀਵਾਲ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਮੁਲਕ ਦੀਆਂ ਸਾਰੀਆਂ ਸਮਰੱਥ ਕੰਪਨੀਆਂ ਨੂੰ ਨਿਰਦੇਸ਼ ਦੇਵੇ ਕਿ ਉਹ ਕੋਵੈਕਸੀਨ ਦਾ ਉਤਪਾਦਨ ਸ਼ੁਰੂ ਕਰਨ ਕਿਉਂਕਿ ਭਾਰਤ ਬਾਇਓਟੈੱਕ ਨੇ ਵੈਕਸੀਨ ਦਾ ਫਾਰਮੂਲਾ ਸ਼ੇਅਰ ਕਰਨ ਨੂੰ ਸਹਿਮਤੀ ਦੇ ਦਿੱਤੀ ਹੈ।

### ਮੁਹਿੰਮ ਦਾ ਮਜ਼ਾਕ ਨਾ ਬਣਾਏ ਸਰਕਾਰ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕਰੋਨਾ ਤੋਂ ਬਚਾਅ ਲਈ ਚਲਾਈ ਟੀਕਾਕਰਨ ਮੁਹਿੰਮ ਦਾ ਮਜ਼ਾਕ ਨਾ ਬਣਾਏ ਤੇ ਟੀਕਿਆਂ ਦੀ ਕਿੱਲਤ ਦੇ ਮੱਦੇਨਜ਼ਰ 'ਮੋਡਰਨਾ' ਤੇ 'ਫਾਈਜ਼ਰ' ਦੇ ਟੀਕਿਆਂ ਨੂੰ ਫੌਰੀ ਜ਼ਰੂਰੀ ਪ੍ਰਵਾਨਗੀ ਦੇਵੇ। ਕੋਵਿਡ ਟੀਕਾਕਰਨ ਲਈ ਕੇਂਦਰ 'ਤੇ ਨਿਸ਼ਾਨਾ ਸੇਧਦਿਆਂ ਸਿਸੋਦੀਆ ਨੇ ਕਿਹਾ ਕਿ ਵੈਕਸੀਨ ਦੀ ਕਿੱਲਤ ਕਰਕੇ ਦਿੱਲੀ ਵਿਚ 18 ਤੋਂ 44 ਸਾਲ ਉਮਰ ਵਰਗ ਦੇ ਲੋਕਾਂ ਲਈ ਸਾਰੇ 400 ਟੀਕਾਕਰਨ ਕੇਂਦਰ ਬੰਦ ਕਰ ਦਿੱਤੇ ਗਏ ਹਨ। 45 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਵੀ 'ਕੋਵੈਕਸੀਨ' ਸੈਂਟਰ ਬੰਦ ਹਨ।

### ਕੇਜਰੀਵਾਲ ਬਹਾਨੇ ਬਣਾਉਣੇ ਬੰਦ ਕਰੇ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਕੌਮੀ ਰਾਜਧਾਨੀ ਦੇ ਨਾਮ 'ਤੇ ਲਗਾਤਾਰ ਸਿਆਸਤ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕੇਜਰੀਵਾਲ ਨੂੰ ਕਿਹਾ ਹੈ ਕਿ ਉਹ ਬਹਾਨੇ ਬਣਾਉਣੇ ਬੰਦ ਕਰਨ। 'ਆਪ' ਸੁਪਰੀਮੋ ਵੱਲੋਂ ਵੈਕਸੀਨ ਦੀ ਘਾਟ ਕਾਰਨ 18 ਤੋਂ 44 ਸਾਲ ਤੱਕ ਦੇ ਲੋਕਾਂ ਲਈ ਵੈਕਸੀਨੇਸ਼ਨ ਕੇਂਦਰ ਬੰਦ ਕਰਨ ਦੇ ਐਲਾਨ ਮਗਰੋਂ ਭਾਜਪਾ ਨੇ ਕੇਜਰੀਵਾਲ ਨੂੰ ਕਰੜੇ ਹੱਥੀਂ ਲਿਆ ਹੈ। ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਨੂੰ ਕਰੀਬ 50 ਲੱਖ ਖੁਰਾਕਾਂ ਮੁਹੱਈਆ ਕਰਵਾਈਆਂ ਹਨ ਅਤੇ ਭਵਿੱਖ 'ਚ ਵੀ ਇਹ ਵੈਕਸੀਨ ਮਿਲਦੀ ਰਹੇਗੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਪਹਿਲਾਂ ਆਕਸੀਜਨ ਘੱਟ ਹੋਣ ਦਾ ਰੌਲਾ ਪਾਉਂਦੇ ਰਹੇ ਪਰ ਬਾਅਦ 'ਚ ਉਨ੍ਹਾਂ ਕਿਹਾ ਕਿ ਆਕਸੀਜਨ ਵਧੇਰੇ ਹੈ।

# ਜਣੇਪੇ ਮਗਰੋਂ ਕਰੋਨਾ ਵੈਕਸੀਨ ਲਗਵਾ ਸਕਦੀਆਂ ਨੇ ਮਾਂਵਾਂ: ਮਾਹਿਰ

**ਨਵੀਂ ਦਿੱਲੀ:** ਸਿਹਤ ਸੰਭਾਲ ਮਾਹਿਰਾਂ ਨੇ ਕਿਹਾ ਹੈ ਕਿ ਗਰਭਵਤੀ ਮਹਿਲਾਵਾਂ ਬੱਚੇ ਨੂੰ ਜਨਮ ਦੇਣ ਮਗਰੋਂ ਕਿਸੇ ਵੀ ਸਮੇਂ ਕੋਵਿਡ-19 ਦਾ ਟੀਕਾ ਲਵਾ ਸਕਦੀਆਂ ਹਨ। ਮਾਹਿਰਾਂ ਨੇ ਗਰਭਵਤੀ ਮਹਿਲਾਵਾਂ ਨੂੰ ਵੀ ਟੀਕਾਕਰਨ ਦੀ ਮਨਜ਼ੂਰੀ ਦੇਣ ਦੀ ਲੋੜ 'ਤੇ ਜੋਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਲਾਗ ਤੋਂ ਬਚਾਇਆ ਜਾ ਸਕੇ। ਸਰਕਾਰ ਨੇ ਦੁੱਧ ਪਿਆਉਣ ਵਾਲੀਆਂ ਮਾਵਾਂ ਦੇ ਟੀਕਾਕਰਨ ਨੂੰ ਹੁਣੇ ਜਿਹੇ ਮਨਜ਼ੂਰੀ ਦਿੱਤੀ ਹੈ। ਨੀਤੀ ਆਯੋਗ ਦੇ ਮੈਂਬਰ (ਸਿਹਤ) ਵੀ.ਕੇ. ਪੌਲ ਨੇ ਸਪੱਸ਼ਟ ਕੀਤਾ ਸੀ ਕਿ ਬੱਚਿਆਂ ਨੂੰ ਦੁੱਧ ਪਿਆਉਣ ਵਾਲੀਆਂ ਮਹਿਲਾਵਾਂ ਦਾ ਵੀ ਟੀਕਾਕਰਨ ਕਰਵਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਸੀ,"ਅਜਿਹੀਆਂ ਰਿਪੋਰਟਾਂ ਸਨ ਕਿ ਟੀਕਾ ਲਗਵਾਉਣ ਵਾਲੀਆਂ ਮਾਵਾਂ ਨੂੰ ਕੁਝ ਦਿਨਾਂ ਲਈ ਬੱਚਿਆਂ ਨੂੰ ਆਪਣਾ ਦੁੱਧ ਨਹੀਂ ਪਿਆਉਣਾ ਚਾਹੀਦਾ ਪਰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਦੁੱਧ ਚੁੰਘਾਉਣਾ ਬੰਦ ਨਹੀਂ ਕਰਨਾ ਚਾਹੀਦਾ ਹੈ। ਕਿਸੇ ਵੀ ਹਾਲਤ 'ਚ ਇਕ ਘੰਟੇ ਲਈ ਵੀ ਦੁੱਧ ਚੁੰਘਾਉਣਾ ਬੰਦ ਨਹੀਂ ਕਰਨਾ ਚਾਹੀਦਾ ਹੈ।" ਇਸ ਦੌਰਾਨ ਦਿੱਲੀ ਦੇ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਮੈਡੀਕਲ ਸਾਇੰਸਿਜ਼ ਯੂਨੀਵਰਸਿਟੀ ਕਾਲਜ 'ਚ ਕਮਿਊਨਿਟੀ ਮੈਡੀਸਨ ਵਿਭਾਗ ਦੇ ਪ੍ਰੋਫੈਸਰ ਡਾਕਟਰ ਖਾਨ ਆਮਿਰ ਮਾਰੂਫ ਨੇ ਕਿਹਾ ਕਿ ਟੀਕਾ ਲਗਵਾ ਚੁੱਕੀਆਂ ਮਾਵਾਂ ਵੱਲੋਂ ਆਪਣਾ ਦੁੱਧ ਪਿਆਉਣ ਨਾਲ ਨਵਜੰਮੇ ਬੱਚਿਆਂ ਨੂੰ ਕੋਈ ਖਤਰਾ ਨਹੀਂ ਹੈ।



ਉਨ੍ਹਾਂ ਕਿਹਾ ਕਿ ਜਣੇਪੇ ਤੋਂ ਬਾਅਦ ਟੀਕਾਕਰਨ 'ਚ ਦੇਰੀ ਕਰਨ ਦਾ ਕੋਈ ਕਾਰਨ ਨਹੀਂ ਹੈ। ਉਨ੍ਹਾਂ ਮੁਤਾਬਕ ਮਾਵਾਂ ਨੂੰ ਟੀਕਾਕਰਨ ਤੋਂ ਬਾਅਦ ਆਮ ਲੋਕਾਂ ਵਾਲੀਆਂ ਸਾਵਧਾਨੀਆਂ ਹੀ ਵਰਤਣੀਆਂ ਚਾਹੀਦੀਆਂ ਹਨ। ਫੋਰਟਿਸ ਲਾ ਫੇਮੇ, ਰੋਜ਼ਵਾਕ ਹਸਪਤਾਲ ਅਤੇ ਅਪੋਲੋ ਕਰੈਡਲ ਰੋਇਲ 'ਚ ਸੀਨੀਅਰ ਕੰਸਲਟੈਂਟ, ਇਸਤਰੀ ਰੋਗ ਮਾਹਿਰ ਡਾਕਟਰ ਲਵਲੀਨਾ ਨਾਦਿਰ ਨੇ ਕਿਹਾ ਕਿ ਮਾਹਵਾਰੀ ਦੌਰਾਨ ਵੀ ਟੀਕਾ ਲਗਵਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਕਰੋਨਾ ਤੋਂ ਪੀੜਤ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਗਰਭਵਤੀ ਮਹਿਲਾ ਦਾ ਅਪਰੇਸ਼ਨ ਹੀ ਹੋਵੇਗਾ ਪਰ ਲਾਗ ਕਾਰਨ ਮਾਂ ਦੇ ਬਿਮਾਰ ਹੋਣ ਨਾਲ ਸਮੇਂ ਤੋਂ ਪਹਿਲਾਂ ਜਣੇਪਾ ਅਤੇ ਅਪਰੇਸ਼ਨ ਕਰਨ ਦੀ ਸੰਭਾਵਨਾ ਵੱਧ ਜਾਂਦੀ ਹੈ। ਜੇਕਰ ਕੋਈ ਮਹਿਲਾ ਲਾਗ ਤੋਂ ਬਾਅਦ ਠੀਕ ਹੋ ਚੁੱਕੀ ਹੈ ਤਾਂ ਉਸ ਨੂੰ ਤੰਦਰੁਸਤ ਹੋਣ ਦੇ ਤਿੰਨ ਮਹੀਨਿਆਂ ਬਾਅਦ ਟੀਕਾ ਲਗਵਾਉਣਾ ਚਾਹੀਦਾ ਹੈ।"

ਨਾਦਿਰ ਨੇ ਕਿਹਾ ਕਿ ਜੇਕਰ ਮਰੀਜ਼ ਨੇ ਪਹਿਲੀ ਖੁਰਾਕ ਲੈ ਲਈ ਹੈ ਅਤੇ ਉਸ ਤੋਂ ਬਾਅਦ ਗਰਭਵਤੀ ਹੋਣ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਇਸ ਦੀ ਵਜ੍ਹਾ ਨਾਲ ਗਰਭਪਾਤ ਕਰਾਉਣ ਦੀ ਲੋੜ ਨਹੀਂ ਹੈ। ਮਾਰੂਫ ਨੇ ਕਿਹਾ ਕਿ ਸਰਕਾਰੀ ਦਿਸ਼ਾ-ਨਿਰਦੇਸ਼ਾਂ 'ਚ ਗਰਭਵਤੀ ਮਹਿਲਾਵਾਂ ਦੇ ਟੀਕਾਕਰਨ ਦੀ ਅਜੇ ਕੋਈ ਸਲਾਹ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਇਹ ਹੈ ਕਿ ਕੋਵਿਡ-19 ਟੀਕਿਆਂ ਦਾ ਗਰਭਵਤੀ ਮਹਿਲਾਵਾਂ 'ਤੇ ਪ੍ਰੀਖਣ ਨਹੀਂ ਕੀਤਾ ਗਿਆ ਹੈ।

### ਬੱਚਿਆਂ 'ਤੇ ਕੋਵੈਕਸੀਨ ਦਾ ਪ੍ਰੀਖਣ ਜੂਨ ਤੋਂ?


**ਹੈਦਰਾਬਾਦ:** ਭਾਰਤ ਬਾਇਓਟੈੱਕ ਵੱਲੋਂ ਕਰੋਨਾ ਤੋਂ ਬਚਾਅ ਲਈ ਕੋਵੈਕਸੀਨ ਟੀਕੇ ਦਾ ਪ੍ਰੀਖਣ ਅਗਲੇ ਮਹੀਨੇ ਤੋਂ ਬੱਚਿਆਂ 'ਤੇ ਸ਼ੁਰੂ ਹੋ ਸਕਦਾ ਹੈ। ਕੰਪਨੀ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ 2 ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਪ੍ਰੀਖਣ ਸ਼ੁਰੂ ਕਰਨ ਦੀ ਇਜਾਜ਼ਤ ਮਿਲ ਗਈ ਹੈ। ਭਾਰਤ ਬਾਇਓਟੈੱਕ ਦੇ ਬਿਜ਼ਨਸ ਡਿਵੈਲਪਮੈਂਟ ਅਤੇ ਇੰਟਰਨੈਸ਼ਨਲ ਐਡਵੋਕੇਸੀ ਮੁਖੀ ਡਾਕਟਰ ਰੈਚਿਸ ਇਲਾ ਨੇ ਭਰੋਸਾ ਜਤਾਇਆ ਕਿ ਇਸ ਸਾਲ ਦੀ ਤੀਜੀ ਤਿਮਾਹੀ 'ਚ ਬੱਚਿਆਂ ਦੀ ਵੈਕਸੀਨ ਲਈ ਲਾਇਸੈਂਸ ਮਿਲ ਜਾਵੇਗਾ। ਫਿੱਕੀ ਲੇਡੀਜ਼ ਆਰਗੇਨਾਈਜੇਸ਼ਨ, ਹੈਦਰਾਬਾਦ ਦੇ ਮੈਂਬਰਾਂ ਨਾਲ ਵਰਚੁਅਲੀ ਗੱਲਬਾਤ ਕਰਦਿਆਂ ਕਿਹਾ ਕਿ ਵਿਸ਼ਵ ਸਿਹਤ ਸੰਸਥਾ ਤੋਂ ਕੋਵੈਕਸੀਨ ਲਈ ਕੰਪਨੀ ਨੂੰ ਤੀਜੀ ਜਾਂ ਚੌਥੀ ਤਿਮਾਹੀ 'ਚ ਪ੍ਰਵਾਨਗੀ ਮਿਲਣ ਦੀ ਸੰਭਾਵਨਾ ਹੈ।

# ਡੇਰਾ ਮੁਖੀ ਨੂੰ ਪੈਰੋਲ ਪਿੱਛੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਭਖਿਆ

**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ‘ਤੇ ਰਿਹਾਅ ਕਰਨ ਪਿੱਛੋਂ ਸਿੱਖ ਜਥੇਬੰਦੀਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਇਕ ਵਾਰ ਫਿਰ ਉਭਾਰਦਿਆਂ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕੀਤੇ ਹਨ। ਜਥੇਬੰਦੀਆਂ ਨੇ ਸਵਾਲ ਕੀਤਾ ਹੈ ਕਿ ਸਰਕਾਰ ਬਲਾਤਕਾਰ ਦੇ ਦੋਸ਼ੀ ਨੂੰ ਪੈਰੋਲ ਦੇ ਰਹੀ ਹੈ ਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਤੋਂ ਭੱਜ ਰਹੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਉਤੇ ਸਵਾਲ ਚੁੱਕੇ ਹਨ। ਜਥੇਦਾਰ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਉਤੇ ਰਿਹਾਅ ਕਰਨਾ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਦੀ ਸਾਜ਼ਿਸ਼ ਜਾਪਦੀ ਹੈ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੁੜੈਲ ਜੇਲ੍ਹ ਵਿਚ ਬੰਦ ਸਿੱਖ ਬੰਦੀਆਂ ਵਿਚੋਂ ਕੁਝ ਕਰੋਨਾ ਪਾਜੀਟਿਵ ਆਏ ਹਨ ਅਤੇ ਇਸ ਦੇ ਬਾਵਜੂਦ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਵਿਤਕਰਾ ਕੀਤਾ ਹੈ। ਦਿੱਲੀ ਨਸਲਕੁਸ਼ੀ ਦੇ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ ਗਏ ਅਤੇ ਸਿੱਖਾਂ ਨੂੰ ਨਿਆਂ ਨਹੀਂ ਮਿਲਿਆ ਹੈ।

ਸਾਬਕਾ ਪੰਜ ਪਿਆਰਿਆ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ‘ਤੇ ਰਿਹਾਅ ਕੀਤੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੱਤਾ। ਭਾਈ ਸਤਨਾਮ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਸਤਨਾਮ ਸਿੰਘ ਝੰਜੀਆ ਨੇ ਕਿਹਾ ਕਿ ਇਕ ਪਾਸੇ ਤਾਂ ਇਹੋ ਜਿਹੇ ਵੱਡੇ ਦੋਸ਼ੀਆਂ ਨੂੰ ਕੁਝ ਦੇਰ ਬਾਅਦ ਹੀ ਪੈਰੋਲ ‘ਤੇ ਛੁੱਟੀ ਦੇ ਦਿੱਤੀ ਜਾਂਦੀ ਹੈ ਅਤੇ ਦੂਜੇ ਪਾਸੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਤਾਂ ਕੀ ਕਰਨਾ



ਪੈਰੋਲ ਵੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਨਾਲ ਮੁਲਾਕਾਤ ਵੀ ਕੁਝ ਵਿਅਕਤੀ ਹੀ ਕਰ ਸਕਦੇ ਹਨ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਡੇਰਾ ਮੁਖੀ ਦੀ ਪੈਰੋਲ ਪਿਛੇ ਕੋਈ ਵੱਡੀ ਸਾਜ਼ਿਸ਼ ਹੋ ਸਕਦੀ ਹੈ। ਉਨ੍ਹਾਂ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ ਇਕਜੁੱਟ ਅਤੇ ਸੁਚੇਤ ਹੋਣ ਦੀ ਅਪੀਲ ਕੀਤੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਹੈ ਕਿ ਸੱਤਾਧਾਰੀ ਧਿਰਾਂ ਨੂੰ ਅਜਿਹਾ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਇਹ ਜਰੂਰ ਸੋਚਣਾ ਚਾਹੀਦਾ ਹੈ ਕਿ ਜਿਸ ਵਿਅਕਤੀ ‘ਤੇ ਬਲਾਤਕਾਰ, ਕਤਲ, ਬੇਅਦਬੀ ਵਰਗੇ ਦੋਸ਼ ਲੱਗੇ ਹੋਣ ਉਸ ਦੇ ਜੇਲ੍ਹ ਵਿਚੋਂ ਬਾਹਰ ਆਉਣ ਨਾਲ ਪੰਜਾਬ ਦਾ ਮਾਹੌਲ ਖਰਾਬ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਾਰੇ ਸਿੱਖ ਬੰਦੀ ਜੋ ਧਰਮ ਯੁੱਧ ਮੋਰਚਿਆਂ ਖਾਤਰ ਜੇਲ੍ਹਾਂ ‘ਚ ਬੰਦ ਹਨ, ਨੂੰ ਨਾ ਤਾਂ ਕਦੇ ਪੈਰੋਲ ਨਹੀਂ ਦਿੱਤੀ ਗਈ ਹੈ ਤੇ ਨਾ ਹੀ ਸਜ਼ਾਵਾਂ ਮੁਆਫ ਕੀਤੀਆਂ ਗਈਆਂ ਹਨ।

### ਡੇਰਾ ਮੁਖੀ ਨੂੰ ਸਜ਼ਾ ਦੇਣ ਵਾਲੇ ਜੱਜ ਦਾ ਸਨਮਾਨ ਕਰਾਂਗੇ: ਦਾਦੂਵਾਲ

**ਕਾਲਾਂਵਾਲੀ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਦੇਣ ਵਾਲੇ ਸੀ.ਬੀ.ਆਈ. ਕੋਰਟ ਦੇ ਜੱਜ ਜਗਦੀਪ ਸਿੰਘ ਨੂੰ ਢੁਕਵੇਂ ਸਮੇਂ ‘ਤੇ ‘ਇਨਸਾਫ ਐਵਾਰਡ ਗੋਲਡ ਮੈਡਲ‘ ਨਾਲ ਸਨਮਾਨਿਆ ਜਾਵੇਗਾ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਉਸ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਸਨ ਪਰ ਜੱਜ ਜਗਦੀਪ ਸਿੰਘ ਨੇ ਦਲੇਰੀ ਵਾਲਾ ਫੈਸਲਾ ਲੈ ਕੇ ਪੀੜਤਾਂ ਨੂੰ ਇਨਸਾਫ ਦਿੱਤਾ ਅਤੇ ਜਖਮਾਂ ਨੂੰ ਮੱਲ੍ਹਮ ਲਾਈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਫਿਲਹਾਲ ਜੱਜ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਪਰ ਜਿਸ ਵੇਲੇ ਉਹ ਸੇਵਾ ਮੁਕਤ ਹੋਣਗੇ, ਉਨ੍ਹਾਂ ਨੂੰ ‘ਇਨਸਾਫ ਐਵਾਰਡ ਗੋਲਡ ਮੈਡਲ‘ ਨਾਲ ਸਨਮਾਨਿਆ ਜਾਵੇਗਾ।

# ਬਹਿਬਲ ਗੋਲੀ ਕਾਂਡ: ਪੀੜਤ ਦੇ ਪੁੱਤ ਨੇ ਸਰਕਾਰ ਤੋਂ ਪੈਰਵੀ ਮੰਗੀ

**ਜਲੰਧਰ:** ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੱਲ ਰਹੇ ਬਹਿਬਲ ਕਲਾਂ ਕੇਸ ਦੀ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਗੋਲੀ ਕਾਂਡ ਦਾ ਕੇਸ ਹੁਣ ਹਾਈ ਕੋਰਟ ਵਿਚ ਆਖਰੀ ਪੜਾਅ ‘ਤੇ ਹੈ ਤੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਕਿਧਰੇ ਇਸ ਕੇਸ ਦਾ ਹਾਲ ਵੀ ਕੋਟਕਪੂਰਾ ਗੋਲੀ ਕਾਂਡ ਵਰਗਾ ਨਾ ਹੋਵੇ। ਉਸ ਨੇ ਕਿਹਾ ਕਿ ਕੋਟਕਪੂਰਾ ਬਾਰੇ ਹਾਈ ਕੋਰਟ ਵੱਲੋਂ ਸੁਣਾਏ ਫੈਸਲੇ ਨੂੰ ਪੰਜਾਬ ਸਰਕਾਰ ਸੁਪਰੀਮ ਕੋਰਟ ਵਿਚ ਚੁਣੌਤੀ ਦੇਵੇ। ਸੁਖਰਾਜ ਸਿੰਘ ਨੇ ਇਹ ਦਾਅਵਾ ਵੀ ਕੀਤਾ ਕਿ ਕੋਟਕਪੂਰਾ ਗੋਲੀ ਕਾਂਡ ਬਾਰੇ ਜਾਂਚ ਕਰ ਰਹੇ ਸਿਟ ਦੇ ਅਧਿਕਾਰੀ, ਜਿਨ੍ਹਾਂ ਵਿਚ ਕੁੰਵਰ ਵਿਜੈ ਪ੍ਰਤਾਪ ਸਿੰਘ ਸਣੇ ਸਮੁੱਚੀ ਜਾਂਚ ਟੀਮ ਇਸ ਗੱਲ ਲਈ ਜ਼ਿੰਮੇਵਾਰ ਹੈ ਜਿਨ੍ਹਾਂ ਕਰਕੇ ਪੁਲਿਸ ਦੇ 7 ਅਧਿਕਾਰੀ ਛੁੱਟ ਗਏ ਹਨ ਤੇ ਸਿਰਫ ਤਿੰਨ ਪੁਲਿਸ ਅਧਿਕਾਰੀਆਂ ਵਿਰੁੱਧ ਹੀ ਦੋਸ਼ ਲਾਏ ਗਏ ਹਨ ਜਦਕਿ ਇਕ ਵਾਅਦਾ ਮੁਆਫ ਗਵਾਹ ਬਣ ਗਿਆ ਸੀ। ਸੁਖਰਾਜ ਸਿੰਘ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਸਪੱਸ਼ਟ ਕਰੇ ਕਿ ਜਿਹੜੇ 7 ਪੁਲਿਸ



ਅਧਿਕਾਰੀ ਇਸ ਕੇਸ ਵਿਚੋਂ ਬਾਹਰ ਕੱਢੇ ਗਏ ਸਨ, ਉਹ ਕਿਸ ਦੇ ਦਬਾਅ ਹੇਠ ਕੱਢੇ ਸਨ।

ਉਨ੍ਹਾਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਕੋਲ ਕੋਟਕਪੂਰਾ ਕੇਸ ਹੀ ਸੀ, ਫਿਰ ਉਨ੍ਹਾਂ ਨੂੰ ਬਹਿਬਲ ਕਲਾਂ ਦਾ ਕੇਸ ਵੀ ਸੌਂਪ ਦਿੱਤਾ ਸੀ। ਇਕ ਹੋਰ ਸਵਾਲ ਦੇ ਜਵਾਬ ਵਿਚ ਸੁਖਰਾਜ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਇਸ ਕੇਸ ਵਿਚ ਦਸਵਾਂ ਚਲਾਨ ਵੀ ਪੇਸ਼ ਕਰਨਾ ਚਾਹੀਦਾ ਸੀ। ਸੁਖਰਾਜ ਸਿੰਘ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਸਾਢੇ ਚਾਰ ਸਾਲ ਬੀਤ ਗਏ ਹਨ ਅਜੇ ਤੱਕ ਕੋਈ ਇਨਸਾਫ ਨਹੀਂ ਮਿਲਿਆ ਜਦਕਿ ਇਹ ਸਰਕਾਰ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮਸਲੇ ਦਾ ਹੱਲ ਕਰਨ ਅਤੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਦੇ ਵਾਅਦੇ ਕਰਕੇ ਸੱਤਾ ਵਿਚ ਆਈ ਸੀ।

# ਡੇਰਾ ਮੁਖੀ ਨੂੰ ਬਾਹਰ ਕੱਢਣ ਦਾ ਰਾਹ ਪੱਧਰਾ ਹੋ ਰਿਹੈ: ਅੰਸ਼ੁਲ ਛਤਰਪਤੀ

**ਸਿਰਸਾ:** ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਸਾਧਵੀਆਂ ਨਾਲ ਜਬਰ ਜਨਾਹ ਤੇ ਉਸ ਦੇ ਪਿਤਾ ਦੇ ਕਤਲ ਦੇ ਮਾਮਲੇ ‘ਚ ਜੇਲ੍ਹ ਵਿਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦਿੱਤੇ ਜਾਣ ‘ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਹੁਣ ਡੇਰਾ ਮੁਖੀ ਨੂੰ ਸਿਰਸਾ ਲਿਆਉਣ ਲਈ ਰਾਹ ਤਿਆਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਡੇਰਾ ਮੁਖੀ ਨੂੰ 24 ਅਕਤੂਬਰ ਨੂੰ ਪੈਰੋਲ ਦਿੱਤੀ ਗਈ ਤੇ ਹੁਣ 48 ਘੰਟਿਆਂ ਲਈ ਮੁੜ ਪੈਰੋਲ ਦਿੱਤੀ ਗਈ ਹੈ। ਕਰੋਨਾ ਦੇ ਮੱਦੇਨਜਰ ਤਾਲਾਬੰਦੀ ਹੈ, ਜਿਸ ਕਾਰਨ ਅਦਾਲਤ ਬੰਦ ਹੈ। ਇਸ ਦਾ ਫਾਇਦਾ ਲਿਆ ਜਾ



ਰਿਹਾ ਹੈ। ਇਹ ਪੈਰੋਲ ਨਹੀਂ ਮਿਲੀਭੁਗਤ ਦੀ ਖੇਡ ਖੇਡੀ ਜਾ ਰਹੀ ਹੈ।

ਅੰਸ਼ੁਲ ਛਤਰਪਤੀ ਨੇ ਕਿਹਾ ਕਿ ਪਹਿਲਾਂ ਬਿਮਾਰੀ ਦਾ ਡਰਾਮਾ ਕਰਕੇ ਉਸ ਨੂੰ ਪੀ.ਜੀ.ਆਈ. ਲਿਆਂਦਾ ਗਿਆ। ਜਦੋਂ ਡਾਕਟਰਾਂ ਨੇ ਰਿਪੋਰਟ ਡੇਰਾ ਮੁਖੀ ਦੇ ਹੱਕ ‘ਚ ਨਹੀਂ ਦਿੱਤੀ ਤਾਂ ਮਾਂ ਦੀ ਬਿਮਾਰੀ ਦਾ ਬਹਾਨਾ ਬਣਾ ਕੇ ਛੁੱਟੀ ਦੀ ਅਰਜ਼ੀ ਲਾਈ ਗਈ। ਛਤਰਪਤੀ ਦਾ ਕਹਿਣਾ ਹੈ ਕਿ ਡੇਰਾ ਮੁਖੀ ਦੀ ਮਾਂ ਪਹਿਲਾਂ ਸਿਰਸਾ ਵਿਚ ਸੀ ਅਤੇ ਬਾਅਦ ‘ਚ ਉਨ੍ਹਾਂ ਨੂੰ ਗੁਰੂਗ੍ਰਾਮ ਮੇਦਾਂਤਾ ਹਸਪਤਾਲ ਲਿਜਾਇਆ ਗਿਆ। ਇਸ ਤੋਂ ਬਾਅਦ ਡੇਰਾ ਮੁਖੀ ਨੂੰ 48 ਘੰਟਿਆਂ ਲਈ ਪੈਰੋਲ ਦਿੱਤੀ ਗਈ, ਜਿਸ ਵਿਚ ਸਰਕਾਰ ਦੀ ਮਿਲੀਭੁਗਤ ਹੈ। ਛਤਰਪਤੀ ਨੇ ਕਿਹਾ ਕਿ ਸਰਕਾਰ ਜਬਰ-ਜਨਾਹ ਤੇ ਕਤਲ ਦੀ ਸਜਾ ਭੁਗਤ ਰਹੇ ਇਕ ਅਜਿਹੇ ਕੈਦੀ ਨੂੰ ਵੀ.ਆਈ.ਪੀ. ਸਹੂਲਤ ਦੇ ਰਹੀ ਹੈ, ਜਿਸ ਕਾਰਨ 25 ਅਗਸਤ 2017 ਨੂੰ ਹਰਿਆਣਾ ਤੇ ਪੰਜਾਬ ਵਿਚ ਵੱਡੇ ਪੱਧਰ ‘ਤੇ ਸਾੜ-ਫੂਕ ਕੀਤੀ ਗਈ ਸੀ ਅਤੇ ਕਈਆਂ ਜਾਨਾਂ ਗਈਆਂ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਕਰੋਨਾ ਕੇਅਰ ਸੈਂਟਰ ਦਾ ਉਦਘਾਟਨ

**ਫਿਰੋਜ਼ਪੁਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੁਰਦੁਆਰਾ ਜਾਮਨੀ ਸਾਹਿਬ ਵਿਚ 25 ਬੈੱਡਾਂ ਦੇ ਕਰੋਨਾ ਕੇਅਰ ਸੈਂਟਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਘਰੇਲੂ ਤੇ ਉਦਯੋਗਿਕ ਖੇਤਰਾਂ ਦੇ ਛੇ ਮਹੀਨਿਆਂ ਦੇ ਬਿਜਲੀ ਬਿੱਲ ਮੁਆਫ ਕਰੇ ਅਤੇ ਪਾਣੀ ਦੇ ਬਿੱਲਾਂ ਅਤੇ ਲੋਕਾਂ ਤੋਂ ਉਗਰਾਹੇ ਜਾ ਰਹੇ ਹੋਰ ਟੈਕਸਾਂ ਵਿਚ ਵੀ ਰਾਹਤ ਦੇਵੇ। ਇਸ ਤੋਂ ਇਲਾਵਾ ਕਰੋਨਾ ਕਾਰਨ ਅਨਾਥ ਹੋਏ ਬੱਚਿਆਂ ਨੂੰ ਮੁਫਤ ਸਿੱਖਿਆ ਦਿੱਤੀ ਜਾਵੇ। ਸ੍ਰੀ ਬਾਦਲ ਨੇ ਮੁੱਖ ਮੰਤਰੀ ‘ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮਿਸ਼ਨ ਫਤਿਹ ਪ੍ਰੋਗਰਾਮਾਂ ਦੀ ਪ੍ਰਕਿਰਿਆ ਸਿਰਫ ਲੋਕ ਸੰਪਰਕ ਦਾ ਕੰਮ ਬਣ ਕੇ ਰਹਿ ਗਈ ਹੈ ਤੇ ਜ਼ਮੀਨੀ ਹਾਲਾਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਫੀਲਡ ਵਿਚ ਕੰਟਰੋਲ ਦੀ ਜ਼ਰੂਰਤ ਹੈ ਤੇ ਰੋਜ਼ਾਨਾ ਸਮੀਖਿਆ ਮੀਟਿੰਗਾਂ ਕਰਨ ਦੀ ਜਰੂਰਤ ਹੈ। ਉਨ੍ਹਾਂ ਕੈਪਟਨ ਸਰਕਾਰ ‘ਤੇ ਵੈਕਸੀਨ ਦੀ ਖਰੀਦ ਲਈ ਗਲੋਬਲ ਟੈਂਡਰ ਨਾ ਲਾਉਣ ਦਾ ਦੋਸ਼ ਵੀ ਲਾਇਆ। ਉਨ੍ਹਾਂ ਦੇ ਨਾਲ ਆਈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਸਥਾਪਿਤ ਕੀਤਾ ਗਿਆ ਇਹ ਚੌਥਾ ਸੈਂਟਰ ਹੈ।

# ਡੇਰਾ ਮੁਖੀ ਦੀ ਰਿਹਾਈ ਤੇ ਦਲਿਤ ਮੁੱਖ ਮੰਤਰੀ ਲਈ ਅਰਦਾਸ ਤੋਂ ਖੜ੍ਹਾ ਹੋਇਆ ਵਿਵਾਦ

**ਬਠਿੰਡਾ:** ਬਠਿੰਡਾ ਦੇ ਬੀੜ ਤਲਾਬ ਗੁਰੂ ਘਰ ਵਿਚ ਡੇਰਾ ਸਿਰਸਾ ਦੇ ਮੁਖੀ ਦੀ ਜੇਲ੍ਹ ‘ਚੋਂ ਰਿਹਾਈ, ਦਲਿਤਾਂ ਦਾ ਮੁੱਖ ਮੰਤਰੀ ਬਣਾਉਣ ਅਤੇ ਦਲਿਤਾਂ ‘ਤੇ ਹੁੰਦੇ ‘ਅੱਤਿਆਚਾਰ‘, ਪ੍ਰਧਾਨ ਮੰਤਰੀ ਦਾ ਦਲਿਤ ਮੁੱਖ ਮੰਤਰੀ ਬਣਾਉਣ ਦਾ ‘ਸੁਪਨਾ‘ ਪੂਰਾ ਕਰਨ ਬਾਰੇ ਅਰਦਾਸ ਕੀਤੀ ਗਈ। ਇਸ ਦੀ ਵੀਡੀਓ ਸਾਹਮਣੇ ਆਉਣ ਪਿੱਛੋਂ ਇਹ ਮਾਮਲਾ ਭਖ ਗਿਆ ਹੈ। ਇਕ ਪਾਸੇ ਜਿਥੇ ਸਿੱਖ ਜਥੇਬੰਦੀਆਂ ਨੇ ਇਸ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਤੇ ਫਿਰਕੂ ਸੋਚ ਨੂੰ ਹਵਾ ਦੇਣ ਦੀ ਚਾਲ ਦੱਸਿਆ ਹੈ, ਉਥੇ ਭਾਜਪਾ ਨੇ ਇਸ ਨੂੰ ਦਲਿੱਤਾਂ ਨਾਲ ਧੱਕੇਸ਼ਾਹੀ ਵਜੋਂ ਉਭਾਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਬੀੜ ਤਲਾਬ ਗੁਰਦੁਆਰੇ ਵਿਚ ਡੇਰਾ ਸਿਰਸਾ ਦੇ ਵਿਵਾਦਤ ਮੁਖੀ ਦੀ ਰਿਹਾਈ ਲਈ ਅਰਦਾਸ ਕਰਨ ਵਾਲੇ ਵਿਅਕਤੀ ਖਿਲਾਫ ਸ੍ਰੀ ਅਕਾਲ ਤਖਤ ਤੋਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਜਥੇਦਾਰ ਨੇ ਆਖਿਆ ਕਿ ਇਸ ਵਿਅਕਤੀ ਨੂੰ ਇਥੇ ਤਲਬ ਕਰਕੇ ਗੁਰਮਤਿ ਰਵਾਇਤਾਂ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

ਉਧਰ, ਅਰਦਾਸ ਤੋਂ ਬਾਅਦ ਐਸ.ਐਸ.ਪੀ. ਬਠਿੰਡਾ ਦੇ ਹੁਕਮਾਂ ਤਹਿਤ ਥਾਣਾ ਸਦਰ ਬਠਿੰਡਾ ਵਿਚ ਅਰਦਾਸ ਕਰਨ ਵਾਲੇ ਪਾਠੀ ਗੁਰਮੇਲ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਬਸਤੀ ਨੰਬਰ 4, ਬੀੜ ਤਲਾਬ ‘ਤੇ ਧਾਰਮਿਕ ਭਾਵਨਾਵਾਂ ਭੜਕਾਉਣ



ਦੇ ਦੋਸ਼ ਤਹਿਤ ਆਈ.ਪੀ.ਸੀ. ਦੀ ਧਾਰਾ 295-ਏ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਰਦਾਸ ਵਿਚ ਅਕਾਲੀ ਦਲ ਦੀ ਕਾਰਗੁਜ਼ਾਰੀ ‘ਤੇ ਉਂਗਲ ਚੁੱਕਦਿਆਂ ਕਿਹਾ ਕਿ ਰਾਮ ਰਹੀਮ ਨੂੰ ਜੇਲ੍ਹ ਭੇਜਣ ਪਿੱਛੇ ਸੁਖਬੀਰ ਬਾਦਲ ਦਾ ਹੱਥ ਹੈ। ਉਸ ਨੇ ਪ੍ਰਧਾਨ ਮੰਤਰੀ ਦੀ ਸ਼ਲਾਘਾ ਕੀਤੀ।

ਬਠਿੰਡਾ ਦੇ ਗੁਰਦੁਆਰੇ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਹੱਕ ਵਿਚ ਕੀਤੀ ਗਈ ਅਰਦਾਸ ਦਾ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਗੰਭੀਰ ਨੋਟਿਸ ਲੈਂਦਿਆਂ ਇਸ ਘਟਨਾ ਨੂੰ ਪੰਜਾਬ ਦਾ ਮਾਹੌਲ ਵਿਗਾੜਨ ਅਤੇ ਸਿੱਖ ਕੌਮ ਨੂੰ ਦੋਫਾੜ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ। ਇਥੋਂ ਦੇ ਗੁਰਦੁਆਰਾ ਅਕਾਲਸਰ ਸਾਹਿਬ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਰਾਗੀ-ਗ੍ਰੰਥੀ ਸਭਾ ਦੇ ਪ੍ਰਧਾਨ ਅਤੇ ਸਿੱਖ ਸਦਭਾਵਨਾ ਦਲ ਦੇ ਜ਼ਿਲ੍ਹਾ ਪ੍ਰਧਾਨ ਭਾਈ ਬਚਿੱਤਰ ਸਿੰਘ ਨੇ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਵੱਲੋਂ ਪੰਜਾਬ ਦਾ ਮਾਹੌਲ ਵਿਗਾੜਨ ਅਤੇ ਸਿੱਖ ਕੌਮ ਵਿਚ ਵੰਡੀਆਂ ਪਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ ‘ਚੋ ਛੇਕੇ ਡੇਰਾ ਮੁਖੀ ਅਤੇ ਕਿਸਾਨ ਵਿਰੋਧੀ ਪ੍ਰਧਾਨ ਮੰਤਰੀ ਦੇ ਹੱਕ ਵਿਚ ਅਰਦਾਸ ਕਰਨੀ ਪੰਜਾਬ ਦਾ ਮਾਹੌਲ ਵਿਗਾੜਨ ਅਤੇ ਸਿੱਖ ਪੰਥ ਵਿਚ ਵੰਡੀਆਂ ਪਾਉਣ ਦੀ ਸਾਜ਼ਿਸ਼ ਦਾ ਹਿੱਸਾ ਹੈ। ਇਸ ਦੀ ਡੂੰਘਾਈ ਨਾਲ ਪੜਤਾਲ ਹੋਣੀ ਚਾਹੀਦੀ ਹੈ। ਸਿੱਖ ਕੌਮ ਵਿਚ ਜਾਤ-ਪਾਤ ਆਦਿ ਦੀ ਕੋਈ ਜਗ੍ਹਾ ਨਹੀਂ ਹੈ।

ਸਾਹਮਣੇ ਆਈ ਵੀਡੀਓ ਵਿਚ ਨਿਹੰਗ ਬਾਣੇ ‘ਚ ਸਜਿਆ ਇਕ ਵਿਅਕਤੀ ਗੁਰੂ ਘਰ ਵਿਚ ਅਰਦਾਸ ਕਰ ਰਿਹਾ ਹੈ। ਉਹ ਕਹਿ ਰਿਹਾ ਹੈ ਕਿ ‘ਸੱਚੇ ਪਾਤਸ਼ਾਹ! ਸਾਡੇ ਨਾਲ ਇਕ ਭੇਦ-ਭਾਵ ਹੋ ਰਿਹੈ ਮਹਾਰਾਜ। ਜਿਨ੍ਹਾਂ ਨੇ ਆਪ ਜੀ ਦੇ ਸਰੂਪ ਗਲੀਆਂ ਦੇ ਵਿਚ ਖਿਲਾਰੇ, ਉਨ੍ਹਾਂ ਨੂੰ ਆਪ ਜੀ ਨੇ ਰਾਜ ਗੱਦੀਆਂ ਬਖ਼ਸ਼ੀਆਂ। ਜਿਨ੍ਹਾਂ ਨੇ ਆਪ ਜੀ ਦੇ ਸਿੱਖਾਂ ਨੂੰ ਜੈਤੋ ਦੇ ਮੋਰਚੇ ਵਿਚ ਜ਼ਹਿਰ ਪਿਆਇਆ, ਉਨ੍ਹਾਂ ਨੂੰ ਵੀ ਆਪ ਜੀ ਨੇ ਸਰਦਾਰੀਆਂ ਬਖ਼ਸ਼ੀਆਂ। ਪਰ ਮੇਰਾ ਜੋ ਦਲਿਤ ਸਮਾਜ ਐ, ਐਸਸੀ ਭਾਈਚਾਰਾ, ਉਹ ਇਨ੍ਹਾਂ ਦਾ ਸੀਰੀ ਬਣ ਕੇ ਰਹਿ ਗਿਐ। ਜੋ ਡਾ. ਅੰਬੇਡਕਰ ਸਾਹਬ ਨੇ 25 ਫੀਸਦੀ ਰਾਖਵਾਂਕਰਨ ਦਿੱਤਾ ਸੀ, ਉਹਦਾ ਵੀ ਮੇਰੇ ਸਮਾਜ ਨੂੰ ਕੋਈ ਲਾਭ ਨਹੀਂ ਪਹੁੰਚ ਰਿਹਾ। ਜਿਹੜੇ ਐਮ.ਐਲ.ਏ. ਰਿਜ਼ਰਵ ਕੈਟਾਗਰੀ ‘ਚੋਂ ਬਣ ਕੇ ਜਾਂਦੇ ਹਨ, ਉਹ ਵੀ ਮਹਾਰਾਜ ਸੱਚੇ ਪਾਤਸ਼ਾਹ ਸੀਰੀ ਬਣ ਕੇ ਰਹਿ ਗਏ ਹਨ। ਸਾਡੇ ਦੱਬੇ-ਕੁਚਲੇ ਦਲਿਤ ਸਮਾਜ ਦੀ ਕੋਈ ਆਵਾਜ਼ ਬੁਲੰਦ ਨੀਂ ਕਰ ਰਿਹਾ ਮਹਾਰਾਜ ਸੱਚੇ ਪਾਤਸ਼ਾਹ। ਹੁਣ ਇਕ ਸੁਨਹਿਰੀ ਮੌਕਾ ਐ ਵਾਹਿਗੁਰੂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੋ ਫੈਸਲਾ ਲਿਆ ਗਿਆ ਕਿ ਐਤਕੀਂ ਜੋ ਸਰਕਾਰ ਬਣਨੀ ਐ, ਉਹ ਦਲਿਤ ਸਮਾਜ ਵਿਚੋਂ ਮੁੱਖ ਮੰਤਰੀ ਲਿਆ ਜਾਣੈ। ਅਸੀਂ ਸਮੁੱਚੀਆਂ ਤਿੰਨੇ ਪੰਚਾਇਤਾਂ, ਸਾਰੇ ਹੀ ਕਲੱਬ ਇਸ ਦਾ ਸਵਾਗਤ ਕਰਦੇ ਹਾਂ ਕਿ ਪਿੰਡ-ਪਿੰਡ ਪ੍ਰਚਾਰ ਕਰ ਰਹੇ ਆਂ ਮਹਾਰਾਜ ਸੱਚੇ ਪਾਤਸ਼ਾਹ! ਕਿ ਆਪ ਮਿਹਰ ਕਰੋ। ਇਹ ਸੇਵਾ ਕਿਸੇ ਗੁਰ ਸਿੱਖ ਰੰਘਰੇਟੇ ਪਰਿਵਾਰ ‘ਤੇ ਮਿਹਰ ਭਰਿਆ ਹੱਥ ਰੱਖ ਕੇ ਮੁੱਖ ਮੰਤਰੀ ਦੀ ਸੇਵਾ ਲਓ।’

### ਰਿਹਾਈ ਲਈ ਅਰਦਾਸ ਕਰਨ ਵਾਲੇ ਦੇ ਪੱਖ ‘ਚ ਆਏ ਸਾਂਪਲਾ

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੁਖੀ ਅਤੇ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਬਠਿੰਡਾ ਦੇ ਇਕ ਪਿੰਡ ਦੇ ਗੁਰਦੁਆਰੇ ਵਿਚ ਡੇਰਾ ਸਿਰਸਾ ਦੇ ਮੁਖੀ ਦੀ ਜੇਲ੍ਹ ਵਿਚੋਂ ਰਿਹਾਈ ਲਈ ਅਰਦਾਸ ਕਰਨ ‘ਤੇ ਇਕ ਅਨੁਸੂਚਿਤ ਜਾਤੀ ਦੇ ਵਿਅਕਤੀ ਖਿਲਾਫ ਕੇਸ ਦਰਜ ਕਰਨ ਉਤੇ ਸਖਤ ਇਤਰਾਜ਼ ਕੀਤਾ ਹੈ। ਕਮਿਸ਼ਨ ਨੇ ਪੁਲਿਸ ਕੋਲੋਂ ਕੇਸ ਦੀ ਜਾਂਚ ਰਿਪੋਰਟ ਵੀ ਮੰਗੀ ਹੈ। ਉਨ੍ਹਾਂ ਕਿਹਾ ਕਿ ਜੇ ਡੇਰਾ ਸਿਰਸਾ ਮੁਖੀ ਦਾ ਨਾਂ ਲੈਣ ‘ਤੇ ਹੀ ਕੇਸ ਦਰਜ ਹੁੰਦਾ ਹੈ ਤਾਂ ਇਹ ਗਲਤ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਬੋਲਣ ਦਾ ਸੰਵਿਧਾਨਕ ਹੱਕ ਹੈ।

# ਕੇਂਦਰ ਨੇ ਖਾਦ ਦੀਆਂ ਕੀਮਤਾਂ ਦੇ ਵਾਧੇ ‘ਤੇ ਲਿਆ ਯੂ-ਟਰਨ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਮਾਰਚ ਦੇ ਅਖੀਰਲੇ ਹਫਤੇ ਡੀ.ਏ.ਪੀ. ਖਾਦ ਦੀਆਂ ਜਿਹੜੀਆਂ ਕੀਮਤਾਂ ਵਧਾਈਆਂ ਗਈਆਂ ਸਨ, ਉਨ੍ਹਾਂ ਉਪਰ ਅਚਾਨਕ ਹੁਣ ਯੂ-ਟਰਨ ਲੈ ਲਿਆ ਗਿਆ ਹੈ, ਜਿਸ ਕਾਰਨ ਹੁਣ ਦੇਸ਼ ਦੇ ਕਿਸਾਨਾਂ ਨੂੰ ਪਹਿਲਾਂ ਵਾਲੀਆਂ ਕੀਮਤਾਂ ਉਪਰ ਲਗਭਗ 1200 ਰੁਪਏ ਪ੍ਰਤੀ ਥੈਲਾ ਮਿਲਣ ਲੱਗ ਪਵੇਗਾ।

ਮਾਰਚ ਮਹੀਨੇ 50 ਕਿੱਲੋ ਡੀ.ਏ.ਪੀ. ਦਾ ਇਕ ਬੈਗ ਲਗਭਗ ਇਸੇ ਕੀਮਤ ‘ਤੇ ਮਿਲਦਾ ਸੀ, ਪਰ ਕੇਂਦਰ ਸਰਕਾਰ ਵੱਲੋਂ ਚੁੱਪ-ਚੁਪੀਤੇ ਵਧਾਏ ਨਵੇਂ ਰੇਟਾਂ ਕਾਰਨ ਇਹੋ ਬੈਗ 1900 ਰੁਪਏ ਵਿਚ ਮਿਲਣ ਲੱਗ ਪਿਆ ਸੀ। ਪੰਜਾਬ ਅਤੇ ਹਰਿਆਣਾ ਵਿਚ ਬੀਟੀ ਨਰਮਾ ਬੀਜਣ ਵਾਲੇ ਹਜ਼ਾਰਾਂ ਕਿਸਾਨਾਂ ਨੇ ਡੀ.ਏ.ਪੀ. ਖਾਦ ਨੂੰ ਮਹਿੰਗੀਆਂ ਕੀਮਤਾਂ ਉਪਰ ਖਰੀਦ ਲਿਆ ਸੀ, ਜਿਨ੍ਹਾਂ ਨੂੰ ਹੁਣ ਵੱਧ ਪੈਸੇ ਦਿੱਤਿਆਂ ਦਾ ਦੁੱਖ ਹੋਣ ਲੱਗਿਆ ਹੈ।

ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਕੌਮਾਂਤਰੀ ਬਾਜ਼ਾਰ ਵਿਚ ਡੀ.ਏ.ਪੀ. ਖਾਦ ਦੇ ਭਾਅ ਬੇਸ਼ੱਕ ਵੱਧ ਗਏ ਹਨ, ਪਰ ਕੇਂਦਰ ਸਰਕਾਰ ਵੱਲੋਂ ਅਚਾਨਕ ਸਬਸਿਡੀ ਵਧਾਉਣ ਦੇ ਲਏ ਵੱਡੇ ਫੈਸਲੇ ਕਾਰਨ ਸਰਕਾਰੀ ਖਜ਼ਾਨੇ ਉਤੇ 14,775 ਕਰੋੜ ਰੁਪਏ ਦਾ ਬੋਝ ਪਵੇਗਾ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ 140 ਫੀਸਦੀ ਸਬਸਿਡੀ ਡੰਕਲ ਸਮਝੌਤੇ ਤੋਂ ਬਾਅਦ ਪਹਿਲੀ ਵਾਰ ਦਿੱਤੀ ਗਈ ਹੈ। ਇਹ ਸਬਸਿਡੀ ਦੇਣ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਇਕ ਉਚ ਪੱਧਰੀ ਮੀਟਿੰਗ ਵਿਚ ਕੀਤਾ ਗਿਆ ਹੈ। ਪੰਜਾਬ ਅਤੇ ਹਰਿਆਣਾ ਸਮੇਤ ਪੂਰੇ ਦੇਸ਼ ਵਿਚ ਯੂਰੀਆ ਤੋਂ ਬਾਅਦ ਡੀ-ਅਮੋਨੀਅਮ ਫਾਸਫੇਟ (ਡੀ.ਏ.ਪੀ.) ਦੀ ਵਰਤੋਂ ਸਭ ਤੋਂ ਜ਼ਿਆਦਾ ਕੀਤੀ ਜਾਂਦੀ ਹੈ। ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਡੀ.ਏ.ਪੀ. ਖਾਦ ਦੇ ਇਕ ਥੈਲੇ ਉਪਰ ਸਬਸਿਡੀ 500 ਰੁਪਏ ਤੋਂ ਵਧਾ ਕੇ 1200 ਰੁਪਏ ਕੀਤੀ ਗਈ ਹੈ, ਜਿਸ ਨਾਲ ਹੁਣ ਕਿਸਾਨ ਨੂੰ ਡੀ.ਏ.ਪੀ. ਖਾਦ ਦਾ ਬੈਗ 1200 ਰੁਪਏ ਵਿਚ ਮਿਲਿਆ ਕਰੇਗਾ, ਜਦੋਂ ਕਿ ਕੱਲ੍ਹ ਤੱਕ ਇਹ 1900 ਰੁਪਏ ਵਿਚ ਮਿਲਦਾ ਸੀ, ਜਿਸ ਉਪਰ 500 ਰੁਪਏ ਸਬਸਿਡੀ ਪ੍ਰਾਪਤ ਹੁੰਦੀ ਸੀ, ਜਦੋਂਕਿ 2400 ਰੁਪਏ ਅਸਲ ਕੀਮਤ ਸੀ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਡੀ.ਏ.ਪੀ. ਖਾਦ ਦੀ ਕੀਮਤ ਵਾਪਸ 1200 ਰੁਪਏ ‘ਤੇ ਲਿਆਉਣ ਦੇ ਫੈਸਲੇ ਨੂੰ ਕਿਸਾਨੀ ਅੰਦੋਲਨ ਦੇ ਦਬਾਅ ਹੇਠ ਲਿਆ ਗਿਆ ਫੈਸਲਾ ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਕੌਮਾਂਤਰੀ ਕੰਪਨੀਆਂ ਨੇ ਖਾਦ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ ਪਰ ਫਿਰ ਮੋਦੀ ਸਰਕਾਰ ‘ਆਤਮ ਨਿਰਭਰ ਭਾਰਤ’ ਹੋਣ ਦੇ ਕੋਰੇ ਵਾਅਦੇ ਕਰ ਰਹੀ ਹੈ ਜਦੋਂਕਿ ਪਹਿਲਾਂ ‘ਮੇਕ ਇਨ ਇੰਡੀਆ’ ਦਾ ਜੁਮਲਾ ਛੱਡਿਆ ਗਿਆ ਸੀ।

ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ, ‘ਦੇਸ਼ ਦੇ ਆਪਣੇ ਸਰਕਾਰੀ ਤੇ ਘਰੇਲੂ ਅਦਾਰੇ ਵੀ ਖਾਦ ਬਣਾਉਣ ਦੇ ਯੋਗ ਨਹੀਂ ਹਨ। ਸਰਕਾਰ ‘ਆਤਮ-ਨਿਰਭਰ ਭਾਰਤ’ ਦੇ ਨਾਅਰੇ ਨੂੰ ਸਿਰਫ ਰਾਜਨੀਤੀ ਲਈ ਵਰਤਦੀ ਹੈ ਜਦੋਂਕਿ ਖੇਤੀਬਾੜੀ ਖੇਤਰ ਵਿਚ ਸਰਕਾਰੀ ਅਦਾਰਿਆਂ ਨੂੰ ਲਗਾਤਾਰ ਘਾਟੇ ਵਿਚ ਕਰ ਕੇ ਨਿੱਜੀਕਰਨ ਕਰਨ ਲਈ ਤਿਆਰ ਕੀਤਾ ਜਾ ਰਿਹਾ ਹੈ। ਇਸ ਦੀ ਆੜ ਹੇਠ ਵੱਡੇ ਕਾਰਪੋਰੇਟਾਂ ਨੂੰ ਉਤਪਾਦਨ ਦਾ ਏਕਾਧਿਕਾਰ ਦੇ ਕੇ ਕਿਸਾਨਾਂ ਦਾ ਸ਼ੋਸ਼ਣ ਕਰਨ ਦੀ ਨੀਤੀ ਲਿਆਂਦੀ ਜਾ ਰਹੀ ਹੈ।’

ਜਗਜੀਤ ਸਿੰਘ ਡੱਲੇਵਾਲ ਨੇ ਕਿਹਾ, ‘ਪਿਛਲੇ ਮਹੀਨੇ ਸਰਕਾਰ ਨੇ ਡੀ.ਏ.ਪੀ. ਦੀ ਕੀਮਤ ਵਧਾਉਣ ਦਾ ਫੈਸਲਾ ਕੀਤਾ ਸੀ। ਕਿਸਾਨਾਂ ਦੇ ਭਾਰੀ ਦਬਾਅ ਹੇਠ, ਉਨ੍ਹਾਂ ਇਹ ਕੀਮਤ ਵਾਪਸ ਲੈ ਲਈ, ਪਰ ਡੀ.ਏ.ਪੀ. ਦਾ ਅਸਲ ਮੁੱਲ 2400 ਰੁਪਏ ਕਰ ਦਿੱਤਾ ਗਿਆ ਹੈ। ਸਰਕਾਰ ਕਿਸੇ ਵੀ ਸਮੇਂ ਸਬਸਿਡੀ ਵਾਪਸ ਲੈ ਸਕਦੀ ਹੈ, ਜਿਸ ਨਾਲ ਸਾਰਾ ਭਾਰ ਕਿਸਾਨਾਂ ‘ਤੇ ਪਵੇਗਾ।’

## ਸਰਕਾਰ ਨੇ ਖੰਡ ਬਰਾਮਦ ਉਤੇ ਸਬਸਿਡੀ ਘਟਾਈ

**ਨਵੀਂ ਦਿੱਲੀ:** ਸਰਕਾਰ ਨੇ ਖੰਡ ਬਰਾਮਦ ਉਤੇ ਸਬਸਿਡੀ 6000 ਰੁਪਏ ਪ੍ਰਤੀ ਟਨ ਤੋਂ ਘਟਾ ਕੇ 4000 ਰੁਪਏ ਪ੍ਰਤੀ ਟਨ ਕਰ ਦਿੱਤੀ ਹੈ। ਇਹ ਕਟੌਤੀ ਵਿਸ਼ਵ ਭਰ ਦੇ ਬਾਜ਼ਾਰਾਂ ‘ਚ ਕੀਮਤਾਂ ਵਿਚ ਆਈ ਤੇਜ਼ੀ ਨੂੰ ਵੇਖਦਿਆਂ ਹੋਇਆਂ ਤੁਰਤ ਪ੍ਰਭਾਵ ਨਾਲ ਕੀਤੀ ਗਈ ਹੈ। ਸਰਕਾਰ ਨੇ ਖੰਡ ਮਿੱਲਾਂ ਦੀ ਨਕਦੀ ਦੀ ਸਥਿਤੀ ‘ਚ ਸੁਧਾਰ ਅਤੇ ਗੰਨਾ ਕਿਸਾਨਾਂ ਨੂੰ ਬਕਾਏ ਦੀ ਅਦਾਇਗੀ ‘ਚ ਉਨ੍ਹਾਂ ਦੀ ਮਦਦ ਕਰਨ ਦੇ ਇਰਾਦੇ ਨਾਲ ਮਾਰਕੀਟਿੰਗ ਵਰ੍ਹੇ (ਅਕਤੂਬਰ-ਸਤੰਬਰ) ਦੇ ਦੌਰਾਨ ਖੰਡ ਨਿਰਯਾਤ ‘ਤੇ 6 ਹਜ਼ਾਰ ਰੁਪਏ ਪ੍ਰਤੀ ਟਨ ਸਬਸਿਡੀ ਤੈਅ ਕੀਤੀ ਸੀ।

## ‘ਵੈਕਸੀਨ ਦੇ ਦੋ ਡੋਜ਼ ਕਰੋਨਾ ਨੂੰ ਹਰਾਉਣ ਦੇ ਸਮਰੱਥ’

**ਲੰਡਨ:** ਇੰਗਲੈਂਡ ਦੇ ਸਿਹਤ ਅਧਿਕਾਰੀਆਂ ਵੱਲੋਂ ਕੀਤੇ ਇਕ ਨਵੇਂ ਅਧਿਐਨ ਵਿਚ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਭਾਰਤ ‘ਚ ਮਿਲੇ ਕਰੋਨਾ ਵਾਇਰਸ ਦੇ ਬੀ1.617.2 ਸਰੂਪ (ਵੇਰੀਐਂਟ) ਨਾਲ ਲੜਨ ‘ਚ ਕੋਵਿਡ ਵੈਕਸੀਨ ਦੇ ਦੋ ਡੋਜ਼ ‘ਸਭ ਤੋਂ ਜ਼ਿਆਦਾ ਅਸਰਦਾਰ’ ਹਨ। ‘ਪਬਲਿਕ ਹੈਲਥ ਇੰਗਲੈਂਡ’ ਮੁਤਾਬਕ ਫਾਈਜ਼ਰ-ਬਾਇਓਐਨਟੈੱਕ ਵੈਕਸੀਨ ਵਾਇਰਸ ਦੇ ਭਾਰਤ ਵਿਚ ਮਿਲੇ ਰੂਪ ਵਿਰੁੱਧ 88 ਪ੍ਰਤੀਸ਼ਤ ਤੱਕ ਅਸਰਦਾਰ ਹੈ। 88 ਫੀਸਦ ਤੱਕ ਅਸਰਦਾਰ ਇਹ ਦੂਜੀ ਡੋਜ਼ ਮਿਲਣ ਤੋਂ ਦੋ ਹਫਤੇ ਬਾਅਦ ਹੋਵੇਗਾ। ਜਦਕਿ ਆਕਸਫੋਰਡ/ ਐਸਟਰਾਜ਼ੈਨੇਕਾ ਵੈਕਸੀਨ ਇਸੇ ਸਰੂਪ ਵਿਰੁੱਧ 60 ਪ੍ਰਤੀਸ਼ਤ ਤੱਕ ਅਸਰਦਾਰ ਹੈ। ਹਾਲਾਂਕਿ ਜੇ ਦੋਵਾਂ ਵੈਕਸੀਨਾਂ ਦੀ ਇਕ ਹੀ ਡੋਜ਼ ਦਿੱਤੀ ਜਾਂਦੀ ਹੈ ਤਾਂ ਇਹ ਸਿਰਫ 33 ਪ੍ਰਤੀਸ਼ਤ ਤੱਕ ਅਸਰਦਾਰ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿਚ ਆਕਸਫੋਰਡ/ ਐਸਟਰਾਜ਼ੈਨੇਕਾ ਵੈਕਸੀਨ ‘ਕੋਵੀਸ਼ੀਲਡ’ ਸੀਰਮ ਇੰਸਟੀਚਿਊਟ ਵੱਲੋਂ ਬਣਾਇਆ ਜਾ ਰਿਹਾ ਹੈ। ਯੂਕੇ ਦੇ ਸਿਹਤ ਮੰਤਰੀ ਮੈਟ ਹੈਨਕੌਕ ਨੇ ਕਿਹਾ ਕਿ ਨਵੇਂ ਸਬੂਤ ਮਹੱਤਵਪੂਰਨ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਕੋਵਿਡ ਤੋਂ ਬਚਾਅ ਲਈ ਦੂਜੀ ਡੋਜ਼ ਕਿੰਨੀ ਜ਼ਿਆਦਾ ਅਹਿਮ ਹੈ। ‘ਪਬਲਿਕ ਹੈਲਥ ਇੰਗਲੈਂਡ’ ਦਾ ਕਹਿਣਾ ਹੈ ਕਿ ਉਹ ਟੀਕੇ ਨੂੰ ਇਸ ਤੋਂ ਵੀ ਵੱਧ ਅਸਰਦਾਰ ਹੁੰਦਾ ਦੇਖਣਾ ਚਾਹੁੰਦੇ ਹਨ ਤਾਂ ਕਿ ਮੌਤ ਤੋਂ ਬਚਾਅ ਹੋ ਸਕੇ।

## ਸੁਖਪਾਲ ਖਹਿਰਾ ਵੱਲੋਂ ਸੁਖਬੀਰ ਨੂੰ ਚੁਣੌਤੀ

**ਜਲੰਧਰ:** ਵਿਰੋਧੀ ਧਿਰ ਦੇ ਸਾਬਕਾ ਆਗੂ ਤੇ ਭੁਲੱਥ ਹਲਕੇ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬੇਅਦਬੀ ਕਾਂਡ ਅਤੇ ਬਹਿਬਲ ਗੋਲੀ ਕਾਂਡ ਬਾਰੇ ਬਹਿਸ ਦੀ ਖੁੱਲ੍ਹੀ ਚੁਣੌਤੀ ਦਿੱਤੀ ਹੈ। ਸੁਖਪਾਲ ਸਿੰਘ ਖਹਿਰਾ ਨੇ ਬਾਦਲਾਂ ਨੂੰ ਪੰਜਾਬ ਦੇ ਲੋਕਾਂ ਨੂੰ 10 ਸਵਾਲਾਂ ਦਾ ਜਵਾਬ ਦੇਣ ਲਈ ਕਿਹਾ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਦੇ ਵੀ ਨਹੀਂ ਹੋਣੀ ਸੀ, ਜੇ ਉਸ ਵੇਲੇ ਸੱਤਾ ਵਿਚ ਬੈਠੀ ਬਾਦਲ ਜੋੜੀ ਵੋਟਾਂ ਖਾਤਰ ਡੇਰਾ ਸਿਰਸਾ ਦੇ ਮੁਖੀ ਨਾਲ ਗੁਪਤ ਸਮਝੌਤਾ ਨਾ ਕਰਦੀ। ਸੁਖਪਾਲ ਖਹਿਰਾ ਨੇ ਕਿਹਾ ਕਿ ਪੰਜਾਬ ਵਿਚ ਨਫਰਤ ਦੇ ਬੀਜ ਡੇਰਾ ਮੁਖੀ ਨੇ 11 ਮਈ, 2007 ਨੂੰ ਬੀਜੇ ਸਨ, ਜਦੋਂ ਉਸ ਨੇ ਬਠਿੰਡਾ ਦੇ ਸਲਾਬਤਪੁਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਪੁਸ਼ਾਕ ਵਰਗਾ ਲਿਬਾਸ ਪਹਿਨ ਕੇ ਆਪਣੇ ਸ਼ਰਧਾਲੂਆਂ ਨੂੰ ਸੰਬੋਧਨ ਕੀਤਾ ਸੀ। ਇਸ ਬਾਰੇ ਕੇਸ ਵੀ ਦਰਜ ਹੋਇਆ ਸੀ ਪਰ ਬਾਦਲਾਂ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਡੇਰਾ ਮੁਖੀ ਵਿਰੁੱਧ ਅਦਾਲਤ ਵਿਚ ਚੱਲ ਰਹੇ ਕੇਸ ਵਿਚ ਐਫ.ਆਈ.ਆਰ. ਰੱਦ ਕਰਨ ਦੀ ਆਰਜ਼ੀ ਦਾਇਰ ਕਰ ਦਿੱਤੀ। ਸ੍ਰੀ ਖਹਿਰਾ ਨੇ ਕਿਹਾ ਕਿ ਡੇਰਾ ਮੁਖੀ ਦੀ ਫਿਲਮ ਰਿਲੀਜ਼ ਕਰਵਾਉਣ ਲਈ ਸੁਖਬੀਰ ਬਾਦਲ ਨੇ ਗੁਪਤ ‘ਸੌਦਾ’ ਕੀਤਾ ਸੀ, ਤਾਂ ਹੀ ਮਾਲਵੇ ਵਿਚੋਂ ਅਕਾਲੀ ਦਲ ਨੂੰ ਵੱਧ ਸੀਟਾਂ ਮਿਲੀਆਂ ਸੀ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ 2007 ਵਿਚ ਅਕਾਲ ਤਖਤ ਦੇ ਮੁਖੀ ਰਹੇ ਮਰਹੂਮ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ‘ਤੇ ਡੇਰਾ ਮੁਖੀ ਵਿਰੁੱਧ ਜਾਰੀ ਕੀਤਾ ਹੁਕਮਨਾਮਾ ਵਾਪਸ ਲੈਣ ਤੇ ਉਸ ਨੂੰ ਮੁਆਫੀ ਦੇਣ ਦਾ ਦਬਾਅ ਬਣਾਇਆ ਸੀ।

## ਧੋਖਾਧੜੀ ਕੇਸ: ਅਕਾਲੀਆਂ ਨੇ ਰੰਧਾਵਾ ਦੀ ਬਰਖਾਸਤਗੀ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਸਰਕਾਰੀ ਪੀਏ ਖਿਲਾਫ ਧੋਖਾਧੜੀ ਦਾ ਕੇਸ ਦਰਜ ਹੋਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਸ੍ਰੀ ਰੰਧਾਵਾ ਨੂੰ ਤੁਰਤ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਪਾਰਟੀ ਦਾ ਕਹਿਣਾ ਹੈ ਕਿ ਮੰਤਰੀ ਰੰਧਾਵਾ ਦੇ ਦਫਤਰ ਵਿਚ ਚੱਲ ਰਹੀਆਂ ਕਥਿਤ ਭ੍ਰਿਸ਼ਟ ਗਤੀਵਿਧੀਆਂ ਤੋਂ ਉਨ੍ਹਾਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੁਖਜਿੰਦਰ ਸਿੰਘ ਰੰਧਾਵਾ ਦੇ ਨਿੱਜੀ ਸਹਾਇਕ ਵੱਲੋਂ 74 ਲੱਖ ਰੁਪਏ ਦੀ ਖੰਡ ਦੀ ਡਲਿਵਰੀ ਦੇ ਮਾਮਲੇ ਵਿਚ ਕੀਤੀ ਧੋਖਾਧੜੀ ਵਿਚ ਮੰਤਰੀ ਦੀ ਸ਼ਮੂਲੀਅਤ ਵੀ ਸਾਹਮਣੇ ਆਈ ਹੈ। ਇਸ ਮਾਮਲੇ ਵਿਚ 57 ਲੱਖ ਰੁਪਏ ਦੀ ਅਦਾਇਗੀ ਹੋਣ ਦੀ ਗੱਲ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਹਾਈ ਕੋਰਟ ਵਿਚ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਸੂਬੇ ਨੂੰ ਮਾਮਲੇ ਦੀ ਪੜਤਾਲ ਲਈ ‘ਸਿਟ’ ਕਾਇਮ ਕਰਨ ਦੇ ਹੁਕਮ ਦਿੱਤੇ ਹਨ।



ਡਾ. ਚੀਮਾ ਨੇ ਕਿਹਾ ਕਿ ਧੋਖਾਧੜੀ ਦਾ ਇਹ ਮਾਮਲਾ ਸਾਹਮਣੇ ਆਏ ਨੂੰ ਕਈ ਦਿਨ ਲੰਘ ਗਏ ਹਨ ਤੇ ਇਹ ਵੀ ਸਾਹਮਣੇ ਆਇਆ ਹੈ ਕਿ ਮੰਤਰੀ ਦਾ ਪੀਏ ਅਜਿਹੇ ਸੌਦੇ ਕਰਨ ਵਾਸਤੇ ਮੰਤਰੀ ਦੇ ਦਫਤਰ ਦੀ ਵਰਤੋਂ ਕਰਦਾ ਸੀ। ਇਸ ਸਭ ਦੇ ਬਾਵਜੂਦ ਸਰਕਾਰ ਕੇਸ ਵਿਚ ਸੁਸਤ ਰਫਤਾਰ ਨਾਲ ਕਾਰਵਾਈ ਕਰ ਰਹੀ ਹੈ ਅਤੇ ਮੁਲਜ਼ਮ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਅਕਾਲੀ ਆਗੂ ਨੇ ਕਿਹਾ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਉਧਰ, ਰੰਧਾਵਾ ਨੇ ਅਕਾਲੀਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਅਕਾਲੀਆਂ ਦੇ ਇਕ ਦਹਾਕੇ ਦੇ ਕਾਰਜਕਾਲ ਦੌਰਾਨ ਕੀਤੇ ਗੁਨਾਹਾਂ ਦੀ ਸਵੈ-ਇੱਛਾ ਨਾਲ ਪੜਤਾਲ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਚਿੱਤਰ ਸਿੰਘ ਦੀ ਬਤੌਰ ਨਿੱਜੀ ਸਕੱਤਰ ਇਸ ਸਾਲ 3 ਮਾਰਚ ਨੂੰ ਉਨ੍ਹਾਂ ਦੇ ਸਟਾਫ ਵਿਚੋਂ ਬਦਲੀ ਹੋ ਗਈ ਸੀ।

ਉਨ੍ਹਾਂ ਆਖਿਆ ਕਿ ਇਹ ਸ਼ਰਮਨਾਕ ਗੱਲ ਹੈ ਕਿ ਅਕਾਲੀਆਂ ਨੇ ਇਹ ਜਾਣਦੇ ਹੋਏ ਕਿ ਇਹ ਪੂਰੀ ਤਰ੍ਹਾਂ ਬੇਬੁਨਿਆਦ ਮੁੱਦਾ ਹੈ, ਤੱਥਾਂ ਦੀ ਜਾਂਚ ਕੀਤੇ ਬਿਨਾਂ ਇਸ ਮਾਮਲੇ ਨੂੰ ਬੇਵਜ੍ਹਾ ਹਵਾ ਦਿੰਦਿਆਂ ਆਪਣੀ ਸਿਆਸੀ ਡਰਾਮੇਬਾਜ਼ੀ ਸ਼ੁਰੂ ਕਰ ਦਿੱਤੀ। ਰੰਧਾਵਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਜਦੋਂ ਉਨ੍ਹਾਂ ਦੇ ਸਾਬਕਾ ਨਿੱਜੀ ਸਕੱਤਰ ਦਾ ਮਾਮਲਾ ਮੀਡੀਆ ਵਿਚ ਪੜ੍ਹਿਆ ਤਾਂ ਉਨ੍ਹਾਂ ਖੁਦ ਡਾਇਰੈਕਟਰ, ਬਿਊਰੋ ਆਫ ਇਨਵੈਸਟੀਗੇਸ਼ਨ, ਪੰਜਾਬ ਨੂੰ ਫੋਨ ਕਰ ਕੇ ਇਸ ਮਾਮਲੇ ਵਿਚ ਕਾਰਵਾਈ ਕਰਨ ਅਤੇ ਉਨ੍ਹਾਂ ਵੱਲੋਂ ਪੂਰਾ ਸਹਿਯੋਗ ਦੇਣ ਦੀ ਗੱਲ ਕਹੀ।

## ਰੰਗਕਰਮੀ ਗੁਰਚਰਨ ਸਿੰਘ ਚੰਨੀ ਦਾ ਦੇਹਾਂਤ

**ਚੰਡੀਗੜ੍ਹ:** ਮਸ਼ਹੂਰ ਰੰਗਕਰਮੀ, ਅਦਾਕਾਰ, ਨਿਰਦੇਸ਼ਕ, ਕਾਮੇਡੀਅਨ ਤੇ ਨੁੱਕੜ ਨਾਟਕਕਾਰ ਗੁਰਚਰਨ ਸਿੰਘ ਚੰਨੀ ਦਾ ਇਥੇ ਕਰੋਨਾ ਵਾਇਰਸ ਕਾਰਨ ਦੇਹਾਂਤ ਹੋ ਗਿਆ ਹੈ। ਉਹ 70 ਸਾਲਾਂ ਦੇ ਸਨ। ਨੁੱਕੜ ਨਾਟਕ ਨਾਲ ਚੰਡੀਗੜ੍ਹ ਦੀ ਜਾਣ-ਪਛਾਣ ਕਰਵਾਉਣ ਲਈ ਜਾਣੇ ਜਾਂਦੇ ਚੰਨੀ ਕਰੋਨਾ ਵਾਇਰਸ ਹੋਣ ਮਗਰੋਂ ਪਿਛਲੇ ਕੁਝ ਸਮੇਂ ਤੋਂ ਮੁਹਾਲੀ ਦੇ ਇਕ ਪ੍ਰਾਈਵੇਟ ਹਸਪਤਾਲ ‘ਚ ਵੈਂਟੀਲੇਟਰ ‘ਤੇ ਸਨ। ਉਨ੍ਹਾਂ ਦੀ ਪਤਨੀ ਹਰਲੀਨ ਕੋਹਲੀ ਦਾ ਵੀ ਕਰੋਨਾ ਦਾ ਇਲਾਜ ਚੱਲ ਰਿਹਾ ਹੈ। ਪੰਜਾਬ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਤੋਂ ਪੜ੍ਹਾਈ ਕਰਨ ਵਾਲੇ ਗੁਰਚਰਨ ਸਿੰਘ ਚੰਨੀ ਦੋ ਵਾਰ (1999-2007 ਅਤੇ 2013-15) ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੂੰ ਨੁੱਕੜ ਨਾਟਕ ਲਈ ਸੰਗੀਤ ਨਾਟਕ ਅਕੈਡਮੀ ਵੱਲੋਂ ਕੌਮੀ ਪੁਰਸਕਾਰ ਵੀ ਮਿਲ ਚੁੱਕਾ ਹੈ। ‘ਦਫਾ 144’, ‘ਜ਼ਿੰਦਗੀ ਰਿਟਾਇਰ ਨਹੀਂ ਹੋਤੀ’, ‘ਰੌਕੇਟ ਹੋ ਯਾ ਬੌਂਬ’ ਉਨ੍ਹਾਂ ਦੇ ਕੁਝ ਮਸ਼ਹੂਰ ਨਾਟਕ ਹਨ। ਉਨ੍ਹਾਂ ਜਿਥੇ ਆਪਣੇ ਨਾਟਕਾਂ ਤੇ ਨੁੱਕੜ ਨਾਟਕਾਂ ਵਿਚ ਸਮਾਜਿਕ ਸਰੋਕਾਰਾਂ ਤੇ ਦੱਬੇ-ਕੁਚਲੇ ਵਰਗ ਦੇ ਮਸਲੇ ਉਠਾਏ, ਉਥੇ ਹੀ ਬਤੌਰ ਅਦਾਕਾਰ ਜਲੰਧਰ ਤੇ ਦਿੱਲੀ ਦੂਰਦਰਸ਼ਨ ਲਈ ਟੈਲੀ ਫਿਲਮਾਂ ਵੀ ਬਣਾਈਆਂ।


## ਪਿੰਡ ਜੋਧਪੁਰ ਦੇ ਨੌਜਵਾਨ ਦਾ ਮਨੀਲਾ ‘ਚ ਕਤਲ

**ਟੱਲੇਵਾਲ:** ਬਰਨਾਲਾ ਜ਼ਿਲ੍ਹੇ ਦੇ ਪਿੰਡ ਜੋਧਪੁਰ (ਚੀਮਾ) ਦੇ ਨੌਜਵਾਨ ਦਾ ਮਨੀਲਾ ‘ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਨੌਜਵਾਨ ਪ੍ਰਗਟ ਸ਼ਰਮਾ (35) ਪੁੱਤਰ ਇੰਦਰਜੀਤ ਸ਼ਰਮਾ ਪਿਛਲੇ ਕਰੀਬ 12 ਸਾਲਾਂ ਤੋਂ ਮਨੀਲਾ ਰਹਿ ਰਿਹਾ ਸੀ। ਮ੍ਰਿਤਕ ਦੇ ਭਰਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਡੇਢ ਸਾਲ ਪਿੰਡ ਰਹਿਣ ਮਗਰੋਂ ਉਹ ਪਿਛਲੇ ਚਾਰ ਸਾਲਾਂ ਤੋਂ ਮਨੀਲਾ ਦੇ ਸ਼ਹਿਰ ਸਿੱਬੂ ਵਿਚ ਪਰਿਵਾਰ ਸਮੇਤ ਰਹਿ ਰਿਹਾ ਸੀ। ਉਸ ਦਾ ਫਾਇਨਾਂਸ ਦਾ ਕਾਰੋਬਾਰ ਸੀ। ਜਦੋਂ ਉਹ ਆਪਣੇ ਕੰਮ ‘ਤੇ ਜਾ ਰਿਹਾ ਸੀ ਤਾਂ ਉਸ ਨੂੰ ਗੋਲੀਆਂ ਮਾਰ ਦਿੱਤੀਆਂ। ਪਰਿਵਾਰ ਨੇ ਭਾਰਤ ਅਤੇ ਮਨੀਲਾ ਦੀਆਂ ਸਰਕਾਰਾਂ ਨੂੰ ਪ੍ਰਗਟ ਸ਼ਰਮਾ ਦੀ ਦੇਹ ਪਿੰਡ ਲਿਆਉਣ ਲਈ ਮਦਦ ਕਰਨ ਦੀ ਅਪੀਲ ਕੀਤੀ ਹੈ।

## ਲਾਲ ਕਿਲ੍ਹਾ ਹਿੰਸਾ ਮਾਮਲੇ ‘ਚ ਦੀਪ ਸਿੱਧੂ ਤੇ ਹੋਰਾਂ ਖਿਲਾਫ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਰੈਲੀ ਦੌਰਾਨ ਲਾਲ ਕਿਲੇ ‘ਤੇ ਹੋਈ ਹਿੰਸਾ ਦੇ ਮਾਮਲੇ ਵਿਚ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਤੀਸ ਹਜ਼ਾਰੀ ਅਦਾਲਤ ਵਿਚ ਡਿਊਟੀ ਮੈਜਿਸਟਰੇਟ ਸਾਹਿਲ ਮੋਂਗਾ ਅੱਗੇ 3000 ਸਫਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਹੈ।

ਚਾਰਜਸ਼ੀਟ ‘ਚ ਅਦਾਕਾਰ ਦੀਪ ਸਿੱਧੂ ਅਤੇ ਹੋਰਾਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਮੁਲਜ਼ਮਾਂ ਵੱਲੋਂ ਦਿੱਤੇ ਗਏ ਬਿਆਨਾਂ ਅਤੇ ਹਿੰਸਾ ਨਾਲ ਜੁੜੇ ਸਬੂਤਾਂ ਨੂੰ ਚਾਰਜਸ਼ੀਟ ਦਾ ਆਧਾਰ ਬਣਾਇਆ ਗਿਆ ਹੈ। ਸੀਨੀਅਰ ਪੁਲਿਸ ਅਧਿਕਾਰੀ ਮੁਤਾਬਕ ਚਾਰਜਸ਼ੀਟ 17 ਮਈ ਨੂੰ ਦਾਖਲ ਕੀਤੀ ਗਈ ਹੈ। ਚਾਰਜਸ਼ੀਟ ‘ਚ ਦੋਸ਼ ਲਾਇਆ ਗਿਆ ਹੈ ਕਿ ਲਾਲ ਕਿਲੇ ਵਿਚ ਭੰਨ-ਤੋੜ ਲਈ ਪ੍ਰਦਰਸ਼ਨਕਾਰੀਆਂ ਨੇ ਦਿੱਲੀ ਪੁਲਿਸ ਅਤੇ ਕਿਸਾਨ ਆਗੂਆਂ ਵਿਚਾਲੇ ਤਿੰਨ ਮਾਰਗਾਂ ਤੋਂ ਟਰੈਕਟਰ ਰੈਲੀ ਕੱਢਣ ਲਈ ਹੋਏ ਸਮਝੌਤੇ ਨੂੰ ਤੋੜਨ ਦੀ ਪਹਿਲਾਂ ਤੋਂ ਸੋਚੀ-ਸਮਝੀ ਤੇ ਚੰਗੇ ਤਾਲਮੇਲ ਨਾਲ ਯੋਜਨਾ ਬਣਾਈ ਸੀ। ਪੁਲਿਸ ਵੱਲੋਂ ਇਕਬਾਲ ਸਿੰਘ ਦੇ ਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜੋ ਫੇਸਬੁੱਕ ‘ਤੇ ‘ਲਾਈਵ’



ਹੋਇਆ ਸੀ ਅਤੇ ਉਸ ‘ਤੇ ਪ੍ਰਦਰਸ਼ਨਕਾਰੀਆਂ ਨੂੰ ਭੜਕਾਉਣ ਦਾ ਦੋਸ਼ ਲਾਇਆ ਗਿਆ ਹੈ।

ਕੋਤਵਾਲੀ ਦੇ ਐਸ.ਐਚ.ਓ. ਰਿਤੁਰਾਜ ਵੱਲੋਂ ਦਿੱਤੀ ਸ਼ਿਕਾਇਤ ‘ਤੇ ਦਰਜ ਐਫ.ਆਈ.ਆਰ. ਮੁਤਾਬਕ ਅੰਦਾਜ਼ਨ ਇਕ ਹਜ਼ਾਰ ਲੋਕ, 30-40 ਟਰੈਕਟਰ ਅਤੇ 150 ਦੇ ਕਰੀਬ ਮੋਟਰਸਾਈਕਲਾਂ ਤੇ ਕਾਰਾਂ ਨਾਲ ਸਾਹਮਣੇ ਮੈਦਾਨ ਅਤੇ ਲਾਲ ਕਿਲੇ ਅੰਦਰ ਦਾਖਲ ਹੋਏ ਸਨ। ਸ਼ਿਕਾਇਤ ‘ਚ ਦੋਸ਼ ਲਾਇਆ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਮੁਲਾਜ਼ਮਾਂ ਦਾ ਪਿੱਛਾ ਕਰਕੇ ਉਨ੍ਹਾਂ ‘ਤੇ ਹਮਲਾ ਕੀਤਾ। ਉਨ੍ਹਾਂ ਕੋਲ ਮੌਜੂਦ ਲਾਠੀਆਂ ਅਤੇ ਹੋਰ ਸਾਮਾਨ ਨੂੰ ਲੁੱਟ ਲਿਆ ਗਿਆ ਤੇ ਇਕ ਟਾਇਲਟ ਵਿਚ ਬੰਦ ਕਰ ਦਿੱਤਾ ਗਿਆ। ਹਿੰਸਾ ਲਈ ਗ੍ਰਿਫਤਾਰ ਕੀਤੇ ਗਏ 16 ਵਿਅਕਤੀਆਂ ਵਿਚੋਂ 13 ਹੁਣ ਜ਼ਮਾਨਤ ‘ਤੇ ਹਨ। ਲਾਲ ਕਿਲੇ ਦੀ ਫਸੀਲ ‘ਤੇ ਲੱਗੇ ਡੰਡੇ ‘ਤੇ ਨਿਸ਼ਾਨ ਸਾਹਿਬ ਝੁਲਾਉਣ ਵਾਲੇ ਵਿਅਕਤੀ ਦੀ ਪਛਾਣ ਜੁਗਰਾਜ ਸਿੰਘ ਵਜੋਂ ਹੋਈ ਹੈ। ਚਾਰਜਸ਼ੀਟ ਮੁਤਾਬਕ ਖੇਮਪ੍ਰੀਤ ਸਿੰਘ ਬਰਛੀ ਰਾਹੀਂ ਪੁਲਿਸ ਮੁਲਾਜ਼ਮਾਂ ‘ਤੇ ਹਮਲਾ ਕਰਦੇ ਦੇਖਿਆ ਗਿਆ। ਇਕ ਵੀਡੀਓ ਵਿਚ ਮਨਿੰਦਰ ਸਿੰਘ ਮੋਨੀ ਨਾਂ ਦਾ ਨੌਜਵਾਨ ਦੋ ਕਿਰਪਾਨਾਂ ਨਾਲ ਲਾਲ ਕਿਲੇ ‘ਤੇ ਦੇਖਿਆ ਗਿਆ ਸੀ ਅਤੇ ਉਹ ਅਜੇ ਵੀ ਜੇਲ੍ਹ ਵਿਚ ਬੰਦ ਹਨ। ਪੁਲਿਸ ਜਾਂਚ ਦੌਰਾਨ ਖੇਮਪ੍ਰੀਤ ਨੇ ਖੁਲਾਸਾ ਕੀਤਾ ਕਿ 26 ਜਨਵਰੀ ਨੂੰ ਉਹ ਆਪਣੇ ਸਾਥੀਆਂ ਸਮੇਤ ਸੰਜੇ ਗਾਂਧੀ ਟਰਾਂਸਪੋਰਟ ਨਗਰ ਤੋਂ ਭੀੜ ਵਿਚ ਸ਼ਾਮਲ ਹੋਇਆ ਸੀ ਤੇ ਆਖਰਕਾਰ ਬੁਰਾੜੀ ਅਤੇ ਛੱਟ ਰੇਲ ਵਿਖੇ ਬੈਰੀਕੇਡਾਂ ਦੀ ਉਲੰਘਣਾ ਕਰਕੇ ਲਾਲ ਕਿਲੇ ਪਹੁੰਚਿਆ ਸੀ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਮੁਜ਼ਾਹਰਾਕਾਰੀਆਂ ਨੇ ਸੁਰੱਖਿਆ ਬਲਾਂ ਨਾਲ ਹਿੰਸਕ ਟਕਰਾਅ ਕੀਤਾ ਅਤੇ ਇਤਿਹਾਸਕ ਯਾਦਗਾਰ ਦੀ ਪਵਿੱਤਰਤਾ ਭੰਗ ਕੀਤੀ।

# ਪੈਟਰੋਲ ਡੀਜ਼ਲ ਕੀਮਤਾਂ ਨੇ ਕਰਵਾਏ ਆਮ ਆਦਮੀ ਦੇ ਹੱਥ ਖੜ੍ਹੇ

## ਲੋਕਾਂ ਨੂੰ ਰਾਹਤ ਦੇਣ ਦੇ ਮੂਡ ਵਿਚ ਨਹੀਂ ਸਰਕਾਰ

**ਚੰਡੀਗੜ੍ਹ:** ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿਚ ਵਾਧੇ ਦਾ ਸਿਲਸਿਲਾ ਤੇਜ਼ ਹੋ ਗਿਆ ਹੈ। ਦੇਸ਼ ਭਰ ਵਿਚ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਚੁੱਕੀਆਂ ਹਨ। ਤੇਲ ਕੀਮਤਾਂ ਵਿਚ ਵਾਧੇ ਨਾਲ ਮਹਿੰਗਾਈ ਵੀ ਛਾਲਾਂ ਮਾਰ ਵਧ ਰਹੀ ਹੈ।

ਇਕ ਅੰਦਾਜ਼ੇ ਅਨੁਸਾਰ ਮਾਰਚ 2020 ਤੋਂ ਮਾਰਚ 2021 ਤੱਕ ਪੈਟਰੋਲ ਦੀ ਕੀਮਤ ਵਿਚ 22 ਰੁਪਏ ਤੱਕ ਦਾ ਵਾਧਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮਾਰਚ 2021 ਤੋਂ ਅਪਰੈਲ ਤੱਕ, ਜਦੋਂ ਪੰਜ ਰਾਜਾਂ ਵਿਚ ਚੋਣਾਂ ਚੱਲ ਰਹੀਆਂ ਹਨ, ਤੇਲ ਦੀਆਂ ਕੀਮਤਾਂ ਵਿਚ ਮਾਮੂਲੀ ਕਮੀ ਦਰਜ ਕੀਤੀ ਗਈ ਸੀ। ਪਿਛਲੇ ਸਾਲ ਪੰਜਾਬ 'ਚ ਇਕ ਮਈ ਨੂੰ ਪੈਟਰੋਲ ਦੀ ਕੀਮਤ 69.65 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ ਦੀ ਕੀਮਤ 62.37 ਰੁਪਏ ਪ੍ਰਤੀ ਲੀਟਰ ਸੀ। ਹੁਣ ਪੰਜਾਬ ਵਿਚ ਪੈਟਰੋਲ ਦੀ ਕੀਮਤ 94.28 ਰੁਪਏ ਤੇ ਡੀਜ਼ਲ ਦੀ ਕੀਮਤ 85.83 ਰੁਪਏ ਪ੍ਰਤੀ ਲੀਟਰ ਦੇ ਕਰੀਬ ਪਹੁੰਚ ਗਈ ਹੈ। ਦੱਸ ਦਈਏ ਕਿ ਪੈਟਰੋਲ ਦੀ ਅਸਲ ਕੀਮਤ 34.19 ਰੁਪਏ ਪ੍ਰਤੀ ਲੀਟਰ ਪੈਂਦੀ ਹੈ ਤੇ ਇਸ ਉਪਰ ਲੋਕ 56.54 ਰੁਪਏ ਪ੍ਰਤੀ ਲੀਟਰ ਟੈਕਸ ਦੀ ਅਦਾਇਗੀ ਕਰ ਰਹੇ ਹਨ, ਜਿਸ ਵਿਚ ਕੇਂਦਰੀ ਐਕਸਾਈਜ਼ ਡਿਊਟੀ 32.90 ਰੁਪਏ ਅਤੇ ਸੂਬੇ ਦਾ ਵੈਟ 23.64 ਰੁਪਏ ਪ੍ਰਤੀ ਲੀਟਰ ਦੇ ਕਰੀਬ ਵਸੂਲ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਡੀਜ਼ਲ ਦੀ ਅਸਲ ਕੀਮਤ 36.32 ਰੁਪਏ ਪ੍ਰਤੀ ਲੀਟਰ ਪੈਂਦੀ ਹੈ। ਇਸ ਵਿਚ ਕੇਂਦਰੀ ਐਕਸਾਈਜ਼ ਡਿਊਟੀ 31.80 ਰੁਪਏ ਅਤੇ ਰਾਜ ਦਾ ਵੈਟ 15.06 ਰੁਪਏ ਪ੍ਰਤੀ ਲੀਟਰ ਦੇ ਕਰੀਬ ਹੈ। ਪਿਛਲੇ ਸਾਲ ਅੰਤਰਰਾਸ਼ਟਰੀ ਬਾਜ਼ਾਰ ਵਿਚ




ਕੱਚੇ ਤੇਲ ਦੀਆਂ ਕੀਮਤਾਂ ਰਿਕਾਰਡ ਤੋੜ ਡਿੱਗੀਆਂ ਸਨ ਅਤੇ ਕੱਚੇ ਤੇਲ ਦੀ ਕੀਮਤ 37 ਡਾਲਰ ਪ੍ਰਤੀ ਬੈਰਲ ਰਹਿ ਗਈ ਸੀ ਪਰ ਉਨ੍ਹਾਂ ਦਿਨਾਂ ਵਿਚ ਵੀ ਤੇਲ ਕੰਪਨੀਆਂ ਨੇ ਤਾਲਾਬੰਦੀ ਦੌਰਾਨ ਵੀ ਰਿਕਾਰਡ ਤੋੜ ਮੁਨਾਫਾ ਦਿਖਾਇਆ ਹੈ।

ਮਈ 2020 ਦੌਰਾਨ ਤੇਲ ਦੀਆਂ ਕੀਮਤਾਂ ਵਿਚ ਕਰੀਬ 15 ਦਿਨ ਲਗਾਤਾਰ ਵਾਧਾ ਹੁੰਦਾ ਰਿਹਾ। ਮਾਰਚ 2020 ਵਿਚ ਰਾਜਧਾਨੀ ਦਿੱਲੀ ਵਿਚ ਪੈਟਰੋਲ ਦੀ ਕੀਮਤ ਕਰੀਬ 69 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕੀਮਤ ਕਰੀਬ 62 ਰੁਪਏ ਪ੍ਰਤੀ ਲੀਟਰ ਸੀ, ਮਈ 2021 ਤੱਕ ਪੈਟਰੋਲ ਕਰੀਬ 92 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕੀਮਤ ਕਰੀਬ 80 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਇਸੇ ਤਰ੍ਹਾਂ ਪੰਜਾਬ ਵਿਚ ਮਾਰਚ 2020 ਵਿਚ ਪੈਟਰੋਲ ਦੀ ਕੀਮਤ ਕਰੀਬ 67 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕੀਮਤ 61 ਰੁਪਏ ਪ੍ਰਤੀ ਲੀਟਰ ਸੀ ਜਦੋਂਕਿ ਮਈ 2021 ਵਿਚ ਪੈਟਰੋਲ ਦੀ ਕੀਮਤ ਕਰੀਬ 94 ਰੁਪਏ ਪ੍ਰਤੀ ਲੀਟਰ ਹੈ ਅਤੇ ਡੀਜ਼ਲ ਦੀ ਕੀਮਤ 85 ਰੁਪਏ ਪ੍ਰਤੀ ਲੀਟਰ ਤੱਕ ਪੁੱਜ ਗਈ ਹੈ।

ਸਿਰਫ ਇਕ ਸਾਲ ਵਿਚ ਹੀ ਤੇਲ ਦੀਆਂ ਕੀਮਤਾਂ ਵਿਚ ਹੋਏ ਇਸ ਬੇਤਹਾਸ਼ਾ ਵਾਧੇ ਨੇ ਆਮ ਲੋਕਾਂ 'ਤੇ ਵੱਡਾ ਬੋਝ ਪਾਇਆ ਹੈ। ਤੇਲ ਦੀਆਂ ਕੀਮਤਾਂ ਖੁੱਲ੍ਹੀ ਮੰਡੀ ਨਾਲ ਜੋੜੀਆਂ ਗਈਆਂ ਹਨ। ਇਸ ਲਈ ਤੇਲ ਦੀਆਂ ਕੀਮਤਾਂ ਵਧਣ ਮੌਕੇ ਸਰਕਾਰੀ ਬੁਲਾਰਿਆਂ ਵਲੋਂ ਕਿਹਾ ਜਾਂਦਾ ਹੈ ਕਿ ਕੀਮਤਾਂ ਸਰਕਾਰ ਨੇ ਨਹੀਂ ਸਗੋਂ ਅੰਤਰਰਾਸ਼ਟਰੀ ਬਾਜ਼ਾਰ ਵਲੋਂ ਵਧਾਈਆਂ ਗਈਆਂ ਹਨ। ਪਰ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਦੀਆਂ ਕੀਮਤਾਂ ਘਟਦੀਆਂ ਹਨ ਤਾਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿਚ ਕਮੀ ਕਰਕੇ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾਂਦੀ। ਬੀਤੇ ਸਾਲ ਜਦੋਂ ਕਰੋਨਾ ਦੇ ਕਹਿਰ ਕਾਰਨ ਪੂਰੇ ਵਿਸ਼ਵ ਦੇ ਬਹੁਤੇ ਦੇਸ਼ਾਂ ਵਿਚ ਤਾਲਾਬੰਦੀ ਅਤੇ ਪਾਬੰਦੀਆਂ ਲਾਗੂ ਸਨ ਤਾਂ ਪੈਟਰੋਲੀਅਮ ਪਦਾਰਥਾਂ ਦੀ ਮੰਗ ਬੇਹੱਦ ਘਟ ਜਾਣ ਕਾਰਨ ਅੰਤਰਰਾਸ਼ਟਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਮੂਧੇ ਮੂੰਹ ਜਾ ਡਿੱਗੀਆਂ ਸਨ, ਪਰ ਠੀਕ ਉਸੇ ਸਮੇਂ ਭਾਰਤ ਵਿਚ ਤੇਲ ਦੀਆਂ ਕੀਮਤਾਂ ਨਵੀਆਂ ਸਿਖਰਾਂ ਵੱਲ ਜਾ ਰਹੀਆਂ ਸਨ।

ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿਚ ਹੁੰਦੇ ਵਾਧੇ ਦਾ ਵੱਡਾ ਕਾਰਨ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਲਗਾਇਆ ਜਾਂਦਾ ਟੈਕਸ, ਸੈੱਸ, ਵੈਟ ਆਦਿ ਵੀ ਹੈ। 2016 ਵਿਚ ਕੇਂਦਰ ਸਰਕਾਰ ਨੇ ਵਸਤੂ ਤੇ ਸੇਵਾ ਟੈਕਸ (ਜੀ.ਐਸ.ਟੀ.) ਨੂੰ ਲਾਗੂ ਕਰ ਕੇ ਵੱਡੇ ਸੁਧਾਰ ਕਰਨ ਦਾ ਦਾਅਵਾ ਕੀਤਾ ਸੀ ਪਰ ਪੈਟਰੋਲ ਡੀਜ਼ਲ ਨੂੰ ਇਸ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ।

ਜੀ.ਐਸ.ਟੀ. ਅਧੀਨ ਕਿਸੇ ਵਸਤੂ ਉਤੇ 28 ਫੀਸਦੀ ਟੈਕਸ ਲਗਾਇਆ ਜਾ ਸਕਦਾ ਹੈ ਪਰ ਮੌਜੂਦਾ ਸਮੇਂ ਵਿਚ ਸਰਕਾਰ ਵੱਲੋਂ ਪੈਟਰੋਲੀਅਮ ਪਦਾਰਥਾਂ ਉਤੇ 57 ਫੀਸਦੀ ਤੋਂ ਵਧੇਰੇ ਟੈਕਸ ਵਸੂਲਿਆ ਜਾਂਦਾ ਹੈ।

## ਦਿਲੀਪ ਤੇ ਰਾਜ ਕਪੂਰ ਦੇ ਜੱਦੀ ਘਰ ਖਰੀਦਣ ਲਈ ਰਾਹ ਪੱਧਰਾ

**ਪਿਸ਼ਾਵਰ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੀ ਸਰਕਾਰ ਨੇ ਅਦਾਕਾਰ ਦਿਲੀਪ ਕੁਮਾਰ ਤੇ ਰਾਜ ਕਪੂਰ ਦੇ ਪੁਰਖਿਆਂ ਦੇ ਘਰ ਖਰੀਦਣ ਲਈ 2.30 ਕਰੋੜ ਰੁਪਏ ਪਿਸ਼ਾਵਰ ਦੇ ਡਿਪਟੀ ਕਮਿਸ਼ਨਰ ਨੂੰ ਸੌਂਪ ਦਿੱਤੇ ਹਨ। ਸ਼ਹਿਰ ਦੇ ਕੇਂਦਰੀ ਹਿੱਸੇ ਕਿੱਸਾ ਖਵਾਨੀ ਬਾਜ਼ਾਰ ਸਥਿਤ ਦੋਵੇਂ ਘਰਾਂ ਨੂੰ ਸਰਕਾਰ ਵੱਲੋਂ ਅਜਾਇਬਘਰ 'ਚ ਤਬਦੀਲ ਕੀਤਾ ਜਾਣਾ ਹੈ। ਪਿਸ਼ਾਵਰ ਦੇ ਡੀਸੀ ਘਰਾਂ ਦੇ ਮੌਜੂਦਾ ਮਾਲਕਾਂ ਨਾਲ ਨੇੜਲੇ ਸੰਪਰਕ ਵਿਚ ਹਨ ਤਾਂ ਕਿ ਦੋਵਾਂ ਧਿਰਾਂ 'ਚ ਸੌਦਾ ਕਰਵਾ ਕੇ ਸਰਕਾਰੀ ਅਥਾਰਿਟੀ ਨੂੰ ਘਰਾਂ ਦਾ ਕਬਜ਼ਾ ਮਿਲ ਸਕੇ।

ਡਿਪਟੀ ਕਮਿਸ਼ਨਰ ਨੂੰ ਇਹ ਰਾਸ਼ੀ ਪੁਰਾਤਤਵ ਵਿਭਾਗ ਵੱਲੋਂ ਜਾਰੀ ਕੀਤੀ ਗਈ ਹੈ। ਇਹ ਕਦਮ ਦੋਵੇਂ ਇਤਿਹਾਸਕ ਇਮਾਰਤਾਂ ਦੇ ਮਾਲਕਾਂ ਨੂੰ ਖਰੀਦ ਲਈ ਆਖਰੀ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਚੁੱਕਿਆ ਗਿਆ ਹੈ। ਖੈਬਰ ਪਖਤੂਨਖਵਾ ਦੇ ਪੁਰਾਤਤਵ ਵਿਭਾਗ ਦੇ ਡਾਇਰੈਕਟਰ ਅਬਦੁਲ ਸਮਦ ਨੇ ਕਿਹਾ ਕਿ ਸਰਕਾਰ ਜਲਦੀ ਹੀ ਦੋਵਾਂ ਘਰਾਂ ਦਾ ਕਬਜ਼ਾ ਲਵੇਗੀ ਅਤੇ ਉਨ੍ਹਾਂ ਦੇ ਢਾਂਚੇ ਨੂੰ ਪੁਰਾਣੇ ਰੂਪ 'ਚ ਬਹਾਲ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੋਵਾਂ ਇਮਾਰਤਾਂ ਨੂੰ ਸੁਰੱਖਿਅਤ ਕਰੇਗੀ ਤਾਂ ਕਿ ਲੋਕਾਂ ਨੂੰ ਫਿਲਮ ਇੰਡਸਟਰੀ ਵਿਚ ਦਿਲੀਪ ਕੁਮਾਰ ਅਤੇ ਰਾਜ ਕਪੂਰ ਦੇ ਯੋਗਦਾਨ ਬਾਰੇ ਪਤਾ ਲੱਗ ਸਕੇ। ਜ਼ਿਕਰਯੋਗ ਹੈ ਕਿ ਰਾਜ ਕਪੂਰ ਦੇ ਪੁਰਖਿਆਂ ਦਾ ਘਰ, ਜਿਸ ਨੂੰ ਕਪੂਰ ਹਵੇਲੀ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ, ਕਿੱਸਾ ਖਵਾਨੀ ਬਾਜ਼ਾਰ 'ਚ ਸਥਿਤ ਹੈ। ਇਸ ਦੀ ਉਸਾਰੀ ਰਾਜ ਕਪੂਰ ਦੇ ਦਾਦਾ ਦੀਵਾਨ ਬਸ਼ੇਸ਼ਵਰਨਾਥ ਕਪੂਰ ਵੱਲੋਂ ਸੰਨ 1918 ਤੋਂ 1922 ਦਰਮਿਆਨ ਕਰਵਾਈ ਗਈ ਸੀ। ਰਾਜ ਕਪੂਰ ਅਤੇ ਉਸ ਦੇ ਚਾਚਾ ਤਿਰਲੋਕ ਕਪੂਰ ਦਾ ਜਨਮ ਇਸੇ ਹਵੇਲੀ 'ਚ ਹੋਇਆ ਸੀ। ਸੂਬਾ ਸਰਕਾਰ ਨੇ ਇਸ ਘਰ ਨੂੰ ਕੌਮੀ ਵਿਰਾਸਤ ਐਲਾਨਿਆ ਹੋਇਆ ਹੈ।

## ਇਜ਼ਰਾਈਲ ਤੇ 'ਹਮਾਸ' ਗੋਲੀਬੰਦੀ ਲਈ ਸਹਿਮਤ

**ਯੇਰੋਸ਼ਲਮ:** ਇਜ਼ਰਾਈਲ ਤੇ ਫਲਸਤੀਨੀ ਦਹਿਸ਼ਤਗਰਦ ਸੰਗਠਨ 'ਹਮਾਸ' ਗੋਲੀਬੰਦੀ ਲਈ ਸਹਿਮਤ ਹੋ ਗਏ ਹਨ। ਇਸ ਤਰ੍ਹਾਂ 11 ਦਿਨਾਂ ਤੋਂ ਲਗਾਤਾਰ ਕੀਤੀ ਜਾ ਰਹੇ ਹਵਾਈ ਹਮਲਿਆਂ ਦੇ ਖਾਤਮੇ ਦਾ ਮੁੱਢ ਬੱਝ ਗਿਆ ਹੈ। ਜ਼ਿਕਰਯੋਗ ਹੈ ਕਿ 2014 ਦੀ ਗਾਜ਼ਾ ਜੰਗ ਤੋਂ ਬਾਅਦ ਪਹਿਲੀ ਵਾਰ ਦੋਵਾਂ ਧਿਰਾਂ ਵਿਚਾਲੇ ਐਨੇ ਵੱਡੇ ਪੱਧਰ 'ਤੇ ਟਕਰਾਅ ਹੋਇਆ ਹੈ। ਇਸ ਹਿੰਸਾ ਵਿਚ ਹੁਣ ਤੱਕ 240 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ ਸੈਂਕੜੇ ਫੱਟੜ ਹੋਏ ਹਨ। ਸ਼ਾਂਤੀ ਬਹਾਲੀ ਦੇ ਯਤਨਾਂ 'ਚ ਅਮਰੀਕਾ, ਮਿਸਰ ਤੇ ਕਈ ਹੋਰ ਦੇਸ਼ਾਂ ਨੇ ਅਹਿਮ ਭੂਮਿਕਾ ਨਿਭਾਈ ਹੈ।



ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਮੁਤਾਬਕ ਸੁਰੱਖਿਆ ਕੈਬਨਿਟ 'ਆਪਸੀ ਸਹਿਮਤੀ ਨਾਲ ਬਿਨਾਂ ਸ਼ਰਤ' ਬੰਬਾਰੀ ਬੰਦ ਕਰਨ ਦਾ ਫੈਸਲਾ ਕੀਤਾ ਹੈ। ਗੋਲੀਬੰਦੀ ਤੋਂ ਬਾਅਦ ਗਾਜ਼ਾ ਪੱਟੀ ਤੇ ਪੱਛਮੀ ਕੰਢੇ 'ਤੇ ਲੋਕਾਂ ਨੇ ਖੁਸ਼ੀ ਮਨਾਈ ਹੈ। ਸੋਸ਼ਲ ਮੀਡੀਆ 'ਤੇ ਜਸ਼ਨ ਮਨਾਉਣ ਦੀਆਂ ਕਈ ਵੀਡੀਓਜ਼ ਅਪਲੋਡ ਕੀਤੀਆਂ ਗਈਆਂ ਹਨ। ਇਜ਼ਰਾਈਲ ਤੇ ਹਮਾਸ ਦੋਵੇਂ ਇਸ ਟਕਰਾਅ ਵਿਚ ਆਪਣੀ ਜਿੱਤ ਹੋਈ ਦੱਸ ਰਹੇ ਹਨ। ਮਿਸਰ ਦੇ ਰਾਸ਼ਟਰਪਤੀ ਅਬਦੁਲ ਫਤਾਹ ਅਲ-ਸਿਸੀ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਸ਼ਾਂਤੀ ਬਹਾਲੀ ਵਿਚ ਨਿਭਾਈ ਭੂਮਿਕਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਮਿਸਰ ਦੇ ਰਾਸ਼ਟਰਪਤੀ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਟਕਰਾਅ ਨੂੰ ਕੂਟਨੀਤੀ ਨਾਲ ਹੱਲ ਕਰਨ ਦੀ ਜ਼ਰੂਰਤ ਨੂੰ ਸਮਝਿਆ ਹੈ। ਇਸੇ ਦੌਰਾਨ ਬਾਇਡਨ ਨੇ ਗੋਲੀਬੰਦੀ ਦਾ ਸਵਾਗਤ ਕਰਦਿਆਂ ਕਿਹਾ ਕਿ ਫਲਸਤੀਨੀ ਤੇ ਇਜ਼ਰਾਈਲੀ ਲੋਕ ਸੁਰੱਖਿਅਤ ਜੀਵਨ ਜਿਉਣ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਚੁੱਪ-ਚੁਪੀਤੇ ਆਪਣੇ ਅਣਥੱਕ ਯਤਨ ਜਾਰੀ ਰੱਖੇਗਾ ਤੇ ਸ਼ਾਂਤੀ ਬਰਕਰਾਰ ਰੱਖਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਗਾਜ਼ਾ ਦੇ ਲੋਕਾਂ ਲਈ ਮੁੜ ਵਸੇਬੇ ਲਈ ਯਤਨ ਕੀਤੇ ਜਾਣਗੇ। ਬਾਇਡਨ ਨੇ ਨੇਤਨਯਾਹੂ ਤੇ ਮਿਸਰ ਦੇ ਰਾਸ਼ਟਰਪਤੀ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਹੈ। ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਨੇ ਵੀ ਗਾਜ਼ਾ ਤੇ ਇਜ਼ਰਾਈਲ ਦਰਮਿਆਨ ਹੋਏ ਗੋਲੀਬੰਦੀ ਸਮਝੌਤੇ ਦਾ ਸਵਾਗਤ ਕੀਤਾ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਟਕਰਾਅ ਦਾ ਹੱਲ ਲੱਭਣ ਲਈ ਤੇ ਸ਼ਾਂਤੀ ਬਹਾਲ ਕਰਨ ਲਈ 'ਗੰਭੀਰ ਵਿਚਾਰ-ਚਰਚਾ' ਕਰਨੀ ਚਾਹੀਦੀ ਹੈ। ਇਸੇ ਦੌਰਾਨ ਚੀਨ ਨੇ ਐਲਾਨ ਕੀਤਾ ਹੈ ਕਿ ਉਹ ਗਾਜ਼ਾ ਦੀ ਮਾਲੀ ਮਦਦ ਕਰੇਗਾ ਤੇ ਕੋਵਿਡ ਦੀ ਦੋ ਲੱਖ ਡੋਜ਼ ਭੇਜੇਗਾ।

## ਤਰੁਣ ਤੇਜਪਾਲ ਜਬਰ ਜਨਾਹ ਦੇ ਦੋਸ਼ਾਂ ਤੋਂ ਬਰੀ

**ਪਣਜੀ:** ਗੋਆ ਦੀ ਸੈਸ਼ਨ ਅਦਾਲਤ ਨੇ ਪੱਤਰਕਾਰ ਤਰੁਣ ਤੇਜਪਾਲ ਨੂੰ ਆਪਣੀ ਸਾਬਕਾ ਮਹਿਲਾ ਸਾਥੀ ਨਾਲ ਜਬਰ-ਜਨਾਹ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਤਹਿਲਕਾ ਦੇ ਸਾਬਕਾ ਮੁੱਖ ਸੰਪਾਦਕ ਤੇਜਪਾਲ 'ਤੇ 2013 'ਚ ਗੋਆ ਦੇ ਹੋਟਲ ਦੀ ਲਿਫਟ 'ਚ ਆਪਣੀ ਸਾਥੀ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਸਨ।

ਵਧੀਕ ਸੈਸ਼ਨ ਜੱਜ ਸ਼ਮਾ ਜੋਸ਼ੀ ਨੇ ਜਦੋਂ ਫੈਸਲਾ ਸੁਣਾਇਆ ਤਾਂ ਉਸ ਸਮੇਂ ਅਦਾਲਤ 'ਚ ਤਰੁਣ ਤੇਜਪਾਲ ਪਰਿਵਾਰਕ ਮੈਂਬਰਾਂ ਨਾਲ ਹਾਜ਼ਰ ਸਨ। ਇਸਤਗਾਸਾ ਧਿਰ ਨੇ ਕਿਹਾ ਕਿ ਉਹ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਣਗੇ। ਇਸ ਤੋਂ ਪਹਿਲਾਂ ਅਦਾਲਤ ਨੇ ਤਿੰਨ ਵਾਰ ਫੈਸਲੇ ਨੂੰ ਵੱਖ-ਵੱਖ ਕਾਰਨਾਂ ਕਰਕੇ ਮੁਲਤਵੀ ਕੀਤਾ ਸੀ। ਫੈਸਲੇ ਮਗਰੋਂ ਤੇਜਪਾਲ ਵੱਲੋਂ ਜਾਰੀ ਬਿਆਨ ਉਸ ਦੀ ਧੀ ਤਾਰਾ ਨੇ ਪੜ੍ਹ ਕੇ ਸੁਣਾਇਆ ਜਿਸ 'ਚ ਉਸ ਨੇ ਨਿਰਪੱਖ ਅਤੇ ਆਜ਼ਾਦ ਮੁਕੱਦਮੇ ਲਈ ਅਦਾਲਤ ਦਾ ਧੰਨਵਾਦ ਕੀਤਾ। ਤੇਜਪਾਲ ਨੇ ਕਿਹਾ ਕਿ ਪਿਛਲੇ ਸਾਢੇ ਸੱਤ ਸਾਲ ਉਸ ਦੇ ਪਰਿਵਾਰ ਲਈ ਸਦਮੇ ਵਾਲੇ ਸਨ। ਸਰਕਾਰੀ ਵਕੀਲ ਫਰਾਂਸਿਸ ਟੈਵੋਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਲਿਖਤੀ ਹੁਕਮ ਮਿਲਣ ਮਗਰੋਂ ਹਾਈ ਕੋਰਟ 'ਚ ਫੈਸਲੇ ਨੂੰ ਚੁਣੌਤੀ ਦੇਣਗੇ। ਗੋਆ ਪੁਲਿਸ ਨੇ ਤੇਜਪਾਲ ਖਿਲਾਫ ਨਵੰਬਰ 2013 'ਚ ਐਫ.ਆਈ.ਆਰ. ਦਰਜ ਕੀਤੀ ਸੀ ਜਿਸ ਮਗਰੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਗੋਆ ਅਪਰਾਧ ਸ਼ਾਖਾ ਨੇ ਤੇਜਪਾਲ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਸੀ ਅਤੇ ਉਹ ਮਈ 2014 ਤੋਂ ਜ਼ਮਾਨਤ 'ਤੇ ਸੀ।

## ਅਮਰੀਕਾ: ਨਫਰਤੀ ਅਪਰਾਧਾਂ ਨਾਲ ਨਜਿੱਠਣ ਲਈ ਨਵਾਂ ਕਾਨੂੰਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਨਫਰਤੀ ਅਪਰਾਧਾਂ ਨਾਲ ਜੁੜੇ ਇਕ ਕਾਨੂੰਨ 'ਤੇ ਸਹੀ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੁਝ ਸਮੇਂ ਤੋਂ ਏਸ਼ਿਆਈ ਅਮਰੀਕੀਆਂ ਵਿਰੁੱਧ ਨਫਰਤੀ ਅਪਰਾਧ ਕਾਫੀ ਵਧ ਗਏ ਹਨ। ਬਾਇਡਨ ਨੇ ਆਸ ਜਤਾਈ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਵਧੇ ਅਜਿਹੇ ਅਪਰਾਧ ਹੁਣ ਹੋਰ ਸਟੀਕ ਢੰਗ ਨਾਲ ਗਿਣੇ ਜਾ ਸਕਣਗੇ ਤੇ ਰਿਪੋਰਟ ਕੀਤੇ ਜਾ ਸਕਣਗੇ। ਨਵੇਂ ਕਾਨੂੰਨ ਵਿਚ ਨਫਰਤੀ ਅਪਰਾਧਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਯੂਨਿਟ ਬਣਾਉਣ ਦੀ ਤਜਵੀਜ਼ ਹੈ।

ਸੂਬਿਆਂ ਨੂੰ ਵੀ ਹੁਣ ਨਫਰਤੀ ਅਪਰਾਧਾਂ ਨਾਲ ਨਜਿੱਠਣ ਲਈ ਹੌਟਲਾਈਨ ਕਾਇਮ ਕਰਨ ਵਿਚ ਮਦਦ ਮਿਲੇਗੀ। ਜਿਨ੍ਹਾਂ ਲੋਕਾਂ ਦੀ ਅੰਗਰੇਜ਼ੀ ਵਿਚ ਜ਼ਿਆਦਾ ਮੁਹਾਰਤ ਨਹੀਂ ਹੈ, ਉਹ ਵੀ ਸਥਾਨਕ ਤੇ ਸੂਬਾਈ ਪੱਧਰ ਉਤੇ ਇਸ ਤੋਂ ਮਦਦ ਲੈ ਸਕਣਗੇ। ਕਾਨੂੰਨ ਤਹਿਤ ਸੂਬਾਈ ਤੇ ਸਥਾਨਕ ਏਜੰਸੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ ਤਾਂ ਕਿ ਉਹ ਕੇਸਾਂ ਦੀ ਸ਼ਨਾਖਤ ਕਰ ਕੇ ਜਾਂਚ ਕਰ ਸਕਣ।

ਅਮਰੀਕੀ ਰਾਸ਼ਟਰਪਤੀ ਦੇ ਦਸਤਖਤਾਂ ਤੋਂ ਬਾਅਦ ਇਹ ਕਾਨੂੰਨ ਹੁਣ ਲਾਗੂ ਹੋ ਗਿਆ ਹੈ। ਇਸ ਤੋਂ ਪਹਿਲਾਂ ਪ੍ਰਤੀਨਿਧੀ ਸਭਾ ਨੇ ਸੈਨੇਟ ਵੱਲੋਂ ਮਨਜ਼ੂਰ 'ਕੋਵਿਡ-19 ਹੇਟ ਕ੍ਰਾਈਮਜ਼ ਐਕਟ' ਨੂੰ ਵੱਡੇ ਬਹੁਮਤ ਨਾਲ ਮਨਜ਼ੂਰੀ ਦਿੱਤੀ ਸੀ।

# ਮਮਤਾ ਬੈਨਰਜੀ ਆਪਣੇ ਪੁਰਾਣੇ ਗੜ੍ਹ ਭਵਾਨੀਪੁਰ ਤੋਂ ਲੜੇਗੀ ਚੋਣ

**ਕੋਲਕਾਤਾ:** ਪੱਛਮੀ ਬੰਗਾਲ ਦੇ ਖੇਤੀਬਾੜੀ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਆਗੂ ਸ਼ੋਭਨਦੇਬ ਚਟੋਪਾਧਿਆਏ ਨੇ ਭਵਾਨੀਪੁਰ ਸੀਟ ਤੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਸੂਤਰਾਂ ਮੁਤਾਬਕ ਇਸ ਨਾਲ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਆਪਣੇ ਪੁਰਾਣੇ ਗੜ੍ਹ ਤੋਂ ਜ਼ਿਮਨੀ ਚੋਣ ਲੜਨ ਦਾ ਰਾਹ ਪੱਧਰਾ ਹੋ ਗਿਆ ਹੈ। ਵਿਧਾਨ ਸਭਾ ਚੋਣਾਂ 'ਚ ਨੰਦੀਗ੍ਰਾਮ ਤੋਂ ਚੋਣ ਹਾਰਨ ਮਗਰੋਂ ਮਮਤਾ ਬੈਨਰਜੀ ਨੂੰ ਛੇ ਮਹੀਨਿਆਂ ਦੇ ਅੰਦਰ-ਅੰਦਰ ਵਿਧਾਨ ਸਭਾ ਲਈ ਚੁਣੇ ਜਾਣ ਦੀ ਲੋੜ ਹੈ। ਨਹੀਂ ਤਾਂ ਉਨ੍ਹਾਂ ਦੇ ਮੁੱਖ ਮੰਤਰੀ ਅਹੁਦੇ ਨੂੰ ਖਤਰਾ ਖੜ੍ਹਾ ਹੋ ਜਾਵੇਗਾ।

ਮਮਤਾ ਬੈਨਰਜੀ ਨੇ 2011 ਅਤੇ 2016 'ਚ ਭਵਾਨੀਪੁਰ ਤੋਂ ਜਿੱਤ ਹਾਸਲ ਕੀਤੀ ਸੀ। ਉਂਜ ਤ੍ਰਿਣਮੂਲ ਕਾਂਗਰਸ ਦੇ ਤਰਜਮਾਨ ਕੁਨਾਲ ਘੋਸ਼ ਨੇ ਕਿਹਾ ਕਿ ਪਾਰਟੀ ਢੁਕਵੇਂ ਸਮੇਂ 'ਤੇ ਬਿਆਨ ਜਾਰੀ ਕਰੇਗੀ। ਸ੍ਰੀ ਚਟੋਪਾਧਿਆਏ ਨੇ ਸੀਨੀਅਰ ਪਾਰਟੀ ਆਗੂ ਅਤੇ ਮੰਤਰੀ ਮੰਡਲ ਦੇ ਸਾਥੀ




ਪਾਰਥਾ ਚੈਟਰਜੀ ਦੀ ਹਾਜ਼ਰੀ 'ਚ ਵਿਧਾਨ ਸਭਾ ਦੇ ਸਪੀਕਰ ਬਿਮਾਨ ਬੰਦੋਪਾਧਿਆਏ ਨੂੰ ਆਪਣਾ ਅਸਤੀਫਾ ਸੌਂਪਿਆ। ਸਪੀਕਰ ਨੂੰ ਮਿਲਣ ਤੋਂ ਪਹਿਲਾਂ ਉਨ੍ਹਾਂ ਦੱਸਿਆ ਕਿ ਉਹ ਭਵਾਨੀਪੁਰ ਹਲਕੇ ਤੋਂ ਵਿਧਾਇਕ ਵਜੋਂ ਅਸਤੀਫਾ ਦੇਣ ਜਾ ਰਹੇ ਹਨ ਅਤੇ ਉਹ ਪਾਰਟੀ ਦੇ ਫੈਸਲੇ 'ਤੇ ਖੁਸ਼ੀ-ਖੁਸ਼ੀ ਪਹਿਰਾ ਦੇਣਗੇ। ਸਪੀਕਰ ਨੇ ਕਿਹਾ,"ਸ਼ੋਭਨਦੇਬ ਚਟੋਪਾਧਿਆਏ ਨੇ ਭਵਾਨੀਪੁਰ ਸੀਟ ਤੋਂ ਆਪਣੀ ਮਰਜ਼ੀ ਨਾਲ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਬਿਨਾਂ ਕਿਸੇ ਦਬਾਅ ਜਾਂ ਧਮਕੀ ਦੇ ਇਹ ਫੈਸਲਾ ਲਿਆ ਹੈ ਅਤੇ ਮੈਂ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ।" ਪਾਰਟੀ ਦੇ ਇਕ ਧੜੇ ਮੁਤਾਬਕ ਚਟੋਪਾਧਿਆਏ ਨੂੰ ਖਾਰਦਾਹ ਸੀਟ ਤੋਂ ਚੋਣ ਲੜਾਈ ਜਾ ਸਕਦੀ ਹੈ ਜਿਥੇ ਪਾਰਟੀ ਆਗੂ ਕਾਜਲ ਸਿਨਹਾ ਦੀ ਕਰੋਨਾ ਕਾਰਨ ਮੌਤ ਹੋਣ ਕਰਕੇ ਸੀਟ ਖਾਲੀ ਹੋਈ ਹੈ। ਕੁਝ ਹੋਰ ਆਗੂਆਂ ਨੇ ਦਾਅਵਾ ਕੀਤਾ ਕਿ ਚਟੋਪਾਧਿਆਏ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਜਾ ਸਕਦਾ ਹੈ। ਖੇਤੀ ਮੰਤਰੀ ਦਾ ਅਹੁਦਾ ਛੱਡਣ ਬਾਰੇ ਪੁੱਛੇ ਜਾਣ 'ਤੇ ਚਟੋਪਾਧਿਆਏ ਨੇ ਕਿਹਾ ਕਿ ਉਹ ਪਾਰਟੀ ਦੇ ਨਿਰਦੇਸ਼ਾਂ ਦਾ ਪਾਲਣ ਕਰਨਗੇ।

### ਟੀ.ਐਮ.ਸੀ. 'ਚ ਵਾਪਸ ਜਾਣਾ ਚਾਹੁੰਦੀ ਹੈ ਭਾਜਪਾ ਆਗੂ ਸੋਨਾਲੀ ਗੁਹਾ

**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਦੀ ਸਾਬਕਾ ਵਿਧਾਇਕ ਸੋਨਾਲੀ ਗੁਹਾ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪੱਤਰ ਲਿਖਿਆ ਤੇ ਪਾਰਟੀ ਛੱਡਣ ਲਈ ਮੁਆਫੀ ਮੰਗਦਿਆਂ ਉਨ੍ਹਾਂ ਨੂੰ ਮੁੜ ਟੀ.ਐਮ.ਸੀ. ਵਿਚ ਸ਼ਾਮਲ ਕਰਨ ਦੀ ਅਪੀਲ ਕੀਤੀ। ਸੋਨਾਲੀ ਗੁਹਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਈ ਸੀ। ਸੋਨਾਲੀ ਗੁਹਾ ਨੇ ਲਿਖਿਆ ਕਿ ਉਸ ਨੇ ਜਜ਼ਬਾਤੀ ਹੋ ਕੇ ਪਾਰਟੀ ਛੱਡੀ ਸੀ।

### ਸ਼ੁਵੇਂਦੂ ਦੇ ਭਰਾ ਅਤੇ ਪਿਤਾ ਨੂੰ ਵੀ.ਆਈ.ਪੀ. ਸੁਰੱਖਿਆ

**ਨਵੀਂ ਦਿੱਲੀ:** ਪੱਛਮੀ ਬੰਗਾਲ ਭਾਜਪਾ ਦੇ ਨੇਤਾ ਸ਼ੁਵੇਂਦੂ ਅਧਿਕਾਰੀ ਦੇ ਸੰਸਦ ਮੈਂਬਰ ਪਿਤਾ ਅਤੇ ਭਰਾ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ 'ਵਾਈ ਪਲੱਸ' ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਸ਼ੁਵੇਂਦੂ ਅਧਿਕਾਰੀ ਦੇ ਪਿਤਾ ਸ਼ਿਸ਼ਿਰ ਕੁਮਾਰ ਅਧਿਕਾਰੀ ਤੇ ਭਰਾ ਦਿਬਯੇਂਦੂ ਅਧਿਕਾਰੀ ਨੂੰ ਕੇਂਦਰੀ ਸੁਰੱਖਿਆ ਏਜੰਸੀਆਂ ਵੱਲੋਂ ਤਿਆਰ ਖਤਰੇ ਦੇ ਅਨੁਮਾਨ ਦੀ ਰਿਪੋਰਟ ਦੇ ਆਧਾਰ 'ਤੇ ਮੰਤਰਾਲੇ ਵੱਲੋਂ ਸੁਰੱਖਿਆ ਮੁਹੱਈਆ ਕੀਤੀ ਗਈ ਹੈ। ਸ਼ਿਸ਼ਿਰ ਕੁਮਾਰ ਅਧਿਕਾਰੀ ਕਾਂਠੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਨ ਜਦਕਿ ਦਿਬਯੇਂਦੂ ਅਧਿਕਾਰੀ ਰਾਜ 'ਚ ਤਮਲੁਕ ਤੋਂ ਟੀ.ਐਮ.ਸੀ. ਦੇ ਸੰਸਦ ਮੈਂਬਰ ਹਨ।

# ਕਿਸਾਨੀ ਸੰਘਰਸ਼: ਯੂ.ਪੀ. ਤੇ ਉਤਰਾਖੰਡ 'ਚ ਵੀ ਹੋਵੇਗੀ ਭਾਜਪਾ ਦੀ ਘੇਰਾਬੰਦੀ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਵੀ ਭਾਜਪਾ ਦੀ ਘੇਰਾਬੰਦੀ ਲਈ ਵੱਡੀ ਮੁਹਿੰਮ ਵਿੱਢਣਗੀਆਂ। ਜਥੇਬੰਦੀਆਂ ਨੇ ਸਾਫ ਕਰ ਦਿੱਤਾ ਹੈ ਕਿ ਸਾਲ 2022 ਵਿਚ ਉਤਰ ਪ੍ਰਦੇਸ਼ ਤੇ ਉਤਰਾਖੰਡ ਦੀ ਸਿਆਸੀ ਲੜਾਈ ਵੀ ਭਾਜਪਾ ਲਈ ਵੱਕਾਰ ਦਾ ਸਵਾਲ ਹੋਵੇਗੀ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਪੰਜਾਬ ਤੋਂ ਉਠਿਆ ਕਿਸਾਨੀ ਅੰਦੋਲਨ ਪੂਰੇ ਦੇਸ਼ 'ਚ ਭਾਜਪਾ ਦੇ ਪਤਨ ਦਾ ਕਾਰਨ ਬਣੇਗਾ। ਸ੍ਰੀ ਰਾਜੇਵਾਲ ਨੇ ਕਿਹਾ ਕਿ ਭਾਜਪਾ ਅਤੇ ਹਾਕਮਾਂ ਦੀਆਂ ਹਮਾਇਤੀ ਧਿਰਾਂ ਨੂੰ ਨਿਰਾ ਵਹਿਮ ਹੈ ਕਿ ਖੇਤੀ ਕਾਨੂੰਨਾਂ ਵਿਰੁੱਧ ਵਿੱਢੀ ਹੋਈ ਲੜਾਈ ਢਿੱਲੀ ਪੈ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ 'ਚ ਕਰੋਨਾ ਤੋਂ ਬਚਾਅ ਦੇ ਪੂਰੇ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਵੀ ਭਾਜਪਾ ਦਾ ਲੋਕ ਵਿਰੋਧੀ ਚਿਹਰਾ ਸਾਹਮਣੇ ਲਿਆਉਣ ਲਈ ਵੱਡੀ ਮੁਹਿੰਮ ਵਿੱਢਣਗੀਆਂ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਿਚ ਵੱਕਾਰ ਦਾ ਸਵਾਲ ਬਣੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੀ ਨਮੋਸ਼ੀ ਭਰੀ ਹਾਰ ਹੋਣ ਸਮੇਤ ਕੇਰਲਾ ਤੇ ਤਾਮਿਲ ਨਾਡੂ ਸੂਬਿਆਂ ਵਿਚ ਖਾਤਾ ਵੀ ਨਾ ਖੁੱਲ੍ਹਣਾ ਸਾਬਤ ਕਰਦਾ ਹੈ ਕਿ ਭਾਜਪਾ ਦੇ ਲੋਕ ਵਿਰੋਧੀ ਚਿਹਰੇ ਤੋਂ ਲੋਕ ਜਾਗਰੂਕ ਹੋ ਗਏ ਹਨ।




ਸ੍ਰੀ ਰਾਜੇਵਾਲ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿਚ ਹਾਲ ਹੀ 'ਚ ਹੋਈਆਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਚ ਲੋਕਾਂ ਨੇ ਭਾਜਪਾ ਨੂੰ ਤਾਰੇ ਦਿਖਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ ਹੋਈਆਂ ਸ਼ਹਿਰੀ ਖੇਤਰ ਦੀਆਂ ਚੋਣਾਂ 'ਚ ਵੀ ਭਗਵਾਂ ਪਾਰਟੀ ਨੂੰ ਢਾਹ ਲੱਗੀ ਹੈ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਾਲ 2022 ਵਿਚ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੀ ਸਿਆਸੀ ਲੜਾਈ ਵੀ ਭਾਜਪਾ ਲਈ ਵੱਕਾਰ ਦਾ ਸਵਾਲ ਹੋਵੇਗੀ।

ਪੰਜਾਬ ਵਿਚ ਪਿਛਲੇ ਸਾਢੇ ਸੱਤ ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਕਿਸਾਨ ਮੋਰਚਿਆਂ ਤੋਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਿਆਸੀ ਪਾਰਟੀਆਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੰਦਿਆਂ ਬੁਲਾਰਿਆਂ ਨੇ ਕਿਹਾ ਕਿ ਸਿਆਸੀ ਧਿਰਾਂ ਕਰੋਨਾ ਦੇ ਨਾਮ ਹੇਠ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੇ ਰਾਹ ਤੁਰੀਆਂ ਹੋਈਆਂ ਹਨ। ਸਟੇਜਾਂ ਤੋਂ ਪੰਜਾਬ ਤੇ ਹਰਿਆਣਾ ਦੇ ਉਨ੍ਹਾਂ ਸਿਆਸੀ ਆਗੂਆਂ ਦੇ ਬਿਆਨਾਂ ਦੀ ਨਿਖੇਧੀ ਕੀਤੀ ਗਈ, ਜਿਨ੍ਹਾਂ ਨੇ ਪਿੰਡਾਂ 'ਚ ਕਰੋਨਾ ਮਹਾਮਾਰੀ ਦੇ ਫੈਲਾਅ ਲਈ ਦਿੱਲੀ 'ਚ ਸੰਘਰਸ਼ ਕਰ ਰਹੇ ਕਿਸਾਨਾਂ ਸਿਰ ਦੋਸ਼ ਮੜ੍ਹੇ ਹਨ।

ਬੁਲਾਰਿਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੀ ਗੂੰਜ ਵਿਸ਼ਵ ਪੱਧਰ 'ਤੇ ਪੈਣ ਕਾਰਨ ਕੁਝ ਸਿਆਸੀ ਪਾਰਟੀਆਂ ਨੇ ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਨ, ਪੰਜਾਬ ਦਾ ਮਾਹੌਲ ਖਰਾਬ ਕਰਨ ਅਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਨ੍ਹਾਂ ਤੋਂ ਸੁਚੇਤ ਰਹਿਣ ਅਤੇ ਪੰਜਾਬ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਾ ਬਣਾਈ ਰੱਖਣ ਦੀ ਲੋੜ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਕਾਰਨ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਤਾਂ ਕਿਸਾਨਾਂ 'ਤੇ ਕਰੋਨਾ ਦੇ ਫੈਲਾਅ ਬਾਰੇ ਬੇਬੁਨਿਆਦ ਦੋਸ਼ ਲਗਾ ਹੀ ਰਹੇ ਸਨ, ਹੁਣ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਵੀ ਭਾਜਪਾ ਆਗੂਆਂ ਦੇ ਬਿਆਨਾਂ ਨਾਲ ਮੇਲ ਖਾਂਦਾ ਬਿਆਨ ਦਿੱਤਾ ਹੈ, ਜਿਸ ਦੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਸਿਆਸੀ ਆਗੂਆਂ ਨੂੰ ਐਨਾ ਹੀ ਫਿਕਰ ਹੈ ਤਾਂ ਕਿਸਾਨਾਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਨ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਮੋਰਚਿਆਂ ਤੋਂ ਆਉਂਦੇ ਕਿਸਾਨ ਕਰੋਨਾ ਟੈਸਟ ਜ਼ਰੂਰ ਕਰਵਾਉਣ।

## ਪੁਰਸ਼ਾਂ ਬਰਾਬਰ ਸੰਘਰਸ਼ 'ਚ ਕੁੱਦੀਆਂ ਔਰਤਾਂ

**ਚੰਡੀਗੜ੍ਹ:** ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਆਗੂਆਂ ਦੇ ਘਰਾਂ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ, ਖੁਸ਼ਕ ਬੰਦਰਗਾਹ ਰਾਏਪੁਰ, ਰੇਲਵੇ ਸਟੇਸ਼ਨਾਂ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਇਲੋ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਜਾਰੀ ਰਹੇ। ਇਸ ਦੌਰਾਨ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਅੰਦੋਲਨ 'ਚ ਔਰਤਾਂ ਦੀ ਵੱਡੀ ਗਿਣਤੀ 'ਚ ਹੋ ਰਹੀ ਸ਼ਮੂਲੀਅਤ ਨੇ ਧਰਨੇ ਹੋਰ ਮਜ਼ਬੂਤ ਕੀਤੇ ਹਨ। ਔਰਤਾਂ ਵੀ ਮਰਦਾਂ ਦੇ ਬਰਾਬਰ ਹੋ ਕੇ ਸੰਘਰਸ਼ਾਂ 'ਚ ਕੁੱਦੀਆਂ ਹਨ। ਜਥੇਬੰਦੀਆਂ ਵੱਲੋਂ ਪਿੰਡਾਂ 'ਚ ਔਰਤਾਂ ਦੀਆਂ ਇਕਾਈਆਂ ਦਾ ਗਠਨ ਜਾਰੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਵਤੀਰੇ ਤੋਂ ਲੱਗ ਰਿਹਾ ਹੈ ਕਿ ਸੰਘਰਸ਼ ਹਾਲੇ ਲੰਮਾ ਚੱਲੇਗਾ।

## ਕਿਸਾਨ ਕਰੋਨਾ ਤੋਂ ਡਰ ਕੇ ਭੱਜਣ ਵਾਲੇ ਨਹੀਂ: ਟਿਕੈਤ

**ਮੁਹਾਲੀ:** ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨ ਕਰੋਨਾ ਦੀ ਆੜ ਹੇਠ ਕਿਸਾਨੀ ਸੰਘਰਸ਼ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਚਾਲਾਂ ਚੱਲ ਰਹੇ ਹਨ ਪਰ ਮੋਦੀ ਸਰਕਾਰ ਕੰਨ ਖੋਲ੍ਹ ਕੇ ਸੁਣ ਲਵੇ ਕਿ ਕਾਲੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਦੇਸ਼ ਦੇ ਕਿਸਾਨ ਕਰੋਨਾ ਮਹਾਮਾਰੀ ਤੋਂ ਡਰ ਕੇ ਭੱਜਣ ਵਾਲੇ ਨਹੀਂ ਹਨ। ਸ੍ਰੀ ਟਿਕੈਤ ਨੇ ਕਿਹਾ ਕਿ ਕਿਸਾਨ ਆਗੂ ਕੇਂਦਰ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ ਪਰ ਪ੍ਰਧਾਨ ਮੰਤਰੀ ਖੁਦ ਗੱਲਬਾਤ ਤੋਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪ੍ਰਧਾਨ ਦਫਤਰ ਅਤੇ ਨਿਵਾਸ ਤੋਂ ਥੋੜ੍ਹੇ ਹੀ ਫਰਕ ਨਾਲ ਧਰਨੇ 'ਤੇ ਬੈਠੇ ਹਨ ਪਰ ਪ੍ਰਧਾਨ ਮੰਤਰੀ ਸ਼ਾਇਦ ਬੇਪ੍ਰਵਾਹ ਹੋ ਗਏ ਹਨ ਜਿਨ੍ਹਾਂ ਨੂੰ ਕਿਸਾਨਾਂ ਦੀ ਪੁਕਾਰ ਸੁਣਾਈ ਨਹੀਂ ਦੇ ਰਹੀ ਹੈ ਤੇ ਉਹ ਪਿੱਠ ਦਿਖਾ ਕੇ ਭੱਜ ਰਹੇ ਹਨ।

# ਢੀਂਡਸਾ ਨੇ ਸਾਂਝਾ ਫਰੰਟ ਬਣਾਉਣ ਦਾ ਸੱਦਾ ਦਿੱਤਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ ਬਚਾਉਣ ਲਈ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਨੂੰ ਛੱਡ ਕੇ ਬਾਕੀ ਸਿਆਸੀ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਲੇ ਲਈ ਕੰਮ ਕਰਨ ਵਾਲੀਆਂ ਪਾਰਟੀਆਂ ਦਾ ਸਾਂਝਾ ਫਰੰਟ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ। ਢੀਂਡਸਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਸਿਟ (ਐਸ.ਆਈ.ਟੀ.) ਨੂੰ ਰੱਦ ਕਰਦਿਆਂ ਕਿਹਾ ਕਿ ਜੇ ਸਰਕਾਰ ਦੀ ਨੀਅਤ ਸਾਫ ਹੁੰਦੀ ਤਾਂ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ੀ ਅੱਜ ਸਲਾਖਾਂ ਪਿੱਛੇ ਹੁੰਦੇ। ਉਨ੍ਹਾਂ ਦੱਸਿਆ ਕਿ ਸ੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਪਹਿਲੀ ਜੂਨ ਨੂੰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚ ਬੇਅਦਬੀ ਅਤੇ ਗੋਲੀ ਕਾਂਡ ਦੇ ਕਸੂਰਵਾਰਾਂ ਖਿਲਾਫ ਕਾਰਵਾਈ ਲਈ ਅਰਦਾਸ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਕੋਵਿਡ ਕੇਅਰ ਸੈਂਟਰ ਸਥਾਪਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਕਮੇਟੀ ਪ੍ਰਧਾਨ ਅਤੇ ਮੈਂਬਰਾਂ ਨੂੰ ਸੈਂਟਰਾਂ ਦੀ ਸ਼ੁਰੂਆਤ ਕਰਨ ਦਾ ਪੂਰਾ ਅਧਿਕਾਰ ਹੈ ਪਰ ਸੁਖਬੀਰ ਸਿੰਘ ਬਾਦਲ ਇਨ੍ਹਾਂ ਕਾਰਜਾਂ ਦੇ ਸਹਾਰੇ ਨਾਲ ਰਾਜਨੀਤੀ ਕਰ ਰਹੇ ਹਨ। ਢੀਂਡਸਾ ਨੇ ਕਿਹਾ ਕਿ ਕਰੋਨਾ ਦੌਰਾਨ ਰੋਜ਼ਾਨਾ ਹਜ਼ਾਰਾਂ ਮੌਤਾਂ ਹੋ ਰਹੀਆਂ ਹਨ। ਡਾਕਟਰ, ਨਰਸਾਂ, ਦਰਜਾ-ਚਾਰ ਕਰਮਚਾਰੀ, ਅਧਿਆਪਕ, ਸਫਾਈ ਮਜ਼ਦੂਰ ਆਦਿ ਅੱਗੇ ਹੋ ਕੇ ਕੰਮ ਕਰ ਰਹੇ ਹਨ ਪਰ ਸਰਕਾਰ ਵੱਲੋਂ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ ਜਾ ਰਹੀ। ਸਰਕਾਰ ਨੂੰ ਇਨ੍ਹਾਂ ਦੀਆਂ ਮੰਗਾਂ ਤੁਰਤ ਮੰਨਣੀਆਂ ਚਾਹੀਦੀਆਂ ਹਨ।

# ਪਹਿਲਵਾਨ ਸੁਸ਼ੀਲ ਕੁਮਾਰ ਗ੍ਰਿਫਤਾਰ

**ਨਵੀਂ ਦਿੱਲੀ:** ਦੋ ਵਾਰ ਦੇ ਓਲੰਪਿਕ ਤਗਮਾ ਜੇਤੂ ਪਹਿਲਵਾਨ ਸੁਸ਼ੀਲ ਕੁਮਾਰ ਅਤੇ ਉਸ ਦੇ ਸਾਥੀ ਨੂੰ ਦਿੱਲੀ ਪੁਲਿਸ ਨੇ ਛਤਰਸਾਲ ਸਟੇਡੀਅਮ 'ਚ ਹੋਏ ਝਗੜੇ ਦੇ ਕੇਸ ਵਿਚ ਗ੍ਰਿਫਤਾਰ ਕਰ ਲਿਆ। ਇਸ ਝਗੜੇ ਵਿਚ ਇਕ ਪਹਿਲਵਾਨ ਦੀ ਮੌਤ ਹੋ ਗਈ ਸੀ।

ਪੁਲਿਸ ਨੇ ਦੱਸਿਆ ਕਿ ਕੁਮਾਰ (38) ਤੇ ਉਸ ਦੇ ਸਾਥੀ ਅਜੈ ਉਰਫ ਸੁਨੀਲ (48) ਨੂੰ ਦਿੱਲੀ ਦੇ ਮੁੰਡਕਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਚਾਰ ਮਈ ਨੂੰ ਸਟੇਡੀਅਮ ਵਿਚ ਹੋਏ ਝਗੜੇ 'ਚ ਪਹਿਲਵਾਨ ਸਾਗਰ ਰਾਣਾ (23) ਦੀ ਮੌਤ ਹੋ ਗਈ ਸੀ। ਉਸ ਦੇ ਦੋ ਦੋਸਤ ਸੋਨੂੰ ਤੇ ਅਮਿਤ ਕੁਮਾਰ ਫੱਟੜ ਹੋ ਗਏ ਸਨ। ਸੁਸ਼ੀਲ ਕੁਮਾਰ ਤੇ ਹੋਰ ਪਹਿਲਵਾਨਾਂ 'ਤੇ ਇਨ੍ਹਾਂ ਦੀ ਕੁੱਟਮਾਰ ਦਾ ਦੋਸ਼ ਹੈ। ਪੁਲਿਸ ਨੇ ਸੁਸ਼ੀਲ ਬਾਰੇ ਜਾਣਕਾਰੀ ਦੇਣ 'ਤੇ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਸੀ ਜੋ ਕਿ ਘਟਨਾ ਤੋਂ ਬਾਅਦ ਫਰਾਰ ਸੀ। ਅਜੈ ਦੀ ਗ੍ਰਿਫਤਾਰੀ 'ਤੇ ਵੀ 50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਇਸ ਤੋਂ ਪਹਿਲਾਂ ਦਿੱਲੀ ਦੀ ਅਦਾਲਤ ਨੇ ਸੁਸ਼ੀਲ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਦੇ ਅਤੇ ਛੇ ਹੋਰਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ।

# ਖਾਲਿਸਤਾਨ ਟਾਈਗਰ ਫੋਰਸ ਕਾਰਕੁਨਾਂ ਤੋਂ ਜਾਂਚ 'ਚ ਅਹਿਮ ਖੁਲਾਸੇ

**ਮੋਗਾ:** ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਦੇ ਦੋ ਕਾਰਕੁਨਾਂ ਲਵਪ੍ਰੀਤ ਸਿੰਘ ਉਰਫ ਰਵੀ ਤੇ ਰਾਮ ਸਿੰਘ ਉਰਫ ਸੋਨੂੰ ਨੇ ਅਹਿਮ ਖੁਲਾਸੇ ਕੀਤੇ ਹਨ। ਉਨ੍ਹਾਂ ਬੇਅਦਬੀਆਂ ਦਾ ਬਦਲਾ ਲੈਣ ਲਈ ਡੇਰਾ ਪ੍ਰੇਮੀ ਦੀ ਹੱਤਿਆ ਕੀਤੀ ਸੀ। ਉਹ ਦੋਵੇਂ ਕੈਨੇਡਾ ਆਧਾਰਿਤ ਕੇ.ਟੀ.ਐਫ. ਮੁਖੀ ਹਰਦੀਪ ਸਿੰਘ ਨਿੱਜਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਨਿੱਜਰ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਗੈਂਗਸਟਰ ਸੁੱਖਾ ਲੰਮੇ ਨੂੰ ਜ਼ਹਿਰ ਦੇ ਕੇ ਮਾਰਨ ਮਗਰੋਂ ਉਸ ਦੀ ਲਾਸ਼ ਦੌਧਰ ਨਹਿਰ 'ਚ ਰੋੜ੍ਹ ਦਿੱਤੀ ਗਈ ਸੀ। ਉਨ੍ਹਾਂ ਦਾ ਇਕ ਸਾਥੀ ਕਮਲਜੀਤ ਸਰਮਾ ਉਰਫ ਕਮਲ ਅਜੇ ਫਰਾਰ ਹੈ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਖਾਲਿਸਤਾਨ ਟਾਈਗਰ ਫੋਰਸ ਦੇ ਕਾਰਕੁਨ ਡੇਰਾ ਪ੍ਰੇਮੀ ਦੀ ਹੱਤਿਆ ਅਤੇ ਇਕ ਪੁਜਾਰੀ 'ਤੇ ਗੋਲੀਆਂ ਚਲਾਉਣ ਸਮੇਤ ਕਈ ਘਿਨਾਉਣੇ ਜੁਰਮਾਂ ਵਿਚ ਸ਼ਾਮਲ ਸਨ। ਪੁਲਿਸ ਨੇ ਇਕ ਹੋਰ ਡੇਰਾ ਪ੍ਰੇਮੀ ਦੀ ਹੱਤਿਆ ਕਰਨ ਦੀ ਯੋਜਨਾ ਨੂੰ ਨਾਕਾਮ ਬਣਾ ਦਿੱਤਾ ਹੈ। ਗ੍ਰਿਫਤਾਰ ਮੁਲਜ਼ਮਾਂ ਕੋਲੋਂ ਤਿੰਨ 0.32 ਬੋਰ ਪਿਸਤੌਲਾਂ, 38 ਕਾਰਤੂਸ, ਇੱਕ 0.315 ਬੋਰ ਪਿਸਤੌਲ ਅਤੇ 10 ਕਾਰਤੂਸਾਂ ਤੋਂ ਇਲਾਵਾ ਦੋ ਮੈਗਜ਼ੀਨਾਂ ਬਰਾਮਦ ਕੀਤੀਆਂ ਹਨ।



ਡੀ.ਜੀ.ਪੀ. ਨੇ ਦੱਸਿਆ ਕਿ ਨਿੱਜਰ ਤੋਂ ਇਲਾਵਾ ਕੇ.ਟੀ.ਐਫ. ਦੇ ਤਿੰਨ ਹੋਰ ਸਹਿ-ਸਾਜਿਸ਼ਕਰਤਾਵਾਂ ਦੀ ਪਛਾਣ ਅਰਸ਼ਦੀਪ, ਰਮਨਦੀਪ ਅਤੇ ਚਰਨਜੀਤ ਉਰਫ ਰਿੰਕੂ ਬੀਹਲਾ ਵਜੋਂ ਕੀਤੀ ਗਈ ਹੈ। ਇਹ ਸਰੀ (ਬੀਸੀ) ਵਿਚ ਛੁਪੇ ਹੋਏ ਹਨ। ਸ੍ਰੀ ਗੁਪਤਾ ਨੇ ਦੱਸਿਆ ਕਿ ਐਸ.ਐਸ.ਪੀ. ਹਰਮਨਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਕੀਤੀ ਗਈ ਪੁੱਛ-ਗਿੱਛ ਦੌਰਾਨ ਪਤਾ ਲੱਗਾ ਕਿ ਲਵਪ੍ਰੀਤ ਅਤੇ ਕਮਲਜੀਤ ਪਹਿਲਾਂ ਤੋਂ ਅਰਸ਼ਦੀਪ ਨੂੰ ਜਾਣਦੇ ਸਨ। ਅਰਸ਼ਦੀਪ ਨੇ ਇਨ੍ਹਾਂ ਸਾਰਿਆਂ ਨੂੰ ਵੈਸਟਰਨ ਯੂਨੀਅਨ ਮਨੀ ਟ੍ਰਾਂਸਫਰ ਜ਼ਰੀਏ ਪੈਸੇ ਭੇਜੇ ਸਨ।


ਪਿਛਲੇ ਸਾਲ 20 ਨਵੰਬਰ ਨੂੰ ਸੋਨੂੰ ਅਤੇ ਕਮਲ ਨੇ ਜ਼ਿਲ੍ਹਾ ਬਠਿੰਡਾ ਦੇ ਭਗਤਾ ਭਾਈ ਕਾ ਵਿਖੇ ਡੇਰਾ ਪ੍ਰੇਮੀ ਮਨੋਹਰ ਲਾਲ ਦੀ ਹੱਤਿਆ ਕੀਤੀ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਸੋਨੂੰ ਨੇ ਮਨੋਹਰ ਲਾਲ 'ਤੇ 3-4 ਗੋਲੀਆਂ ਚਲਾਈਆਂ ਸਨ ਜਦਕਿ ਕਮਲ ਨੇ ਵੀ ਫਾਇਰ ਕੀਤੇ ਸਨ।

ਇਸ ਸਾਲ 31 ਜਨਵਰੀ ਨੂੰ ਫਿਲੌਰ (ਜਲੰਧਰ ਦਿਹਾਤੀ) ਦੇ ਪਿੰਡ ਭਰ ਸਿੰਘ ਪੁਰਾ ਵਿਚ ਇਕ ਪੁਜਾਰੀ ਕਮਲਦੀਪ ਸ਼ਰਮਾ ਉੱਤੇ ਗੋਲੀਬਾਰੀ ਵਿਚ ਸੋਨੂੰ ਅਤੇ ਕਮਲ ਵੀ ਸ਼ਾਮਲ ਸਨ। ਸ਼ੱਕ ਹੈ ਕਿ ਇਹ ਹਮਲਾ ਵੀ ਨਿੱਜਰ ਦੇ ਨਿਰਦੇਸ਼ਾਂ 'ਤੇ ਕੀਤਾ ਗਿਆ ਸੀ। ਪਿਛਲੇ ਸਾਲ ਸਤੰਬਰ ਵਿਚ ਨਿੱਜਰ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਤਿਵਾਦੀ ਠਹਿਰਾਇਆ ਸੀ ਅਤੇ ਐਨ.ਆਈ.ਏ. ਨੇ ਯੂ.ਏ.ਪੀ.ਏ. ਦੀ ਧਾਰਾ 51 ਏ ਤਹਿਤ ਉਸ ਦੀ ਜਾਇਦਾਦ ਜ਼ਬਤ ਕਰ ਲਈ ਸੀ। ਕਮਲ, ਰਵੀ ਅਤੇ ਅਰਸ਼ਦੀਪ (ਜੋ ਉਸ ਸਮੇਂ ਭਾਰਤ ਆਇਆ ਹੋਇਆ ਸੀ) ਨੇ ਪਿਛਲੇ ਸਾਲ 27 ਜੂਨ ਨੂੰ ਆਪਣੇ ਸਾਥੀ ਸੁੱਖਾ ਲੰਮਾ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਪਿੰਡ ਡਾਲਾ ਦੇ ਇਕ ਬੇਆਬਾਦ ਮਕਾਨ ਵਿਚ ਸੁੱਖੇ ਨੂੰ ਜ਼ਹਿਰ ਦਿੱਤਾ ਅਤੇ ਫਿਰ ਉਸ ਦਾ ਚਿਹਰਾ ਸਾੜਨ ਤੋਂ ਬਾਅਦ ਲਾਸ਼ ਨੂੰ ਪੂਲ ਮਾਧੋਕੇ ਵਿਖੇ ਦੌਧਰ ਨਹਿਰ ਵਿਚ ਸੁੱਟ ਦਿੱਤਾ।

# ਕਿਸਾਨ ਜਥੇਬੰਦੀਆਂ ਵੱਲੋਂ ਪੱਤਰ ਰਾਹੀਂ ਮੋਦੀ ਸਰਕਾਰ ਨੂੰ ਚਿਤਾਵਨੀ

**ਨਵੀਂ ਦਿੱਲੀ:** ਤਿੰਨਾਂ ਖੇਤੀ ਕਾਨੂੰਨਾਂ ਖਿਲਾਫ ਅਤੇ ਹੋਰ ਮੰਗਾਂ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਮਹੀਨੇ ਤੋਂ ਦਿੱਲੀ ਵਿਚ ਲਾਏ ਗਏ ਮੋਰਚਿਆਂ ਪ੍ਰਤੀ ਕੇਂਦਰ ਸਰਕਾਰ ਦੀ ਬੇਰੁਖੀ ਤੋੜਨ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਵਿਚ ਮੋਰਚੇ ਨੇ ਕਿਸਾਨਾਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਦੀ ਬੇਨਤੀ ਕੀਤੀ ਹੈ ਤੇ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਕਿਹਾ ਜੇਕਰ ਮੋਦੀ ਸਰਕਾਰ ਨੇ ਹੁੰਗਾਰਾ ਨਾ ਭਰਿਆ ਤਾਂ ਕਿਸਾਨਾਂ ਵੱਲੋਂ ਅੰਦੋਲਨ ਦੇ ਅਗਲੇ ਪੜਾਅ ਬਾਰੇ ਗੰਭੀਰਤਾ ਨਾਲ ਸੋਚਿਆ ਜਾਵੇਗਾ।

ਪੱਤਰ ਵਿਚ ਕਿਸਾਨ ਆਗੂਆਂ ਨੇ ਲਿਖਿਆ, 'ਜੇਕਰ ਤੁਹਾਡੀ ਸਰਕਾਰ ਵੱਲੋਂ ਕੋਈ ਠੋਸ ਤੇ ਸਕਾਰਾਤਮਕ ਹੁੰਗਾਰਾ ਨਹੀਂ ਮਿਲਦਾ ਤਾਂ ਕੌਮੀ ਪੱਧਰ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਅਗਲੇ ਪੜਾਅ ਬਾਰੇ ਐਲਾਨ ਕਰਨ ਦੇ ਪਾਬੰਦ ਹੋਵਾਂਗੇ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਮੋਰਚਾ ਸਰਕਾਰ ਦਾ ਧਿਆਨ ਭਟਕਾਉਣਾ ਨਹੀਂ ਚਾਹੁੰਦਾ ਹਾਲਾਂਕਿ ਕਿਸਾਨ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਭ ਤੋਂ ਵਿਲੱਖਣ ਤੇ ਲੰਮੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਲਈ ਦ੍ਰਿੜ੍ਹ ਹਨ। ਮਹਾਮਾਰੀ 'ਚ ਖਤਰਨਾਕ ਵਾਧੇ ਦੇ ਬਾਵਜੂਦ ਅੰਨਦਾਤਾ ਸੜਕਾਂ 'ਤੇ ਰਹਿਣ ਲਈ ਮਜਬੂਰ ਹੈ। ਉਹ ਸੰਘਰਸ਼ ਨਹੀਂ ਛੱਡ ਸਕਦੇ ਕਿਉਂਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਿਊਣ-ਮਰਨ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 470 ਸਾਥੀ ਕਿਸਾਨ ਗੁਆ ਚੁੱਕੇ ਹਨ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੇਂਦਰ ਸਰਕਾਰ 11 ਗੇੜਾਂ ਦੀ ਗੱਲਬਾਤ ਕਰਨ ਦੇ ਬਾਵਜੂਦ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਨਹੀਂ ਕੱਢ ਸਕੀ ਤੇ 22 ਜਨਵਰੀ 2021 ਮਗਰੋਂ ਗੱਲਬਾਤ ਦੇ ਦਰਵਾਜ਼ੇ ਵੀ ਬੰਦ ਕਰ ਦਿੱਤੇ। ਸੰਯੁਕਤ ਕਿਸਾਨ ਮੋਰਚੇ ਨੇ ਇਸ ਚਿੱਠੀ ਵਿਚ



ਮੁੱਖ ਤੌਰ 'ਤੇ ਕਿਸਾਨੀ-ਅੰਦੋਲਨ ਉਤੇ ਸਰਕਾਰ ਦੇ ਰਵੱਈਏ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਸਰਕਾਰ ਤੋਂ ਪੇਂਡੂ ਖੇਤਰ ਦੇ ਲੋਕਾਂ ਅਤੇ ਆਮ ਨਾਗਰਿਕਾਂ ਨੂੰ ਕਰੋਨਾ ਮਹਾਮਾਰੀ ਤੋਂ ਬਚਾਉਣ ਲਈ ਠੋਸ ਕਦਮ ਚੁੱਕਣ ਦੀ ਵੀ ਮੰਗ ਕੀਤੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਮੱਦੇਨਜ਼ਰ ਸਰਕਾਰ ਨੂੰ ਸੰਜੀਦਗੀ ਦਿਖਾਉਣੀ ਚਾਹੀਦੀ ਹੈ ਤੇ ਕਿਸਾਨਾਂ ਦੀਆਂ ਮੰਗਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੁਆਰਾ ਸਿਰੇ ਤੋਂ ਨਕਾਰ ਦਿੱਤੇ ਗਏ ਕਾਨੂੰਨਾਂ ਨੂੰ ਲਾਗੂ ਕਰਨਾ ਦੇਸ਼ ਦੀਆਂ ਲੋਕਤੰਤਰੀ ਤੇ ਮਨੁੱਖੀ ਕਦਰਾਂ-ਕੀਮਤਾਂ ਦੇ ਖਿਲਾਫ ਹੋਵੇਗਾ। ਸੰਯੁਕਤ ਕਿਸਾਨ ਮੋਰਚਾ ਸ਼ਾਂਤਮਈ ਅੰਦੋਲਨ ਵਿਚ ਵਿਸ਼ਵਾਸ ਰੱਖਦਾ ਹੈ ਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਜਾਰੀ ਰੱਖੇਗਾ। ਮੋਰਚੇ ਵੱਲੋਂ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਤੇ ਕਿਸਾਨ ਆਗੂ ਬਾਬਾ ਗੌਂਡਾ ਪਾਟਿਲ ਦੇ ਦੇਹਾਂਤ 'ਤੇ ਅਫਸੋਸ ਪ੍ਰਗਟ ਕੀਤਾ ਗਿਆ।

## 'ਆਪ' ਨੇ ਵੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਅਤੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਆਗੂਆਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਨੂੰ ਪ੍ਰਦਰਸ਼ਨ ਕਰਦਿਆਂ 6 ਮਹੀਨੇ ਦਾ ਸਮਾਂ ਬੀਤ ਚੁੱਕਾ ਹੈ ਤੇ 450 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਕਿਸਾਨਾਂ ਅਤੇ ਸਰਕਾਰ ਦੇ ਮੰਤਰੀਆਂ ਵਿਚਾਲੇ 11 ਗੇੜ ਦੀ ਗੱਲਬਾਤ ਹੋ ਚੁੱਕੀ ਹੈ ਪਰ ਕੋਈ ਸਿੱਟਾ ਨਹੀਂ ਨਿਕਲਿਆ। 'ਆਪ' ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਖੇਤੀ ਖੇਤਰ ਨਾਲ ਸਬੰਧਤ ਤਿੰਨੋਂ ਕਾਨੂੰਨ ਵਾਪਸ ਲਵੇ।

# ਪੰਜਾਬ ਦੇ ਪਾਣੀਆਂ ਦਾ ਮਸਲਾ ਅਤੇ ਸਿਆਸਤ

**ਪਰਵਿੰਦਰ ਸਿੰਘ ਢੀਂਡਸਾ**
ਫੋਨ: +91-98148-29005



1947 ਤੋਂ ਪਹਿਲਾਂ ਪੰਜਾਬ ਦੇ ਫਿਰੋਜ਼ਪੁਰ ਹੈੱਡਵਰਕਸ ਤੋਂ ਨਿੱਕਲਦੀ ਗੰਗ ਨਹਿਰ ਨੂੰ ਬੀਕਾਨੇਰ ਫੀਡਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਨਹਿਰ ਪੰਜਾਬ ਤੋਂ ਰਾਜਸਥਾਨ ਨੂੰ ਪਾਣੀ ਲੈ ਕੇ ਜਾਂਦੀ ਸੀ। ਪੰਜਾਬ ਸਦੀਆਂ ਤੋਂ ਪਾਣੀ ਦੇ ਰੂਪ 'ਚ ਪ੍ਰਾਪਤ ਕੁਦਰਤੀ ਸਾਧਨ ਦੇ ਬਹੁਤਾਤ ਵਾਲਾ ਸੂਬਾ ਹੈ, ਤਾਂ ਹੀ ਪੰਜਾਬ ਦਾ ਵਾਧੂ ਪਾਣੀ ਰਾਜਸਥਾਨ ਨੂੰ ਦਿੱਤਾ ਜਾਂਦਾ ਸੀ ਪਰ ਇਵਜ਼ ਵਜੋਂ ਬੀਕਾਨੇਰ ਦਾ ਮਹਾਰਾਜਾ ਪੰਜਾਬ ਨੂੰ ਮਾਲੀਆ ਅਦਾ ਕਰਦਾ ਸੀ। 1947 ਤੱਕ ਇਹ ਸਿਸਟਮ ਚੱਲਦਾ ਰਿਹਾ ਪਰ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਕੌਮੀਕਰਨ ਦੇ ਨਾਂ ਹੇਠ ਇਹ ਮਾਲੀਆ ਤਾਂ ਬੰਦ ਕਰ ਦਿੱਤਾ ਪਰ ਬੀਕਾਨੇਰ ਫੀਡਰ ਚੱਲਦੀ ਰਹੀ।

1950 ਵਿਚ ਨਹਿਰੂ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਨੂੰ ਜੋੜਨ ਦੇ ਨਾਂ ਨਾਲ ਇੱਕ ਯੋਜਨਾ ਤੇ ਕੰਮ ਸ਼ੁਰੂ ਕੀਤਾ। ਉਸ ਸਮੇਂ ਗੁਲਜ਼ਾਰੀ ਲਾਲ ਨੰਦਾ ਭਾਰਤ ਦਾ ਸਿੰਜਾਈ ਮੰਤਰੀ ਸੀ। ਉਨ੍ਹਾਂ 1950 ਵਿਚ ਇਸ ਯੋਜਨਾ ਅਧੀਨ ਭਾਖੜਾ ਡੈਮ ਅਤੇ ਹਰੀਕੇ ਹੈੱਡਵਰਕਸ ਦਾ ਕੰਮ ਸ਼ੁਰੂ ਕਰਵਾਇਆ। ਭਾਖੜਾ ਡੈਮ ਲਈ ਬਿਆਸ ਅਤੇ ਸਤਲੁਜ ਦੇ ਮਿਲਾਣ ਲਈ 'ਬਿਆਸ ਸਤਲੁਜ ਲਿੰਕ ਨਹਿਰ' ਦੀ ਉਸਾਰੀ ਆਰੰਭੀ ਗਈ ਜੋ ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਦਾ ਭਾਗ ਹੈ। ਇਸ ਲਈ ਹਿਮਾਚਲ ਪ੍ਰਦੇਸ਼ ਦੇ ਮੰਡੀ ਸ਼ਹਿਰ ਕੋਲ ਬੰਨ੍ਹ ਬਣਾਇਆ ਗਿਆ। ਮੰਡੀ ਤੋਂ ਰਿਗਰ ਤੱਕ ਸੁਰੰਗ ਰਾਹੀਂ, ਰਿਗਰ ਤੋਂ ਸੁੰਦਰ ਨਗਰ ਤੱਕ ਖੁੱਲ੍ਹੀ ਨਹਿਰ ਰਾਹੀਂ ਅਤੇ ਸੁੰਦਰ ਨਗਰ ਤੋਂ ਫਿਰ ਗੋਬਿੰਦ ਸਾਗਰ ਤੱਕ ਨਹਿਰ ਦਾ ਨਿਰਮਾਣ ਕੀਤਾ ਗਿਆ। ਗੋਬਿੰਦ ਸਾਗਰ ਝੀਲ ਰਾਹੀਂ ਇਹ ਨਹਿਰ ਸਤਲੁਜ ਨਾਲ ਮਿਲਦੀ ਹੈ। ਇਹ ਪਾਣੀ ਕੁੱਲ ਮਿਲਾ ਕੇ 7.5 ਮਿਲੀਅਨ ਏਕੜ ਫੁੱਟ ਬਣਦਾ ਹੈ। ਇੱਕ ਮਿਲੀਅਨ ਏਕੜ ਫੁੱਟ ਪਾਣੀ ਦਾ ਭਾਵ ਹੈ ਕਿ ਜੇ ਇੱਕ ਮਿਲੀਅਨ ਏਕੜ ਵਿਚ ਇੱਕ ਫੁੱਟ ਪਾਣੀ ਖੜ੍ਹਾ ਕਰ ਦਿੱਤਾ ਜਾਵੇ।

ਗੋਬਿੰਦ ਸਾਗਰ ਤੋਂ ਜੋ ਪਾਣੀ ਛੱਡਿਆ ਜਾਂਦਾ ਹੈ, ਉਸ ਨੂੰ 13 ਕਿਲੋਮੀਟਰ ਅੱਗੇ ਜਾ ਕੇ ਨੰਗਲ ਡੈਮ ਵਿਚ ਰੋਕ ਲਿਆ ਜਾਂਦਾ ਹੈ। ਇੱਥੋਂ ਅਲੱਗ ਅਲੱਗ ਨਹਿਰਾਂ ਕੱਢ ਕੇ ਪਾਣੀ ਅਲੱਗ ਅਲੱਗ ਸੂਬਿਆਂ ਨੂੰ ਭੇਜਿਆ ਜਾਂਦਾ ਹੈ। ਭਾਖੜਾ ਨਹਿਰ ਜੋ 1954 ਵਿਚ ਬਣੀ ਸੀ, ਰਾਹੀਂ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਪਾਣੀ ਜਾਂਦਾ ਹੈ। 29 ਜਨਵਰੀ 1955 ਨੂੰ ਇੱਕ ਸਮਝੌਤਾ ਲਿਖਿਆ ਗਿਆ ਜਿਸ ਰਾਹੀਂ ਰਾਵੀ ਅਤੇ ਬਿਆਸ ਦਰਿਆ ਨੂੰ ਆਪਸ ਵਿਚ ਮਿਲਾਉਣਾ ਸੀ। ਇਸ ਤਹਿਤ ਰਾਵੀ ਦੇ ਪਾਣੀ ਨੂੰ ਪਠਾਨਕੋਟ ਦੇ ਨਜ਼ਦੀਕ ਮਾਧੋਪੁਰ ਹੈੱਡਵਰਕਸ ਤੇ ਰੋਕਿਆ ਗਿਆ। ਮਾਧੋਪੁਰ ਹੈੱਡਵਰਕਸ ਦਾ ਨਿਰਮਾਣ 1902 ਵਿਚ ਅੰਗਰੇਜ਼ਾਂ ਨੇ ਮਾਝੇ ਦੇ ਇਲਾਕੇ ਦੀ ਸਿੰਜਾਈ ਲਈ ਕੀਤਾ ਸੀ। ਇੱਥੋਂ 'ਰਾਵੀ-ਬਿਆਸ ਲਿੰਕ ਨਹਿਰ' ਕੱਢੀ ਗਈ ਤਾਂ ਕਿ ਰਾਵੀ ਦੇ ਪਾਣੀ ਨੂੰ ਬਿਆਸ ਵਿਚ ਮਿਲਾਇਆ ਜਾ ਸਕੇ। ਇਸ ਦੇ ਨਾਲ ਹੀ ਹਰੀਕੇ ਪੱਤਣ ਜਿੱਥੇ ਸਤਲੁਜ ਤੇ ਬਿਆਸ ਦਰਿਆ ਆਪਸ ਵਿਚ ਮਿਲਦੇ ਹਨ, ਵਿਖੇ ਨਵਾਂ ਹੈੱਡਵਰਕਸ ਬਣਾਇਆ ਗਿਆ। ਇਸ ਹੈੱਡਵਰਕਸ ਵਿਚ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਇਕੱਠਾ ਕਰ ਕੇ ਦੋ ਨਵੀਆਂ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਪਹਿਲੀ ਨਹਿਰ ਤਾਂ ਪੁਰਾਣੀ 'ਬੀਕਾਨੇਰ ਫੀਡਰ' ਨੂੰ ਸਪਲਾਈ ਦੇਣ ਲਈ ਸੀ, ਦੂਜੀ ਨਹਿਰ ਜਿਸ ਨੂੰ ਇੰਦਰਾ ਗਾਂਧੀ ਨਹਿਰ ਜਾਂ 'ਰਾਜਸਥਾਨ ਫੀਡਰ' ਵੀ ਕਿਹਾ ਜਾਂਦਾ ਹੈ, 1961 ਵਿਚ ਕੱਢੀ ਗਈ ਜਿਸ ਰਾਹੀਂ ਰਾਜਸਥਾਨ ਦੇ ਜੈਸਲਮੇਰ ਤੱਕ ਪਾਣੀ ਪਹੁੰਚਾਇਆ ਜਾਂਦਾ ਸੀ। ਇਸ ਸਕੀਮ ਨੂੰ ਭਾਰਤ ਸਰਕਾਰ ਨੇ ਜਦ ਸੰਸਾਰ ਬੈਂਕ ਅੱਗੇ ਰੱਖ ਕੇ ਆਪਣੀ ਦਲੀਲ ਪੇਸ਼ ਕੀਤੀ ਕਿ ਇਸ ਰਾਹੀਂ ਰਾਜਸਥਾਨ ਦੇ ਮਾਰੂਥਲੀ ਪ੍ਰਭਾਵਿਤ ਇਲਾਕਿਆਂ ਨੂੰ ਆਬਾਦ ਕੀਤਾ ਜਾਵੇਗਾ ਤਾਂ ਸੰਸਾਰ ਬੈਂਕ ਨੇ ਇਸ ਨੂੰ 'ਸ਼ੱਕੀ ਅਤੇ ਗੈਰ ਵਾਜਿਬ' ਕਹਿ ਕੇ ਰੱਦ ਕਰ ਦਿੱਤਾ ਸੀ, ਫਿਰ ਵੀ ਭਾਰਤ ਸਰਕਾਰ ਨੇ ਇਨ੍ਹਾਂ ਨਹਿਰਾਂ ਦੀ ਉਸਾਰੀ ਕਰਵਾਈ। ਸੰਸਾਰ ਬੈਂਕ ਨੇ ਆਪਣੀ ਦਲੀਲ ਵਿਚ ਕਿਹਾ ਸੀ ਕਿ ਇਸ ਰਾਹੀਂ ਇੱਕ ਰਾਜ ਦੇ ਕੁਦਰਤੀ ਸਾਧਨਾਂ ਨਾਲ ਦੂਜੇ ਰਾਜ ਨੂੰ ਆਬਾਦ ਕਰਨ ਦੀ ਯੋਜਨਾ ਸੀ। ਰਾਜਸਥਾਨ ਫੀਡਰ ਨਹਿਰ ਜੋ ਲੱਗਭੱਗ 650 ਕਿਲੋਮੀਟਰ ਲੰਮੀ ਹੈ, ਰਾਹੀਂ ਪੰਜਾਬ ਦੇ ਦਰਿਆਵਾਂ ਦਾ 7.6 ਮਿਲੀਅਨ ਏਕੜ ਫੁੱਟ ਪਾਣੀ ਬਾਹਰ ਜਾ ਰਿਹਾ ਹੈ।

1947 ਵਿਚ ਪੰਜਾਬ ਦੀ ਵੰਡ ਨਾਲ ਦਰਿਆਈ ਪਾਣੀਆਂ ਦਾ ਮਸਲਾ ਵੀ ਖੜ੍ਹਾ ਹੋ ਗਿਆ। ਆਜ਼ਾਦੀ ਤੋਂ ਪਹਿਲਾਂ ਫਿਰੋਜ਼ਪੁਰ ਹੈੱਡਵਰਕਸ ਦੇ ਨਾਲ ਹੀ ਸੁਲੇਮਾਨਕੀ ਹੈੱਡਵਰਕਸ ਬਣਾਇਆ ਗਿਆ ਸੀ ਜੋ ਜ਼ਿਲ੍ਹਾ ਮਿੰਟਗੁਮਰੀ ਅਤੇ ਮੁਲਤਾਨ ਦੇ ਇਲਾਕਿਆਂ ਨੂੰ ਸਿੰਜਦਾ ਸੀ, ਇਸ ਲਈ ਸੁਲੇਮਾਨਕੀ ਦੇ ਨਾਲ ਨਾਲ ਫਿਰੋਜ਼ਪੁਰ ਹੈੱਡਵਰਕਸ ਨੂੰ ਵੀ ਪੱਛਮੀ ਪੰਜਾਬ ਦਾ ਹਿੱਸਾ ਬਣਾਉਣ ਦੀ ਮੰਗ ਹੋ ਰਹੀ ਸੀ। ਫਿਰੋਜ਼ਪੁਰ ਹੈੱਡਵਰਕਸ ਤੋਂ ਤਿੰਨ ਮੁੱਖ ਨਹਿਰਾਂ ਨਿਕਲਦੀਆਂ ਸਨ ਜਿਨ੍ਹਾਂ ਵਿਚੋਂ ਪੂਰਬੀ ਨਹਿਰ ਤੇ ਗੰਗ ਨਹਿਰ ਫਿਰੋਜ਼ਪੁਰ ਜ਼ਿਲ੍ਹਾ ਤੇ ਬੀਕਾਨੇਰ ਰਿਆਸਤ ਨੂੰ ਸਿੰਜਦੀ ਸੀ ਅਤੇ ਦੀਪਾਲਪੁਰ ਨਹਿਰ ਪੱਛਮੀ ਪੰਜਾਬ ਦੇ ਲਾਹੌਰ ਤੇ ਮਿੰਟਗੁਮਰੀ ਜ਼ਿਲ੍ਹਿਆਂ ਨੂੰ ਸਿੰਜਦੀ ਸੀ। ਇਸ ਲਈ ਫਿਰੋਜ਼ਪੁਰ ਹੈੱਡਵਰਕਸ ਦੋਵਾਂ ਦੇਸ਼ਾਂ ਲਈ ਅਹਿਮ ਸੀ ਅਤੇ ਇਸ ਬਾਰੇ ਤਕਰੀਬਨ 10-12 ਸਾਲ ਝਗੜਾ ਚੱਲਦਾ ਰਿਹਾ; ਅਖੀਰ ਇਸ ਦਾ ਫੈਸਲਾ ਜਨਵਰੀ 1960 ਵਿਚ ਹੋਇਆ। ਇਸ ਫੈਸਲੇ ਤਹਿਤ ਭਾਰਤ ਸੁਲੇਮਾਨਕੀ ਹੈੱਡਵਰਕਸ ਦੇ ਸਹੀ ਪ੍ਰਬੰਧ ਲਈ ਪਾਕਿਸਤਾਨ ਨੂੰ 9 ਵਰਗ ਮੀਲ ਜਗ੍ਹਾ ਦੇਣ ਲਈ ਰਾਜ਼ੀ ਹੋ ਗਿਆ, ਬਦਲੇ ਵਿਚ ਪਾਕਿਸਤਾਨ ਵੀ ਫਿਰੋਜ਼ਪੁਰ ਹੈੱਡਵਰਕਸ ਦੇ ਸਹੀ ਪ੍ਰਬੰਧ ਲਈ ਭਾਰਤ ਨੂੰ ਕਰੀਬ 9.3 ਵਰਗ ਮੀਲ ਥਾਂ ਦੇਣ ਲਈ ਸਹਿਮਤ ਹੋਇਆ।

ਦੀਪਾਲਪੁਰ ਵਾਂਗ ਅਪਰ ਬਾਰੀ ਨਹਿਰ ਜੋ ਪੱਛਮੀ ਪੰਜਾਬ ਦੇ ਲਾਹੌਰ ਤੇ ਮਿੰਟਗੁਮਰੀ ਇਲਾਕਿਆਂ ਨੂੰ ਸਿੰਜਦੀ ਸੀ, ਨੂੰ ਪੂਰਬੀ ਪੰਜਾਬ ਦੇ ਮਾਧੋਪੁਰ ਹੈੱਡਵਰਕਸ ਤੋਂ ਕੰਟਰੋਲ ਕੀਤਾ ਜਾਂਦਾ ਸੀ। ਭਾਰਤ ਦੀ ਦਲੀਲ ਸੀ ਕਿ ਭਾਰਤ ਵਿਚੋਂ ਪੈਦਾ ਹੋਏ ਇਨ੍ਹਾਂ ਦਰਿਆਵਾਂ ਤੇ ਭਾਰਤ ਦਾ ਹੀ ਕੰਟਰੋਲ ਹੋਣਾ ਚਾਹੀਦਾ ਹੈ, ਦੂਜੇ ਪਾਸੇ ਪਾਕਿਸਤਾਨ ਕੌਮਾਂਤਰੀ ਕਾਨੂੰਨ ਦੀ ਦੁਹਾਈ ਦੇ ਕੇ ਕਹਿੰਦਾ ਸੀ ਕਿ ਇਹ ਦਰਿਆ ਕਿਉਂਕਿ ਪਾਕਿਸਤਾਨ ਵਿਚ ਵੀ ਵਗਦੇ ਹਨ, ਇਸ ਲਈ ਇਨ੍ਹਾਂ ਤੇ ਪਾਕਿਸਤਾਨ ਦਾ ਵੀ ਹੱਕ ਬਣਦਾ ਹੈ। ਇਸ ਮਸਲੇ ਦੇ ਹੱਲ ਲਈ ਭਾਰਤ ਅਤੇ ਪਾਕਿਸਤਾਨ ਦੇ ਇੰਜਨੀਅਰਾਂ ਵਿਚਾਲੇ ਦਸੰਬਰ 1947 ਵਿਚ ਸਮਝੌਤਾ ਹੋਇਆ ਜਿਸ ਅਨੁਸਾਰ 31 ਮਾਰਚ 1948 ਤੱਕ ਪਾਕਿਸਤਾਨ ਨੂੰ ਪਾਣੀ ਦਿੱਤਾ ਜਾਣਾ ਸੀ, ਬਦਲੇ ਵਿਚ ਪਾਕਿਸਤਾਨ ਨੇ ਉਹ ਸਾਰੀ ਰਕਮ ਦੇਣੀ ਪ੍ਰਵਾਨ ਕੀਤੀ ਜਿਹੜੀ ਭਾਰਤ ਦਾ ਪ੍ਰਧਾਨ ਮੰਤਰੀ ਨਿਸ਼ਚਿਤ ਕਰੇਗਾ। ਇਸ ਸਮਝੌਤੇ ਨੂੰ 31 ਮਾਰਚ 1948 ਤੋਂ ਬਾਅਦ ਨਵਿਆਇਆ ਨਾ ਗਿਆ ਜਿਸ ਲਈ ਪਹਿਲੀ ਅਪਰੈਲ ਤੋਂ ਭਾਰਤ ਨੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਲੱਗਭੱਗ ਤਿੰਨ ਹਫਤਿਆਂ ਬਾਅਦ ਭਾਰਤ ਨੇ ਪਾਣੀ ਦੀ ਸਪਲਾਈ ਮੁੜ ਚਾਲੂ ਕਰ ਦਿੱਤੀ ਜਦ ਪੱਛਮੀ ਪੰਜਾਬ ਦੀ ਸਰਕਾਰ ਨੇ ਮਾਲੀਆ ਦੇਣਾ ਮੰਨ ਲਿਆ। ਇਸ ਤਰ੍ਹਾਂ ਪੱਛਮੀ ਪੰਜਾਬ ਦੀ ਸਰਕਾਰ ਨੇ ਪਾਣੀਆਂ ਤੇ ਭਾਰਤ ਦਾ ਹੱਕ ਮੰਨ ਲਿਆ ਪਰ ਜੁਲਾਈ 1950 ਵਿਚ ਪਾਕਿਸਤਾਨ ਸਰਕਾਰ ਨੇ ਮਾਲੀਆ ਦੇਣਾ ਮੁੜ ਬੰਦ ਕਰ ਦਿੱਤਾ ਤੇ ਕਿਹਾ ਕਿ ਇਨ੍ਹਾਂ ਨਹਿਰਾਂ ਲਈ ਪਾਣੀ ਮੁੱਖ ਰੂਪ ਵਿਚ ਰਾਵੀ ਦਰਿਆ ਤੋਂ ਆਉਂਦਾ ਹੈ ਜੋ ਬਹੁਤਾ ਪਾਕਿਸਤਾਨ ਵਿਚ ਵਗਦਾ ਹੈ, ਇਸ ਲਈ ਪਾਕਿਸਤਾਨ ਤੋਂ ਇਸ ਦਾ ਮਾਲੀਆ ਲੈਣਾ ਜ਼ਾਇਜ਼ ਨਹੀਂ। ਪਾਕਿਸਤਾਨ ਨੇ ਇੱਕ ਵਾਰ ਫਿਰ ਕੌਮਾਂਤਰੀ ਕਾਨੂੰਨ ਦੇ ਹਵਾਲੇ ਦਿੱਤੇ। ਇਹ ਕੇਸ 1950 ਵਿਚ ਪਾਕਿਸਤਾਨ ਦੁਆਰਾ ਹੇਗ ਦੀ ਕੌਮਾਂਤਰੀ ਅਦਾਲਤ ਵਿਚ ਲਿਜਾਇਆ ਗਿਆ। ਇਸ ਮਸਲੇ ਦੇ ਹੱਲ ਲਈ ਸੰਸਾਰ ਬੈਂਕ ਦੇ ਚੇਅਰਮੈਨ ਈਆਰ ਬਲੈਕ ਨੇ ਡੂੰਘੀ ਘੋਖ ਪੜਤਾਲ ਤੋਂ ਬਾਅਦ 5 ਫਰਵਰੀ 1955 ਨੂੰ ਆਪਣੀ ਯੋਜਨਾ ਪੇਸ਼ ਕੀਤੀ। ਇਸ ਯੋਜਨਾ ਅਨੁਸਾਰ: (1) ਜਿਹਲਮ, ਚਨਾਬ ਤੇ ਸਿੰਧ ਦਰਿਆ ਤੇ ਪਾਕਿਸਤਾਨ ਦਾ ਹੱਕ ਮੰਨਿਆ ਗਿਆ ਪਰ ਸਿੰਧ ਦਰਿਆ ਵਿਚੋਂ ਪਾਕਿਸਤਾਨ ਭਾਰਤ ਨੂੰ ਜੰਮੂ ਕਸ਼ਮੀਰ ਦੀਆਂ ਲੋੜਾਂ ਜਿਤਨਾ ਪਾਣੀ ਦੇਵੇਗਾ। (2) ਰਾਵੀ, ਸਤਲੁਜ ਤੇ ਬਿਆਸ ਦਰਿਆਵਾਂ ਤੇ ਭਾਰਤ ਦਾ ਹੱਕ ਨਿਸ਼ਚਿਤ ਕੀਤਾ ਗਿਆ ਪਰ ਇਹ ਵੀ ਕਿਹਾ ਗਿਆ ਸੀ ਕਿ ਜਦ ਤੱਕ ਪਾਕਿਸਤਾਨ ਲੋੜੀਂਦੀਆਂ ਨਹਿਰਾਂ ਦੀ ਖੁਦਾਈ ਨਹੀਂ ਕਰ ਲਵੇਗਾ, ਤਦ ਤੱਕ ਭਾਰਤ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਜਾਰੀ ਰੱਖੇਗਾ। ਇਸ ਲਈ 10 ਸਾਲਾਂ ਦਾ ਸਮਾਂ ਨਿਸ਼ਚਿਤ ਹੋਇਆ। (3) ਹਰ ਮੁਲਕ ਆਪਣੇ ਹਿੱਸੇ ਦੇ ਦਰਿਆਵਾਂ ਦੀ ਸਹੀ ਵਰਤੋਂ ਲਈ ਆਪਣਾ ਖਰਚ ਆਪ ਕਰੇਗਾ ਪਰ ਉਪਰੋਕਤ ਵਰਨਣ ਕੀਤੀਆਂ ਲਿੰਕ ਨਹਿਰਾਂ ਦੀ ਉਸਾਰੀ ਲਈ ਭਾਰਤ ਪਾਕਿਸਤਾਨ ਨੂੰ ਖਰਚ ਸਹਾਇਤਾ ਦੇਵੇਗਾ।

ਮਈ 1959 ਵਿਚ ਈਆਰ ਬਲੈਕ ਫਿਰ ਭਾਰਤ ਆਇਆ ਅਤੇ ਦੋਵਾਂ ਮੁਲਕਾਂ ਦੇ ਇੰਜਨੀਅਰਾਂ ਨਾਲ ਮਿਲ ਕੇ ਇਲਾਕੇ ਦਾ ਦੌਰਾ ਕੀਤਾ ਤੇ ਅਨੁਮਾਨ ਲਾਇਆ ਕਿ ਲਿੰਕ ਨਹਿਰਾਂ ਦੇ ਨਿਰਮਾਣ ਲਈ 10,000 ਲੱਖ ਡਾਲਰ ਦਾ ਖਰਚ ਆਵੇਗਾ। ਇਸ ਲਈ ਸੰਸਾਰ ਦੇ ਮੁੱਖ ਮੁਲਕਾਂ ਜਿਵੇਂ ਅਮਰੀਕਾ, ਬਰਤਾਨੀਆ, ਆਸਟਰੇਲੀਆ ਆਦਿ ਨੇ ਵੀ ਯੋਗਦਾਨ ਦੇਣਾ ਮੰਨ ਲਿਆ। ਇਸ ਲਈ ਸੰਸਾਰ ਬੈਂਕ ਦੇ ਚੇਅਰਮੈਨ ਬਲੈਕ ਨੇ ਉਪਰੋਕਤ ਮੱਦਾਂ ਦੇ ਆਧਾਰ ਤੇ ਸੰਧੀ ਦਾ ਖਰੜਾ ਤਿਆਰ ਕੀਤਾ ਜਿਸ ਨੂੰ ਦੋਵਾਂ ਮੁਲਕਾਂ ਨੇ ਮੰਨ ਲਿਆ ਤੇ 18 ਸਤੰਬਰ 1960 ਨੂੰ ਪਾਕਿਸਤਾਨ ਦੇ ਰਾਵਲਪਿੰਡੀ ਸ਼ਹਿਰ ਵਿਚ ਭਾਰਤ ਦੇ ਤੱਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੇ ਇਸ ਸੰਧੀ ਤੇ ਦਸਤਖਤ ਕੀਤੇ। ਇਉਂ 'ਸਿੰਧ ਨਦੀ ਜਲ ਸਮਝੌਤਾ' (1960) ਦੇ ਨਾਂ ਨਾਲ ਹੋਂਦ ਵਿਚ ਆਈ ਜੋ ਭਵਿੱਖ ਵਿਚ ਦੋਵਾਂ ਮੁਲਕਾਂ ਵਿਚਕਾਰ ਪਾਣੀ ਦੇ ਮਸਲੇ ਤੇ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਨੂੰ ਹੱਲ ਕਰਨ ਯੋਗ ਸੀ।

ਜੇ ਪੰਜਾਂ ਦਰਿਆਵਾਂ ਦੇ ਧਰਾਤਲ ਤੇ ਨਜ਼ਰ ਮਾਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪੰਜਾਂ ਦਰਿਆਵਾਂ ਦਾ ਵੱਡਾ ਹਿੱਸਾ (ਬਿਆਸ ਨੂੰ ਛੱਡ ਕੇ) ਪਾਕਿਸਤਾਨ ਵਿਚ ਵਗਦਾ ਹੈ ਅਤੇ ਪਾਕਿਸਤਾਨ ਦੀ ਆਬਾਦੀ ਲਈ ਇਹ ਦਰਿਆ ਜੀਵਨ ਰੇਖਾ ਦਾ ਕੰਮ ਕਰਦੇ ਹਨ। ਭਾਰਤ ਵਿਚ ਤਾਂ ਇਨ੍ਹਾਂ ਦਰਿਆਵਾਂ ਦੇ ਸ੍ਰੋਤ ਮਾਤਰ ਹੀ ਹਨ ਪਰ ਇਹ ਦਰਿਆ ਜ਼ਿਆਦਾਤਰ ਤਾਂ ਪਾਕਿਸਤਾਨ ਦੀ ਹੀ ਧਰਤੀ ਨੂੰ ਆਬਾਦ ਕਰਦੇ ਹਨ। ਭਾਰਤ ਕੋਲ ਤਾਂ ਇਨ੍ਹਾਂ ਤੋਂ ਇਲਾਵਾ ਵੀ ਗੰਗਾ, ਬ੍ਰਹਮਪੁੱਤਰ, ਕਾਵੇਰੀ ਆਦਿ ਜਿਹੇ ਜਲ ਭੰਡਾਰ ਮੌਜੂਦ ਹਨ ਪਰ ਪਾਕਿਸਤਾਨ ਤਾਂ ਮੁੱਖ ਰੂਪ ਵਿਚ ਅਤੇ ਸਿੱਧੇ ਰੂਪ ਵਿਚ ਹੀ ਇਨ੍ਹਾਂ ਦਰਿਆਵਾਂ ਤੇ ਹੀ ਨਿਰਭਰ ਹੈ। ਇਸ ਸਮਝੌਤੇ ਤਹਿਤ ਤਿੰਨ ਦਰਿਆਵਾਂ ਤੇ ਤਾਂ ਭਾਰਤ ਦਾ ਹੱਕ ਪੂਰਾ ਸੂਰਾ ਮੰਨਿਆ ਗਿਆ ਸੀ ਪਰ ਸਿੰਧ ਦਰਿਆ ਦਾ 20% ਹੀ ਭਾਰਤ ਵਰਤੋਂ ਵਿਚ ਲਿਆ ਸਕਦਾ ਸੀ ਅਤੇ ਬਾਕੀ ਦੇ 80% ਹਿੱਸੇ ਤੇ ਪਾਕਿਸਤਾਨ ਦੇ ਹੱਕ ਨੂੰ ਮਨਜ਼ੂਰੀ ਦਿੱਤੀ ਗਈ ਸੀ। ਜੇ ਨਿਰਪੱਖ ਹੋ ਕੇ ਦੇਖਿਆ ਜਾਵੇ ਤਾਂ ਪਾਕਿਸਤਾਨ ਨੂੰ ਸਿੰਧ ਦਰਿਆ ਦਾ 80% ਪਾਣੀ ਦੇਣਾ ਕੋਈ ਗਲਤ ਨਹੀਂ ਕਿਹਾ ਜਾ ਸਕਦਾ। ਸਿੰਧ ਦਰਿਆ ਦਾ ਸ੍ਰੋਤ ਤਾਂ ਤਿੱਬਤ ਵਿਚ ਹੈ ਜੋ ਭਾਰਤ ਦੇ ਕਸ਼ਮੀਰ ਵਿਚ ਹੁੰਦਾ ਹੋਇਆ ਉੱਤਰੀ ਪਾਕਿਸਤਾਨ ਵਿਚ ਦਾਖਲ ਹੁੰਦਾ ਹੈ ਤੇ ਫਿਰ ਪੂਰੇ ਪਾਕਿਸਤਾਨ ਨੂੰ ਸਿੰਜਦਾ ਹੋਇਆ ਅਰਬ ਸਾਗਰ ਵਿਚ ਜਾ ਸਮਾਉਂਦਾ ਹੈ। ਸਿੰਧ ਨਦੀ ਜਲ ਸਮਝੌਤਾ ਕੌਮਾਂਤਰੀ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਜਿੱਥੇ ਵੀ ਕਿਤੇ ਇਸ ਵਰਗੀ ਕੋਈ ਮੁਸ਼ਕਿਲ ਪੈਦਾ ਹੁੰਦੀ ਹੈ ਤਾਂ ਇਸ ਸਮਝੌਤੇ ਨੂੰ ਉਦਾਹਰਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ।

> **ਜੇ ਪੰਜਾਂ ਦਰਿਆਵਾਂ ਦੇ ਧਰਾਤਲ 'ਤੇ ਨਜ਼ਰ ਮਾਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪੰਜਾਂ ਦਰਿਆਵਾਂ ਦਾ ਵੱਡਾ ਹਿੱਸਾ (ਬਿਆਸ ਨੂੰ ਛੱਡ ਕੇ) ਪਾਕਿਸਤਾਨ ਵਿਚ ਵਗਦਾ ਹੈ ਅਤੇ ਪਾਕਿਸਤਾਨ ਦੀ ਆਬਾਦੀ ਲਈ ਇਹ ਦਰਿਆ ਜੀਵਨ ਰੇਖਾ ਦਾ ਕੰਮ ਕਰਦੇ ਹਨ।**

29 ਜਨਵਰੀ 1955 ਨੂੰ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿਚਕਾਰ ਪਾਣੀਆਂ ਦੀ ਵੰਡ ਨੂੰ ਲੈ ਕੇ ਸਮਝੌਤਾ ਹੋਇਆ ਜਿਸ ਤਹਿਤ ਪੰਜਾਬ ਨੂੰ 5.9 ਮਿਲੀਆਨ ਏਕੜ ਫੁੱਟ (ਐਮ.ਏ.ਐਫ.), ਪੈਪਸੂ ਨੂੰ 1.3 ਐਮ.ਏ.ਐਫ., ਰਾਜਸਥਾਨ ਨੂੰ 8 ਐਮ.ਏ.ਐਫ. ਪਾਣੀ ਜਦ ਕਿ ਜੰਮੂ ਕਸ਼ਮੀਰ ਨੂੰ 0.65 ਐਮ.ਏ.ਐਫ. ਪਾਣੀ ਦੇਣ ਦਾ ਐਲਾਨ ਕੀਤਾ ਗਿਆ। 1966 ਨੂੰ ਪੰਜਾਬੀਆਂ ਦੀ ਚਿਰਾਂ ਤੋਂ ਲਟਕਦੀ ਮੰਗ ਮਨਜ਼ੂਰ ਕਰ ਲਈ ਗਈ ਸੀ ਅਤੇ ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਪੰਜਾਬ ਅਤੇ ਹਰਿਆਣਾ ਵਿਚ ਵੰਡ ਦਿੱਤਾ ਗਿਆ ਸੀ। ਪੰਜਾਬ ਪੁਨਰਗਠਨ ਐਕਟ (1966) ਵਿਚ ਕੇਂਦਰ ਸਰਕਾਰ ਨੇ ਕੁਝ ਅਜਿਹੀ ਵਿਵਸਥਾ ਕਰ ਦਿੱਤੀ ਸੀ ਜਿਸ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਸਟੇਟ ਵਿਸ਼ੇ ਦੀ ਬਜਾਏ ਕੇਂਦਰੀ ਵਿਸ਼ਾ ਐਲਾਨ ਦਿੱਤਾ ਗਿਆ। ਇਹ ਵਿਵਸਥਾਵਾਂ ਨਵੇਂ ਬਣੇ ਐਕਟ ਦੀਆਂ ਧਾਰਾਵਾਂ 78, 79 ਅਤੇ 80 ਵਿਚ ਦਰਜ ਹਨ। ਇਨ੍ਹਾਂ ਧਾਰਾਵਾਂ ਕਰ ਕੇ ਪੰਜਾਬ ਨੂੰ ਅੱਗੇ ਚੱਲ ਕੇ ਭਾਰੀ ਨੁਕਸਾਨ ਝੱਲਣਾ ਪਿਆ। ਇਸ ਹਾਲਤ ਵਿਚ ਹਰਿਆਣਾ ਨੇ ਵੀ ਪੰਜਾਬ ਦੇ ਪਾਣੀਆਂ ਵਿਚੋਂ ਆਪਣਾ ਹਿੱਸਾ ਮੰਗਣਾ ਸ਼ੁਰੂ ਕਰ ਦਿੱਤਾ ਸੀ ਤੇ ਕੇਂਦਰ ਸਰਕਾਰ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਅਪੀਲ ਕੀਤੀ। 1976 ਵਿਚ ਦੇਸ਼ ਵਿਚ ਐਮਰਜੈਂਸੀ ਦੌਰਾਨ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ ਗਿਆ ਜਿਸ ਤਹਿਤ ਇਸ ਮਸਲੇ ਦੇ ਹੱਲ ਲਈ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਬਣਾਉਣੀ ਤਜਵੀਜ਼ ਕੀਤੀ ਗਈ। ਪੰਜਾਬ ਵਿਚ ਇਸ ਦਾ ਭਾਰੀ ਵਿਰੋਧ ਹੋਇਆ।

1977 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਵਿਚ ਇਸ ਮਸਲੇ ਦੇ ਹੱਲ ਲਈ ਕੇਸ ਦਾਖਲ ਕੀਤਾ ਅਤੇ ਉਸੇ ਸਾਲ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ। ਸਰਕਾਰ ਨੇ ਐਸ.ਵਾਈ.ਐਲ. ਨਹਿਰ ਲਈ ਜ਼ਮੀਨ ਲੈਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਜੂਨ 1980 ਤੱਕ ਹਰਿਆਣਾ ਵਿਚ ਨਹਿਰ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਸੀ। 1980 ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣ ਚੁੱਕੀ ਸੀ। 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਿਚਕਾਰ ਪਾਣੀਆਂ ਦੇ ਮਸਲੇ ਨੂੰ ਲੈ ਕੇ ਸਮਝੌਤਾ ਹੋਇਆ। ਕੇਂਦਰ ਵਿਚ ਉਸ ਸਮੇਂ ਕਾਂਗਰਸ ਪਾਰਟੀ ਦੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਸੀ। ਇਸ ਸਮਝੌਤੇ ਤਹਿਤ ਹਰਿਆਣਾ ਨੂੰ ਪਾਣੀ ਦੇਣ ਲਈ ਭਾਖੜਾ ਡੈਮ ਤੋਂ ਸਤਲੁਜ ਯਮੁਨਾ ਲਿੰਕ ਨਹਿਰ ਕੱਢਣ ਤੇ ਮੋਹਰ ਲਾਈ ਗਈ ਜੋ ਪੰਜਾਬ ਵਿਚੋਂ ਭਾਖੜਾ ਡੈਮ ਤੋਂ ਲੈ ਕੇ ਹਰਿਆਣਾ ਦੇ ਕਰਨਾਲ ਸ਼ਹਿਰ ਤੱਕ ਜਾਂਦੀ ਹੈ ਤੇ ਇੱਥੋਂ ਅੱਗੇ ਰਾਜਸਥਾਨ ਲਈ ਇੱਕ ਹੋਰ ਨਹਿਰ ਦੀ ਉਸਾਰੀ ਕੀਤੀ ਗਈ।

1985 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੁਬਾਰਾ ਬਣਨ ਤੇ ਦਸੰਬਰ 1981 ਵਾਲਾ ਸਮਝੌਤਾ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਨਾਲ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ। ਇਸ ਮਸਲੇ ਲਈ ਟ੍ਰਿਬਿਊਨਲ ਬਣਾਇਆ ਗਿਆ ਤੇ 1987 ਵਿਚ ਆਪਣੀ ਰਿਪੋਰਟ ਵਿਚ ਇਸ ਟ੍ਰਿਬਿਊਨਲ ਨੇ 1955, 1976 ਅਤੇ 1981 ਦੇ ਸਮਝੌਤਿਆਂ ਨੂੰ ਕਾਨੂੰਨੀ ਤੌਰ ਤੇ ਜਾਇਜ਼ ਠਹਿਰਾਇਆ ਅਤੇ ਕਿਹਾ ਕਿ ਹਰਿਆਣਾ ਨੇ ਕਿਉਂਕਿ ਨਹਿਰ ਦਾ ਆਪਣਾ ਹਿੱਸਾ ਉਸਾਰ ਦਿੱਤਾ ਹੈ, ਇਸ ਲਈ ਪੰਜਾਬ ਨੂੰ ਉਸਾਰੀ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਫਿਰ 1990 ਵਿਚ ਨਹਿਰ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਪਰ ਕੁਝ ਹੀ ਮਹੀਨਿਆਂ ਬਾਅਦ ਇਹ ਕੰਮ ਫਿਰ ਰੋਕ ਦਿੱਤਾ ਗਿਆ, ਇਸ ਦੀ ਉਸਾਰੀ ਲਈ ਤਾਇਨਾਤ ਚੀਫ ਇੰਜਨੀਅਰ ਦੀ ਹੱਤਿਆ ਕਰ ਦਿੱਤੀ ਗਈ ਸੀ।

ਫਿਰ 1999 ਵਿਚ ਹਰਿਆਣਾ ਨੇ ਇਸ ਨਹਿਰ ਦੀ ਉਸਾਰੀ ਲਈ ਪੰਜਾਬ ਤੇ ਜ਼ੋਰ ਪਾਉਣ ਲਈ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ। 2002 ਵਿਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਆਦੇਸ਼ ਦਿੱਤਾ ਕਿ ਨਹਿਰ ਦਾ ਕੰਮ ਇੱਕ ਸਾਲ ਦੇ ਵਿਚ ਵਿਚ ਪੂਰਾ ਕੀਤਾ ਜਾਵੇ ਪਰ ਪੰਜਾਬ ਨੇ ਇਨਕਾਰ ਕਰਦਿਆਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਦੁਬਾਰਾ ਤੋਂ ਘੋਖਣ ਲਈ ਬੇਨਤੀ ਕੀਤੀ ਜੋ ਸੁਪਰੀਮ ਕੋਰਟ ਵੱਲੋਂ ਖਾਰਜ ਕਰ ਦਿੱਤੀ ਗਈ। ਇਸ ਹਾਲਤ ਵਿਚ 2004 ਵਿਚ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਵਾ ਲਿਆ ਜਿਸ ਤਹਿਤ ਪੰਜਾਬ ਨੇ ਪਿਛਲੇ ਪਾਣੀਆਂ ਦੀ ਵੰਡ ਬਾਰੇ ਕੀਤੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਇਸ ਕਾਨੂੰਨ ਨੂੰ 'ਪਾਣੀਆਂ ਦੇ ਸਮਝੌਤੇ ਰੱਦ ਕਰਨ ਬਾਰੇ ਕਾਨੂੰਨ' (2004) ਕਿਹਾ ਜਾਂਦਾ ਹੈ। ਭਾਰਤ ਦੇ ਰਾਸ਼ਟਰਪਤੀ ਨੇ ਇਸ ਕਾਨੂੰਨ ਤੇ ਉਸੇ ਸਮੇਂ ਸੁਪਰੀਮ ਕੋਰਟ ਦੀ ਰਾਇ ਮੰਗ ਲਈ। 15 ਮਾਰਚ 2016 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ 'ਸਤਲੁਜ ਯਮੁਨਾ ਲਿੰਕ ਨਹਿਰ ਜ਼ਮੀਨ ਬਾਰੇ ਐਕਟ' ਪਾਸ ਕਰ ਦਿੱਤਾ ਜਿਸ ਤਹਿਤ ਐਸ.ਵਾਈ.ਐਲ. ਲਈ ਜੋ ਜ਼ਮੀਨ ਕਿਸਾਨਾਂ ਤੋਂ ਪ੍ਰਾਪਤ ਕੀਤੀ ਗਈ ਸੀ, ਉਹ ਉਨ੍ਹਾਂ ਨੂੰ ਵਾਪਸ ਕੀਤੀ ਜਾਣੀ ਸੀ ਪਰ 18 ਮਾਰਚ ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਹਾਲਤ ਜਿਉਂ ਦੀ ਤਿਉਂ ਬਣਾਈ ਰੱਖਣ ਲਈ ਨਿਰਦੇਸ਼ ਜਾਰੀ ਕਰ ਦਿੱਤੇ।

ਮਗਰੋਂ 10 ਨਵੰਬਰ ਨੂੰ ਸੁਪਰੀਮ ਕੋਰਟ ਨੇ 2004 ਦੇ ਪਾਣੀਆਂ ਦੇ ਸਮਝੌਤੇ ਰੱਦ ਕਰਨ ਵਾਲੇ ਪੰਜਾਬ ਦੇ ਕਾਨੂੰਨ ਬਾਬਤ ਆਪਣੀ ਰਾਇ ਦਿੱਤੀ ਅਤੇ ਇਸ ਕਾਨੂੰਨ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। 15 ਨਵੰਬਰ ਨੂੰ ਪੰਜਾਬ ਸਰਕਾਰ ਨੇ ਐਸ.ਵਾਈ.ਐਲ. ਲਈ ਪ੍ਰਾਪਤ ਕੀਤੀ ਜ਼ਮੀਨ ਨੂੰ ਕਿਸਾਨਾਂ ਨੂੰ ਵਾਪਿਸ ਕਰਨ ਲਈ ਕਾਰਜਕਾਰੀ ਹੁਕਮ ਜਾਰੀ ਕੀਤਾ ਤੇ ਪੰਜਾਬ ਰੈਵੇਨਿਊ ਦੇ ਵਿੱਤ ਸਕੱਤਰ ਨੇ ਜ਼ਮੀਨ ਮਾਲਕਾਂ ਨੂੰ ਜ਼ਮੀਨ ਵਾਪਸ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਪਰ ਸੁਪਰੀਮ ਕੋਰਟ ਨੇ ਇਸ ਤੇ ਵੀ ਰੋਕ ਲਗਾ ਦਿੱਤੀ।

ਇਸ ਤੋਂ ਅਗਲੇ ਹੀ ਦਿਨ ਪੰਜਾਬ ਵਿਧਾਨ ਸਭਾ ਨੇ ਕਾਨੂੰਨ ਪਾਸ ਕਰ ਕੇ 'ਨਾਨ-ਰਿਪੇਰੀਅਨ' ਸਟੇਟਾਂ ਤੋਂ ਪਾਣੀ ਦੇ ਬਦਲੇ ਵਿੱਤੀ ਮਾਲੀਏ ਦੀ ਮੰਗ ਕੀਤੀ। ਨਾਨ-ਰਿਪੇਰੀਅਨ ਸਟੇਟ ਉਹ ਹੁੰਦੇ ਹਨ ਜੋ ਪਾਣੀ ਦੇ ਵਹਾਅ ਦੇ ਉਲਟ ਦਰਿਆਵਾਂ ਤੋਂ ਪਾਣੀ ਪ੍ਰਾਪਤ ਕਰਦੇ ਹਨ। ਪੰਜਾਬ ਦੇ ਦਰਿਆਵਾਂ ਦੇ ਹਿਸਾਬ ਨਾਲ ਹਰਿਆਣਾ, ਰਾਜਸਥਾਨ ਤੇ ਦਿੱਲੀ 'ਨਾਨ-ਰਿਪੇਰੀਅਨ' ਸਟੇਟ ਹਨ। 22 ਫਰਵਰੀ 2019 ਨੂੰ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਜੇਕਰ ਪੰਜਾਬ ਤੇ ਹਰਿਆਣਾ ਕਿਸੇ ਸਾਂਝੇ ਫੈਸਲੇ ਤੇ ਨਹੀਂ ਪਹੁੰਚਦੇ ਤਾਂ ਪੰਜਾਬ ਨੂੰ ਪਿਛਲੇ ਫੈਸਲਿਆਂ ਦੇ ਤਹਿਤ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾਉਣੀ ਪਵੇਗੀ। ਹਰਿਆਣਾ ਕਿਸੇ ਮੁੱਦੇ ਤੇ ਪਹੁੰਚਣ ਤੋਂ ਪਹਿਲਾਂ ਹੋਏ ਸਮਝੌਤਿਆਂ, ਸੁਪਰੀਮ ਕੋਰਟ ਦੇ ਫੈਸਲਿਆਂ ਆਦਿ ਦੀ ਵਕਾਲਤ ਕਰਦਾ ਹੈ ਅਤੇ ਪੰਜਾਬ ਇਸ ਮਸਲੇ ਤੇ ਰਿਪੇਰੀਅਨ ਸਿਧਾਂਤ ਨੂੰ ਮੁੱਖ ਰੱਖਦਾ ਹੈ। ਇਸ ਲਈ ਫਿਲਹਾਲ ਇਸ ਬਾਰੇ ਕੋਈ ਅੰਤਿਮ ਨਤੀਜਾ ਨਹੀਂ ਨਿਕਲ ਸਕਿਆ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 29 ਮਈ 2021

# ਕਿਸਾਨ ਸੰਘਰਸ਼ ਦਾ ਹੱਲਾ

ਤਕਰੀਬਨ ਡੇਢ ਮਹੀਨੇ ਬਾਅਦ ਭਾਰਤ ਅੰਦਰ ਕਰੋਨਾ ਲਹਿਰ ਮੱਠੀ ਪੈਣ ਦੇ ਸੰਕੇਤ ਮਿਲ ਰਹੇ ਹਨ। ਕਰੋਨਾ ਵਾਇਰਸ ਦੀ ਦੂਜੀ ਲਹਿਰ ਕਾਰਨ ਭਾਰਤ ਵਿਚ ਹਾਹਾਕਾਰ ਮੱਚ ਗਈ ਸੀ ਅਤੇ ਲੋਕਾਂ ਨੂੰ ਬੇਹੱਦ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਦੇ ਨਾਲ ਹੀ ਪਿਛਲੇ ਕੁਝ ਸਮੇਂ ਤੋਂ ਮੱਠਾ ਪਿਆ ਮਿਸਾਲੀ ਅਤੇ ਇਤਿਹਾਸਕ ਕਿਸਾਨ ਘੋਲ ਹੁਣ ਦੁਬਾਰਾ ਤਿੱਖਾ ਹੋਣਾ ਆਰੰਭ ਹੋ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਮਈ ਨੂੰ ਦਿੱਤੇ ਰੋਸ ਦਿਵਸ ਦੇ ਸੱਦੇ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਹ ਰੋਸ ਦਿਵਸ ਦਿੱਲੀ ਬਾਰਡਰਾਂ 'ਤੇ ਬੈਠਿਆਂ ਨੂੰ 6 ਮਹੀਨੇ ਮੁਕੰਮਲ ਹੋਣ ਮੌਕੇ ਕੀਤਾ ਗਿਆ। ਇਸ ਰੋਸ ਦਿਵਸ ਨੂੰ ਪੰਜਾਬ ਦੀਆਂ ਸਾਰੀਆਂ ਮੁੱਖ ਸਿਆਸੀ ਧਿਰਾਂ- ਸੱਤਾਧਾਰੀ ਕਾਂਗਰਸ, ਤੇ ਵਿਰੋਧੀ ਧਿਰਾਂ- ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ), ਨੇ ਵੀ ਹੁੰਗਾਰਾ ਭਰਿਆ। ਇਸ ਤੋਂ ਇਲਾਵਾ ਕੌਮੀ ਪੱਧਰ 'ਤੇ ਵੀ ਅਹਿਮ ਸਿਆਸੀ ਧਿਰਾਂ ਨੇ ਵੀ ਇਸ ਰੋਸ ਦਿਵਸ ਦੀ ਹਮਾਇਤ ਕਰਦਿਆਂ ਮੋਦੀ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਯਾਦ ਰਹੇ ਕਿ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਪਿਛਲੀ ਗੱਲਬਾਤ 22 ਜਨਵਰੀ ਨੂੰ ਹੋਈ ਸੀ। ਇਸ ਤੋਂ ਬਾਅਦ 26 ਜਨਵਰੀ ਵਾਲੀਆਂ ਘਟਨਾਵਾਂ ਕਾਰਨ ਹਾਲਾਤ ਅਜਿਹੇ ਬਣੇ ਕਿ ਦੋਹਾਂ ਧਿਰਾਂ ਵਿਚਕਾਰ ਗੱਲਬਾਤ ਤੁਰ ਨਹੀਂ ਸਕੀ। ਅਸਲ ਵਿਚ ਸਰਕਾਰ ਦਾ ਦਾਈਆ ਸੀ ਕਿ 26 ਜਨਵਰੀ ਵਾਲੀਆਂ ਘਟਨਾਵਾਂ ਲਈ ਕਿਸਾਨ ਮੋਰਚੇ ਨੂੰ ਬਦਨਾਮ ਕਰ ਕੇ ਇਸ ਨੂੰ ਖਦੇੜ ਦਿੱਤਾ ਜਾਵੇ। ਇਸ ਨੇ ਅਜਿਹਾ ਕਰਨ ਲਈ ਜ਼ੋਰ ਵੀ ਮਾਰਿਆ ਪਰ ਲੋਕਾਂ ਦੀਆਂ ਭਾਵਨਾਵਾਂ ਅਤੇ ਮੌਕੇ 'ਤੇ ਆਗੂਆਂ ਦੀ ਦਲੇਰੀ ਕਾਰਨ ਮੋਰਚਾ ਟਿਕਿਆ ਰਿਹਾ।

ਇਸ ਤੋਂ ਬਾਅਦ ਮੋਦੀ ਸਰਕਾਰ ਨੇ ਕਰੋਨਾ ਵਾਇਰਸ ਦਾ ਬਹਾਨਾ ਲਾ ਕੇ ਮੋਰਚੇ ਨੂੰ ਸਮੇਟਣ ਦਾ ਯਤਨ ਕੀਤਾ ਪਰ ਇਸ ਵਿਚ ਵੀ ਇਹ ਕਾਮਯਾਬ ਨਹੀਂ ਹੋ ਸਕੀ। ਇਸ ਦੌਰਾਨ ਮੋਰਚੇ ਦੇ ਅੰਦਰ ਵੀ ਕੁਝ ਕੁ ਮੱਤਭੇਦ ਉਭਰੇ ਪਰ ਹੌਲੀ-ਹੌਲੀ ਕਰ ਕੇ ਇਨ੍ਹਾਂ ਉਤੇ ਕਾਬੂ ਪਾ ਲਿਆ ਗਿਆ ਅਤੇ ਹੁਣ ਇਹ ਮੋਰਚਾ ਇਕ ਵਾਰ ਫਿਰ ਤਕੜਾ ਹੋ ਕੇ ਨਿੱਕਲ ਆਇਆ ਹੈ। ਇਸ ਨੇ ਗੱਲਬਾਤ ਲਈ ਮੋਦੀ ਸਰਕਾਰ ਨੂੰ ਚਿੱਠੀ ਲਿਖੀ ਹੈ ਹਾਲਾਂਕਿ ਸਰਕਾਰ ਲਗਾਤਾਰ ਇਹ ਕਹਿੰਦੀ ਰਹੀ ਹੈ ਕਿ ਕਿਸਾਨਾਂ ਦੀਆਂ ਮੰਗਾਂ ਬਾਰੇ ਸਰਕਾਰ ਆਪਣਾ ਪੱਖ ਸਪਸ਼ਟ ਕਰ ਚੁੱਕੀ ਹੈ, ਹੁਣ ਫੈਸਲਾ ਕਿਸਾਨ ਜਥੇਬੰਦੀਆਂ ਨੇ ਕਰਨਾ ਹੈ। ਹੁਣ ਚਿੱਠੀ ਲਿਖ ਕੇ ਅਤੇ ਵੱਡੇ ਪੱਧਰ 'ਤੇ ਰੋਸ ਦਿਵਸ ਮਨਾ ਕੇ ਕਿਸਾਨ ਜਥੇਬੰਦੀਆਂ ਨੇ ਗੇਂਦ ਇਕ ਵਾਰ ਫਿਰ ਮੋਦੀ ਸਰਕਾਰ ਦੇ ਵਿਹੜੇ ਵਿਚ ਸੁੱਟ ਦਿੱਤੀ ਹੈ। ਇਸ ਦੇ ਨਾਲ-ਨਾਲ ਕਿਸਾਨ ਆਗੂਆਂ ਨੇ ਕਰੋਨਾ ਦੇ ਬਹਾਨੇ ਕਿਸਾਨਾਂ ਨੂੰ ਖਦੇੜਨ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਬਣਾਉਣ ਲਈ ਇਹ ਰਸਤਾ ਕੱਢਿਆ ਹੈ ਕਿ ਕਿਸਾਨਾਂ ਦਾ ਇਕ ਥਾਂ ਇਕੱਠ ਕਰਨ ਦੀ ਬਜਾਏ ਅੰਦੋਲਨ ਅੰਦਰ ਥਾਂ ਵਾਰੀ-ਵਾਰੀ ਕਿਸਾਨਾਂ ਦੀ ਸ਼ਮੂਲੀਅਤ ਕਰਵਾਈ ਜਾਵੇ। ਇਉਂ ਦਿੱਲੀ ਬਾਰਡਰਾਂ 'ਤੇ ਵੱਧ-ਘੱਟ ਇਕੱਠ ਵਾਲੇ ਮਸਲੇ ਦਾ ਹੱਲ ਵੀ ਆਪੇ ਨਿੱਕਲ ਆਇਆ ਹੈ।

ਇਸ ਕਿਸਾਨ ਅੰਦੋਲਨ ਦੀ ਖੂਬਸੂਰਤੀ ਇਹ ਰਹੀ ਹੈ ਕਿ ਵੱਖ-ਵੱਖ ਤਰ੍ਹਾਂ ਦੀਆਂ ਔਕੜਾਂ ਅਤੇ ਅੜਿੱਕਿਆਂ ਦੇ ਬਾਵਜੂਦ ਇਹ ਅੰਦੋਲਨ ਟਿਕਿਆ ਹੀ ਨਹੀਂ ਬਲਕਿ ਪਹਿਲਾਂ ਨਾਲੋਂ ਮਜ਼ਬੂਤ ਹੋਇਆ ਹੈ। ਮੋਦੀ ਸਰਕਾਰ ਨੇ ਇਸ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਦੂਜੇ ਬੰਨੇ ਕੁਝ ਹੋਰ ਤਾਕਤਾਂ ਨੇ ਵੀ ਇਸ ਅੰਦੋਲਨ ਦਾ ਰੁਖ ਮੋੜਨ ਦਾ ਯਤਨ ਕੀਤਾ ਪਰ ਨਾਕਾਮ ਰਹੀਆਂ। ਅਸਲ ਵਿਚ, ਮੋਦੀ ਸਰਕਾਰ ਵੀ ਚਾਹੁੰਦੀ ਸੀ ਕਿ ਇਸ ਅੰਦੋਲਨ ਨੂੰ ਕਿਸੇ ਤਰ੍ਹਾਂ ਲੀਹ ਤੋਂ ਲਾਹ ਦਿੱਤਾ ਜਾਵੇ। ਇਸ ਪੱਖ ਤੋਂ ਦੂਜੀਆਂ ਤਾਕਤਾਂ ਨੇ ਵੀ ਇਕ ਤਰ੍ਹਾਂ ਨਾਲ ਮੋਦੀ ਸਰਕਾਰ ਵਾਲਾ ਹੀ ਰੋਲ ਨਿਭਾਇਆ ਪਰ ਚਿਰਾਂ ਤੋਂ ਜਥੇਬੰਦ ਹੋਏ ਅਤੇ ਵੱਖ-ਵੱਖ ਮੋਰਚਿਆਂ 'ਤੇ ਜੂਝਦੇ ਰਹੇ ਕਿਸਾਨਾਂ ਨੇ ਇਸ ਹੱਲੇ ਨੂੰ ਵੰਗਾਰ ਵਜੋਂ ਸਵੀਕਾਰ ਕੀਤਾ ਅਤੇ ਆਪਣੀ ਕਮੀਆਂ ਪੇਸ਼ੀਆਂ, ਇਥੋਂ ਤੱਕ ਕਿ ਕਈ ਗਲਤੀਆਂ ਦੇ ਬਾਵਜੂਦ ਮੋਰਚੇ ਨੂੰ ਠੇਸ ਨਹੀਂ ਪਹੁੰਚਣ ਦਿੱਤੀ। ਮੋਦੀ ਸਰਕਾਰ ਲਗਾਤਾਰ ਇਹ ਕੋਸ਼ਿਸ਼ ਕਰਦੀ ਰਹੀ ਕਿ ਇਸ ਨੂੰ ਕਿਸੇ ਨਾ ਕਿਸੇ ਧਰਮ ਜਾਂ ਇਲਾਕੇ ਜਾਂ ਪ੍ਰਾਂਤ ਨਾਲ ਜੋੜ ਕੇ ਪਿਛਾਂਹ ਧੱਕ ਦਿੱਤਾ ਜਾਵੇ ਪਰ ਕਿਸਾਨ ਅੰਦੋਲਨ ਦੇ ਧਰਮ ਨਿਰਪੱਖ ਸਰੂਪ ਨੇ ਮੋਦੀ ਸਰਕਾਰ ਦੀ ਇਕ ਵੀ ਨਾ ਚੱਲਣ ਦਿੱਤੀ ਅਤੇ ਇਸ ਦੀਆਂ ਕਿਸਾਨ ਮੋਰਚਾ ਤੋੜਨ ਦੇ ਸਾਰੇ ਯਤਨ ਕਿਸਾਨਾਂ ਨੇ ਪਛਾੜ ਦਿੱਤੇ।

ਹੁਣ ਕਿਸਾਨ ਅੰਦੋਲਨ ਫੈਸਲਾਕੁਨ ਦੌਰ ਵਿਚ ਪਹੁੰਚ ਗਿਆ ਹੈ। ਫੈਸਲਾਕੁਨ ਦੌਰ ਵਿਚ ਇਸ ਕਰ ਕੇ, ਕਿਉਂਕਿ ਅਗਲੇ ਸਾਲ 2022 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਇਸ ਕਿਸਾਨ ਅੰਦੋਲਨ ਬਾਰੇ ਅਪਣਾਈ ਪਹੁੰਚ ਦਾ ਹਿਸਾਬ ਹਰ ਸਿਆਸੀ ਪਾਰਟੀ ਨੂੰ ਇਨ੍ਹਾਂ ਚੋਣਾਂ ਦੌਰਾਨ ਦੇਣਾ ਪਵੇਗਾ। ਕਿਸਾਨਾਂ ਦੀ ਇਕ ਧਿਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਖਿਲਾਫ ਮੋਰਚਾ ਬੰਨ੍ਹਣ ਦਾ ਐਲਾਨ ਪਹਿਲਾਂ ਹੀ ਕਰ ਦਿੱਤਾ ਹੋਇਆ ਹੈ। ਭਾਰਤੀ ਜਨਤਾ ਪਾਰਟੀ ਜੋ ਕੇਂਦਰ ਵਿਚ ਸੱਤਾ ਵਿਚ ਹੈ, ਦਾ ਜੋ ਹਸ਼ਰ ਪੰਜਾਬ ਵਿਚ ਹੋ ਰਿਹਾ ਹੈ, ਉਸ ਨੇ ਹੋਰ ਸਿਆਸੀ ਧਿਰਾਂ ਨੂੰ ਸਾਫ ਸੰਕੇਤ ਦੇ ਦਿੱਤੇ ਹਨ। ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਦੀ ਸਿਆਸੀ ਸਰਗਰਮੀ ਦੇਖਣ ਵਾਲੀ ਹੋਵੇਗੀ। ਅਕਾਲੀ ਦਲ ਭਾਵੇਂ ਪਹਿਲਾਂ ਖੇਤੀ ਕਾਨੂੰਨਾਂ ਦੀ ਹਮਾਇਤ 'ਤੇ ਉਤਰ ਆਇਆ ਸੀ ਪਰ ਲੋਕਾਂ ਦੇ ਦਬਾਅ ਕਾਰਨ ਇਸ ਨੂੰ ਕੇਂਦਰ ਸਰਕਾਰ ਦੀ ਭਾਈਵਾਲੀ ਹੀ ਨਹੀਂ ਛੱਡਣੀ ਪਈ ਸੀ ਸਗੋਂ ਕਿਸਾਨਾਂ ਦੇ ਹੱਕ ਵਿਚ ਹੋਣ ਬਾਰੇ ਐਲਾਨ ਵੀ ਕਰਨਾ ਪਿਆ ਸੀ। ਜ਼ਾਹਿਰ ਹੈ ਕਿ ਕਰੋਨਾ ਦੇ ਇਸ ਦੌਰ ਵਿਚ ਕਿਸਾਨ ਅੰਦੋਲਨ ਇਕ ਵੱਖਰਾ ਰੰਗ ਲੈ ਕੇ ਹਾਜ਼ਰ ਹੋਇਆ ਹੈ। ਬਹੁਤ ਚਿਰਾਂ ਬਾਅਦ ਕਿਸੇ ਅੰਦੋਲਨ ਨੇ ਸਿਆਸੀ ਪਿੜ ਉਤੇ ਇੰਨਾ ਬੱਝਵਾਂ ਅਸਰ ਪਾਇਆ ਹੈ। ਹੁਣ ਇਹ ਸੰਜੀਦਾ ਧਿਰਾਂ ਨੇ ਸੋਚਣਾ ਹੈ ਕਿ ਲੋਕਾਂ ਦੇ ਇਸ ਉਭਾਰ ਨੂੰ ਲੋਕ ਪੱਖੀ ਸਿਆਸਤ ਵਿਚ ਕਿਸ ਤਰ੍ਹਾਂ ਬਦਲਿਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰਕਾਰੀ ਨੁਸਖੇ?

ਮਾਰੋ ਮਾਰ 'ਕਰੋਨਾ' ਹੈ ਕਰੀ ਜਾਂਦਾ, ਜ਼ਹਿਰੀ ਕੋਬਰੇ ਜਿਸ ਤਰ੍ਹਾਂ ਡੱਸਦੇ ਨੇ।
'ਨੁਸਖੇ' ਦੱਸਦੇ ਆਗੂ ਕਈ ਭਾਜਪਾ ਦੇ, ਲੋਕੀ ਸੁਣਦਿਆਂ ਦੁਨੀਆਂ ਦੇ ਹੱਸਦੇ ਨੇ।
'ਵੈਕਸੀਨ' ਤੇ ਥੁੜ ਗਈ 'ਆਕਸੀਜਨ', ਆਪਣੇ ਫਰਜ਼ ਨਿਭਾਉਣ ਤੋਂ ਨੱਸਦੇ ਨੇ।
ਅਸਲੀ ਅੰਕੜੇ ਜਦੋਂ 'ਰਵੀਸ਼' ਬੋਲੇ, ਝੂਠ ਮਾਰਦੇ ਹਾਕਮ ਫਿਰ ਫੱਸਦੇ ਨੇ।
ਬਲਦੇ ਦੇਖ ਕੇ ਸਿਵੇ ਨਾ ਕਰਨ ਚਿੰਤਾ, ਫਿਰਕਾਪ੍ਰਸਤੀ ਵਿਚ ਜਾ ਰਹੇ ਧੱਸਦੇ ਨੇ।
ਹੋਣਾ ਗੋਬਰ ਹੀ ਖੋਪੜੀ ਵਿਚ ਭਰਿਆ, ਗੋਹਾ-ਮੂਤਰ 'ਇਲਾਜ' ਜੋ ਦੱਸਦੇ ਨੇ!

## ਕਰੋਨਾ ਹਾਲਾਤ ਬਾਰੇ ਇਕ ਪੱਤਰਕਾਰ ਦਾ ਇਕਬਾਲੀਆ ਬਿਆਨ

# ਲਹੂ ਸਾਡੇ ਹੱਥਾਂ 'ਤੇ ਵੀ ਲੱਗਾ ਹੋਇਐ

*ਭਾਰਤ ਦੇ ਸੀਨੀਅਰ ਪੱਤਰਕਾਰ ਜੀ.ਐਸ. ਵਸੂ ਜੋ 'ਨਿਊ ਇੰਡੀਅਨ ਐਕਸਪ੍ਰੈੱਸ' ਦੇ ਸੰਪਾਦਕ ਹਨ, ਨੇ ਭਾਰਤ ਦੇ ਮੌਜੂਦਾ ਹਾਲਾਤ ਬਾਰੇ ਮਹੱਤਵਪੂਰਨ ਟਿੱਪਣੀ ਕੀਤੀ ਹੈ ਜੋ ਇਨ੍ਹਾਂ ਹਾਲਾਤ ਨੂੰ ਬਣਾਉਣ ਵਿਚ ਮੱਧ ਵਰਗ ਦੀ ਭੂਮਿਕਾ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਵਿਚ ਸਰਕਾਰ ਦੀ ਨਾਕਾਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ। ਇਹ ਵਿਚਾਰ ਆਪਣੇ ਸੁਘੜ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

ਹਾਲ ਹੀ ਵਿਚ ਇਕ ਸੀਨੀਅਰ ਸਿਆਸੀ ਆਗੂ ਨਾਲ ਦਿਲਚਸਪ ਗੱਲਬਾਤ ਹੋਈ ਜੋ ਰਾਜ ਦੀਆਂ ਚੋਣਾਂ ਦੇ ਸੰਭਾਵੀ ਨਤੀਜਿਆਂ ਤੋਂ ਸ਼ੁਰੂ ਹੋਈ ਅਤੇ ਫਿਰ ਪੂਰੇ ਮੁਲਕ 'ਚ ਫੈਲੀ ਮਹਾਮਾਰੀ 'ਤੇ ਜਾ ਪਹੁੰਚੀ ਜਿਸ ਨਾਲ ਲੋਕ ਉਸੇ ਤਰ੍ਹਾਂ ਮਰੇ ਪਏ ਮਿਲ ਰਹੇ ਹਨ, ਜਿਵੇਂ ਗਰਮੀ ਦੇ ਮੌਸਮ ਵਿਚ ਮਰੇ ਹੋਏ ਪਰਿੰਦੇ ਪਏ ਹੁੰਦੇ ਹਨ। ਸੱਤ ਸਾਲਾਂ ਵਿਚ ਜਦੋਂ ਤੋਂ ਇਹ ਸਰਕਾਰ ਬਣੀ ਹੈ, ਮੁਲਕ ਨੂੰ ਬਹੁਤ ਸਾਰੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦਾ ਕਾਰਨ ਲੋਕਾਂ ਉੱਪਰ



ਥੋਪੇ ਬੇਲੋੜੇ ਫੈਸਲੇ ਸਨ ਪਰ ਇਸ ਵਾਰ, ਜਿਵੇਂ ਸਿਆਸੀ ਆਗੂ ਨੇ ਕਿਹਾ, ਸਰਕਾਰ/ਪਾਰਟੀ ਨਾ ਤਾਂ ਬਿਰਤਾਂਤ ਸਿਰਜ ਸਕਦੀ ਹੈ ਅਤੇ ਨਾ ਹੀ ਇਸ ਪ੍ਰਤੀਕਰਮ ਦਾ ਮੁਕਾਬਲਾ

**ਜੀ.ਐਸ. ਵਸੂ**
**ਅਨੁਵਾਦ : ਬੂਟਾ ਸਿੰਘ**

ਕਰਨ ਲਈ ਦ੍ਰਿਸ਼ਟੀ ਤਿਆਰ ਕਰ ਸਕਦੀ ਹੈ।

ਇਕ ਬੁਨਿਆਦੀ ਸਮੱਸਿਆ ਉਸ ਤਰੀਕੇ 'ਚ ਹੈ ਜਿਸ ਨਾਲ ਮੋਦੀ ਸਰਕਾਰ ਨੂੰ ਕੋਵਿਡ ਦੀ ਦੂਜੀ ਲਹਿਰ ਨਾਲ ਨਜਿੱਠਣ ਦੇ ਵਿਨਾਸ਼ਕਾਰੀ ਢੰਗ ਲਈ ਲਾਹਨਤ ਪਾਈ ਜਾ ਰਹੀ ਹੈ। ਇਹ ਮੰਨਦੇ ਹੋਏ ਵੀ ਕਿ ਇਹ ਕਈ ਸਾਲਾਂ ਤੋਂ ਮਿਹਨਤ ਨਾਲ ਬਣੇ 'ਸੁਖਸੀ ਪੂਜਾ ਸੱਭਿਆਚਾਰ' ਦਾ ਸਿੱਧਾ ਸਿੱਟਾ ਹੈ, ਅਜਿਹੇ ਹਿੱਸਿਆਂ ਦੀ 'ਸਮੂਹਿਕ ਜ਼ਿੰਮੇਵਾਰੀ' ਨੂੰ ਨਜ਼ਰਅੰਦਾਜ਼ ਕਰਨਾ, ਜਿਨ੍ਹਾਂ ਨੇ ਸਰਕਾਰ ਦੀ ਬਿਨਾਂ ਕੋਈ ਹੀਲ-ਹੁੱਜਤ ਕੀਤੇ ਹਮਾਇਤ ਕਰਨ ਦੀ ਚੋਣ ਕੀਤੀ, ਸਿਰਫ ਇਸ ਮੁੱਦੇ ਦੀ ਅੰਸ਼ਕ ਸਮਝ ਨੂੰ ਹੀ ਦਰਸਾਉਂਦਾ ਹੈ।

ਕੁਝ ਸਮਾਂ ਪਹਿਲਾਂ ਹੀ ਜਨਵਰੀ 2021 ਵਿਚ ਇਸ ਸਰਕਾਰ ਨੇ ਆਲਮੀ ਆਗੂਆਂ ਕੋਲ ਸ਼ੇਖੀ ਮਾਰੀ ਸੀ ਕਿ ਭਾਰਤ ਨੇ ਵਾਇਰਸ ਨੂੰ ਹਰਾਉਣ ਦੀ ਸ਼ਾਨਦਾਰ ਮਿਸਾਲ ਕਾਇਮ ਕੀਤੀ ਹੈ। ਲੋਕਾਂ ਨੇ ਇਸ 'ਤੇ ਯਕੀਨ ਕਰ ਲਿਆ। ਇਕ ਮਹੀਨੇ ਬਾਅਦ, ਮਹਾਮਾਰੀ ਦੀ ਪਹਿਲੀ ਲਹਿਰ ਨਾਲ ਨਜਿੱਠਣ ਲਈ ਭਾਜਪਾ ਨੇ ਮੋਦੀ ਦੀ ਅਗਵਾਈ ਦੀ ਰੱਜ ਕੇ ਤਾਰੀਫ ਕੀਤੀ। ਸਾਨੂੰ ਹਕੀਕਤ ਦੀ ਬਜਾਇ ਭਾਜਪਾ ਦੀ ਬੈਠਕ ਵਿਚ ਪਾਸ ਕੀਤੇ ਮਤੇ 'ਤੇ ਜ਼ਿਆਦਾ ਭਰੋਸਾ ਸੀ। ਕੁਝ ਹਫਤੇ ਬਾਅਦ ਸਿਹਤ ਮੰਤਰੀ ਜਿਸ ਨੂੰ ਪਿਛਲੇ ਇਕ ਸਾਲ ਵਿਚ ਇਕ ਦਰਜਨ ਵਾਰ ਅਸਤੀਫਾ ਦੇ ਦੇਣਾ ਚਾਹੀਦਾ ਸੀ, ਨੇ ਐਲਾਨ ਕੀਤਾ, "ਅਸੀਂ ਕਰੋਨਾ ਸੰਕਟ ਦੇ ਖਾਤਮੇ ਦੇ ਆਖਰੀ ਪੜਾਅ ਵਿਚ ਹਾਂ।"

ਉਸੇ ਸਮੇਂ ਦੌਰਾਨ ਜਵਾਬੀ ਚਿਤਾਵਨੀਆਂ ਦਿੱਤੀਆਂ ਗਈਆਂ ਪਰ ਕਿਸੇ ਨੇ ਧਿਆਨ ਨਹੀਂ ਦਿੱਤਾ। ਫਰਵਰੀ ਦੇ ਸ਼ੁਰੂ 'ਚ ਹੀ ਰਾਹੁਲ ਗਾਂਧੀ (ਜਿਸ ਦਾ ਭਾਜਪਾ 'ਪੱਪੂ' ਕਹਿ ਕੇ ਮਖੌਲ ਉਡਾਉਂਦੀ ਹੈ) ਨੇ ਚਿਤਾਵਨੀ ਦਿੱਤੀ ਸੀ ਕਿ ਵਾਇਰਸ ਦਾ ਖਤਰਾ ਬਹੁਤ ਜ਼ਿਆਦਾ ਹੈ ਅਤੇ ਉਸ ਨੇ ਸਰਕਾਰ ਨੂੰ ਕਾਰਜ ਯੋਜਨਾ ਬਣਾਉਣ ਦੀ ਅਪੀਲ ਕੀਤੀ ਪਰ ਕੋਈ ਉਸ ਦੀ ਗੱਲ ਕਿਉਂ ਸੁਣੇ? ਵਾਇਰਸ ਵਿਗਿਆਨੀ ਅਤੇ ਹੋਰ ਮਾਹਿਰ ਵੀ ਚਿਤਾਵਨੀਆਂ ਦਿੰਦੇ ਰਹੇ। ਉਨ੍ਹਾਂ ਕਿਹਾ ਕਿ ਦੁਨੀਆ ਦੇ ਹਰ ਮੁਲਕ ਨੂੰ ਦੂਜੀ, ਤੀਜੀ ਅਤੇ ਚੌਥੀ ਲਹਿਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਭਾਰਤ ਵੀ ਇਸ ਤੋਂ ਬਚ ਨਹੀਂ ਸਕਦਾ; ਲੇਕਿਨ ਅਸੀਂ ਕੁੰਭ ਮੇਲੇ ਅਤੇ ਚੋਣਾਂ ਕਰਦੇ ਰਹੇ। ਇਕ ਦਿਨ ਜਦੋਂ ਮੁਲਕ ਵਿਚ ਢਾਈ ਲੱਖ ਤੋਂ ਵੱਧ ਮਾਮਲੇ ਦਰਜ ਹੋਏ, ਅਸੀਂ 'ਬੰਗਾਲ ਵਿਚ ਹੁਣ ਤੱਕ ਦੀਆਂ ਸਭ ਤੋਂ ਵੱਡੀ ਰੈਲੀਆਂ' ਉੱਪਰ ਮਾਣ ਕਰਦੇ ਰਹੇ।

ਇਹ ਬਿਰਤਾਂਤ ਪ੍ਰਚਾਰਿਆ ਗਿਆ - ਰੈਲੀਆਂ ਅਤੇ ਕੁੰਭ ਮੇਲੇ ਦੇ ਬਾਵਜੂਦ ਬੰਗਾਲ ਜਾਂ ਉਤਰਾਖੰਡ ਵਿਚ ਕਰੋਨਾ ਲਾਗ ਦੇ ਕੇਸਾਂ ਦੀ ਗਿਣਤੀ ਨਹੀਂ ਵਧ ਰਹੀ। ਇਕ ਵਾਰ ਜਦੋਂ ਦੋਵਾਂ ਰਾਜਾਂ 'ਚ ਕਰੋਨਾ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਨਜ਼ਰ ਆਉਣਾ ਸ਼ੁਰੂ ਹੋ ਗਿਆ ਤਾਂ ਇਹ ਝੂਠੀ ਕਹਾਣੀ ਬੰਦ ਕਰ ਦਿੱਤੀ। ਇਸ ਦੀ ਬਜਾਇ, ਸਾਨੂੰ ਹੁਣ ਕੀ ਦੱਸਿਆ ਗਿਆ? ਕਿ ਦੂਜੀ ਲਹਿਰ ਦੀ ਉਮੀਦ ਤਾਂ ਸੀ, 'ਸੁਨਾਮੀ' ਦੀ ਨਹੀਂ ਸੀ। ਜੇ ਦੂਜੀ ਲਹਿਰ ਹੋ ਸਕਦੀ ਸੀ ਅਤੇ ਜਿਸ ਉੱਪਰ ਕਾਬੂ ਪਾਇਆ ਜਾ ਸਕਦਾ ਸੀ, ਉਸ ਨੂੰ ਕਿਸ ਨੇ ਬੇਕਾਬੂ ਸੁਨਾਮੀ ਵਿਚ ਬਦਲ ਦਿੱਤਾ ਜਿਸ ਨਾਲ ਸਮੂਹਿਕ ਅੰਤਮ ਸਸਕਾਰਾਂ ਦੀ ਨੌਬਤ ਆ ਗਈ? ਜੇ ਸਿਰਫ ਅਸੀਂ ਬੰਗਾਲ ਵਿਚ



'ਦੀਦੀ ਹਟਾਓ' ਮੁਹਿੰਮ ਵਿਚ ਰੁੱਝੇ ਰਹਿਣ ਦੀ ਬਜਾਇ ਚੌਕਸ ਹੁੰਦੇ; ਜੇ ਸਿਰਫ ਕੇਂਦਰ ਅਤੇ ਰਾਜਾਂ ਨੇ ਟੀਮ ਦੇ ਰੂਪ 'ਚ ਕੰਮ ਕੀਤਾ ਹੁੰਦਾ ਅਤੇ ਪਿਛਲੇ ਸਾਲ ਦੇ ਤਜਰਬੇ ਤੋਂ ਸਿੱਖਣ ਦੇ ਸਾਰੇ ਸੰਭਵ ਵਸੀਲਿਆਂ ਨੂੰ ਜੰਗੀ ਪੈਮਾਨੇ 'ਤੇ ਲਾਮਬੰਦ ਕੀਤਾ ਹੁੰਦਾ; ਜਦੋਂ ਹੋਰ ਮੁਲਕਾਂ ਨੇ ਟੀਕਿਆਂ ਦੇ ਆਰਡਰ ਕੀਤੇ ਜੇ ਸਿਰਫ ਅਸੀਂ ਵੀ ਕੀਤੇ ਹੁੰਦੇ। ਜੇ ਸਿਰਫ..., ਇਹ ਸੂਚੀ ਅਨੰਤ ਹੈ।

ਦ੍ਰਿਸ਼ਟੀ ਦੀ ਗੱਲ ਕਰਨੀ ਹੋਵੇ ਤਾਂ ਐਂਬੂਲੈਂਸਾਂ ਦੀਆਂ ਲੰਮੀਆਂ ਕਤਾਰਾਂ, ਸ਼ਮਸ਼ਾਨਘਾਟ ਵਿਚ ਜਲ ਰਹੀਆਂ ਚਿਤਾਵਾਂ ਅਤੇ ਹਸਪਤਾਲ ਦੇ ਬਾਹਰ ਦਾਖਲ ਹੋਣ ਦੀ ਅਨੰਤ ਉਡੀਕ 'ਚ ਬੈਠੇ ਆਕਸੀਜਨ ਕਿੱਟਾਂ ਵਾਲੇ ਮਰੀਜ਼ਾਂ ਦਾ ਮੰਜ਼ਰ ਹੈ।

ਇਸ ਦੇ ਬਾਵਜੂਦ ਸਾਵਧਾਨੀ ਨਾਲ ਤਿਆਰ ਕੀਤੇ ਅਕਸ ਨੂੰ ਬਚਾਉਣ ਲਈ ਅਜੇ ਵੀ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ ਪਰ ਨਕਾਬ ਲੀਰੋ-ਲੀਰ ਹੋ ਰਿਹਾ ਹੈ। ਕੇਂਦਰ ਨੇ ਪਿਛਲੇ ਸਾਲ ਖੁਦ ਹੀ 162 ਆਕਸੀਜਨ ਪਲਾਂਟ ਮਨਜ਼ੂਰ ਕੀਤੇ ਸਨ ਲੇਕਿਨ ਇਹ ਤਾਂ ਮਹਿਜ਼ ਬਹਾਨਾ ਹੈ ਕਿ ਰਾਜਾਂ/ਹਸਪਤਾਲਾਂ ਨੇ ਇਹ ਲੱਗਣ ਤੋਂ ਰੋਕ ਦਿੱਤੇ। ਮੁਲਕ ਦੇ 'ਸਭ ਤੋਂ ਵਧੀਆ ਪ੍ਰਸ਼ਾਸਨ ਵਾਲੇ ਰਾਜ' ਉੱਤਰ ਪ੍ਰਦੇਸ਼ ਨੂੰ ਇਸ ਤਰ੍ਹਾਂ ਦੇ 14 ਪਲਾਂਟ ਦਿੱਤੇ ਗਏ ਸਨ ਲੇਕਿਨ ਸਿਰਫ ਇਕ ਹੀ ਲਾਇਆ। ਦੋਸ਼ੀ ਕੌਣ ਹੈ? ਅਸੀਂ ਤਾਂ ਬੱਸ ਹੁਣ ਜੋ ਕਰ ਰਹੇ ਹਾਂ, ਉਹ ਹੈ ਉਨ੍ਹਾਂ ਲੋਕਾਂ ਵਿਰੁੱਧ ਐਫ.ਆਈ.ਆਰ. ਦਰਜ ਕਰਨਾ ਜਿਹੜੇ ਸੋਸ਼ਲ ਮੀਡੀਆ 'ਤੇ ਆਕਸੀਜਨ ਦੀ ਸ਼ਿਕਾਇਤ ਕਰਦੇ ਹਨ, ਜਾਂ ਗੁਜ਼ਾਰਿਸ਼ ਕਰਦੇ ਹਨ। ਹਾਂ, ਕਾਰਪੋਰੇਟ ਹਸਪਤਾਲਾਂ ਨੂੰ ਆਪਣੇ ਆਕਸੀਜਨ ਪਲਾਂਟ ਲਗਾਉਣੇ ਚਾਹੀਦੇ ਸਨ। ਮਹਾਮਾਰੀ ਫੈਲਣ 'ਤੇ ਸਿਹਤ ਦੇ ਖੇਤਰ ਨੂੰ ਆਪਣੇ ਹੱਥ ਲੈਣ ਤੋਂ ਬਾਅਦ ਕੇਂਦਰ ਨੂੰ ਐਸੇ ਨਿਰਦੇਸ਼ ਜਾਰੀ ਕਰਨ ਜਾਂ ਜ਼ੋਰ ਪਾਉਣ ਤੋਂ ਕਿਸ ਨੇ ਰੋਕਿਆ? ਐਸੀ ਸਰਕਾਰ ਜੋ ਵੱਖਰੀ ਸੋਚ ਵਾਲੇ ਲੋਕਾਂ ਖਿਲਾਫ ਕੇਸ ਦਰਜ ਕਰਨ ਲਈ ਪੁਰਾਤਨ ਜ਼ਮਾਨੇ ਦੇ ਕਾਨੂੰਨ ਖੋਜ ਲੈਂਦੀ ਹੈ, ਉਸ ਲਈ ਇਹ ਸੌਖਾ ਕੰਮ ਹੋਣਾ ਸੀ।

ਇਨ੍ਹਾਂ ਸਾਰੀਆਂ ਸ਼ੇਖੀਆਂ ਦਾ ਅਜੇ ਵੀ ਕੋਈ ਮਹੱਤਵ ਨਹੀਂ ਹੋਣਾ ਸੀ ਜੇ ਇਹ ਸ਼ੇਖੀਆਂ 'ਆਮ ਸ਼ੱਕੀ ਵਿਅਕਤੀਆਂ' ਵੱਲੋਂ ਮਾਰੀਆਂ ਗਈਆਂ ਹੁੰਦੀਆਂ ਜਿਨ੍ਹਾਂ ਉੱਪਰ ਮੁਲਕ-ਵਿਰੋਧੀ ਹੋਣ ਦਾ ਠੱਪਾ ਲਾਇਆ ਜਾ ਸਕਦਾ ਸੀ; ਲੇਕਿਨ ਇਹ ਤਾਂ ਉਸ ਮੱਧ ਵਰਗ ਅਤੇ ਉੱਚ ਮੱਧ ਵਰਗ ਵੱਲੋਂ ਮਾਰੀਆਂ ਜਾ ਰਹੀਆਂ ਸਨ ਜੋ ਭਾਜਪਾ ਦਾ ਮੁੱਖ ਚੋਣ ਆਧਾਰ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਨੋਟਬੰਦੀ ਤਾਂ ਦਰਅਸਲ ਅਮੀਰਾਂ ਤੋਂ ਧਨ ਖੋਹਣ ਲਈ ਸੀ (ਅਸੀਂ ਹੁਣ ਇਸ ਬਾਰੇ ਪੜਨ ਦੀ ਜ਼ਹਿਮਤ ਨਹੀਂ ਉਠਾਉਂਦੇ ਕਿ ਨਕਦੀ ਕਿਵੇਂ ਚੱਲਦੀ ਰਹਿੰਦੀ ਹੈ) ਭਾਵੇਂ ਅਸੀਂ ਉਨ੍ਹਾਂ ਉੱਤਮ ਦਿਮਾਗਾਂ ਦਾ ਮਖੌਲ ਉਡਾਉਂਦੇ ਰਹੇ ਜਿਨ੍ਹਾਂ ਨੇ ਦੁੱਖ ਜ਼ਾਹਿਰ ਕੀਤਾ ਸੀ ਕਿ ਅਜਿਹੇ ਕਦਮ ਗਰੀਬ ਲੋਕਾਂ ਨੂੰ ਦੁਖੀ ਕਰਦੇ ਹਨ। ਸਾਡਾ ਮੰਨਣਾ ਸੀ ਕਿ ਇਸ ਮੁਲਕ ਨੂੰ ਘੇਰਾ ਘੱਤੀ ਬੈਠੀਆਂ ਸਾਰੀਆਂ ਮੁਸੀਬਤਾਂ ਦਾ ਇੱਕੋ-ਇਕ ਕਾਰਨ, ਘੱਟ ਗਿਣਤੀਆਂ ਦੀ ਹੋਂਦ ਹੈ - ਪਿਛਲੇ ਸਾਲ ਤਬਲੀਗੀ ਜਮਾਤ ਉੱਪਰ ਕੀਤੇ ਹਮਲੇ ਨੂੰ ਯਾਦ ਕਰੋ।

ਉਸ ਹਿੱਸੇ ਲਈ ਇਹ ਦੂਜੀ ਲਹਿਰ ਸਖਤ ਸਦਮੇ ਦੇ ਥਪੇੜੇ ਵਜੋਂ ਆਈ ਹੈ ਜੋ ਹਮੇਸ਼ਾਂ ਉਮੀਦ ਕਰਦਾ ਹੈ ਅਤੇ ਜਿਸ ਨੂੰ ਰਾਜ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਭ ਸਹੂਲਤਾਂ ਮਿਲਦੀਆਂ ਹਨ (ਪਾਰਟੀ ਚਾਹੇ ਕੋਈ ਵੀ ਹੋਵੇ) ਅਤੇ ਜੋ ਰਾਖਵੇਂਕਰਨ ਤੋਂ ਸਿਵਾਏ ਇਸ ਸਭ ਕਾਸੇ ਦੀ ਲਗਾਤਾਰ ਮੰਗ ਕਰਦਾ ਰਹਿੰਦਾ ਹੈ ਕਿ ਉਹ ਸਮਾਜਿਕ ਅਤੇ ਆਰਥਿਕ ਤਰਤੀਬ ਵਿਚ ਕਿਤੇ ਹੋਰ ਹੋਣੇ ਚਾਹੀਦੇ ਸਨ। ਗੇਟਬੰਦ ਅਮੀਰ ਕਲੋਨੀਆਂ ਵਾਲੇ ਸਮੂਹ ਘਿਰ ਗਏ ਹਨ, ਉੱਚੇ ਅਤੇ ਸ਼ਕਤੀਸ਼ਾਲੀ - ਜੱਜ, ਨੌਕਰਸ਼ਾਹ, ਪੱਤਰਕਾਰ ਤੇ ਸੰਸਦ ਮੈਂਬਰ - ਹਸਪਤਾਲਾਂ ਦੇ ਬੈੱਡਾਂ ਜਾਂ ਆਕਸੀਜਨ ਦੀ ਵਰਤੋਂ ਕਰਨ ਤੋਂ ਅਸਮਰੱਥ ਹਨ। ਮੱਧਵਰਗ 'ਚ ਅਚਾਨਕ ਇਹ ਸਦਮੇ ਦੀ ਭਾਵਨਾ, ਅਨਾਥ/ਬੇਸਹਾਰਾ ਛੱਡ ਦਿੱਤੇ ਜਾਣ ਦੀ ਭਾਵਨਾ ਆ ਗਈ ਹੈ, ਕਿਉਂਕਿ ਹਸਪਤਾਲਾਂ ਵੱਲੋਂ ਭਾਅ ਵਧਾ ਦਿੱਤੇ ਜਾਣ ਕਾਰਨ ਅਤੇ ਹਰ ਦਵਾਈ/ਮੈਡੀਕਲ ਸਮਾਨ ਵੱਧ ਤੋਂ ਵੱਧ ਪ੍ਰਚੂਨ ਮੁੱਲ ਤੋਂ ਦੋ-ਤਿੰਨ ਗੁਣਾਂ ਮੁੱਲ ਵਸੂਲ ਕੇ ਵੇਚੇ ਜਾਣ ਕਾਰਨ ਉਨ੍ਹਾਂ ਦੀ ਬਚਤ ਤੇਜ਼ੀ ਨਾਲ ਖਤਮ ਹੋ ਰਹੀ ਹੈ।

ਜਦੋਂ ਪਿਛਲੇ ਸਾਲ ਤਾਲਾਬੰਦੀ ਦੇ ਝੰਬੇ ਹਜ਼ਾਰਾਂ ਪਰਵਾਸੀ ਸੈਂਕੜੇ ਕਿਲੋਮੀਟਰ ਤੁਰ ਕੇ ਆਪਣੇ ਘਰ ਪਹੁੰਚਣ ਲਈ ਤਰਲੇ ਲੈ ਰਹੇ ਸਨ ਤਾਂ ਅਸੀਂ ਕੋਈ ਪ੍ਰਵਾਹ ਨਹੀਂ ਕੀਤੀ, ਨਾ ਹੀ ਸਾਨੂੰ ਉਦੋਂ ਸਦਮਾ ਪਹੁੰਚਿਆ ਜਦੋਂ ਸਰਕਾਰ ਦੇ ਕਾਨੂੰਨੀ ਬਾਜਾਂ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਜਿਹੀ ਹਾਲਤ ਦਾ ਕੋਈ ਸਬੂਤ ਨਹੀਂ ਮਿਲਿਆ ਪਰ ਜਦੋਂ ਉਹੀ ਕਾਨੂੰਨੀ ਬਾਜ ਹੁਣ ਅਦਾਲਤਾਂ ਨੂੰ ਕਹਿ ਰਹੇ ਹਨ ਕਿ 'ਰੋਂਦੂ ਬੱਚਾ ਨਾ ਬਣੋ' ਤਾਂ ਅਸੀਂ ਖੌਫਜ਼ਦਾ ਹੋ ਗਏ ਹਾਂ। ਕਿਉਂਕਿ ਵਾਇਰਸ ਹੁਣ ਸਾਡੀਆਂ ਬਰੂਹਾਂ 'ਤੇ, ਉਨ੍ਹਾਂ ਉਦਾਸੀਨ ਹੱਦਾਂ ਹੱਦਾਂ 'ਤੇ ਪਹੁੰਚ ਗਿਆ ਹੈ ਜਿੱਥੋਂ ਅਸੀਂ ਇਕ ਸਾਲ ਤੋਂ ਕੰਮ ਕਰ ਰਹੇ ਹਾਂ। ਅਸੀਂ ਬਿਸਤਰੇ, ਆਕਸੀਜਨ ਜਾਂ ਦਵਾਈਆਂ ਦੀ ਭੀਖ ਮੰਗਣ ਦੇ ਆਦੀ ਨਹੀਂ ਹਾਂ।

ਸਾਡਾ 'ਆਤਮ-ਨਿਰਭਰ ਭਾਰਤ' ਹੁਣ ਮਜ਼ਬੂਤ ਨਹੀਂ। ਇਹ ਅਪਮਾਨਜਨਕ ਲੱਗ ਸਕਦਾ, ਸਭ ਨੂੰ ਨੀਂਦ ਤੋਂ ਜਗਾਉਣ ਅਤੇ ਮਹਿਸੂਸ ਕਰਾਉਣ ਲਈ ਇਸ ਪੱਧਰ ਦੇ ਵਿਸ਼ਾਲ ਸੰਕਟ ਦੀ ਲੋੜ ਸੀ ਕਿ ਅਸੀਂ ਮੂਲ ਰੂਪ ਵਿਚ ਨਾਬਰਾਬਰੀ ਵਾਲੇ ਸਮਾਜ ਵਿਚ ਰਹਿ ਰਹੇ ਹਾਂ ਅਤੇ ਇਕ ਤੋਂ ਬਾਅਦ ਇਕ ਆਈ ਹਰ ਸਰਕਾਰ ਨੇ ਉਨ੍ਹਾਂ ਨੂੰ ਸੌਂਪੇ ਗਏ ਦੋ ਸਭ ਤੋਂ ਮਹੱਤਵਪੂਰਨ ਫਰਜ਼ਾਂ (ਸਿਹਤ ਤੇ ਸਿੱਖਿਆ) ਨੂੰ ਤਿਆਗ ਦਿੱਤਾ ਹੈ। ਜਿੰਨਾ ਚਿਰ ਸਿਰਫ ਗਰੀਬਾਂ ਨੂੰ ਸਿਹਤ ਤੇ ਸਿੱਖਿਆ ਤੋਂ ਨਾਂਹ ਕੀਤਾ ਜਾਂਦਾ ਸੀ, ਸਾਨੂੰ ਪ੍ਰਵਾਹ ਨਹੀਂ ਸੀ। ਹੁਣ, ਜਦੋਂ ਸਾਨੂੰ ਵੀ ਨਾਂਹ ਹੋ ਰਹੀ ਹੈ ਤਾਂ ਅਸੀਂ ਭਾਜਪਾ ਹਮਾਇਤੀਆਂ ਦੇ ਇਨ੍ਹਾਂ ਟਵੀਟਾਂ ਤੋਂ ਖੁਸ਼ ਨਹੀਂ ਹਾਂ ਕਿ ਦਿਨ ਵਿਚ 3,000 ਤੋਂ ਵੱਧ ਮੌਤਾਂ ਸਾਡੇ ਜਿੱਡੇ ਮੁਲਕ ਲਈ ਬਹੁਤ ਥੋੜ੍ਹੀਆਂ ਹਨ। ਇਹ ਉਦੋਂ ਹੁੰਦਾ ਹੈ ਜਦੋਂ ਨਾਗਰਿਕਾਂ ਨੂੰ ਅੰਕੜਿਆਂ ਤੱਕ ਘਟਾ ਦਿੱਤਾ ਜਾਂਦਾ ਹੈ, ਜਦੋਂ ਹਰ ਕੋਈ ਇਹ ਤੱਥ ਜਾਣਦਾ ਹੈ ਕਿ ਮੌਤਾਂ ਸਰਕਾਰੀ ਰਿਕਾਰਡ ਨਾਲੋਂ ਘੱਟੋ-ਘੱਟ 3-5 ਗੁਣਾਂ ਜ਼ਿਆਦਾ ਹਨ ਜਿਸ ਦਾ ਪਤਾ ਸ਼ਮਸ਼ਾਨਘਾਟਾਂ ਉੱਪਰ ਸਸਕਾਰਾਂ ਦੇ ਬੋਝ ਅਤੇ ਲੰਮਾ ਸਮਾਂ ਇੰਤਜ਼ਾਰ ਕਰਨ ਤੋਂ ਲੱਗ ਰਿਹਾ ਹੈ।

ਲੋਕਤੰਤਰ ਸਿਰਫ ਚੋਣਾਂ ਜਿੱਤਣਾ ਨਹੀਂ ਹੁੰਦਾ। ਜੇ ਸਿਰਫ ਮੁੱਖ ਧਾਰਾ ਮੀਡੀਆ (ਜਿਸ ਦਾ ਮੈਂ ਇਕ ਹਿੱਸਾ ਹਾਂ), ਨਿਆਂਪਾਲਿਕਾ ਅਤੇ ਲੋਕਾਂ ਪ੍ਰਤੀ ਜਵਾਬਦੇਹ ਹੋਰ ਸੰਸਥਾਵਾਂ (ਸਰਕਾਰ ਨਹੀਂ) ਸ਼ੀਸ਼ੇ 'ਚ ਆਪਣਾ ਮੂੰਹ ਦੇਖ ਕੇ ਆਪਣਾ ਫਰਜ਼ ਨਿਭਾਉਂਦੀਆਂ ਤਾਂ ਸ਼ਾਇਦ ਸਾਡੇ ਲਈ ਇਹ ਨੌਬਤ ਨਾ ਆਉਂਦੀ ਅਤੇ ਸੱਤਾਧਾਰੀਆਂ ਨੇ ਵੀ ਜਿੱਥੇ ਉਹ ਗਲਤ ਸਨ, ਉਸ ਨੂੰ ਦਰੁਸਤ ਕਰਦਿਆਂ ਵਧੀਆ ਕੰਮ ਕਰਨਾ ਸੀ। ਜਿਵੇਂ ਇਕ ਸਹਿਯੋਗੀ ਨੇ ਕਿਹਾ, ਅਸੀਂ ਅਜਿਹੇ ਪੜਾਅ 'ਤੇ ਆ ਪਹੁੰਚੇ ਹਾਂ ਜਿੱਥੇ ਅਸੀਂ 'ਵੋਟਾਂ ਪਾਉਂਦੇ ਹਾਂ ਅਤੇ ਲਾਸ਼ਾਂ ਗਿਣਦੇ ਹਾਂ'। ਬਹੁਤ ਸਾਰੀਆਂ ਰਾਤਾਂ ਐਸੀਆਂ ਹੁੰਦੀਆਂ ਹਨ, ਜਦੋਂ ਤੁਸੀਂ ਇਸ ਭਾਵਨਾ ਨਾਲ ਸੌਂਦੇ ਹੋ ਕਿ ਲਹੂ 'ਸਾਡੇ ਹੱਥਾਂ ਨੂੰ ਵੀ ਲੱਗਾ ਹੋਇਐ'।

# ਅਮਰੀਕਾ ਵਿਚ ਨਸਲਪ੍ਰਸਤੀ ਅਤੇ ਸਿਆਸਤ

ਕੁਝ ਦਿਨ ਪਹਿਲਾਂ ਬਰਤਰਫ ਅਮਰੀਕੀ ਪੁਲਿਸ ਅਫਸਰ ਡੈਰਿਕ ਸ਼ੌਵਿਨ ਨੂੰ ਪਿਛਲੇ ਸਾਲ ਮਿਨਿਆਪੋਲਿਸ ਵਿਚ ਜੌਰਜ ਫਲਾਇਡ ਦੀ ਹੱਤਿਆ ਦੇ ਕੇਸ ਵਿਚ ਦੂਜੇ ਦਰਜੇ ਦੇ ਗੈਰ-ਇਰਾਦਾ ਹੱਤਿਆ, ਤੀਜੇ ਦਰਜੇ ਦੇ ਹੱਤਿਆ, ਦੂਜੇ ਦਰਜੇ ਦੀ ਮਾਨਵ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੁਨੀਆ ਭਰ ਵਿਚ ਭਾਵੇਂ ਇਸ ਫੈਸਲੇ ਦੀ ਗੂੰਜ ਸੁਣਾਈ ਦਿੱਤੀ ਹੈ ਪਰ ਇਹ ਅਮਰੀਕਾ ਵਿਚ ਲੰਮੇ ਸਮੇਂ ਤੋਂ ਪਨਪਦੀ ਆ ਰਹੀ ਨਸਲਪ੍ਰਸਤੀ ਦਾ ਅੰਤ ਨਹੀਂ ਹੈ ਜਦਕਿ ਸ਼ੌਵਿਨ ਨੇ ਮੁਕੱਦਮੇ ਦੀ ਕਾਰਵਾਈ ਨਵੇਂ ਸਿਰਿਓਂ ਚਲਾਉਣ ਦੀ ਮੰਗ ਕੀਤੀ ਹੈ। ਇਹ ਮੁਕੱਦਮਾ ਸ਼ੁਰੂ ਹੋਣ ਤੋਂ ਕੁਝ ਦਿਨ ਬਾਅਦ ਹੀ 21 ਸਾਲਾਂ ਦੇ ਡਾਉਂਟੇ ਰਾਈਟ ਤੇ ਗੋਲੀ ਚਲਾਉਣ ਦੀ ਘਟਨਾ ਤੋਂ ਹੀ ਇਹ ਸਵਾਲ ਉੱਠਣੇ ਸ਼ੁਰੂ ਹੋ ਗਏ ਕਿ ਇਸ ਨਾਲ ਪੁਲਿਸ ਬਲ ਦੀ ਮਾਨਸਿਕਤਾ 'ਚ ਛੇਤੀ ਕੀਤਿਆਂ ਕੋਈ ਖਾਸ ਫਰਕ ਆਉਣ ਵਾਲਾ

ਸ਼ੈਲੀ ਵਾਲੀਆ

ਨਹੀਂ ਹੈ ਜੋ ਮਾਮੂਲੀ ਭੜਕਾਹਟ ਤੋਂ ਹੀ ਮਿਰਚਾਂ ਦਾ ਸਪਰੇਅ, ਅੱਥਰੂ ਗੈਸ ਤੇ ਰਬੜ ਦੀਆਂ ਗੋਲੀਆ ਚਲਾਉਣ ਦੀ ਆਦੀ ਹੋ ਚੁੱਕੀ ਹੈ।

ਮੀਡੀਆ ਕਰਮੀਆ ਤੇ ਹਮਲੇ ਆਮ ਦਸਤੂਰ ਬਣ ਗਿਆ ਹੈ। ਸ਼ਿਕਾਗੋ ਵਿਚ ਲੈਕੁਆਨ ਮੈਕਡੋਨਲਡ ਦੀ ਪਿੱਠ ਵਿਚ ਗੋਲੀ ਮਾਰਨ ਦੀ ਘਟਨਾ ਵਾਪਰੀ ਹੈ ਅਤੇ ਨੌਰਥ ਚਾਰਲਸਟਨ ਦੀ ਘਟਨਾ ਦੀ ਵੀਡਿਓ ਹਟਾ ਦਿੱਤੀ ਗਈ ਸੀ ਜਿਸ 'ਚ ਇਕ ਪੁਲਿਸ ਅਫਸਰ ਨੂੰ ਵਾਲਟਰ ਸਕੌਟ ਦੀ ਪਿੱਠ 'ਚ ਗੋਲੀ ਮਾਰਦਿਆਂ ਦੇਖਿਆ ਗਿਆ ਸੀ, ਉਸ ਦੀ ਦੇਹ ਕੋਲ ਟੇਜ਼ਰ (ਬਿਜਲੀ ਦਾ ਝਟਕਾ ਦੇਣ ਵਾਲਾ ਘੱਟ ਖਤਰਨਾਕ ਹਥਿਆਰ) ਪਿਆ ਸੀ। ਇਸ ਨੂੰ ਚੋਰੀ ਦਾ ਮਾਮਲਾ ਦਰਸਾਇਆ ਜਾ ਰਿਹਾ ਸੀ।

ਸਾਰੇ ਕੇਸਾਂ ਦੀ ਅਦਾਲਤੀ ਕਾਰਵਾਈ ਸੁਚੱਜੇ ਢੰਗ ਨਾਲ ਨਾ ਹੋ ਸਕੀ। ਗਹਿਰੀ ਨਸਲਪ੍ਰਸਤ ਮਾਨਸਿਕਤਾ ਨੂੰ ਬਦਲਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਅਮਰੀਕਾ ਵਿਚ ਨਸਲਪ੍ਰਸਤੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਸੀਂ ਦੇਖਿਆ ਹੈ ਕਿ ਕਿਵੇਂ ਡੋਨਲਡ ਟਰੰਪ ਦੇ ਕਾਰਜਕਾਲ ਦੇ ਅੰਤਲੇ ਸਮੇਂ ਦੌਰਾਨ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਪੂਰੀ ਤਰ੍ਹਾਂ ਵੰਡਪਾਊ ਧਾਰਨਾਵਾਂ ਤੇ ਉਸਾਰੀ ਗਈ ਸੀ, ਬਹੁਵਾਦ ਦੀ ਨਿਖੇਧੀ ਕੀਤੀ ਗਈ ਅਤੇ ਇਸ ਗੱਲ ਤੇ ਅਫਸੋਸ ਜਤਾਇਆ ਗਿਆ ਕਿ ਗੋਰਿਆਂ ਤੇ ਉਨ੍ਹਾਂ ਦੇ ਸਭਿਆਚਾਰ ਨੂੰ ਹੋਰਨਾਂ ਨਸਲਾਂ ਦੇ ਲੋਕਾਂ ਵਲੋਂ ਮਲੀਆਮੇਟ ਕੀਤਾ ਜਾ ਰਿਹਾ ਹੈ। ਉਸ ਦੇ ਕੱਟੜ ਹਮਾਇਤੀਆਂ ਦੀ ਭਾਰੀ ਤਾਦਾਦ ਨੇ ਨਫਰਤ ਦੀ ਅੱਗ ਨੂੰ ਧਾਰਨ ਕੀਤਾ, ਉਨ੍ਹਾਂ ਦੇ ਸ਼ਾਸਨ ਨੂੰ ਗੋਰਿਆਂ ਦੀ ਮਹਾਨਤਾ ਮੁੜ ਸਥਾਪਤ ਕਰਨ ਦੀ ਮੁਹਿੰਮ ਵਿਚ ਤਬਦੀਲ ਕਰ ਦਿੱਤਾ ਸੀ ਜਿੱਥੇ ਗੋਰਿਆਂ ਦਾ ਦਬਦਬਾ ਹੋਣਾ ਸੀ ਅਤੇ ਚਮੜੀ ਦੇ ਰੰਗ ਤੋਂ ਜ਼ਿੰਦਗੀ ਵਿਚ ਰੁਤਬਾ ਤੈਅ ਕੀਤਾ ਜਾਣਾ ਸੀ। ਉਨ੍ਹਾਂ ਟੇਢੇ ਢੰਗ ਨਾਲ ਨਸਲਪ੍ਰਸਤੀ ਨੂੰ ਜ਼ੁਬਾਨ ਦਿੱਤੀ ਸੀ।

ਇਸ ਕਿਸਮ ਦੇ ਨਸਲੀ ਪਾੜੇ ਨੇ ਨਾਜ਼ੀ ਨਸਲ ਦੇ ਕਾਨੂੰਨ ਦੀ ਉਹ ਮਿਸਾਲ ਸਾਹਮਣੇ ਲੈ ਆਂਦੀ ਜੋ ਕੁਦਰਤ ਅਤੇ ਅਮਰੀਕਾ ਵਿਚ ਮਾੜੇ ਨਸਲ ਕਾਨੂੰਨਾਂ ਦੇ ਆਯਾਮ ਅਤੇ ਅਮਰੀਕਾ ਵਿਚ ਨਸਲ ਸੁਧਾਰ ਤੇ ਹੋਈ ਖੋਜ ਦੇ ਆਧਾਰ ਤੇ ਵਿਕਸਤ ਕੀਤੀ ਜਾ ਰਹੀ ਸੀ। ਅਮਰੀਕਾ ਵਿਚ ਜਿਮ ਕਰੋਅ ਦੇ ਕਾਨੂੰਨਾਂ ਦਾ ਯੁੱਗ ਜਰਮਨੀ ਵਿਚ ਸੰਸਥਾਈ ਯਹੂਦੀਵਾਦ ਵਿਰੋਧ ਦਾ ਆਧਾਰ ਮੁਹੱਈਆ ਕਰਾਉਂਦਾ ਹੈ ਜਿਸ ਦੀ ਗੂੰਜ ਬਦਨਾਮ ਨਿਊਰਮਬਰਗ ਕਾਨੂੰਨਾਂ ਵਿਚ ਸੁਣਾਈ ਦਿੰਦੀ ਸੀ। ਇਹ ਪ੍ਰਮੁੱਖ ਯਹੂਦੀ ਵਿਰੋਧੀ ਕਾਨੂੰਨਾਂ ਵਿਚੋਂ ਇਕ ਸੀ, ਖਾਸਕਰ ਇਸ ਦਾ ਨਾਗਰਿਕਤਾ ਕਾਨੂੰਨ ਅਤੇ ਖੂਨ ਦਾ ਕਾਨੂੰਨ। ਵਿਤਕਰੇ ਵਾਲੇ ਇਨ੍ਹਾਂ ਕਾਨੂੰਨਾਂ ਨੂੰ ਅਮਰੀਕਾ ਦੀ ਨਸਲ ਆਧਾਰਿਤ ਦੂਜੇ ਦਰਜੇ ਦੀ ਨਾਗਰਿਕਤਾ ਅਤੇ ਨਸਲਾਂ ਦੇ ਮਿਸ਼ਰਨ ਦਾ ਵਿਰੋਧ ਤੇ ਆਵਾਸ ਕਾਨੂੰਨਾਂ ਤੋਂ ਪ੍ਰੇਰਨਾ ਮਿਲਦੀ ਸੀ। ਖਾਸ ਤੌਰ ਤੇ ਅਮਰੀਕੀ ਨਸਲ ਕਾਨੂੰਨ ਦੇ ਕੁਝ ਪੱਖਾਂ ਨੂੰ ਦੇਖ ਕੇ ਨਾਜ਼ੀ ਚਿੰਤਕਾਂ ਦਾ ਦਿਲ ਲਲਚਾ ਗਿਆ ਸੀ ਜਿਨ੍ਹਾਂ ਵਿਚ ਅੰਤਰ ਨਸਲੀ ਵਿਆਹਾਂ ਨੂੰ ਅਪਰਾਧ ਕਰਾਰ ਦੇਣ ਦੀ ਅਮਰੀਕੀ ਰਵਾਇਤ ਵੀ ਸ਼ਾਮਲ ਸੀ ਜਿਸ ਵਿਚੋਂ ਖੂਨ ਦੇ ਕਾਨੂੰਨ ਦੀ ਉਤਪਤੀ ਹੋਈ ਸੀ। ਜਰਮਨਾਂ ਨੇ ਨਸਲ ਕਾਨੂੰਨ ਅਤੇ ਇਨ੍ਹਾਂ ਦੀ ਪਹੁੰਚ ਦੇ ਸਬਕ ਅਮਰੀਕੀਆਂ ਤੋਂ ਹਾਸਲ ਕੀਤੇ ਸਨ।

ਨਾਜ਼ੀਵਾਦ ਦੇ ਇਸ ਪੱਖ ਵੱਲ ਧਿਆਨ ਦਿਵਾਉਣ ਦੇ ਸਰੋਕਾਰ ਨੇ ਨਸਲੀ ਲਹਿਰਾਂ ਨਾਲ ਅੰਤਰੰਗ ਲੋਕਤੰਤਰ ਦੇ ਤੌਰ ਤੇ ਅਮਰੀਕਾ ਦੇ ਇਸ ਕਿਰਦਾਰ ਵੱਲ ਚਾਨਣਾ ਪਵਾਇਆ ਸੀ। ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਅਮਰੀਕੀ ਨਸਲਵਾਦ ਨੇ ਯੂਰਪ, ਅਫਰੀਕਾ, ਏਸ਼ੀਆ ਅਤ ਜਾਤੀ ਤੇ ਧਾਰਮਿਕ ਤਣਾਵਾਂ ਦੇ ਗਵਾਹ ਬਣੇ ਹੋਰਨਾਂ ਬਹੁ-ਨਸਲੀ ਸਮਾਜਾਂ ਅੰਦਰ ਪ੍ਰਭਾਵ ਛੱਡਿਆ ਸੀ। ਅਸਲ ਵਿਚ ਬਹੁਤ ਸਾਰੇ ਯੂਰਪੀ ਮੁਲਕਾਂ ਵਿਚ ਨਸਲੀ ਜ਼ੁਲਮੋ-ਸਿਤਮਾਂ ਤੋਂ ਅਮਰੀਕੀ ਨਸਲੀ ਨਿਆਂ ਸੰਗਤ ਪਹੁੰਚ ਦੀ ਕਹਾਣੀ ਬਹੁਤ ਪੁਰਾਣੀ ਹੈ।

ਦਰਅਸਲ, 23 ਸਤੰਬਰ 1935 ਨੂੰ 45 ਨਾਜ਼ੀ ਵਕੀਲਾਂ ਦਾ ਵਫਦ ਸੁੱਖ ਸਹੂਲਤਾਂ ਨਾਲ ਲੈਸ ਸਮੁੰਦਰੀ ਜਹਾਜ਼ ਐਸ.ਐਸ. ਯੂਰਪਾ ਵਿਚ ਸਵਾਰ ਹੋਏ ਸਨ। ਇਹ ਅਧਿਐਨ ਦੌਰਾ ਸੀ ਜਿਸ ਨਾਲ ਉਨ੍ਹਾਂ ਨੂੰ ਯਹੂਦੀ ਵਿਰੋਧੀ ਨੀਤੀ ਲਾਗੂ ਕਰਨ ਦੇ ਅਮਲ ਦੀ ਸਮਝ ਗਹਿਰੀ ਕਰਨ ਦਾ ਮੌਕਾ ਮਿਲਣਾ ਸੀ। ਅਮਰੀਕਾ ਵਿਚ ਇਹ ਨੀਤੀ ਕਰੀਬ ਤਿੰਨ ਸਾਲਾਂ ਤੋਂ ਸਫਲਤਾਪੂਰਬਕ ਲਾਗੂ ਕੀਤੀ ਜਾ ਰਹੀ ਸੀ। ਮੰਦੇਭਾਗੀਂ ਜਦੋਂ ਜਹਾਜ਼ ਨਿਊ ਯਾਰਕ ਪੁੱਜਿਆ ਤਾਂ ਉੱਥੇ ਯਹੂਦੀ ਮੁਜ਼ਾਹਰਾਕਾਰੀਆ ਨੇ ਇਸ ਦਾ ਡਟਵਾਂ ਵਿਰੋਧ ਕੀਤਾ, ਕਿਉਂਕਿ ਉਹ ਮੈਨਹਟਨ ਦੇ ਮੈਜਿਸਟਰੇਟ ਲੂਈਸ ਬਰੌਡਸਕੀ ਦੇ ਸ਼ਬਦਾਂ ਵਿਚ 'ਨਾਜ਼ੀ ਪਾਰਟੀ ਦੇ ਉਭਾਰ ਨੂੰ ਜੇ ਵਹਿਸ਼ੀ ਸਮਾਜੀ ਤੇ ਸਿਆਸੀ ਹਾਲਾਤ ਨਾ ਸਹੀ, ਤਾਂ ਮੱਧਯੁਗ ਤੋਂ ਪਹਿਲਾਂ ਦੇ ਕਾਲ ਵੱਲ ਮੋੜੇ' ਦੇ ਰੂਪ ਵਿਚ ਦੇਖਦੇ ਸਨ (ਨਿਊ ਯਾਰਕ ਟਾਈਮਜ਼, 7 ਸਤੰਬਰ, 1935)। ਅਮਰੀਕਾ ਵਿਚ ਗੋਰਿਆਂ ਦੀ ਸਰਬ-ਉੱਤਮ ਹੋਣ ਦੀ ਮੁਹਿੰਮ ਨਾਜ਼ੀਵਾਦ ਤੋਂ ਘੱਟ ਨਹੀਂ ਹੈ। ਪੰਦਰਵੀਂ ਸਦੀ ਵਿਚ ਕੋਲੰਬਸ ਦੇ ਜ਼ਮਾਨੇ ਤੋਂ ਹੀ ਦੁਨੀਆ ਭਰ ਵਿਚ ਨਸਲਵਾਦ ਦਰਮਿਆਨ ਭਰਵਾਂ ਜੋੜ ਬਣਨਾ ਸ਼ੁਰੂ ਹੋ ਗਿਆ ਸੀ। ਕਈ ਮੁਲਕ ਸਮਾਨਤਾ, ਆਜ਼ਾਦੀ ਅਤੇ ਨਿਆਂ ਦੇ ਨਾਂ ਹੇਠ ਨਸਲਵਾਦ ਨੂੰ ਪੱਠੇ ਪਾਉਂਦੇ ਹਨ।




ਮਿਸਾਲ ਦੇ ਤੌਰ ਤੇ ਗੁਲਾਮਦਾਰੀ ਵਿਰੋਧ ਦੇ ਪ੍ਰਤੀਕ ਸਟੈਚੂ ਆਫ ਲਿਬਰਟੀ ਨੂੰ ਅਕਸਰ ਕੌਮੀ ਯਾਦਗਾਰ ਇਤਿਹਾਸ ਦੇ ਅਟੁੱਟ ਅੰਗ ਵਜੋਂ ਤਿਰਸਕਾਰਿਆ ਜਾਂਦਾ ਹੈ। ਸਰਬਵਿਆਪੀ ਆਜ਼ਾਦੀ ਦੀ ਟਾਰਚ ਸੰਭਾਲਣ ਤੋਂ ਵੀ ਵੱਧ ਲੇਡੀ ਲਿਬਰਟੀ ਦੇ ਪੈਰਾਂ ਹੇਠ ਪਈ ਜ਼ੰਜੀਰ ਹੈ ਜਿਸ ਲੱਖਾਂ ਜਲਾਵਤਨੀਆਂ ਤੇ ਪਰਵਾਸੀਆਂ ਦੇ ਮਨਾਂ ਅੰਦਰ ਅਮਰੀਕਾ ਦੀ ਧਰਤੀ ਤੇ ਚੰਗੀ ਜ਼ਿੰਦਗੀ ਜਿਊਣ ਦੀਆਂ ਆਸਾਂ ਦੀ ਪ੍ਰਤੀਕ ਹੈ। ਇਹ ਬੁੱਤ ਅਮਰੀਕੀ ਸੰਵਿਧਾਨ ਬਾਰੇ ਫਰਾਂਸੀਸੀ ਮਾਹਿਰ ਅਤੇ ਫ੍ਰੈਂਚ ਐਂਟੀ ਸਲੇਵਰੀ ਸੁਸਾਇਟੀ ਦੇ ਮੁਖੀ ਐਡੂਅਰਡ ਡਾ ਲੈਬੋਲਾਏ ਦੇ ਦਿਮਾਗ ਦੀ ਉਪਜ ਸੀ। ਤੇਰਵੀਂ ਸੰਵਿਧਾਨਕ ਸੋਧ ਦਾ ਸਿਹਰਾ ਵੀ ਲੈਬੋਲੇਈ ਦੇ ਸਿਰ ਬੱਝਦਾ ਹੈ ਜਿਸ ਤਹਿਤ ਅਮਰੀਕਾ ਵਿਚੋਂ ਗੁਲਾਮਦਾਰੀ ਦੇ ਖਾਤਮੇ ਦਾ ਸਵਾਲ ਉਠਾਇਆ ਗਿਆ ਸੀ ਅਤੇ ਇਸ ਦੀ ਗੂੰਜ ਐਮਾ ਲੈਜ਼ਾਰਸ ਦੀ ਪ੍ਰਸਿੱਧ ਕਵਿਤਾ 'ਮੈਨੂੰ ਦੇ ਦਿਓ ਤੁਹਾਡੇ ਥੱਕੇ ਹਾਰੇ ਸਰੀਰ/ਤੁਹਾਡੇ ਗਰੀਬ ਗੁਰਬੇ/ਆਜ਼ਾਦ ਸਾਹ ਲੈਣ ਦੇ ਚਾਹਨਾ ਰੱਖਦੇ ਹਜੂਮ।' ਇਹ ਕਵਿਤਾ ਸਟੈਚੂ ਦੀ ਤਖਤੀ ਤੇ ਉੱਕਰੀ ਹੋਈ ਹੈ।

ਅਫਸੋਸ ਦੀ ਗੱਲ ਇਹ ਹੈ ਕਿ ਜੌਰਜ ਫਲਾਇਡ ਦੀ ਹੱਤਿਆ ਮੌਕੇ ਇਸ ਬੁੱਤ ਦੀ ਅਹਿਮੀਅਤ ਭੁਲਾ ਦਿੱਤੀ ਗਈ ਸੀ ਪਰ ਹਾਲ ਹੀ ਵਿਚ ਨਸਲਵਾਦ ਵਿਰੁੱਧ ਨਵੇਂ ਸਿਰਿਓਂ ਉਠੇ ਤੂਫਾਨ ਨੇ ਇਸ ਦੀ ਮਹੱਤਤਾ ਮੁੜ ਉਭਾਰ ਕੇ ਸਾਹਮਣੇ ਲਿਆਂਦੀ ਹੈ। ਦੁਨੀਆ ਭਰ ਵਿਚ ਲੋਕਤੰਤਰ ਦੇ ਚਿਹਰੇ ਤੇ ਛਾਹੀਆਂ ਦਿਖਾਈ ਦੇ ਰਹੀਆਂ ਹਨ। ਦੱਖਣੀ ਏਸ਼ੀਆ, ਤੁਰਕੀ, ਮਿਆਂਮਾਰ ਅਤੇ ਹਾਂਗ ਕਾਂਗ ਵਿਚ ਵੀ ਇਸੇ ਕਿਸਮ ਦੇ ਰੱਦੇਅਮਲਾਂ ਨੇ ਨਿਰੰਕੁਸ਼ ਸ਼ਾਸਨਾਂ ਅਧੀਨ ਗਹਿਰੀ ਬੇਇਨਸਾਫੀ ਤੇ ਅਸਮਾਨਤਾ ਨੂੰ ਬੇਪਰਦ ਕੀਤਾ ਹੈ। ਮਿਸਾਲ ਦੇ ਤੌਰ ਤੇ ਦੁਨੀਆ ਭਰ ਵਿਚ ਜਨਤਕ ਚਿੰਤਨਾਂ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀਆਂ ਖਿਲਾਫਵਰਜ਼ੀਆਂ ਅਤੇ ਇਸ ਦੇ ਨਾਲ ਹੀ ਲੀਡਰਸ਼ਿਪ ਦੀ ਸਜੇਪੱਖੀ ਹੱਠਧਰਮੀ ਖਿਲਾਫ ਚੱਲ ਰਹੇ ਅੰਦੋਲਨ ਦੀ ਨਿਸ਼ਾਨਦੇਹੀ ਕੀਤੀ ਹੈ।

ਭਾਰਤ ਹੋਵੇ ਜਾਂ ਅਮਰੀਕਾ, ਮਨੁੱਖੀ ਅਧਿਕਾਰਾਂ ਦੇ ਲਿਹਾਜ਼ ਤੋਂ ਇਨ੍ਹਾਂ ਦੀ ਪੁਜ਼ੀਸ਼ਨ ਕਾਫੀ ਮਾੜੀ ਤਸਲੀਮ ਕੀਤੀ ਜਾਂਦੀ ਹੈ। ਨਸਲਵਾਦ ਅਤੇ ਨਵ ਉਦਾਰਵਾਦ ਦੇ ਵਿਆਪਕ ਅਮਲ ਕਰ ਕੇ ਸਿੱਖਿਆ, ਸੰਪਤੀ, ਅਰਥਚਾਰੇ, ਰੁਜ਼ਗਾਰ ਦੇ ਅਵਸਰਾਂ, ਪੁਲਿਸ, ਨਿਆਂ ਅਤੇ ਮੀਡੀਆ ਜਿਹੇ ਖੇਤਰਾਂ ਵਿਚ ਅਸਮਾਨਤਾ ਨਜ਼ਰ ਆ ਰਹੀ ਹੈ। ਹਾਲੀਆ ਸਮਿਆਂ ਅੰਦਰ ਉਦਾਰਵਾਦੀ ਕਦਰਾਂ ਕੀਮਤਾਂ ਤੇ ਹੋ ਰਹੇ ਹਮਲੇ ਅਮਰੀਕੀ ਸਿਆਸਤ ਦਾ ਅਟੁੱਟ ਅੰਗ ਬਣ ਗਏ ਹਨ। ਘੋਰ ਬਹੁਗਿਣਤੀਪ੍ਰਸਤੀ ਨੇ ਨਿਆਂ ਦਿਵਾਉਣ ਵਾਲੀਆਂ ਸੰਸਥਾਵਾਂ ਨੂੰ ਲਤਾੜ ਕੇ ਰੱਖ ਦਿੱਤਾ ਹੈ। ਆਸ ਕੀਤੀ ਜਾ ਰਹੀ ਸੀ ਕਿ ਜੋਅ ਬਾਇਡਨ ਦੇ ਸ਼ਾਸਨ ਨਾਲ ਜਮਹੂਰੀ ਕਾਨੂੰਨ ਦਾ ਰਾਜ ਲੀਹ ਤੇ ਆ ਜਾਵੇਗਾ। ਸ਼ੌਵਿਨ ਕੇਸ ਦਾ ਫੈਸਲਾ ਆਉਣ ਨਾਲ ਉਮੀਦ ਦੀ ਕਿਰਨ ਜਾਗੀ ਵੀ ਹੈ ਪਰ ਇਹ ਤਾਂ ਹੀ ਹੋ ਸਕੇਗਾ ਜੇ ਨਸਲਵਾਦ ਨੂੰ ਲੋਕਤੰਤਰ ਨਾਲੋਂ ਵੱਖਰਾ ਕਰਨ ਦੇ ਅਮਲ ਨੂੰ ਸਮਾਨਤਾ ਪ੍ਰਤੀ ਦਿਆਨਤਦਾਰੀ ਵਿਚ ਵੀ ਤਬਦੀਲ ਕੀਤਾ ਜਾਵੇ।

ਹਾਲਾਂਕਿ ਉਦਾਰ ਖਿਆਲ ਆਗੂ ਦੁਨੀਆ ਭਰ ਦੇ ਲੋਕਾਂ ਨੂੰ ਸਮਾਨਤਾ ਅਤੇ ਸਭਨਾਂ ਲਈ ਆਜ਼ਾਦੀ ਨੂੰ ਪ੍ਰਵਾਨ ਕਰਨ ਦਾ ਸੱਦਾ ਦਿੰਦੇ ਹਨ ਪਰ ਸ਼ਹਿਰੀ ਆਜ਼ਾਦੀਆਂ ਦਾ ਸਵਾਲ ਨਸਲ ਦੇ ਮਾਮਲਿਆਂ ਦੀ ਜਟਿਲਤਾ ਲੈ ਕੇ ਹਾਜ਼ਰ ਹੋ ਰਿਹਾ ਹੈ। ਆਜ਼ਾਦੀ ਦਾ ਮਤਲਬ ਅੱਜ ਦੁਨੀਆ ਭਰ ਵਿਚ ਮਾਨਵਤਾ ਲਈ ਸੰਤਾਪ ਬਣ ਰਹੇ ਨਸਲਵਾਦ ਦੀ ਪੈੜਚਾਲ ਨੂੰ ਘੋਖਣ ਦਾ ਸੱਦਾ ਦਿੰਦਾ ਹੈ। ਅੱਜ ਮਾਰਟਿਨ ਲੂਥਰ ਕਿੰਗ ਜੂਨੀਅਰ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਫੌਜੀਕਰਨ ਨਹੀਂ ਸਗੋਂ ਸਭਨਾਂ ਲਈ ਸਮਾਨਤਾ ਤੇ ਨਿਆਂ ਅਤੇ ਮੁਫਤ ਸਿਹਤ ਸੰਭਾਲ ਦੀਆਂ ਸਹੂਲਤਾਂ ਦੀ ਮੰਗ ਤੇ ਜ਼ੋਰ ਦੇਣਾ ਸੀ। ਉਨ੍ਹਾਂ ਨੇ ਇਹ ਮੰਗ ਕਰਨੀ ਸੀ, ਜਿਵੇਂ ਹਾਵਰਡ ਜ਼ਿਨ ਨੇ ਆਖਿਆ ਸੀ- 'ਸਾਰਿਆਂ ਲਈ ਸੁਰੱਖਿਅਤ ਅਤੇ ਸੁਚੱਜੀ ਜ਼ਿੰਦਗੀ ਮੁਹੱਈਆ ਕਰਾਉਣ ਲਈ ਮਹਿਜ਼ ਪੁਨਅਰਥੀ ਸੁਧਾਰ ਨਹੀਂ ਸਗੋਂ ਬੁਨਿਆਦੀ ਸੁਧਾਰਾਂ ਦੀ ਲੋੜ ਹੈ।'

# ਹਿੰਦ-ਪਾਕਿ ਵਪਾਰ ਸੰਭਾਵਨਾਵਾਂ

ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਤੋਂ ਖੰਡ ਦੀ ਦਰਾਮਦ ਕਰਨ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਦਾ ਪ੍ਰਭਾਵ ਪ੍ਰਧਾਨ ਮੰਤਰੀ, ਉਸ ਦੇ ਮੰਤਰੀਆਂ ਜਾਂ ਉਥੋਂ ਦੇ ਅਮੀਰ ਵਿਅਕਤੀਆਂ ਤੇ ਤਾਂ ਬਿਲਕੁਲ ਨਹੀਂ ਪਿਆ ਪਰ ਉਸ ਨਾਲ ਉਥੋਂ ਦੀ ਆਮ ਜਨਤਾ ਪ੍ਰਭਾਵਿਤ ਹੋਈ, ਕਿਉਂਕਿ ਖੰਡ ਹਰ ਘਰ ਵਿਚ ਵਰਤਣ ਵਾਲੀ ਜ਼ਰੂਰੀ ਵਸਤੂ ਹੈ, ਜਿਹੜੀ ਉਸ ਦੇਸ਼ ਵਿਚ 100 ਰੁਪਏ ਪ੍ਰਤੀ ਕਿੱਲੋ ਤੋਂ ਵੱਧ ਕੀਮਤ 'ਤੇ ਵਿਕ ਰਹੀ ਹੈ। ਜੇ ਇਹ ਭਾਰਤ ਤੋਂ ਦਰਾਮਦ ਕੀਤੀ ਜਾਂਦੀ ਤਾਂ ਉਹ ਉਸ ਨੂੰ ਦੁਨੀਆ

ਐਸ. ਐਸ. ਛੀਨਾ

ਦੇ ਹੋਰ ਦੇਸ਼ਾਂ ਦੀ ਦਰਾਮਦ ਦੇ ਮੁਕਾਬਲੇ ਸਸਤੀ ਪੈਣੀ ਸੀ। ਇਸ ਤਰ੍ਹਾਂ ਹੀ ਹੋਰ ਬਹੁਤ ਸਾਰੀਆਂ ਵਸਤੂਆਂ ਹਨ, ਜਿਨ੍ਹਾਂ ਦਾ ਵਪਾਰ ਇਨ੍ਹਾਂ ਦੋਵਾਂ ਦੇਸ਼ਾਂ ਦੇ ਵਿਕਾਸ ਅਤੇ ਆਮ ਜਨਤਾ ਲਈ ਵੱਡੀ ਰਾਹਤ ਹੋ ਸਕਦਾ ਹੈ ਪਰ ਪਿਛਲੇ 70 ਸਾਲਾਂ ਵਿਚ ਦੋਵਾਂ ਦੇਸ਼ਾਂ ਵਿਚ ਕੌਮਾਂਤਰੀ ਵਪਾਰ ਬਹੁਤ ਹੇਠਲੀ ਪੱਧਰ ਤੇ ਹੀ ਰਿਹਾ ਹੈ ਅਤੇ ਕਈ ਵਾਰ ਬਿਲਕੁਲ ਹੀ ਬੰਦ ਵੀ ਹੁੰਦਾ ਰਿਹਾ ਹੈ ਅਤੇ ਇਸ ਵਿਚ ਵੱਡੇ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ।

1948-49 ਤੱਕ ਪਾਕਿਸਤਾਨ ਨਾਲ ਭਾਰਤ ਦਾ ਵਪਾਰ ਕੁੱਲ ਵਪਾਰ ਦਾ 70 ਫੀਸਦੀ ਸੀ, ਜਦੋਂ ਕਿ ਭਾਰਤ ਵੀ ਆਪਣੀ ਦਰਾਮਦ ਵਿਚੋਂ 63 ਫੀਸਦੀ ਦਰਾਮਦ ਇਕੱਲੇ ਪਾਕਿਸਤਾਨ ਤੋਂ ਕਰਦਾ ਸੀ। ਇਹ ਉਸ ਭਾਰਤ ਪਾਕਿਸਤਾਨ ਦੀ ਵੰਡ ਦੇ ਸ਼ੁਰੂ ਦੇ ਸਮੇਂ ਵਿਚ ਇਸ ਕਰ ਕੇ ਸੀ ਕਿ ਦੋਵਾਂ ਦੇਸ਼ਾਂ ਦੀ ਭੂਗੋਲਿਕ ਨੇੜਤਾ, ਸੱਭਿਆਚਾਰ, ਇਤਿਹਾਸ, ਪਿਛੋਕੜ ਆਦਿ ਇਕ ਹੋਣ ਕਰ ਕੇ ਪਹਿਲਾਂ ਤੋਂ ਹੀ ਇਹ ਵਪਾਰ ਚੱਲ ਰਿਹਾ ਸੀ ਪਰ 1949 ਤੋਂ ਬਾਅਦ ਇਕਦਮ ਇਸ ਵਿਚ ਵੱਡੀ ਕਮੀ ਆ ਗਈ। ਫਿਰ ਵੀ 1948 ਤੋਂ 1960 ਤੱਕ ਭਾਰਤ-ਪਾਕਿਸਤਾਨ ਵਿਚਕਾਰ 11 ਵਪਾਰਕ ਸਮਝੌਤੇ ਹੋਏ ਜਿਨ੍ਹਾਂ ਦਾ ਇਕ ਹੀ ਉਦੇਸ਼ ਦੋਵਾਂ ਦੇਸ਼ਾਂ ਵਿਚ ਵਪਾਰ ਵਧਾਉਣਾ ਸੀ, ਕਿਉਂਕਿ ਇਹ ਗੱਲ ਸਾਬਤ ਹੋਈ ਹੈ ਕਿ ਵਪਾਰ ਵਿਕਾਸ ਦਾ ਇੰਜਣ ਹੈ ਅਤੇ ਜਿੰਨੀ ਆਸਾਨੀ ਨਾਲ ਇਨ੍ਹਾਂ ਦੋ ਦੇਸ਼ਾਂ ਵਿਚ ਵਪਾਰ ਹੋ ਸਕਦਾ ਹੈ, ਓਨਾ ਕਿਸੇ ਵੀ ਹੋਰ ਦੇਸ਼ ਨਾਲ ਨਹੀਂ ਹੋ ਸਕਦਾ, ਪਰ ਫਿਰ ਵੀ 1958 ਤੱਕ ਇਹ ਦੁਵੱਲਾ ਵਪਾਰ ਜਿਹੜਾ 1948-49 ਵਿਚ 184.06 ਕਰੋੜ ਰੁਪਏ ਦਾ ਸੀ, ਉਹ ਘਟ ਕੇ ਸਿਰਫ 10.53 ਕਰੋੜ ਰੁਪਏ ਦਾ ਰਹਿ ਗਿਆ।

1965 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਇਹ ਵਪਾਰ ਬਿਲਕੁਲ ਖਤਮ ਹੋ ਗਿਆ ਅਤੇ ਫਿਰ ਦਸੰਬਰ 1974 ਵਿਚ ਸਮਝੌਤੇ ਤੋਂ ਬਾਅਦ 1976 ਵਿਚ ਫਿਰ ਸ਼ੁਰੂ ਹੋਇਆ। 1986 ਵਿਚ ਭਾਵੇਂ ਭਾਰਤ ਅਤੇ ਪਾਕਿਸਤਾਨ ਦੱਖਣੀ ਏਸ਼ੀਆ ਦੀ 7 ਮੈਂਬਰਾਂ ਵਾਲੀ 'ਸਾਰਕ' ਸੰਸਥਾ ਦੇ ਮੈਂਬਰ ਸਨ ਜਿਸ ਦਾ ਮੁੱਖ ਉਦੇਸ਼ ਵਪਾਰ ਵਿਚ ਵਾਧਾ ਕਰਨਾ ਸੀ ਪਰ ਭਾਰਤ-ਪਾਕਿਸਤਾਨ ਦਾ ਵਪਾਰ ਬਿਲਕੁਲ ਨਾ ਵਧ ਸਕਿਆ। ਇਸ 'ਸਾਰਕ' ਸੰਸਥਾ ਨੂੰ ਯੂਰਪੀ ਯੂਨੀਅਨ ਦੀ ਤਰਜ਼ 'ਤੇ ਬਣਾਇਆ ਗਿਆ ਸੀ। ਯੂਰਪੀ ਯੂਨੀਅਨ ਦੇ 27 ਮੈਂਬਰਾਂ ਦੀ ਸਭਾ ਵਿਚ ਆਪਸੀ ਵਪਾਰ ਨੂੰ ਆਸਾਨ ਬਣਾਉਣ ਲਈ ਕਈ ਉਹ ਕੰਮ ਕੀਤੇ ਗਏ, ਜਿਨ੍ਹਾਂ ਨਾਲ ਕਈ ਦੇਸ਼ਾਂ ਵਿਚ 70 ਫੀਸਦੀ ਵਪਾਰ ਉਨ੍ਹਾਂ ਦੇ ਮੈਂਬਰ ਦੇਸ਼ਾਂ ਨਾਲ ਹੈ। ਉਸ ਕੌਂਸਲ ਵਲੋਂ ਸਾਰੇ ਮੈਂਬਰ ਦੇਸ਼ਾਂ ਵਿਚ ਇਕ ਕਰੰਸੀ ਯੂਰੋ, ਚਲਦੀ ਹੈ, ਜੋ ਕੌਮਾਂਤਰੀ ਕਰੰਸੀ ਵਿਚ ਪੌਂਡ ਅਤੇ ਡਾਲਰ ਤੋਂ ਬਾਅਦ ਤੀਸਰੀ ਮੁੱਲਵਾਨ ਕਰੰਸੀ ਹੈ। ਸਾਰੇ ਯੂਰਪੀ ਦੇਸ਼ਾਂ ਵਿਚ ਇਕ ਟੈਕਸ ਪ੍ਰਣਾਲੀ ਹੈ। ਇਕ ਵਾਰ ਟੈਕਸ ਦੇ ਕੇ ਦੂਜੀ ਵਾਰ ਟੈਕਸ ਦੇਣ ਦੀ ਲੋੜ ਨਹੀਂ। ਯੂਰਪੀ ਦੇਸ਼ਾਂ ਵਿਚ ਵੀਜ਼ਾ ਮੁਕਤ ਵਪਾਰ ਹੈ, ਇਥੋਂ ਤੱਕ ਕਿ ਬਾਹਰਲੇ ਸੈਲਾਨੀਆਂ ਕੋਲ ਜੇ ਯੂਰਪੀ ਯੂਨੀਅਨ ਦੇ ਦੇਸ਼ਾਂ ਦਾ ਵੀਜ਼ਾ ਹੋਵੇ ਤਾਂ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਦਾ ਵੀਜ਼ਾ ਨਹੀਂ ਲੈਣਾ ਪੈਂਦਾ। ਉਸ ਤਰਜ਼ 'ਤੇ ਸਾਰਕ ਸੰਸਥਾ ਸਥਾਪਤ ਕੀਤੀ ਗਈ ਸੀ ਅਤੇ ਇਸ ਸਾਰਕ ਸੰਸਥਾ ਵਿਚ ਖੇਤਰ ਅਤੇ ਵਸੋਂ ਦੇ ਪੱਖ ਤੋਂ 92 ਫੀਸਦੀ ਹਿੱਸਾ ਸਿਰਫ ਭਾਰਤ-ਪਾਕਿਸਤਾਨ ਦਾ ਸੀ। ਦੋਵੇਂ ਦੇਸ਼ ਇਸ ਤੋਂ ਵੱਡਾ ਲਾਭ ਕਮਾ ਸਕਦੇ ਸਨ ਪਰ ਰਾਜਨੀਤਕ ਕਾਰਨਾਂ ਕਰ ਕੇ ਇਹ ਨਾ ਹੋ ਸਕਿਆ।

ਕੌਮਾਂਤਰੀ ਪੱਧਰ 'ਤੇ ਕਈ ਦੇਸ਼ਾਂ ਵਿਚ ਰਾਜਨੀਤਕ ਮਤਭੇਦ ਤਾਂ ਹਨ ਪਰ ਉਹ ਉਨ੍ਹਾਂ ਦੇ ਆਰਥਿਕ ਸਬੰਧਾਂ ਜਾਂ ਵਪਾਰ ਨੂੰ ਪ੍ਰਭਾਵਿਤ ਨਹੀਂ ਕਰਦੇ। ਇਸ ਦੀ ਇਕ ਵੱਡੀ ਮਿਸਾਲ ਚੀਨ-ਅਮਰੀਕਾ ਦੀ ਹੈ। ਜਿਨ੍ਹਾਂ ਦੇ ਰਾਜਨੀਤਕ ਮਤਭੇਦ ਕਈ ਦਹਾਕਿਆਂ ਤੋਂ ਚੱਲ ਰਹੇ ਹਨ ਪਰ ਫਿਰ ਵੀ ਅਮਰੀਕਾ ਅਤੇ ਚੀਨ ਦਾ ਵਪਾਰ ਏਨਾ ਜ਼ਿਆਦਾ ਹੈ, ਦੋਵੇਂ ਦੇਸ਼ ਇਕ-ਦੂਜੇ ਦੇਸ਼ ਤੋਂ ਏਨੀ ਜ਼ਿਆਦਾ ਮਾਤਰਾ ਵਿਚ ਦਰਾਮਦ-ਬਰਾਮਦ ਕਰ ਰਹੇ ਹਨ ਜਿੰਨੀ ਉਨ੍ਹਾਂ ਦੀ ਹੋਰ ਕਿਸੇ ਵੀ ਦੇਸ਼ ਤੋਂ ਨਹੀਂ ਹੁੰਦੀ। ਸਾਰਕ ਵਿਚ ਸ਼ਾਮਿਲ ਦੇਸ਼ਾਂ ਲਈ ਬਣਾਏ ਗਏ ਨਿਯਮਾਂ ਵਿਚ ਇਕ ਇਹ ਸੀ ਕਿ ਹਰ ਸਾਰਕ ਦੇਸ਼ ਦੂਜੇ ਦੇਸ਼ ਨੂੰ ਵਪਾਰ ਲਈ ਬਹੁਤ ਤਰਜੀਹੀ ਦੇਸ਼ (ਐਮ.ਐਫ.ਐਨ.) ਦਾ ਦਰਜਾ ਦੇਵੇ। ਭਾਰਤ ਨੇ ਤਾਂ ਪਾਕਿਸਤਾਨ ਨੂੰ ਇਹ ਦਰਜਾ 1996 ਵਿਚ ਹੀ ਦੇ ਦਿੱਤਾ ਸੀ, ਕਿਉਂਕਿ 1995 ਵਿਚ ਇਸ ਸਬੰਧੀ ਦੱਖਣੀ ਏਸ਼ੀਆ ਤਰਜੀਹ ਵਪਾਰਕ ਪ੍ਰਬੰਧ ਦਾ ਸਮਝੌਤਾ ਹੋਇਆ ਸੀ ਪਰ ਪਾਕਿਸਤਾਨ ਨੇ ਭਾਰਤ ਨੂੰ ਅਜਿਹਾ ਦਰਜਾ ਨਹੀਂ ਦਿੱਤਾ। ਪੁਲਵਾਮਾ ਦੇ 2019 ਦੇ ਹਮਲੇ ਤੋਂ ਬਾਅਦ ਭਾਰਤ ਨੇ ਵੀ ਐਮ.ਐਫ.ਐਨ. ਦਾ ਦਰਜਾ ਵਾਪਸ ਲੈ ਲਿਆ ਅਤੇ ਕਸਟਮ 200 ਫੀਸਦੀ ਵਧਾ ਦਿੱਤਾ।

2018 ਵਿਚ ਵਿਸ਼ਵ ਬੈਂਕ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਭਾਰਤ-ਪਾਕਿ ਵਿਚਕਾਰ 3700 ਕਰੋੜ ਡਾਲਰ ਦੇ ਵਪਾਰ ਦੀ ਸਮਰੱਥਾ ਬਣ ਸਕਦੀ ਹੈ, ਅੱਜਕਲ੍ਹ ਸਿਰਫ 200 ਅਮਰੀਕੀ ਡਾਲਰ ਦਾ ਵਪਾਰ ਹੈ ਪਰ ਇਕ ਅੰਦਾਜ਼ੇ ਅਨੁਸਾਰ ਇਸ ਤੋਂ ਦੁੱਗਣਾ ਵਪਾਰ 2012-13 ਵਿਚ 390 ਕਰੋੜ ਡਾਲਰ ਗੈਰ-ਰਸਮੀ ਤੌਰ 'ਤੇ ਹੋਇਆ ਸੀ। ਪਾਕਿਸਤਾਨ ਭਾਰਤ ਨੂੰ ਸਬਜ਼ੀਆਂ, ਕੱਪੜਾ, ਸੁੱਕੇ ਫਲ, ਖਣਿਜ ਲੂਣ, ਸੀਮੈਂਟ, ਚਮੜੇ ਦਾ ਬਣਿਆ ਸਾਮਾਨ ਅਤੇ ਸਰਜੀਕਲ ਵਸਤੂਆਂ ਦੀ ਵਿਕਰੀ ਕਰਦਾ ਹੈ। ਦੂਜੇ ਪਾਸੇ ਭਾਰਤ ਪਾਕਿਸਤਾਨ ਨੂੰ ਕਪਾਹ, ਰਸਾਇਣਕ ਪਦਾਰਥ, ਰੰਗ, ਮਸ਼ੀਨਾਂ, ਦਵਾਈਆਂ, ਚਾਹ, ਮਸਾਲੇ ਆਦਿ ਭੇਜਦਾ ਹੈ। ਭਾਰਤ ਆਪਣੀਆਂ ਸੀਮੈਂਟ ਦੀਆਂ ਲੋੜਾਂ ਦੀ 31 ਫੀਸਦੀ ਪਾਕਿਸਤਾਨ ਤੋਂ ਕਰਦਾ ਰਿਹਾ ਹੈ। ਕੁੱਲ ਮਿਲਾ ਕੇ ਭਾਰਤ ਪਾਕਿਸਤਾਨ ਤੋਂ ਜ਼ਿਆਦਾ ਖਰੀਦਦਾ ਹੈ, ਜਦੋਂ ਕਿ ਪਾਕਿਸਤਾਨ ਭਾਰਤ ਤੋਂ ਘੱਟ ਵਸਤੂਆਂ ਦੀ ਖਰੀਦ ਕਰਦਾ ਹੈ। ਭਾਵੇਂ ਕਿ ਦੋਵੇਂ ਦੇਸ਼ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਤਾਂ ਹਨ ਪਰ ਦੋਵੇਂ ਹੀ ਦੇਸ਼ ਟੈਕਸਾਂ ਅਤੇ ਗੈਰ-ਟੈਕਸਾਂ ਦੀਆਂ ਸ਼ਰਤਾਂ ਲਾ ਕੇ ਵਪਾਰ ਨੂੰ ਸੀਮਤ ਰੱਖਦੇ ਹਨ ਭਾਵੇਂ ਕਿ ਵਿਸ਼ਵ ਵਪਾਰ ਸੰਸਥਾ ਵਲੋਂ ਟੈਕਸਾਂ ਸਬੰਧੀ ਕਾਫੀ ਰਾਹਤ ਦਿੱਤੀ ਗਈ ਹੈ, ਜਿਸ ਦਾ ਦੂਜੇ ਹੋਰ ਦੇਸ਼ ਲਾਭ ਉਠਾਉਂਦੇ ਹਨ ਅਤੇ ਗੈਰ-ਟੈਕਸ (ਕਸਟਮ, ਦਰਾਮਦ ਡਿਊਟੀ) ਨਾ ਲਾ ਕੇ ਬਹੁਤ ਸਾਰੀਆਂ ਵਸਤੂਆਂ ਦੀ ਦਰਾਮਦ ਅਤੇ ਬਰਾਮਦ ਦੀਆਂ ਉਨ੍ਹਾਂ ਦੇਸ਼ਾਂ ਨੂੰ ਖੁੱਲ੍ਹਾਂ ਪ੍ਰਾਪਤ ਹਨ ਪਰ ਭਾਰਤ-ਪਾਕਿਸਤਾਨ ਵਪਾਰ ਵਿਚ ਕੁਝ ਉਹ ਸੂਖਮ ਵਸਤੂਆਂ ਹਨ, ਜਿਨ੍ਹਾਂ ਦੀ ਦਰਾਮਦ ਬਰਾਮਦ ਦੀ ਬਿਲਕੁਲ ਹੀ ਇਜਾਜ਼ਤ ਨਹੀਂ। ਇਸ ਤੋਂ ਇਲਾਵਾ 1989 ਵਿਚ ਪਾਕਿਸਤਾਨ ਨੇ ਭਾਰਤ ਤੋਂ 322 ਵਸਤੂਆਂ ਮੰਗਵਾਉਣ ਦੀ ਇਜਾਜ਼ਤ ਦਿੱਤੀ ਸੀ, ਜਦੋਂ ਕਿ 1996 ਵਿਚ 600 ਵਸਤੂਆਂ ਦੀ ਇਜਾਜ਼ਤ ਦਿੱਤੀ ਗਈ ਸੀ। ਪਰ ਇਹ ਸੂਚੀ ਬਦਲਦੀ ਰਹਿੰਦੀ ਹੈ।

ਦੋਵਾਂ ਦੇਸ਼ਾਂ ਵਿਚਕਾਰ ਵਪਾਰ ਆਸਾਨ ਕਰਨ ਨਾਲ ਜਿਥੇ ਦੋਵੇਂ ਦੀ ਵਿਕਾਸ ਗਤੀ ਵਧ ਸਕਦੀ ਹੈ, ਇਸ ਨੂੰ ਮੁੱਖ ਰੱਖਦਿਆਂ ਉਹ ਮੁਸ਼ਕਿਲਾਂ ਜਿਹੜੀਆਂ ਇਸ ਵਪਾਰ ਲਈ ਰੁਕਾਵਟਾਂ ਹਨ, ਉਨ੍ਹਾਂ ਨੂੰ ਦੂਰ ਕਰਨਾ ਦੋਵਾਂ ਦੇਸ਼ਾਂ ਦੇ ਵੱਡੇ ਹਿਤ ਵਿਚ ਹੈ। ਕੌਮਾਂਤਰੀ ਵਪਾਰ ਕਰਨ ਵਾਲਿਆਂ ਨੂੰ ਸ਼ਿਕਾਇਤ ਹੈ ਕਿ ਦੋਵਾਂ ਦੇਸ਼ਾਂ ਵਿਚ ਦਰਾਮਦ ਬਰਾਮਦ ਵਿਚ ਗੈਰ-ਜ਼ਰੂਰੀ ਦੇਰੀ ਕੀਤੀ ਜਾਂਦੀ ਹੈ, ਇਸ ਲਈ ਵਪਾਰੀ ਇਸ ਵਪਾਰ ਵਿਚ ਦਿਲਚਸਪੀ ਨਹੀਂ ਲੈਂਦਾ, ਜਦੋਂ ਕਿ ਹੋਰ ਦੇਸ਼ਾਂ ਨਾਲ ਵਪਾਰ ਵਿਚ ਇਹ ਗੈਰ-ਜ਼ਰੂਰੀ ਦੇਰੀ ਨਹੀਂ ਹੁੰਦੀ। ਦੋਵਾਂ ਦੇਸ਼ਾਂ ਦੇ ਵਪਾਰ ਦੀ ਇਕ ਗੁੰਝਲਦਾਰ ਪ੍ਰਣਾਲੀ ਹੈ। ਵੀਜ਼ਾ ਪ੍ਰਣਾਲੀ ਬਹੁਤ ਸਖਤ ਅਤੇ ਵਪਾਰੀਆਂ ਦੇ ਅਨੁਕੂਲ ਨਹੀਂ। ਜੇ ਜ਼ਿਆਦਾ ਵਸਤੂਆਂ ਦਾ ਕਾਨੂੰਨੀ ਵਪਾਰ ਵਧਦਾ ਹੈ ਤਾਂ ਇਸ ਨਾਲ ਜਿਥੇ ਆਮ ਖਰੀਦਦਾਰ ਦਾ ਲਾਭ ਹੈ, ਉਥੇ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਉਨ੍ਹਾਂ ਵਸਤੂਆਂ ਦੇ ਉਤਪਾਦਕਾਂ ਦੀ ਮੰਡੀ ਦਾ ਆਕਾਰ ਵਧਣ ਨਾਲ, ਰੁਜ਼ਗਾਰ ਦੇ ਮੌਕੇ ਵਧਦੇ ਹਨ। ਭਾਰਤ-ਪਾਕਿਸਤਾਨ ਵਿਚਕਾਰ ਵਪਾਰ ਨੂੰ ਹਮੇਸ਼ਾ ਹੀ ਪ੍ਰਭਾਵਿਤ ਨਹੀਂ ਹੋਣ ਦੇਣਾ ਚਾਹੀਦਾ। ਇਸ ਸਬੰਧੀ ਅਮਰੀਕਾ-ਚੀਨ ਅਤੇ ਕਈ ਹੋਰ ਦੇਸ਼ਾਂ ਦੀ ਮਿਸਾਲ ਵੀ ਦਿੱਤੀ ਜਾ ਸਕਦੀ ਹੈ। ਜੇ ਭਾਰਤ, ਪਾਕਿਸਤਾਨ ਰਾਹੀਂ ਅਫਗਾਨਿਸਤਾਨ, ਇਰਾਨ ਅਤੇ ਮੱਧ ਏਸ਼ੀਆ ਨਾਲ ਸੜਕੀ ਵਪਾਰ ਕਰਦਾ ਹੈ ਤਾਂ ਇਸ ਦਾ ਲਾਭ ਵੀ ਦੋਵਾਂ ਦੇਸ਼ਾਂ ਨੂੰ ਮਿਲ ਸਕਦਾ ਹੈ ਪਰ ਇਸ ਦਾ ਸਭ ਤੋਂ ਜ਼ਿਆਦਾ ਲਾਭ ਦੋਵਾਂ ਦੇਸ਼ਾਂ ਦੀ ਜਨਤਾ ਨੂੰ ਮਿਲ ਸਕਦਾ ਹੈ।

# ਪੰਜਾਬ ਨੂੰ ਬੰਗਾਲ ਵਾਲੀ ਪਟੜੀ ਚਾੜ੍ਹਨ ਦੀਆਂ ਗੋਂਦਾਂ ਬਾਰੇ ਚਿੰਤਾ ਕਿਸ ਨੂੰ ਹੈ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੇਸ਼ੱਕ ਸਾਰੇ ਦੇਸ਼ ਦਾ ਧਿਆਨ ਭਾਰਤ ਵਿਚ ਕਰੋਨਾ ਵਾਇਰਸ ਦੀ ਮਾਰ ਤੇ ਇਸ ਮਾਰ ਤੋਂ ਨਿਕਲੀ ਬਲੈਕ ਫੰਗਸ ਵਰਗੀ ਅਗਲੀ ਬਿਮਾਰੀ ਨੇ ਮੱਲ ਰੱਖਿਆ ਹੈ, ਓਦੋਂ ਪਿੱਛੋਂ ਵ੍ਹਾਈਟ ਫੰਗਸ ਵੀ ਨਿਕਲ ਆਈ ਹੈ, ਪਰ ਪੰਜਾਬ ਦੇ ਲੋਕਾਂ ਦਾ ਧਿਆਨ ਬਹੁਤਾ ਕਰ ਕੇ ਪੰਜਾਬ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਦੇ ਅੰਦਰੂਨੀ ਝੇੜੇ ਵੱਲ ਲੱਗਾ ਪਿਆ ਸੀ। ਇਸ ਭੇੜ ਦਾ ਮੁੱਢ ਨਵਜੋਤ ਸਿੰਘ ਸਿੱਧੂ ਦੇ ਟਵੀਟਸ ਅਤੇ ਫੇਸਬੁੱਕ ਪੋਸਟਾਂ ਨਾਲ ਨਹੀਂ ਸੀ ਬੱਝਾ, ਜਿਹੜੇ ਡੇਢ ਸਾਲ ਚੁੱਪ ਰਹਿ ਕੇ ਪਿਛਲੀ ਕਸਰ ਕੱਢਣ ਵਾਸਤੇ ਇਹੋ ਕੁਝ ਸਿੱਧੂ ਬੀਤੇ ਛੇ ਮਹੀਨਿਆਂ ਤੋਂ ਕਰਦਾ ਪਿਆ ਸੀ। ਲੜਾਈ ਕੋਟਕਪੂਰਾ ਕੇਸ ਦੀ ਵਿਸ਼ੇਸ਼ ਜਾਂਚ ਟੀਮ ਦੇ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਪੋਰਟ ਉੱਤੇ ਹਾਈ ਕੋਰਟ ਵੱਲੋਂ ਕਾਟਾ ਫੇਰ ਦੇਣ ਨਾਲ ਛਿੜੀ ਸੀ। ਓਦੋਂ ਦੋ ਦਿਨ ਪਿੱਛੋਂ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਮੁੱਦੇ ਦੇ ਰੋਸ ਵਜੋਂ ਅਸਤੀਫਾ ਲਿਖ ਕੇ ਫੜਾ ਦਿੱਤਾ ਸੀ। ਅਜੋਕੇ ਟਕਰਾਅ ਦਾ ਅਸਲੀ ਮੁੱਢ ਉਹ ਸੀ। ਅਗਲੀ ਕੜੀ ਉਹ ਸੀ, ਜਦੋਂ ਮੁੱਖ ਮੰਤਰੀ ਦੇ ਇੱਕ ਰਾਜਸੀ ਸਲਾਹਕਾਰ ਨੇ ਅੱਧੀ ਰਾਤ ਜਲੰਧਰ ਕੈਂਟ ਦੇ ਵਿਧਾਇਕ ਪ੍ਰਗਟ ਸਿੰਘ ਨੂੰ ਫੋਨ ਕਰ ਕੇ ਠੋਕ ਦੇਣ ਵਰਗੀ ਭਾਸ਼ਾ ਵਰਤੀ ਤੇ ਦੋ ਦਿਨ ਪਿੱਛੋਂ ਪ੍ਰਗਟ ਸਿੰਘ ਨੇ ਸਾਰਾ ਕੁਝ ਮੀਡੀਏ ਸਾਹਮਣੇ ਰੱਖ ਦਿੱਤਾ ਸੀ।

ਇਸ ਮਗਰੋਂ ਨਵਜੋਤ ਸਿੰਘ ਸਿੱਧੂ ਦੇ ਟਵੀਟ ਲਗਾਤਾਰ ਆਉਣ ਦੇ ਬਾਵਜੂਦ ਪਹਿਲਾਂ ਵਾਂਗ ਵਿਵਾਦ ਦਾ ਕੇਂਦਰ ਉਹ ਨਹੀਂ ਸੀ ਰਿਹਾ, ਵਿਵਾਦ ਦਾ ਅਖਾੜਾ ਚੰਡੀਗੜ੍ਹ ਬਣ ਗਿਆ ਸੀ, ਜਿੱਥੇ ਪੰਜ ਮੰਤਰੀਆਂ ਅਤੇ ਕੁਝ ਵਿਧਾਇਕਾਂ ਨਾਲ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਇੱਕ ਬੈਠਕ ਵਿਚ ਸ਼ਾਮਲ ਹੋ ਗਿਆ। ਉਹ ਜਾਇਜ਼ ਸਵਾਲ ਉਠਾਉਂਦੇ ਹਨ ਕਿ ਪਿਛਲੇ ਸਵਾ ਚਾਰ ਸਾਲਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤੇ ਹੋਏ ਵਾਅਦਿਆਂ ਮੁਤਾਬਕ, ਤੇ ਖਾਸ ਕਰ ਕੇ ਬਰਗਾੜੀ ਦੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡਾਂ ਅਤੇ ਨਸ਼ੇ ਦੇ ਵਪਾਰੀਆਂ ਦੇ ਵਿਰੁੱਧ ਕਾਰਵਾਈ ਦੇ ਪੱਖੋਂ ਕੁਝ ਨਹੀਂ ਕੀਤਾ। ਇਥੋਂ ਹੀ ਇਹ ਗੱਲ ਨਿਕਲ ਆਈ ਕਿ ਸਾਹਮਣੇ ਸਿਰ ਚੁੱਕੀ ਖੜ੍ਹੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਣ ਦੇ ਬਾਵਜੂਦ ਬਾਗੀ ਕਾਂਗਰਸੀ ਆਗੂ ਜਿਸ ਤਰ੍ਹਾਂ ਅੜੇ ਹੋਏ ਹਨ, ਇਸ ਨਾਲ ਕਾਂਗਰਸ ਪਾਰਟੀ ਚੋਣਾਂ ਵਿਚ ਕੁੱਦੇਗੀ ਤਾਂ ਸਿਵਾਏ ਕੁੱਟ ਖਾਣ ਤੋਂ ਇਸ ਦੇ ਪੱਲੇ ਕੁਝ ਨਹੀਂ ਪੈਣਾ। ਇਹ ਗੱਲ ਸ਼ਾਇਦ ਬਾਗੀ ਵੀ ਜਾਣਦੇ ਹਨ। ਫਿਰ ਵੀ ਜੇ ਉਹ ਅੜੇ ਹੋਏ ਹਨ ਤਾਂ ਇਸ ਕਰ ਕੇ ਨਹੀਂ ਕਿ ਉਹ ਕੈਪਟਨ ਕੋਲੋਂ ਗੱਦੀ ਖੋਹਣਾ ਚਾਹੁੰਦੇ ਹਨ, ਸਗੋਂ ਇਹ ਕਹਿ ਰਹੇ ਹਨ ਕਿ ਜੇ ਸਾਡੀ ਸਰਕਾਰ ਇਹੋ ਜਿਹੀ ਹੈ ਤਾਂ ਇਸ ਤੋਂ ਬਗੈਰ ਚੰਗੇ ਹਾਂ। ਲੋਕਾਂ ਕੋਲੋਂ ਮਿਹਣੇ ਲੈਣ ਦੀ ਥਾਂ ਉਨ੍ਹਾਂ ਨੂੰ ਸਾਰੇ ਅਹੁਦਿਆਂ ਦਾ ਸੁਖ ਛੱਡ ਕੇ ਸੜਕ ਸਵਾਰ ਹੋ ਜਾਣਾ ਵੀ ਠੀਕ ਲੱਗਣ ਲੱਗ ਪਿਆ ਹੈ ਤੇ ਇਸ ਗੱਲ ਬਾਰੇ ਉਹ ਸੋਚਣਾ ਹੀ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਪੈਦਾ ਹੋਏ ਖਲਾਅ ਦੌਰਾਨ ਇਥੇ ਬੰਗਾਲ ਵਰਗਾ ਵੀ ਕੁਝ ਵਾਪਰ ਸਕਦਾ ਹੈ।

ਜੀ ਹਾਂ, ਸਾਨੂੰ ਇਸ ਦੇ ਸੰਕੇਤ ਮਿਲਦੇ ਪਏ ਹਨ ਕਿ ਪੰਜਾਬ ਵਿਚ ਬੰਗਾਲ ਦੀ ਬਾਜ਼ੀ ਦੁਹਰਾਉਣ ਲਈ ਭਾਜਪਾ ਦੇ ਮੋਹਰੇ ਮੈਦਾਨ ਵਿਚ ਨਿਕਲ ਚੁੱਕੇ ਹਨ। ਦੋ ਸਾਲ ਪਹਿਲਾਂ ਚੰਡੀਗੜ੍ਹ ਪ੍ਰੈੱਸ ਕਲੱਬ ਦੀ ਚੋਣ ਜਿੱਤਣ ਵਾਲੀ ਇੱਕ ਖਾਸ ਧਿਰ ਨੇ ਜਦੋਂ ਮੋਦੀ ਦੀ ਜੈ-ਜੈਕਾਰ ਦੇ ਨਾਅਰੇ ਲਾਏ ਸਨ, ਜਿਹੋ ਜਿਹੇ ਪਹਿਲਾਂ ਕਦੇ ਨਹੀਂ ਸੀ ਲੱਗੇ, ਉਹ ਸ਼ੁਰੂਆਤ ਸੀ ਅਤੇ ਅਗਲੇ ਪੜਾਅ ਵਿਚ ਉਨ੍ਹਾਂ ਦੇ ਮਿੱਤਰ ਪੰਜਾਬ ਵਿਚ ਆਪਣੇ ਤੋਂ ਵੱਖਰੀ ਸੋਚ ਵਾਲਿਆਂ ਨੂੰ 'ਸਮਝਾਉਣੀਆਂ' ਦੇਣ ਵਾਸਤੇ ਫੋਨ ਕਰਨ ਅਤੇ ਚਾਹ ਦੇ ਕੱਪ ਦੀ ਸਾਂਝ ਪਾਉਣ ਲੱਗੇ ਹਨ। ਇਹੋ ਜਿਹਾ ਕੰਮ ਸਾਡੇ ਮੀਡੀਆ ਖੇਤਰ ਵਿਚ ਵੀ ਪੱਤਰਕਾਰਾਂ ਦੇ ਰਾਹੀਂ ਕਰਨ ਦੀ ਥਾਂ 'ਦਿੱਲੀ ਸੇ ਆਇਆ ਪੱਤਰਕਾਰ' ਕਹਿ ਕੇ ਆਉਣ ਵਾਲੇ ਉਹ ਸਿਧਾਂਤਕਾਰ ਦਿੱਸਦੇ ਸੱਜਣ ਕਰਨ ਨਿਕਲੇ ਹਨ, ਜਿਨ੍ਹਾਂ ਦੀ ਸੰਸਕ੍ਰਿਤ ਵਾਂਗ ਔਖੀ ਹਿੰਦੀ ਸੁਣ ਕੇ ਅਸਲੀ ਚੈਨਲ ਸਮਝ ਆ ਜਾਂਦਾ ਹੈ। ਪੱਤਰਕਾਰੀ ਭੇਸ ਵਿਚ ਨਿਕਲੇ ਇਹ ਲੋਕ ਮੀਡੀਆ ਖੇਤਰ ਵਿਚ ਜਿਵੇਂ ਸਰਗਰਮ ਹਨ, ਓਦਾਂ ਦੇ ਕੁਝ ਲੋਕ ਧਰਮ-ਖੇਤਰ ਵਿਚ ਸਰਗਰਮ ਹਨ ਤੇ ਉਨ੍ਹਾਂ ਦੀ ਮੁਢਲੀ ਪਹੁੰਚ ਉਨ੍ਹਾਂ 'ਲੋੜਵੰਦ' ਸਿੱਖਾਂ ਤੱਕ ਹੈ, ਜਿਹੜੇ ਕਿਸੇ ਧਾਰਮਿਕ ਅਸਥਾਨ ਦੇ ਪਿੰਡ ਪੱਧਰ ਦੇ ਗ੍ਰੰਥੀ ਜਾਂ ਕਥਾਵਾਚਕ ਹਨ ਅਤੇ ਸਵੇਰੇ-ਸ਼ਾਮ ਆਮ ਲੋਕਾਂ ਵਿਚ ਰਹਿ ਕੇ ਨਰਿੰਦਰ ਮੋਦੀ ਦੇ ਏਨੇ ਗੁਣ ਗਿਣਾਈ ਜਾਂਦੇ ਹਨ ਕਿ ਇੱਕ-ਦੋ ਦਿਨਾਂ ਤੱਕ ਸੁਣਨ ਵਾਲਾ ਖੁਦ ਉਨ੍ਹਾਂ ਵੱਲੋਂ ਪੜ੍ਹਾਇਆ ਅੱਗੇ ਪੜ੍ਹਾਉਣ ਲੱਗਦਾ ਹੈ। ਮਾਲਵੇ ਦੇ ਇੱਕ ਪਿੰਡ ਵਿਚ ਡੇਰਾ ਸੱਚਾ ਸੌਦਾ ਸਿਰਸਾ ਵਾਲੇ ਬਾਬੇ ਲਈ ਗੁਰਦੁਆਰੇ ਵਿਚ ਅਰਦਾਸ ਕਰਨ ਵਾਲਾ ਨਿਹੰਗ ਵੀ ਇਸੇ ਕਿਸਮ ਦਾ ਨਵਾਂ ਲੱਭਿਆ ਕਾਰਿੰਦਾ ਹੋ ਸਕਦਾ ਹੈ, ਜਿਹੜਾ ਪੰਜਾਬ ਵਿਚ ਦਲਿਤ ਭਾਈਚਾਰੇ ਦਾ ਮੁੱਖ ਮੰਤਰੀ ਬਣਾਉਣ ਦੇ ਵਾਸਤੇ ਨਰਿੰਦਰ ਮੋਦੀ ਉੱਤੇ ਮਹਾਰਾਜ ਦੀ ਕ੍ਰਿਪਾ ਦੀ ਮੰਗ ਕਰਦਾ ਸੁਣਾਈ ਦਿੰਦਾ ਹੈ। ਉਹੀ ਨਹੀਂ, ਕੁਝ ਬੜੇ ਪੜ੍ਹੇ-ਲਿਖੇ ਸੱਜਣ ਵੀ ਏਦਾਂ ਦੇ ਕੰਮ ਵਿਚ ਮਿਥੀ ਹੋਈ ਨੌਕਰੀ ਕਰਨ ਵਾਂਗ ਦਸਵੇਂ ਗੁਰੂ ਸਾਹਿਬ ਦੀ ਤਸਵੀਰ ਲਾ ਕੇ ਨਰਿੰਦਰ ਮੋਦੀ ਦੀ ਨੇਕ ਬੰਦੇ ਤੇ ਪਹਾੜਾਂ ਵਿਚ ਜਾ ਕੇ ਤਪ ਕਰਨ ਵਾਲੇ ਸਾਧੂ ਵਿਅਕਤੀ ਵਾਲੀ ਤਸਵੀਰ ਉਭਾਰਨ ਦੀਆਂ ਵੀਡੀਓ ਕਲਿੱਪਾਂ ਬਹੁਤ ਚੁਸਤੀ ਨਾਲ ਆਮ ਲੋਕਾਂ ਤੱਕ ਭੇਜ ਰਹੇ ਹਨ, ਜਿਨ੍ਹਾਂ ਦਾ ਆਮ ਲੋਕਾਂ ਉੱਤੇ ਕੁਝ ਨਾ ਕੁਝ ਅਸਰ ਪੈ ਰਿਹਾ ਹੈ। ਸਿੱਖ ਸਮਾਜ ਵਿਚ ਕਈ ਲੋਕ ਕਿਸੇ ਵੀ ਪਾਰਟੀ ਤੋਂ ਕੋਈ ਆਸ ਨਾ ਰਹਿਣ ਕਾਰਨ ਉਨ੍ਹਾਂ ਦੇ ਦੱਸੇ ਰਾਹ ਵੱਲ ਝੁਕ ਸਕਦੇ ਹਨ।

ਸਭ ਤੋਂ ਵੱਡੀ ਇਹ ਗੱਲ ਜ਼ੋਰ ਨਾਲ ਕਹੀ ਜਾਂਦੀ ਹੈ ਕਿ ਨਰਿੰਦਰ ਮੋਦੀ ਦੀ ਸਮਰੱਥਾ ਹੈ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਪੰਜ ਸਾਲ ਪਹਿਲਾਂ ਤਿੰਨ ਸੀਟਾਂ ਜਿੱਤਣ ਵਾਲੀ ਭਾਜਪਾ ਨੂੰ ਉਸ ਨੇ ਇਸ ਵਾਰੀ 77 ਸੀਟਾਂ ਜਿਤਾ ਕੇ ਮੁੱਖ ਵਿਰੋਧੀ ਧਿਰ ਬਣਾ ਦਿੱਤਾ ਅਤੇ ਕਾਂਗਰਸ ਤੇ ਖੱਬੇ ਪੱਖੀ ਜੜ੍ਹੋਂ ਪੁੱਟ ਦਿੱਤੇ ਹਨ। ਜਿਸ ਤਰੀਕੇ ਨਾਲ ਇਹ ਪ੍ਰਚਾਰ ਤੇ ਇਹ ਪਹੁੰਚ ਕੀਤੀ ਜਾ ਰਹੀ ਹੈ, ਸਿੱਖਾਂ ਦੀਆਂ ਨਾਮ-ਦਾਨ ਤੱਕ ਸੀਮਤ ਰਹਿੰਦੀਆਂ ਕੁਝ ਸੰਪਰਦਾਵਾਂ ਦੇ ਸੰਤਾਂ ਰਾਹੀਂ ਪੰਜਾਬ ਤੇ ਸਿੱਖਾਂ ਲਈ ਨਰਿੰਦਰ ਮੋਦੀ ਦੀ ਸ਼ੁਭ ਭਾਵਨਾ ਦਾ ਪੜੁੱਲ ਬੰਨ੍ਹਣ ਦਾ ਕੰਮ ਹੋ ਰਿਹਾ ਹੈ, ਉਸ ਮਗਰੋਂ ਕਿਸੇ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਦੇ ਰਾਜਸੀ ਨਕਸ਼ੇ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸਾਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਰਾਜਨੀਤੀ ਦੇ ਅੱਧੀ-ਅੱਧੀ ਸਦੀ ਤੱਕ ਧਨਵੰਤਰੀ ਗਿਣੇ ਜਾਂਦੇ ਰਹੇ ਵੱਡੇ ਪ੍ਰਭਾਵ ਵਾਲੇ ਲੇਖਕ ਤੇ ਸਮਾਜ ਸੇਵੀ ਇਹੋ ਜਿਹੀ ਕੋਈ ਸਰਗਰਮੀ ਚੱਲ ਰਹੀ ਮੰਨਦੇ ਵੀ ਹਨ ਤਾਂ ਗੱਲ ਇਥੇ ਮੁਕਾ ਦਿੰਦੇ ਹਨ ਕਿ ਪੰਜਾਬ ਕੋਈ ਪੱਛਮੀ ਬੰਗਾਲ ਨਹੀਂ, ਇਥੇ ਜਿਹੜਾ ਮਰਜ਼ੀ ਆ ਕੇ ਆਪਣੇ ਦਾਅ ਅਜ਼ਮਾ ਲਵੇ, ਉਸ ਦੇ ਪੈਰ ਨਹੀਂ ਲੱਗਣੇ। ਐਨ ਇਹੋ ਵਿਚਾਰ ਉਨ੍ਹਾਂ ਸੱਜਣਾਂ ਦੇ ਮੂੰਹੋਂ ਕਦੇ ਪੱਛਮੀ ਬੰਗਾਲ ਬਾਰੇ ਸੁਣਨ ਨੂੰ ਮਿਲਿਆ ਕਰਦੇ ਸਨ, ਬਾਅਦ ਵਿਚ ਹਾਲਤ ਬਦਲਦੇ ਗਏ ਤਾਂ ਉਹ ਆਪਣੀ ਸੋਚਣੀ ਠੀਕ ਨਾ ਹੋਣ ਬਾਰੇ ਮੰਨਣ ਦੀ ਥਾਂ ਇਹ ਦਲੀਲ ਦੇਣ ਲੱਗ ਪਏ ਸਨ ਕਿ ਕਿਸੇ ਦੇ ਪੈਰ ਤਾਂ ਨਹੀਂ ਸੀ ਲੱਗਣੇ, ਉਥੇ ਪ੍ਰਸਥਿਤੀਆਂ ਬਦਲ ਗਈਆਂ ਸਨ। ਹਾਲਾਤ ਦਾ ਵਹਿਣ ਅੱਜ ਵਾਲਾ ਜਾਰੀ ਰਿਹਾ ਤਾਂ ਉਨ੍ਹਾਂ ਸੱਜਣਾਂ ਨੂੰ ਅਗਲੇ ਸਾਲ ਇਹੋ ਦਲੀਲ ਪੰਜਾਬ ਬਾਰੇ ਵੀ ਦੇਣੀ ਪੈ ਸਕਦੀ ਹੈ, ਕਿਉਂਕਿ ਜਿਹੜੀ ਗੱਲ ਬੰਗਾਲ ਬਾਰੇ ਉਹ ਨਹੀਂ ਸਨ ਮੰਨਦੇ, ਪੰਜਾਬ ਬਾਰੇ ਵੀ ਅੱਜ ਨਹੀਂ ਮੰਨਦੇ। ਕਬੂਤਰ ਅੱਖਾਂ ਮੀਟ ਵੀ ਲਵੇ ਤਾਂ ਬਿੱਲੀ ਪਿੱਛੇ ਨਹੀਂ ਮੁੜ ਜਾਂਦੀ। ਇਹੀ ਹਾਲਾਤ ਪੰਜਾਬ ਦੀ ਰਾਜਨੀਤੀ ਵਿਚ ਅੱਜ ਬਣਦੇ ਪਏ ਹਨ ਤੇ ਇਹ ਬਣਦੇ ਵੀ ਏਨੀ ਤੇਜ਼ੀ ਨਾਲ ਪਏ ਹਨ ਕਿ ਇਸ ਸਾਲ ਦੇ ਬਾਕੀ ਰਹਿੰਦੇ ਸਵਾ ਸੱਤ ਮਹੀਨਿਆਂ ਵਿਚ ਇਨ੍ਹਾਂ ਅੱਗੇ ਬ੍ਰੇਕ ਲੱਗ ਜਾਵੇਗੀ, ਇਹ ਸੋਚਣਾ ਬਹੁਤ ਔਖਾ ਹੈ।

ਸਾਡੀ ਇੱਕ ਪਿਛਲੀ ਲਿਖਤ ਪਿੱਛੋਂ ਸਾਡੇ ਇੱਕ ਸੱਜਣ ਨੇ ਫੋਨ ਕਰ ਕੇ ਕਿਹਾ ਸੀ ਕਿ ਹਾਲਤ ਏਨੀ ਵਿਗਾੜ ਵਾਲੀ ਵੀ ਹੋਵੇ ਤਾਂ ਤੈਨੂੰ ਏਦਾਂ ਪੇਸ਼ ਨਹੀਂ ਕਰਨੀ ਚਾਹੀਦੀ, ਲੋਕਾਂ ਨੂੰ ਇਸ ਦੇ ਮੁਕਾਬਲੇ ਦਾ ਕੋਈ ਸੁਨੇਹਾ ਦੇਣਾ ਚਾਹੀਦਾ ਹੈ। ਮੈਂ ਅੱਜ ਫਿਰ ਇਹੋ ਜਿਹਾ ਕੋਈ ਸੁਨੇਹਾ ਨਹੀਂ ਦੇ ਰਿਹਾ। ਇਸ ਦਾ ਕਾਰਨ ਇਹ ਹੈ ਕਿ ਜਿਨ੍ਹਾਂ ਲਈ ਸੁਨੇਹਾ ਦੇਣ ਦੀ ਲੋੜ ਹੈ, ਉਹ ਕਹਿੰਦੇ ਹਨ ਕਿ ਸਾਨੂੰ ਸਭ ਕੁਝ ਪਤਾ ਹੈ। ਸੁੱਤੇ ਨੂੰ ਕੋਈ ਜਗਾ ਸਕਦਾ ਹੈ, ਏਦਾਂ ਦੇ ਲੋਕਾਂ ਨੂੰ ਨਹੀਂ। ਇਨ੍ਹਾਂ ਹਾਲਾਤ ਵਿਚ ਜਦੋਂ ਪੰਜਾਬ ਦੀ ਇੱਕ ਵੱਡੀ ਪਾਰਟੀ ਦੇ ਅੰਦਰੂਨੀ ਝੇੜੇ ਜਾਂ ਉਸ ਦੇ ਕਿਸੇ ਪੁਰਾਣੇ ਬਦਲ ਤੱਕ ਸੋਚ ਕੇ ਬੁੱਤਾ ਸਰ ਸਕਦਾ ਹੈ ਤਾਂ ਅਗਲੀ ਗੱਲ ਸੋਚਣ ਦੀ ਲੋੜ ਵੀ ਕਿਸ ਨੂੰ ਹੈ। ਪੰਜਾਬ ਦੀ ਬਦਕਿਸਮਤੀ ਸ਼ਾਇਦ ਇਹ ਵੀ ਹੈ।

# ਲਿੰਗ ਸਮਾਨਤਾ ਤੇ ਆਤਮ ਨਿਰਭਰਤਾ ਲਈ ਔਰਤਾਂ ਨੂੰ ਮਿਲਣ ਬਰਾਬਰ ਦੇ ਮੌਕੇ

ਦੇਸ਼ ਵਿਚ ਅੱਧੀ ਆਬਾਦੀ ਔਰਤਾਂ ਦੀ ਹੈ। ਇਨ੍ਹਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਮਾਮਲਾ ਗੁੰਝਲਦਾਰ ਅਤੇ ਚੁਣੌਤੀਪੂਰਨ ਹੈ। ਦੇਖਿਆ ਜਾਵੇ ਤਾਂ ਇਹ ਅਧੂਰਾ ਮਾਨਵ ਅਧਿਕਾਰ ਸੰਘਰਸ਼ ਹੈ। ਔਰਤਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਣਾਉਣ ਲਈ ਕੀਤੀ ਹਰ ਕੋਸ਼ਿਸ਼ ਵੀ, ਜਮੀਨੀ ਪੱਧਰ ਉਤੇ ਪਰਖਿਆਂ ਫੋਕੀ-ਫੋਕੀ ਜਾਪਦੀ ਹੈ। 'ਵਰਲਡ ਇਕਨੌਮਿਕ ਫੋਰਮ' ਦੀ ਤਾਜਾ ਰਿਪੋਰਟ ਕਹਿੰਦੀ ਹੈ ਕਿ ਦੁਨੀਆਂ ਭਰ ਵਿਚ ਆਰਥਿਕ ਤੌਰ 'ਤੇ ਮਰਦਾਂ ਦੇ ਬਰਾਬਰ ਆਉਣ ਲਈ ਉਨ੍ਹਾਂ ਨੂੰ ਸਦੀਆਂ ਲੱਗ ਜਾਣਗੀਆਂ।



ਗੁਰਮੀਤ ਸਿੰਘ ਪਲਾਹੀ
ਫੋਨ: 91-98158-02070

ਇਸ ਅਧਿਐਨ ਅਨੁਸਾਰ 156 ਦੇਸ਼ਾਂ ਵਿਚੋਂ ਭਾਰਤ ਆਰਥਿਕ ਨਾਬਰਾਬਰੀ ਦੇ ਮਾਮਲੇ 'ਚ 151ਵੇਂ ਥਾਂ ਹੈ। ਇੰਜ ਭਾਰਤ ਔਰਤਾਂ ਨੂੰ ਆਰਥਿਕ ਆਜ਼ਾਦੀ ਅਤੇ ਅਚੱਲ ਜਾਇਦਾਦ ਦੇਣ ਸਬੰਧੀ ਇੱਕ ਤਰ੍ਹਾਂ ਨਾਲ ਦੁਨੀਆਂ ਦੇ ਸਭ ਤੋਂ ਹੇਠਲੇ ਸਥਾਨ ਉਤੇ ਹੈ। ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੀਆਂ ਬਹੁਤੀਆਂ ਔਰਤਾਂ ਨੂੰ ਜ਼ਮੀਨ ਦਾ ਕੋਈ ਹੱਕ ਨਹੀਂ ਹੈ, ਜਦੋਂ ਕਿ ਕਾਨੂੰਨ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ। ਅਸਲ ਵਿਚ ਭਾਰਤ ਦਾ ਪੁਰਸ਼ ਪ੍ਰਧਾਨ ਸਮਾਜ ਔਰਤਾਂ ਨੂੰ ਜ਼ਮੀਨ ਕਿਸੇ ਵੀ ਹਾਲਾਤ ਵਿਚ ਦੇਣ ਨੂੰ ਤਿਆਰ ਨਹੀਂ ਹੁੰਦਾ, ਭਾਵੇਂ ਕੁਝ ਹਾਲਤਾਂ ਵਿਚ ਭਾਵਨਾਤਮਕ ਤੌਰ 'ਤੇ ਔਰਤਾਂ ਵੀ ਆਪਣਾ ਇਹ ਹੱਕ ਛੱਡ ਦਿੰਦੀਆਂ ਹਨ। ਆਮ ਤੌਰ 'ਤੇ ਪਰਿਵਾਰ ਦੇ ਪੁਰਸ਼ਾਂ ਵਲੋਂ ਉਨ੍ਹਾਂ ਨੂੰ ਇਹ ਸਬਕ ਪੜ੍ਹਾਇਆ ਜਾਂਦਾ ਹੈ ਕਿ ਜੇ ਉਹ ਕਾਨੂੰਨੀ ਤੌਰ 'ਤੇ ਜ਼ਮੀਨ-ਜਾਇਦਾਦ 'ਚ ਹੱਕ ਮੰਗਣਗੀਆਂ, ਉਨ੍ਹਾਂ ਨੂੰ ਆਪਸੀ ਰਿਸ਼ਤਿਆਂ ਤੋਂ ਤੋੜ-ਵਿਛੋੜਾ ਸਹਿਣਾ ਪਵੇਗਾ।

ਭਾਰਤ ਵਿਚ ਖੇਤੀ ਖੇਤਰ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇਕ ਤਿਹਾਈ ਹੈ। ਸਾਲ 2017-18 ਵਿਚ ਮਜ਼ਦੂਰ ਬਲ ਸਰਵੇ ਅਨੁਸਾਰ 73.2 ਫੀਸਦੀ ਪੇਂਡੂ ਔਰਤਾਂ ਖੇਤੀ ਕਰਦੀਆਂ ਹਨ, ਪਰ ਜ਼ਮੀਨ ਸਿਰਫ 12.8 ਫੀਸਦੀ ਔਰਤਾਂ ਦੇ ਨਾਮ ਹੀ ਹੈ। ਵਿਆਹੀਆਂ ਔਰਤਾਂ ਨੂੰ ਉਨ੍ਹਾਂ ਦੇ ਜਨਮ ਦੇਣ ਵਾਲੇ ਮਾਪੇ ਉਨ੍ਹਾਂ ਉਤੇ ਇਹ ਦਬਾਅ ਬਣਾਈ ਰੱਖਦੇ ਹਨ ਕਿ ਉਹ ਆਪਣੇ ਪਿੱਤਰੀ ਹੱਕ ਨੂੰ ਛੱਡ ਦੇਣ।

ਆਰਥਿਕ ਨਾਬਰਾਬਰੀ ਤੋਂ ਬਿਨਾ ਸਿੱਖਿਆ, ਸਿਹਤ ਸਹੂਲਤਾਂ ਜਿਹੀਆਂ ਬੁਨਿਆਦੀ ਸਹੂਲਤਾਂ ਔਰਤਾਂ ਨੂੰ ਪ੍ਰਦਾਨ ਕਰਨ ਸਬੰਧੀ ਭਾਰਤ ਦੇ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਨ। ਭਾਰਤ ਇਕ ਸਾਲ ਦੇ ਸਮੇਂ ਵਿਚ ਹੀ ਦੁਨੀਆਂ ਦੇ ਦੇਸ਼ਾਂ ਦੇ ਮੁਕਾਬਲੇ 28 ਥਾਂ ਥੱਲੇ ਚਲਾ ਗਿਆ ਹੈ ਅਤੇ 156 ਦੇਸ਼ਾਂ ਵਿਚ ਇਸ ਦਾ ਸਥਾਨ 140ਵਾਂ ਹੋ ਗਿਆ ਹੈ। ਭਾਵੇਂ ਦੇਸ਼ ਵਿਚ ਕੁਝ ਔਰਤਾਂ, ਲੜਕੀਆਂ ਚੰਗੀ ਪੜ੍ਹਾਈ ਕਰਦੀਆਂ ਹਨ। ਉੱਚ ਅਹੁਦੇ ਵੀ ਉਨ੍ਹਾਂ ਹਾਸਲ ਕੀਤੇ ਹੋਏ ਹਨ, ਪਰ ਸਮੁੱਚੇ ਤੌਰ 'ਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਲੜਕੀਆਂ ਦੀ ਗਿਣਤੀ ਪੁਰਸ਼ਾਂ ਦੇ ਮੁਕਾਬਲੇ ਕਾਫੀ ਘੱਟ ਦਿਸਦੀ ਹੈ। ਸਿਹਤ ਸਹੂਲਤਾਂ ਤਾਂ ਦੇਸ਼ ਵਿਚ ਵੈਸੇ ਹੀ ਘੱਟ ਹਨ, ਪਰ ਜਣੇਪੇ ਸਮੇਂ ਸਿਹਤ ਸਹੂਲਤ ਨਾ ਮਿਲਣਾ, ਉਨ੍ਹਾਂ ਦੀ ਜਣੇਪੇ ਉਪਰੰਤ ਦੇਖ-ਭਾਲ ਨਾ ਕਰਨਾ ਤੇ ਬੀਮਾਰੀ ਦੀ ਹਾਲਤ 'ਚ ਹਸਪਤਾਲਾਂ ਤੋਂ ਇਲਾਜ ਨਾ ਮਿਲਣਾ ਆਮ ਗੱਲ ਹੈ।

ਲਿੰਗ ਸਮਾਨਤਾ ਦੇ ਮਾਮਲੇ 'ਚ ਵੀ ਭਾਰਤ ਦੀ ਤਸਵੀਰ ਚੰਗੀ ਨਹੀਂ ਹੈ। 2006 'ਚ ਜਾਰੀ ਰਿਪੋਰਟ ਅਨੁਸਾਰ ਭਾਰਤ ਦੀ ਥਾਂ 153 ਦੇਸ਼ਾਂ ਵਿਚੋਂ 98ਵੇਂ ਥਾਂ ਸੀ, ਪਰ 2020 ਵਿਚ ਲਿੰਗ ਸਮਾਨਤਾ 'ਚ ਇਸ ਦਾ ਸਥਾਨ 112ਵੇਂ ਨੰਬਰ 'ਤੇ ਲੁੜਕ ਗਿਆ। ਇਹ ਆਪਣੇ-ਆਪ ਵਿਚ ਇੱਕ ਵੱਡਾ ਸਵਾਲ ਇਸ ਕਰਕੇ ਵੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਭਰੂਣ ਹੱਤਿਆ, ਘਰਾਂ ਵਿਚ ਔਰਤਾਂ ਉਤੇ ਅਤਿਆਚਾਰ ਅਤੇ ਪੁੱਤਰਾਂ-ਪੁੱਤਰੀਆਂ 'ਚ ਨਾਬਰਾਬਰੀ ਦਾ ਵਰਤਾਰਾ ਵੇਖਣ ਨੂੰ ਮਿਲਦਾ ਹੈ। ਔਰਤਾਂ ਦੀ ਵਿਭਚਾਰ ਲਈ ਖਰੀਦੋ-ਫਰੋਖਤ ਸਮਾਜ 'ਤੇ ਧੱਬਾ ਹੈ। ਸਿਆਸੀ ਖੇਤਰ ਵਿਚ ਔਰਤ ਮਰਦ ਦੀ ਸਮਾਨਤਾ ਮਾਮਲੇ 'ਚ ਭਾਰਤ ਨੂੰ ਲਿੰਗ ਸਮਾਨਤਾ ਸਥਾਪਤ ਕਰਨ ਲਈ ਹਾਲੇ ਇਕ ਸਦੀ ਤੋਂ ਵੱਧ ਸਮਾਂ ਲੱਗੇਗਾ।

ਭਾਰਤ ਵਿਚ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਸਿਰਫ 14.4 ਫੀਸਦੀ ਹੈ। ਸੰਸਦ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਬਿਲ ਹਾਲੀ ਤੱਕ ਵੀ ਲੰਮੇ ਸਮੇਂ ਤੋਂ ਅਟਕਿਆ ਪਿਆ ਹੈ। ਭਾਰਤੀ ਸੰਵਿਧਾਨ ਦੇ 73ਵੀਂ ਅਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਮਜ਼ਬੂਤ ਬਣਾਉਣ ਲਈ ਪਾਸ ਕੀਤਾ ਗਿਆ ਸੀ। ਕਾਨੂੰਨ ਅਨੁਸਾਰ ਔਰਤਾਂ ਨੂੰ ਤਾਕਤ ਦੇਣ ਲਈ ਇੱਕ ਤਿਹਾਈ ਸੀਟਾਂ ਉਤੇ ਰਾਖਵਾਂਕਰਨ ਦਿੱਤਾ ਗਿਆ, ਪਰ ਪੰਚਾਇਤਾਂ ਵਿਚ ਚੁਣੀਆਂ ਗਈਆਂ ਵਧੇਰੇ ਪੰਚਾਂ, ਔਰਤ-ਸਰਪੰਚਾਂ ਦੀ ਥਾਂ ਉਤੇ ਉਨ੍ਹਾਂ ਦੇ ਪ੍ਰਧਾਨ ਪਤੀ, ਪ੍ਰਧਾਨ ਪੁੱਤਰ ਜਾਂ ਪ੍ਰਧਾਨ ਦਿਓਰ ਕੰਮ ਚਲਾਉਂਦੇ ਹਨ। ਗ੍ਰਾਮ ਸਭਾ ਦੀਆਂ ਬੈਠਕਾਂ ਵਿਚ ਵੀ ਇਹੋ ਵਰਤਾਰਾ



ਜਾਰੀ ਹੈ। ਪਰਿਵਾਰਕ, ਸਿਆਸੀ ਰਸੂਖ ਜਾਂ ਜਾਤੀ ਸਮੀਕਰਨ ਦੇ ਚਲਦਿਆਂ ਚੁਣੀਆਂ ਔਰਤਾਂ ਦੇ ਥਾਂ ਉੱਚ ਪੱਧਰੀ ਬੈਠਕਾਂ ਵਿਚ ਵੀ ਨੌਕਰਸ਼ਾਹੀ ਦੀ ਮਿਲੀਭੁਗਤ ਨਾਲ, ਉਨ੍ਹਾਂ ਦੇ ਪਤੀ, ਪੁੱਤਰ ਜਾਂ ਘਰ ਦਾ ਹੋਰ ਕੋਈ ਮੈਂਬਰ ਹੀ ਸ਼ਾਮਲ ਹੁੰਦਾ ਵੇਖਿਆ ਜਾਂਦਾ ਹੈ। ਯੂਨੀਸੈਫ ਵਲੋਂ ਯੂ. ਪੀ. ਦੇ ਦਸ ਜਿਲਿਆਂ 'ਚ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਲਗਭਗ 90 ਫੀਸਦੀ ਔਰਤ-ਸਰਪੰਚਾਂ ਨੂੰ ਪਤਾ ਹੀ ਨਹੀਂ ਹੈ ਕਿ ਉਨ੍ਹਾਂ ਦੇ ਸੰਵਿਧਾਨਕ ਹੱਕ ਕਿਹੜੇ ਹਨ? ਉਂਜ ਵੀ ਮਰਦ ਪ੍ਰਧਾਨ ਸਮਾਜ ਵਿਚ ਖਾਸ ਕਰਕੇ ਪੇਂਡੂ ਭਾਈਚਾਰੇ 'ਚ ਸਾਂਝੇ ਕੰਮਾਂ ਅਤੇ ਭਾਈਚਾਰਕ ਮਾਮਲਿਆਂ 'ਚ ਉਨ੍ਹਾਂ ਦੀ ਸ਼ਮੂਲੀਅਤ ਨਹੀਂ ਹੋਣ ਦਿੱਤੀ ਜਾ ਰਹੀ। ਮੁੱਖ ਤੌਰ 'ਤੇ ਸਾਰੇ ਕੰਮ-ਕਾਜ ਮਰਦ ਹੀ ਆਪਣੀ ਮਰਜ਼ੀ ਨਾਲ ਕਰਦੇ ਹਨ, ਭਾਵੇਂ ਉਹ ਔਰਤਾਂ ਦੇ ਮਾਮਲਿਆਂ ਨਾਲ ਹੀ ਸਬੰਧਤ ਕਿਉਂ ਨਾ ਹੋਣ?

ਭਾਰਤ ਵਿਚ ਲਿੰਗ ਅਸਮਾਨਤਾ ਨਾ ਸਿਰਫ ਔਰਤਾਂ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੈ, ਸਗੋਂ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜਿਨ੍ਹਾਂ ਰਾਸ਼ਟਰਾਂ ਵਿਚ ਔਰਤ ਨੂੰ ਸਮਾਜ ਵਿਚ ਬਰਾਬਰ ਦਾ ਸਥਾਨ ਨਹੀਂ ਮਿਲਦਾ, ਉਸ ਮੁਲਕ ਵਿਚ ਪਛੜੇਵਾਂ ਪੈਰ ਪਸਾਰਦਾ ਹੈ। ਲਿੰਗ ਸਮਾਨਤਾ ਅੱਜ ਵੀ ਸਮਾਜ ਵਿਚ ਵੱਡੀ ਚੁਣੌਤੀ ਹੈ, ਔਰਤਾਂ ਦੇ ਖਿਲਾਫ ਵੱਡੀ ਪੱਧਰ 'ਤੇ ਹਿੰਸਾ ਹੈ, ਭੇਦਭਾਵ ਹੈ, ਰੂੜੀਵਾਦੀ ਵਿਚਾਰਾਂ ਦਾ ਪ੍ਰਛਾਵਾ ਹੈ। ਸਿੱਖਿਆ ਅਤੇ ਸਿਹਤ ਖੇਤਰ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਪੱਛੜਿਆ ਪੱਧਰ ਹੈ। ਬਰਾਬਰ ਦਾ ਕੰਮ ਕਰਨ ਬਦਲੇ ਬਰਾਬਰ ਦੀ ਮਜ਼ਦੂਰੀ ਨਹੀਂ ਹੈ।

2017-18 ਦੇ ਆਰਥਿਕ ਸਰਵੇਖਣ 'ਚ ਇਹ ਵੇਖਿਆ ਗਿਆ ਹੈ ਕਿ ਪੁਰਸ਼ਾਂ ਦੇ ਪਿੰਡ ਛੱਡ ਕੇ ਸ਼ਹਿਰ ਰੁਜ਼ਗਾਰ ਦੀ ਭਾਲ 'ਚ ਜਾਣ ਨਾਲ ਖੇਤਾਂ ਵਿਚ ਔਰਤਾਂ ਦੀ ਸਰਦਾਰੀ ਹੋ ਗਈ, ਉਹ ਖੇਤੀ ਦਾ ਕੇਂਦਰ ਬਿੰਦੂ ਬਣੀਆਂ। ਖੇਤੀ ਖੇਤਰ ਨਾਲ ਜੁੜ ਕੇ ਇਹ ਔਰਤਾਂ ਆਪਣੇ ਪਰਿਵਾਰ ਦੇ ਆਰਥਿਕ ਵਿਕਾਸ 'ਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ, ਪਰ ਸਾਡਾ ਤੰਤਰ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਨਹੀਂ ਦਿੰਦਾ। ਅਸੀਂ ਇਹ ਤੱਥ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਜਿਨ੍ਹਾਂ ਔਰਤਾਂ ਕੋਲ ਜ਼ਮੀਨ ਹੈ, ਉਨ੍ਹਾਂ ਦੀ ਆਰਥਿਕ ਤੇ ਸਮਾਜਿਕ ਸੁਰੱਖਿਆ ਬਿਹਤਰ ਹੈ; ਉਵੇਂ ਹੀ, ਜਿਵੇਂ ਸਦੀਆਂ ਤੋਂ ਜ਼ਮੀਨ ਜਾਇਦਾਦ ਵਾਲੇ ਪੁਰਸ਼ਾਂ ਨੂੰ ਇਹ ਸਮਾਜਿਕ ਸੁਰੱਖਿਆ ਮਿਲਦੀ ਆਈ ਹੈ। ਭਾਰਤ ਵਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ', ਔਰਤਾਂ ਦੇ ਸ਼ਸ਼ਕਤੀਕਰਨ, ਮਗਨਰੇਗਾ ਤਹਿਤ ਮਜ਼ਦੂਰੀ, 'ਘੁੰਗਟ ਮੁਕਤ ਜੈਪੁਰ' ਜਿਹੇ ਬਹੁਤ ਸਾਰੇ ਪ੍ਰਾਜੈਕਟਾਂ ਦਾ ਮਕਸਦ ਲਿੰਗ ਅਸਮਾਨਤਾ ਦੂਰ ਕਰਨਾ ਹੈ ਅਤੇ ਔਰਤਾਂ ਲਈ ਤਰੱਕੀ ਦੇ ਰਾਹ ਖੋਲ੍ਹਣਾ ਹੈ; ਪਰ ਦੂਜੇ ਪਾਸੇ ਬਰਾਬਰ ਵੇਤਨ, ਉੱਦਮੀ ਬਣਨ ਲਈ ਉਤਸ਼ਾਹਿਤ ਕਰਨਾ, ਪੈਨਸ਼ਨ ਤੇ ਜਾਇਦਾਦ ਸਬੰਧੀ ਕੁਝ ਇਹੋ ਜਿਹੇ ਮਾਮਲੇ ਹਨ, ਜਿਨ੍ਹਾਂ ਸਬੰਧੀ ਹਾਲੇ ਤੱਕ ਭਾਰਤ ਵਿਚ ਉਹ ਕੁਝ ਨਹੀਂ ਕੀਤਾ ਜਾ ਰਿਹਾ, ਜਿਸ ਦੀ ਜ਼ਰੂਰਤ ਹੈ। ਅਸਲ ਵਿਚ ਜਦੋਂ ਤੱਕ ਔਰਤਾਂ ਨੂੰ ਆਰਥਿਕ ਆਜ਼ਾਦੀ ਨਹੀਂ ਮਿਲੇਗੀ, ਉਨ੍ਹਾਂ ਵਿਚ ਆਤਮ ਵਿਸ਼ਵਾਸ ਨਹੀਂ ਵਧੇਗਾ ਅਤੇ ਸਵੈ-ਮਾਣ ਪੈਦਾ ਨਹੀਂ ਹੋਏਗਾ। ਆਰਥਿਕ ਗਤੀਵਿਧੀਆਂ ਵਿਚ ਜਿੰਨੀ ਵੱਡੀ ਭਾਗੀਦਾਰੀ ਔਰਤ ਦੀ ਵਧੇਗੀ, ਦੇਸ਼ ਦੀ ਅਰਥ ਵਿਵਸਥਾ ਉਤਨੀ ਹੀ ਮਜ਼ਬੂਤ ਹੋਏਗੀ, ਕਿਉਂਕਿ ਜਦੋਂ ਔਰਤਾਂ ਨੂੰ ਹੱਕ ਦਿੱਤੇ ਜਾਂਦੇ ਹਨ ਤਾਂ ਉਸ ਦਾ ਲਾਭ ਸਮੁੱਚੇ ਭਾਈਚਾਰੇ ਨੂੰ ਮਿਲਦਾ ਹੈ, ਜਿਸ ਵਿਚ ਖਾਣਾ-ਸੁਰੱਖਿਆ, ਬੱਚਿਆਂ ਦੀ ਸਿਹਤ ਅਤੇ ਸਿੱਖਿਆ ਵਿਚ ਨਿਵੇਸ਼ ਅਤੇ ਜ਼ਮੀਨ ਦਾ ਬਿਹਤਰ ਪ੍ਰਬੰਧਨ ਸ਼ਾਮਲ ਹੈ।

ਵਿਸ਼ਵ ਬੈਂਕ ਨੇ ਮਹਿਲਾ ਕਾਰੋਬਾਰ ਅਤੇ ਕਾਨੂੰਨ 2021 ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਹੈ। ਉਸ ਮੁਤਾਬਕ ਦੁਨੀਆਂ ਦੇ ਸਿਰਫ 10 ਦੇਸ਼, ਜਿਨ੍ਹਾਂ ਵਿਚ ਰਿਵਾਂਡਾਂ ਪਹਿਲਾਂ ਦੇਸ਼ ਹੈ, ਜਿਥੇ ਔਰਤਾਂ ਨੂੰ ਪੂਰੇ ਹੱਕ ਮਿਲੇ ਹੋਏ ਹਨ; ਜਦੋਂ ਕਿ ਭਾਰਤ ਸਮੇਤ ਸਰਵੇਖਣ 'ਚ ਸ਼ਾਮਲ 180 ਦੇਸ਼ਾਂ ਵਿਚ ਭਾਰਤ ਵਿਚ, ਪੁਰਸ਼ਾਂ-ਔਰਤਾਂ ਦੀ ਬਰਾਬਰਤਾ ਅਤੇ ਕਾਨੂੰਨੀ ਸੁਰੱਖਿਆ ਪੂਰੀ ਤਰ੍ਹਾਂ ਨਹੀਂ ਮਿਲ ਰਹੇ। ਇਸ ਸਰਵੇਖਣ ਵਿਚ ਭਾਰਤ 123ਵੇਂ ਥਾਂ ਹੈ।

ਬਿਨਾ ਸ਼ੱਕ ਇਹ ਗੱਲ ਸਮਝਣ ਵਾਲੀ ਹੈ ਕਿ ਲਿੰਗ ਸਮਾਨਤਾ ਲੋਕਾਂ ਦੀ ਮਾਨਸਿਕਤਾ ਵਿਚ ਬਦਲਾ ਲਿਆ ਕੇ ਹੀ ਦੂਰ ਕੀਤੀ ਜਾ ਸਕਦੀ ਹੈ। ਇਹ ਸਮਝਣ ਦੀ ਵੀ ਲੋੜ ਹੈ ਕਿ ਸਮਾਜਿਕ ਤਰੱਕੀ ਵਿਚ ਜਿੰਨਾ ਯੋਗਦਾਨ ਪੁਰਸ਼ਾਂ ਦਾ ਹੈ, ਉਨਾ ਹੀ ਔਰਤਾਂ ਦਾ ਹੈ। ਭਾਰਤ ਵਿਚ ਮਿਜ਼ੋਰਮ, ਮੇਘਾਲਿਆ ਇਹੋ ਜਿਹੇ ਸੂਬੇ ਹਨ, ਜਿਨ੍ਹਾਂ ਦਾ ਸਮਾਜ ਲਿੰਗ ਭੇਦਭਾਵ ਤੋਂ ਮੁਕਤ ਹੈ। ਉਥੇ ਔਰਤਾਂ ਨੂੰ ਬਰਾਬਰ ਦਾ ਕੰਮ ਬਿਨਾ ਭੇਦਭਾਵ ਦਿੱਤਾ ਜਾਂਦਾ ਹੈ। ਔਰਤਾਂ ਨੂੰ ਬਰਾਬਰ ਅਤੇ ਉਚਿੱਤ ਮੌਕੇ ਦੇ ਕੇ ਹੀ ਲਿੰਗ ਭੇਦਭਾਵ ਤੋਂ ਮੁਕਤ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਸੰਭਵ ਹੈ, ਪਰ ਸਾਡੇ ਦੇਸ਼ ਦੀ ਤ੍ਰਾਸਦੀ ਵੇਖੋ ਕਿ ਲਿੰਗ ਭੇਦਭਾਵ ਖਤਮ ਕਰਨ ਦੇ ਮਾਮਲੇ ਵਿਚ ਅਸੀਂ ਆਪਣੇ ਗੁਆਂਢੀ ਮੁਲਕਾਂ ਬੰਗਲਾ ਦੇਸ਼, ਨੇਪਾਲ, ਸ਼੍ਰੀ ਲੰਕਾ, ਭੂਟਾਨ ਤੋਂ ਵੀ ਪਿੱਛੇ ਹਾਂ।

# ਵਿਸ਼ਵ ਗੁਰੂ ਨੂੰ ਕੀ ਹੋਇਆ ਹੈ...



ਸੁਰਿੰਦਰ ਗੀਤ

ਕੁਝ ਵਰ੍ਹੇ ਪਹਿਲਾਂ ਭਾਰਤ ਦੇ ਵੱਖ ਵੱਖ ਟੀ. ਵੀ. ਚੈਨਲਾਂ ਤੇ ਅਖਬਾਰਾਂ ਦੇ ਪੰਨਿਆਂ 'ਤੇ ਇਕ ਤਸਵੀਰ ਦੇਖੀ, ਜਿਸ ਵਿਚ ਇਕ ਆਦਮੀ ਆਪਣੀ ਪਤਨੀ ਦੀ ਲਾਸ਼ ਆਪਣੇ ਮੋਢਿਆਂ 'ਤੇ ਚੁੱਕ ਕਈ ਕਿਲੋਮੀਟਰ ਦਾ ਫਾਸਲਾ ਤੈਅ ਕਰ ਰਿਹਾ ਸੀ। ਉਸ ਦੇ ਨਾਲ ਉਸ ਦੀ ਬੇਵੱਸ ਬੇਟੀ ਆਪਣੇ ਹੰਝੂ ਪੂੰਝਦੀ ਤੁਰੀ ਜਾ ਰਹੀ ਸੀ। ਇਸ ਤਸਵੀਰ ਨੇ ਹਰ ਇਕ ਦਾ ਹਿਰਦਾ ਵਲੂੰਧਰ ਕੇ ਰੱਖ ਦਿੱਤਾ। ਤਸਵੀਰ ਭਾਰਤ ਦੀ ਅਸਲ ਤਸਵੀਰ ਪੇਸ਼ ਕਰ ਰਹੀ ਸੀ। ਸ਼ਾਸਨ-ਪ੍ਰਸ਼ਾਸਨ ਨੂੰ ਨੰਗਾ ਕਰਕੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਲੋਕਾਂ ਦਾ ਮਨ ਤਾਂ ਭਰਿਆ, ਪਰ ਰਾਜਨੀਤੀ ਟੱਸ ਤੋਂ ਮੱਸ ਨਾ ਹੋਈ। ਸੱਚ ਜਾਣਿਓ, ਲੰਬਾ ਸਮਾਂ ਮੈਂ ਇਸ ਤਸਵੀਰ 'ਚੋਂ ਬਾਹਰ ਨਹੀਂ ਨਿਕਲ ਸਕੀ। ਕਿੰਨਾ ਮੁਸ਼ਕਿਲ ਹੋਇਆ ਹੋਵੇਗਾ ਉਸ ਆਦਮੀ ਨੂੰ ਆਪਣੀ ਜੀਵਨ ਸਾਥਣ ਦੀ ਲਾਸ਼ ਨੂੰ ਮੋਢਿਆਂ ਉਤੇ ਚੁੱਕਣਾ ਤੇ ਉਹ ਵੀ ਬੋਰੀ ਵਾਂਗ। ਉਹ ਕੀ ਸੋਚਦਾ ਹੋਵੇਗਾ! ਉਸ ਦੇ ਨਾਲ ਤੁਰੀ ਜਾਂਦੀ ਨਿਆਣੀ ਉਮਰ ਦੀ ਧੀ ਦੇ ਮਨ ਵਿਚ ਕੀ ਕੁਝ ਆ ਰਿਹਾ ਹੋਵੇਗਾ। ਭੁੱਖੇ ਤਿਹਾਏ ਤੁਰਨਾ ਤੇ ਉਹ ਵੀ ਇਸ ਹਾਲਤ ਵਿਚ! ਮੈਂ ਇਸ ਤਰ੍ਹਾਂ ਦੇ ਪ੍ਰਸ਼ਨਾਂ ਵਿਚ ਦਿਨ ਰਾਤ ਘਿਰੀ ਰਹਿੰਦੀ ਸਾਂ। ਕੋਈ ਜਵਾਬ ਕਿਤੋਂ ਮਿਲਣ ਦੀ ਆਸ ਨਹੀਂ ਸੀ। ਮੇਰੇ ਵੱਸ ਵਿਚ ਤਾਂ ਅੱਖਾਂ ਦਾ ਭਰ ਆਉਣਾ ਤੇ ਡੁਲ੍ਹ ਜਾਣਾ ਹੀ ਸੀ। ਹੋਰ ਕਰ ਵੀ ਕੀ ਸਕਦੀ ਸਾਂ। ਅੱਜ ਵੀ ਜਦੋਂ ਕਦੇ ਇਹ ਸੀਨ ਯਾਦ ਆਉਂਦੈ ਤਾਂ ਮਨ ਭਰ ਜਾਂਦਾ ਹੈ।

ਪਰ ਅੱਜ ਸਾਡੇ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਹਨ। ਮਹਾਮਾਰੀ ਦੇ ਕਰੋਪ ਨੂੰ ਆਇਆਂ ਸਾਲ ਤੋਂ ਉਪਰ ਸਮਾਂ ਹੋ ਗਿਆ ਹੈ। ਪਿਛਲੇ ਸਾਲ ਤਾਂ ਥਾਲੀਆਂ ਖੜਕਾ ਕੇ, ਮੋਮਬੱਤੀਆਂ ਜਗਾ/ਜਲਾ ਕੇ ਸਰ ਗਿਆ। ਇਹ ਨਹੀਂ ਕਿ ਥਾਲੀਆਂ ਦਾ ਖੜਕਾ ਸੁਣ ਕੇ ਜਾਂ ਮੋਮਬੱਤੀਆਂ ਦਾ ਚਾਨਣ ਦੇਖ ਕੇ ਕਰੋਨਾ ਭੱਜ ਗਿਆ, ਸਗੋਂ ਦੁਨੀਆਂ ਨੇ ਸਾਡਾ ਮਜ਼ਾਕ ਉਡਾਇਆ। ਦੁਨੀਆਂ ਭਰ ਦੇ ਲੋਕਾਂ ਨੇ ਆਪਣੇ ਆਪਣੇ ਢੰਗਾਂ ਨਾਲ ਲਾਕ-ਡਾਊਨ ਲਾ ਕੇ, ਪ੍ਰਹੇਜ਼ ਕਰ ਕੇ, ਤੇ ਭਾਰਤ ਵਰਗੇ ਦੇਸ਼ਾਂ ਨੇ ਕਾੜ੍ਹੇ ਪੀ ਪੀ ਕੇ ਆਪਣਾ ਬਚਾਓ ਕਰ ਲਿਆ। ਬਚਾਓ ਹੋਇਆ ਜਾਂ ਨਾ, ਪਰ ਭਾਰਤੀਆਂ ਨੇ ਕਾੜ੍ਹੇ ਬਹੁਤ ਪੀਤੇ।

ਪਿਛਲੇ ਸਾਲ ਮਹਾਮਾਰੀ ਕਰੋਨਾ ਦੇ ਅਰੰਭ ਵਿਚ ਜੋ ਕੁਝ ਇਸ ਭਾਰਤ ਮਹਾਨ ਵਿਚ ਹੋਇਆ, ਉਹ ਸਾਰੇ ਸੰਸਾਰ ਨੇ ਦੇਖਿਆ। ਲਾਕ-ਡਾਊਨ ਜ਼ਰੂਰੀ ਸੀ, ਪਰ ਸਰਕਾਰ ਨੂੰ ਐਲਾਨ ਕਰਨ ਤੋਂ ਪਹਿਲਾਂ ਲੱਖਾਂ ਮਜ਼ਦੂਰਾਂ ਬਾਰੇ ਸੋਚਣਾ ਵੀ ਬਣਦਾ ਸੀ। ਦਿਹਾੜੀ 'ਤੇ ਪਲਣ ਵਾਲੇ ਮਜ਼ਦੂਰ ਕਿੱਥੋਂ ਖਾਣਗੇ? ਇਹ ਸਵਾਲ ਮੂੰਹ ਅੱਡੀ ਖੜ੍ਹਾ ਦੇਖਦਾ ਰਿਹਾ। ਸਵਾਲ ਉਦੋਂ ਸਾਹਮਣੇ ਆਇਆ, ਜਦੋਂ ਲੱਖਾਂ-ਹਜ਼ਾਰਾਂ ਪਰਵਾਸੀ ਮਜ਼ਦੂਰ ਸਿਰਾਂ 'ਤੇ ਪੋਟਲੀਆਂ ਟਿਕਾਈ, ਬੱਚਿਆਂ ਨੂੰ ਕੁੱਛੜ ਚੁੱਕੀ ਆਪਣੇ ਘਰਾਂ ਨੂੰ ਤੁਰ ਪਏ। ਉਨ੍ਹਾਂ ਦੇ ਜਾਣ ਦਾ ਕਿਸੇ ਨੇ ਪ੍ਰਬੰਧ ਨਾ ਕੀਤਾ। ਉਨ੍ਹਾਂ ਦੇ ਭੁੱਖ ਦੀ ਗੱਲ ਤਾਂ ਕਿਸੇ ਨੂੰ ਅਹੁੜੀ ਹੀ ਨਹੀਂ। ਡੰਗ ਡੰਗ ਦੀ ਕਮਾਈ 'ਤੇ ਪਲਣ ਵਾਲੇ ਕਿੱਥੋਂ ਖਾਣਗੇ? ਪਰ ਸਦਕੇ ਜਾਈਏ ਪੰਜਾਬ ਦੇ ਲੋਕਾਂ ਨੇ ਜਿਨ੍ਹਾਂ ਨੇ ਹੜ੍ਹਾਂ ਦੇ ਸਮੇਂ ਦੀ ਤਰ੍ਹਾਂ ਇਸ ਆਫਤ ਵਿਚ ਵੀ ਲੰਗਰ ਲਾ ਦਿੱਤੇ। ਪੰਜਾਬ ਦੇ ਲੋਕ ਹੋਰ ਭਾਵੇਂ ਕੁਝ ਨਾ ਕਰਨ, ਪਰ ਲੰਗਰ ਲਾ ਕੇ ਭੁੱਖੇ ਢਿੱਡ ਭਰਨ ਦਾ ਪੁੰਨ ਜ਼ਰੂਰ ਖੱਟ ਲੈਂਦੇ ਹਨ। ਇਸ ਨਜ਼ਰੀਏ ਤੋਂ ਪੰਜਾਬੀਆਂ ਨੂੰ ਸਲਾਮ ਕਰਨੀ ਬਣਦੀ ਹੈ। ਪ੍ਰਸਿੱਧ ਐਕਟਰ ਸੋਨੂੰ ਸੂਦ, ਜੋ ਮੋਗੇ ਸ਼ਹਿਰ ਦਾ ਹੈ, ਉਸ ਵਲੋਂ ਪਰਵਾਸੀਆਂ ਦੀ ਕੀਤੀ ਮਦਦ ਲੋਕ ਯਾਦ ਰੱਖਣਗੇ।

ਤਪਦੀਆਂ ਸੜਕਾਂ ਤੇ ਚੱਪਲਾਂ ਪਾਈ ਜਾਂ ਨੰਗੇ ਪੈਰੀਂ ਤੁਰਦੇ ਪੈਰਾਂ ਦੀ ਦਾਸਤਾਨ ਨਿਰਪੱਖ ਅਖਬਾਰਾਂ ਤੇ ਟੀ. ਵੀ. ਚੈਨਲਾਂ ਨੇ ਖੂਬ ਬਿਆਨ ਕੀਤੀ। ਸਰਕਾਰੀ ਮੀਡੀਆ ਚੁੱਪ ਹੀ ਰਿਹਾ। ਪੈਰਾਂ 'ਚੋਂ ਵਗਦਾ ਖੂਨ, ਮਾਸ ਦੀਆਂ ਟਾਕੀਆਂ ਲੱਥੇ ਪੈਰਾਂ ਨਾਲ ਉਹ ਤੁਰਦੇ ਗਏ। ਬਹੁਤੀ ਵਾਰੀ ਤਾਂ ਉਨ੍ਹਾਂ ਨੂੰ ਆਪਣੇ ਰਸਤੇ ਬਦਲਣੇ ਪਏ, ਪੁਲਿਸ ਦੇ ਡਰੋਂ। ਕਈ ਰਸਤੇ ਵਿਚ ਹੀ ਦਮ ਤੋੜ ਗਏ। ਦਰਜਨਾਂ ਲੋਕਾਂ ਨੂੰ ਰੇਲ ਗੱਡੀਆਂ ਨੇ ਹੀ ਦਰੜ ਦਿੱਤਾ। ਕਿਸੇ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ। ਸ਼ਾਇਦ ਸਰਕਾਰੀ ਮਸ਼ੀਨਰੀ ਸਮਝਦੀ ਹੈ ਕਿ ਮਜ਼ਦੂਰਾਂ ਦੀ ਕੋਈ ਹੈਸੀਅਤ ਨਹੀਂ ਹੁੰਦੀ, ਪਰ ਕਿਸੇ ਦੇਸ਼ ਦੀ ਤਰੱਕੀ, ਦੇਸ਼ ਦੇ ਮਜ਼ਦੂਰਾਂ ਦੀ ਖੁਸ਼ਹਾਲੀ ਤੋਂ ਜਾਣੀ ਜਾ ਸਕਦੀ ਹੈ। ਜਿਨ੍ਹਾਂ ਬੱਚਿਆਂ ਨੇ ਢਿੱਡੋਂ ਭੁੱਖੀਆਂ ਮਾਂਵਾਂ ਦੀਆਂ ਕੁੱਖਾਂ 'ਚੋਂ ਸੜਕਾਂ ਕਿਨਾਰੇ ਜਨਮ ਲਿਆ, ਉਹ ਵੱਡੇ ਹੋ ਕੇ ਭਾਰਤ ਨੂੰ ਮਹਾਨ ਭਾਰਤ ਕਿਵੇਂ ਕਹਿਣਗੇ!

ਉਸ ਸਮੇਂ ਸੰਵੇਦਨਸ਼ੀਲ ਲਿਖਾਰੀਆਂ ਨੇ ਨੰਗੇ ਪੈਰਾਂ ਦੀ ਪੀੜਾ ਨੂੰ ਮਹਿਸੂਸ ਕੀਤਾ, ਕਵਿਤਾਵਾਂ ਲਿਖੀਆਂ ਤੇ ਹੰਝੂ ਕੇਰੇ। ਅਮੋਲਕ ਸਿੰਘ ਵਲੋਂ ਸੰਪਾਦਨ ਕੀਤੀ ਪੁਸਤਕ 'ਨੰਗੇ ਪੈਰੀਂ ਤੁਰਦੀਆਂ ਕਵਿਤਾਵਾਂ' ਸੰਗ੍ਰਹਿ ਨੇ ਇਸ ਦਾਸਤਾਨ ਨੂੰ ਹਉਕੇ ਲੈ ਲੈ ਬਿਆਨ ਕੀਤਾ ਹੈ। ਉਸ ਸਮੇਂ ਦੀ ਇਕ ਹੋਰ ਘਟਨਾ ਯਾਦ ਆਉਂਦਿਆਂ ਹੀ ਦਿਲ ਦਾ ਰੁੱਗ ਭਰਿਆ ਜਾਂਦਾ ਹੈ। ਦੋ-ਤਿੰਨ ਸੌ ਮਜ਼ਦੂਰਾਂ ਨੂੰ ਇਕੱਠੇ ਪੈਰਾਂ ਭਾਰ ਬਿਠਾ ਕੇ ਜ਼ਹਿਰੀਲੀ ਦਵਾਈ ਦਾ ਛਿੜਕਾ ਕਰ ਦਿੱਤਾ ਗਿਆ। ਉਨ੍ਹਾਂ ਦੀ ਸੋਚ ਸੀ ਕਿ ਅਜਿਹਾ ਕਰਨ ਨਾਲ ਮਹਾਮਾਰੀ ਦੇ ਕਿਟਾਣੂੰ ਮਰ ਜਾਣਗੇ। ਇਸ ਅਣ-ਮਨੁੱਖੀ ਵਰਤਾਰੇ ਨਾਲ ਕਈਆਂ ਦੀਆਂ ਅੱਖਾਂ ਖਰਾਬ ਹੋ ਗਈਆਂ। ਮੀਡੀਆ ਨੇ ਕੁਝ ਆਵਾਜ਼ ਉਠਾਈ, ਪਰ ਕੁਝ ਨਾ ਬਣਿਆ। ਸਰਕਾਰਾਂ ਟੱਸ ਤੋਂ ਮੱਸ ਨਾ ਹੋਈਆਂ। ਸਰਕਾਰ ਕੋਲ ਤਾਂ ਇਸ ਗੱਲ ਦਾ ਵੀ ਹਿਸਾਬ-ਕਿਤਾਬ ਨਹੀਂ ਸੀ ਕਿ ਕਿੰਨੇ ਲੋਕਾਂ ਨੇ ਉਸ ਸਮੇਂ ਇਕ ਸੂਬੇ ਤੋਂ ਦੂਸਰੇ ਸੂਬੇ ਨੂੰ ਪਲਾਇਨ ਕੀਤਾ।

ਨੰਗੇ ਪੈਰਾਂ ਦੀ ਇਹ ਦਾਸਤਾਨ ਭਾਰਤ ਦੇ ਇਤਿਹਾਸ ਦਾ ਹਿੱਸਾ ਬਣ ਚੁਕੀ ਹੈ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੰਗੇ ਪੈਰਾਂ ਦੀ ਇਸ ਕਹਾਣੀ ਨੂੰ ਪੜ੍ਹ ਕੇ ਜ਼ਰੂਰ ਅੱਖਾਂ ਭਰਨਗੀਆਂ ਅਤੇ ਸਾਨੂੰ ਕਈ ਤਰ੍ਹਾਂ ਦੇ ਸਵਾਲ ਕਰਨਗੀਆਂ ਕਿ ਉਦੋਂ ਜਦੋਂ ਇਹ ਸਭ ਕੁਝ ਵਾਪਰ ਰਿਹਾ ਸੀ ਤਾਂ ਭਾਰਤ ਦਾ ਲੋਕਤੰਤਰ ਕਿਉਂ ਸੁੱਤਾ ਰਿਹਾ? ਕਿਉਂ ਕਿਸੇ ਨੇ ਹਲੂਣਿਆ ਨਾ?

ਮਹਾਮਾਰੀ ਨਾਲ ਲੋਕ ਮਰੇ, ਸ਼ਮਸ਼ਾਨਘਾਟਾਂ 'ਚ ਸਿਵੇ ਬਲੇ। ਲਾਟਾਂ ਉੱਠੀਆਂ, ਪਰ ਸੇਕ ਉਨ੍ਹਾਂ ਲੋਕਾਂ ਤੱਕ ਪੁੱਜਾ, ਜਿਨ੍ਹਾਂ ਦੇ ਰਿਸ਼ਤੇਦਾਰ ਮਰੇ, ਜਦੋਂ ਕਿ ਸਰਕਾਰ ਨਵੀਆਂ ਨੀਤੀਆਂ ਘੜਨ ਵਿਚ ਰੁੱਝੀ ਰਹੀ। ਜਦੋਂ ਕਰੋਨਾ ਮਹਾਮਾਰੀ ਦੁਨੀਆਂ ਦੇ ਸਿਰ 'ਤੇ ਤਾਂਡਵ ਨਾਚ ਨੱਚ ਰਹੀ ਸੀ, ਪਰ ਉਦੋਂ ਭਾਰਤ ਦੀ ਸਰਕਾਰ ਨਵੇਂ ਖੇਤੀ ਕਾਨੂੰਨ ਘੜ ਕੇ ਦੇਸ਼ ਨੂੰ ਅੰਬਾਨੀਆਂ-ਅਡਾਨੀਆਂ ਦੇ ਹਵਾਲੇ ਕਰਨ ਦੇ ਆਹਰ ਲੱਗੀ ਹੋਈ ਸੀ। ਆਰਡੀਨੈਂਸ ਪਾਸ ਕਰਕੇ ਕਰੋਨਾ ਦੇ ਦਿਨਾਂ ਵਿਚ ਹੀ ਕਾਨੂੰਨ ਬਣਾ ਧਰੇ। ਕੌਣ ਮਰਦਾ ਹੈ, ਕਿਵੇਂ ਮਰਦਾ ਹੈ, ਇਸ ਪਾਸੇ ਧਿਆਨ ਹੀ ਨਹੀਂ ਦਿੱਤਾ। ਇਹ ਨਹੀਂ ਕਿ ਸਰਕਾਰ ਨੂੰ ਪਤਾ ਨਹੀਂ ਲੱਗਿਆ ਜਾਂ ਗਲਤੀ ਹੋ ਗਈ, ਸਗੋਂ ਕਰੋਨਾ ਦੀ ਆੜ 'ਚ ਸਭ ਕੁਝ ਜਾਣ-ਬੁੱਝ ਕੇ ਕੀਤਾ।

ਲੋਕਾਂ ਦਾ ਰੋਹ ਨਹੀਂ ਟਲਿਆ। ਪੰਜਾਬ ਨੇ ਕਿਸਾਨ ਅੰਦੋਲਨ ਦੀ ਅਜਿਹੀ ਅਗਵਾਹੀ ਕੀਤੀ ਕਿ ਇਹ ਅੰਦੋਲਨ ਸਮੁੱਚੇ ਭਾਰਤ ਦਾ ਅੰਦੋਲਨ ਬਣ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਦੇ ਵੱਖ ਵੱਖ ਹਿੱਸਿਆਂ 'ਚੋਂ ਕਿਸਾਨ ਖੇਤੀ ਕਾਨੂੰਨਾਂ ਦੇ ਵਿਦਰੋਹ ਵਿਚ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਹਨ। ਕਿਸਾਨਾਂ ਦੀ ਮੰਗ ਹੈ ਕਿ ਤਿੰਨੇ ਖੇਤੀ ਕਾਨੂੰਨ ਰੱਦ ਕੀਤੇ ਜਾਣ, ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਪਹਿਲਾਂ ਲੋਹੜੇ ਦੀ ਠੰਡ ਸਹਾਰੀ ਤੇ ਹੁਣ ਲੋਹੜੇ ਦੀ ਗਰਮੀ ਆਪਣੇ ਤਨ, ਮਨ ਅਤੇ ਰੂਹ 'ਤੇ ਝੱਲ ਰਹੇ ਹਨ। ਕਿੰਨੇ ਕਿਸਾਨ ਸ਼ਹੀਦ ਹੋਏ, ਕਿਸਾਨ ਕੀ ਕੀ ਮੁਸ਼ਕਿਲਾਂ ਝੱਲ ਰਹੇ ਹਨ, ਸਰਕਾਰ ਇਸ ਵਲੋਂ ਲਾਪ੍ਰਵਾਹ ਹੈ। ਕਈ ਵਾਰੀ ਤਾਂ ਇਉਂ ਲੱਗਦਾ ਹੈ, ਜਿਵੇਂ ਕਿਸਾਨਾਂ ਦਾ ਮਸਲਾ ਭਾਰਤ ਦਾ ਮਸਲਾ ਹੀ ਨਾ ਹੋਵੇ। ਇਹ ਕਿਸਾਨ ਜਿਵੇਂ ਭਾਰਤ ਦੇ ਨਹੀਂ, ਕਿਸੇ ਹੋਰ ਦੇਸ਼ ਦੇ ਨਾਗਰਿਕ ਹੋਣ। ਕਿਸਾਨਾਂ ਦੀਆਂ ਮੁਸੀਬਤਾਂ ਅਤੇ ਬਲਦੀਆਂ ਲਾਸ਼ਾਂ ਦਾ ਸੇਕ ਹੱਦਾਂ ਬੰਨੇ ਟੱਪ ਕੇ ਦੁਨੀਆਂ ਦੇ ਕੋਨੇ ਕੋਨੇ ਤੱਕ ਪੁੱਜ ਚੁਕਾ ਹੈ।

ਅੱਜ ਇਕ ਸਾਲ ਬਾਅਦ ਫਿਰ ਕਰੋਨਾ ਮਹਾਮਾਰੀ ਦੀ ਦੂਸਰੀ ਲਹਿਰ ਨੇ ਸੰਸਾਰ ਨੂੰ ਘੇਰ ਲਿਆ ਹੈ। ਭਾਰਤ ਸਮੇਤ ਕਈ ਮੁਲਕਾਂ ਨੇ ਟੀਕੇ ਦੇ ਰੂਪ ਵਿਚ ਦਵਾਈ ਵੀ ਤਿਆਰ ਕਰ ਲਈ। ਭਾਰਤ ਵਲੋਂ ਇਹ ਕਦਮ ਬਹੁਤ ਸ਼ਲਾਘਾਯੋਗ ਹੈ। ਭਾਰਤ ਵਾਸੀਆਂ ਨੂੰ ਮਾਣ ਹੈ ਭਾਰਤ ਦੇ ਡਾਕਟਰਾਂ ਤੇ ਵਿਗਿਆਨੀਆਂ ਉਤੇ, ਜਿਨ੍ਹਾਂ ਨੇ ਇਹ ਪਵਿਤਰ ਕਾਰਜ ਕੀਤਾ, ਪਰ ਅਫਸੋਸ! ਸਭ ਕੁਝ ਹੁੰਦਿਆਂ ਵੀ ਭਾਰਤ ਦੇ ਹਾਲਾਤ ਅੱਜ ਕੱਲ੍ਹ ਬਹੁਤ ਹੀ ਚਿੰਤਾਜਨਕ ਬਣ ਗਏ ਹਨ। ਹਰ ਰੋਜ਼ ਰਿਕਾਰਡਤੋੜ ਕਰੋਨਾ ਦੇ ਕੇਸ ਸਾਹਮਣੇ ਆ ਰਹੇ ਹਨ। ਬੇਹਿਸਾਬ ਮੌਤਾਂ ਹੋ ਰਹੀਆਂ ਹਨ। ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ। ਉਸ ਸਮੇਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਜਦੋਂ ਅਸੀਂ ਦੇਖਦੇ ਹਾਂ ਕਿ ਸਾਡੇ ਕੋਲ ਹਸਪਤਾਲ ਨਹੀਂ ਹਨ। ਜੋ ਹਸਪਤਾਲ ਹਨ, ਉਨ੍ਹਾਂ ਮੂਹਰੇ ਭਰਤੀ ਹੋਣ ਵਾਲਿਆਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲਦੀਆਂ ਹਨ। ਲੋਕੀਂ ਆਪਣੇ ਪਿਆਰਿਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣ ਲਈ ਇਕ ਹਸਪਤਾਲ ਤੋਂ ਦੂਸਰੇ ਹਸਪਤਾਲ ਸਾਰੇ ਸ਼ਹਿਰ ਵਿਚ ਗੇੜੇ ਮਾਰ ਰਹੇ ਹਨ। ਜੇ ਕਿਸੇ ਨੂੰ ਹਸਪਤਾਲ ਵਿਚ ਮੰਜਾ ਮਿਲ ਜਾਂਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਆਪਣੀ ਆਕਸੀਜਨ ਆਪ ਲੈ ਕੇ ਆਵੋ। ਅਜਿਹੇ ਵਰਤਾਰੇ 'ਤੇ ਯਕੀਨ ਕਰਨਾ ਮੁਸ਼ਕਿਲ ਹੈ, ਪਰ ਅਜਿਹਾ ਹੋ ਰਿਹਾ ਹੈ। ਆਕਸੀਜਨ ਦੇ ਸਿਲੰਡਰਾਂ ਦੀ ਬਲੈਕ ਹੋ ਰਹੀ ਹੈ। ਜ਼ੋਰ ਵਾਲੇ, ਪੈਸੇ ਵਾਲੇ ਲੈ ਜਾਂਦੇ ਹਨ ਤੇ ਹਮਾਤੜ ਮਰਦੇ ਰਹਿੰਦੇ ਹਨ। ਐਂਬੂਲੈਂਸਾਂ ਨਹੀਂ ਮਿਲ ਰਹੀਆਂ। ਲੋਕ ਮਰੀਜ਼ਾਂ ਨੂੰ ਸਾਈਕਲ, ਸਕੂਟਰਾਂ ਥ੍ਰੀ-ਵ੍ਹੀਲਰਾਂ 'ਤੇ ਹਸਪਤਾਲ ਪਹੁੰਚਾ ਰਹੇ ਹਨ।

ਮਰਿਆਂ ਲਈ ਸਾੜਨ ਵਾਸਤੇ ਥਾਂ ਨਹੀਂ। ਸੁਣਿਆ ਹੈ, ਮੁਰਦੇ ਸਾੜਨ ਲਈ ਲੱਕੜਾਂ ਨਹੀਂ ਮਿਲ ਰਹੀਆਂ। ਸ਼ਮਸ਼ਾਨਘਾਟਾਂ ਵਿਚ ਇੰਨੀਆਂ ਲਾਸ਼ਾਂ ਆ ਜਾਂਦੀਆਂ ਹਨ ਕਿ ਬੂਹੇ ਬੰਦ ਕਰਕੇ ਨੋਟਿਸ ਲਾਉਣਾ ਪੈਂਦਾ ਹੈ ਕਿ ਜਗ੍ਹਾ ਨਹੀਂ ਹੈ। ਇੱਕ ਦੂਸਰੇ ਉੱਪਰ ਚਾਰ-ਚਾਰ, ਪੰਜ-ਪੰਜ ਲਾਸ਼ਾਂ ਚਿਣ ਕੇ ਅੱਗ ਲਾਈ ਜਾਂਦੀ ਹੈ। ਐਂਬੂਲੈਂਸਾਂ ਵਿਚ ਲਾਸ਼ਾਂ ਨੂੰ ਆਲੂਆਂ ਦੀਆਂ ਬੋਰੀਆਂ ਵਾਂਗ ਇਕ ਦੂਸਰੇ ਦੇ ਉੱਪਰ-ਥੱਲੇ ਬੇਰਹਿਮੀ ਨਾਲ ਸੁੱਟਿਆ ਜਾਂਦਾ ਹੈ। ਅੱਜ ਫਿਰ ਅਜਿਹੀਆਂ ਤਸਵੀਰਾਂ ਦਿਖਾਈ ਦੇ ਰਹੀਆਂ ਹਨ, ਜੋ ਸਾਡੇ ਸਾਰੇ ਸਿਸਟਮ 'ਤੇ ਕਲੰਕ ਹਨ। ਲੋਕ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਆਪਣੇ ਮੋਢਿਆਂ, ਸਾਈਕਲਾਂ, ਰੇੜ੍ਹਿਆਂ 'ਤੇ ਲੱਦੀ ਸ਼ਮਸ਼ਾਨਘਾਟਾਂ ਵੱਲ ਲਿਜਾਈ ਜਾ ਰਹੇ ਹਨ। ਇਕ ਤਸਵੀਰ ਦੇਖਣ ਵਿਚ ਆਈ ਕਿ ਇਕ ਆਦਮੀ ਆਪਣੇ ਕਿਸੇ ਰਿਸ਼ਤੇਦਾਰ ਦੀ ਲਾਸ਼ ਨੂੰ ਲਪੇਟ ਕੇ ਪੁਤਲਾ ਜਿਹਾ ਬਣਾ ਸਾਈਕਲ 'ਤੇ ਦੋਹਾਂ ਪੈਡਲਾਂ ਵਿਚਾਲੇ ਰੱਖੀ ਲਿਜਾ ਰਿਹਾ ਹੈ। ਕੀ ਇਸ ਤੋਂ ਮਾੜੇ ਹਾਲਾਤ ਹੋ ਸਕਦੇ ਹਨ? ਮੰਨ ਲਿਆ ਹਸਪਤਾਲ ਨਹੀਂ, ਇਲਾਜ ਨਹੀਂ, ਆਕਸੀਜਨ ਨਹੀਂ, ਪਰ ਸਵਾਲ ਹੈ ਕਿ ਕੀ ਪ੍ਰਸ਼ਾਸਨ ਲਾਸ਼ਾਂ ਨੂੰ ਸਮੇਟਣ ਵਿਚ ਵੀ ਕੋਈ ਮਦਦ ਨਹੀਂ ਕਰ ਸਕਦਾ? ਜ਼ਰਾ ਸੋਚ ਕੇ ਵੇਖੋ ਕਿ ਉਹ ਆਦਮੀ ਕਿਵੇਂ ਇਹ ਭੁੱਲ ਸਕਦਾ ਹੈ ਕਿ ਉਸ ਨੇ ਆਪਣੇ ਬਾਪ ਦੀ ਲਾਸ਼ ਸਾਈਕਲ ਜਾਂ ਰੇੜ੍ਹੇ 'ਤੇ ਲੱਦੀ ਸੀ।

ਇਸ ਸਭ ਕਾਸੇ ਵਿਚ ਆਕਸੀਜਨ ਦੀ ਕਮੀ ਨੇ ਭਾਰਤ ਦਾ ਦੁਨੀਆਂ ਸਾਹਮਣੇ ਜਲੂਸ ਕੱਢ ਦਿੱਤਾ ਹੈ। ਆਤਮ ਨਿਰਭਰਤਾ ਦੇ ਨਾਹਰੇ ਲਾਉਣ ਵਾਲਾ, ਵਿਸ਼ਵ ਗੁਰੂ ਅਖਵਾਉਣ ਵਾਲਾ ਭਾਰਤ ਆਕਸੀਜਨ ਲਈ ਠੂਠਾ ਫੜੀ ਫਿਰਦਾ ਹੈ। ਛੋਟੇ ਛੋਟੇ ਮੁਲਕ ਸਾਨੂੰ ਆਕਸੀਜਨ ਭੇਜ ਰਹੇ ਹਨ। ਸਾਡੇ ਮਰਦੇ ਲੋਕਾਂ ਨੂੰ ਸਾਹ ਬਖਸ਼ ਰਹੇ ਹਨ। ਸਵਾਲ ਹੈ ਕਿ ਜਦੋਂ ਪਤਾ ਸੀ ਕਿ ਕਰੋਨਾ ਦੀ ਦੂਸਰੀ ਲਹਿਰ ਜਲਦੀ ਆ ਰਹੀ ਹੈ ਤਾਂ ਸਾਡੇ ਪ੍ਰਬੰਧ ਕਿੱਧਰ ਗਏ? ਕਿੱਧਰ ਨੂੰ ਤੁਰ ਗਈ ਆਕਸੀਜਨ? ਕਿਉਂ ਅਸੀਂ ਪ੍ਰਬੰਧ ਨਹੀਂ ਕੀਤੇ ਤੇ ਹੁਣ ਵਿਦੇਸ਼ਾਂ ਤੋਂ ਮੰਗਦਿਆਂ ਨੂੰ ਸ਼ਰਮ ਆ ਰਹੀ ਹੈ।

ਖਬਰ ਸੁਣੀ ਕਿ ਵਿਦੇਸ਼ 'ਚੋਂ ਆਇਆ ਸਮਾਨ ਹਫਤਾ ਭਰ ਦਿੱਲੀ ਏਅਰਪੋਰਟ 'ਤੇ ਪਿਆ ਰਿਹਾ। ਹਸਪਤਾਲਾਂ 'ਚ ਲੋਕ ਆਕਸੀਜਨ ਉਡੀਕ ਰਹੇ ਸਨ, ਪਰ ਸਾਡਾ ਲੋਕ ਰਾਜ ਵੋਟਾਂ ਦੀ ਰਾਜਨੀਤੀ ਵਿਚ ਮਸਤ ਸੀ। ਕਿੰਨੇ ਲੋਕ ਲਾਸ਼ਾਂ ਬਣੇ, ਕੋਈ ਹਿਸਾਬ-ਕਿਤਾਬ ਨਹੀਂ।

ਅੱਗੇ ਤੁਰੀਏ ਤਾਂ ਦੇਖਦੇ ਹਾਂ ਕਿ ਭਾਰਤ ਨੇ ਵੈਕਸੀਨ ਤਿਆਰ ਕੀਤੀ ਤੇ ਭਾਰਤ ਦੇ ਲੋਕਾਂ ਨੂੰ ਹੀ ਨਹੀਂ ਮਿਲ ਰਹੀ। ਕਿਤੇ ਕੋਈ ਕੀਮਤ, ਕਿਤੇ ਕੋਈ ਕੀਮਤ। ਕਿਤੇ ਬਲੈਕ 'ਚ ਮਿਲ ਰਿਹਾ ਹੈ, ਕਿਤੇ ਨਕਲੀ ਵੈਕਸੀਨ ਤਿਆਰ ਹੋ ਰਿਹਾ ਹੈ। ਗੱਲ ਕੀ, ਭਾਰਤ ਦੇ ਆਮ ਲੋਕ ਭ੍ਰਿਸ਼ਟਾਚਾਰੀ ਦੇ ਪੁੜਾਂ ਵਿਚ ਪੀਸੇ ਜਾ ਰਹੇ ਹਨ। ਪਿੰਡਾਂ ਵਿਚ ਲੋਕਾਂ ਨੂੰ ਯਕੀਨ ਹੀ ਨਹੀਂ ਕਿ ਟੀਕਾ ਅਸਲੀ ਹੋਵੇਗਾ ਜਾਂ ਸਿਰਫ ਪਾਣੀ ਦੀ ਭਰੀ ਸੂਈ ਹੀ ਮੋਢੇ ਵਿਚ ਖੋਭ ਦਿੱਤੀ ਜਾਵੇਗੀ! ਇਸ ਵਿਚ ਲੋਕਾਂ ਦਾ ਕੋਈ ਕਸੂਰ ਨਹੀਂ, ਸਗੋਂ ਕਸੂਰ ਸਾਡੀ ਸਰਕਾਰ ਦਾ ਹੈ, ਜੋ ਲੋਕਾਂ ਨੂੰ ਆਪਣੇ ਵਿਸ਼ਵਾਸ ਵਿਚ ਨਹੀਂ ਲੈ ਸਕਦੀ। ਲੋਕਾਂ ਦਾ ਸਰਕਾਰ ਤੋਂ ਯਕੀਨ ਖਤਮ ਹੋ ਚੁਕਾ ਹੈ।

ਜਦੋਂ ਇਸ ਮਾਰੂ ਬੀਮਾਰੀ ਨਾਲ ਨਜਿੱਠਣ ਲਈ ਪ੍ਰਬੰਧ ਕਰਨੇ ਸਨ, ਉਦੋਂ ਸਰਕਾਰ ਬੰਗਾਲ ਦੀਆਂ ਚੋਣਾਂ ਵਿਚ ਮਸਤ ਸੀ। ਉਹ ਸਰਕਾਰ, ਜੋ ਆਪ ਵੱਡੀਆਂ ਵੱਡੀਆਂ ਚੋਣ ਰੈਲੀਆਂ ਕਰ ਰਹੀ ਹੈ, ਦੂਜੀਆਂ ਪਾਰਟੀਆਂ ਨੂੰ ਕਿਵੇਂ ਰੋਕ ਸਕਦੀ ਹੈ? ਬੰਗਾਲ ਵਿਚ ਕੀਤੀਆਂ ਵੱਡੀਆਂ ਵੱਡੀਆਂ ਰੈਲੀਆਂ ਦਾ ਨਤੀਜਾ ਸਭ ਦੇ ਸਾਹਮਣੇ ਹੈ। ਬੀਮਾਰੀ, ਬੇਰੁਜ਼ਗਾਰੀ, ਭੁੱਖ ਮਰੀ ਤੇ ਮਹਿੰਗਾਈ ਨੇ ਉਸ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ ਕਿ ਹਰ ਸੰਵੇਦਨਸ਼ੀਲ ਹਿਰਦਾ ਡਰ ਰਿਹਾ ਹੈ ਕਿ ਦੇਸ਼ ਕਿਸੇ ਹੋਰ ਹੀ ਰਸਤੇ ਨਾ ਪੈ ਜਾਵੇ! ਭਾਜਪਾ ਨੇ ਬੰਗਾਲ ਦੀਆਂ 70-75 ਸੀਟਾਂ ਖਾਤਿਰ ਪੂਰੇ ਭਾਰਤ ਦੇ ਲੋਕਾਂ ਦੀ ਜਾਨ ਨੂੰ ਦਾਅ 'ਤੇ ਲਾ ਦਿੱਤਾ। ਕਿਸ ਕੋਲ ਫਰਿਆਦ ਕਰੀਏ ਤੇ ਕਿਸ ਤੋਂ ਦਵਾਈ ਦੀ ਆਸ ਰੱਖੀਏ? ਇਹ ਸਵਾਲ ਸਾਡੇ ਸਾਹਮਣੇ ਮੂੰਹ ਟੱਢੀ ਖੜ੍ਹਾ ਹੈ।


ਆਪਣੀਆਂ ਇਨ੍ਹਾਂ ਕਾਵਿਕ ਸਤਰਾਂ ਨਾਲ ਸਮਾਪਤੀ ਕਰਦੀ ਹਾਂ:

ਰਾਤ ਨੂੰ ਚੰਦ ਸਿਤਾਰੇ ਰੋਂਦੇ
ਲਾਸ਼ਾਂ ਗਿਣ ਗਿਣ ਥੱਕਦੇ ਜਾਂਦੇ
ਲਾਸ਼ਾਂ ਦੇ ਢੇਰਾਂ ਨੂੰ ਤੱਕ ਕੇ
ਨਿੱਤ ਚੰਦ ਨੂੰ ਦੰਦਲ ਪੈਂਦੀ
ਤਾਰੇ ਦਾਰੂ ਲੱਭਣ ਜਾਂਦੇ।

ਦਿਨ ਚੜ੍ਹਨ 'ਤੇ ਸੂਰਜ ਰੋਂਦਾ
ਸਿਵਿਆਂ ਦੇ ਸੇਕ ਤੋਂ ਬਚਦਾ
ਬੱਦਲਾਂ ਓਹਲੇ ਲੁਕਦਾ ਫਿਰਦਾ
ਬ੍ਰਹਿਮੰਡ ਸਾਰਾ ਸੋਚ ਰਿਹਾ ਹੈ
ਵਿਸ਼ਵ ਗੁਰੂ ਭਾਰਤ ਨੂੰ ਅੱਜ ਕਲ੍ਹ
ਕੀ ਹੋਇਆ ਹੈ?

# ਪੰਜਾਬ ਦਾ ਛੱਜ ਤੇ ਯੂ. ਪੀ. ਦੀ ਛਾਣਨੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੈਪਟਨ ਸਰਕਾਰ ਵਲੋਂ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜਿਲਾ ਐਲਾਨੇ ਜਾਣ ਨੇ ਭਾਜਪਾ ਦੇ ਕਈ ਨੇਤਾਵਾਂ ਨੂੰ ਬੌਖਲਾ ਦਿੱਤਾ ਹੈ। ਖਾਸ ਕਰਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਨੂੰ। ਯੋਗੀ ਨੂੰ ਇਸ ਤੋਂ ਵਧ ਮਲੇਰਕੋਟਲਾ ਬਾਰੇ ਕੁਝ ਨਹੀਂ ਪਤਾ ਕਿ ਇਹ ਮੁਸਲਿਮ ਬਹੁਗਿਣਤੀ ਵਾਲਾ ਖੇਤਰ ਹੈ। ਉਸ ਨੂੰ ਪੰਜਾਬੀਆਂ ਦੀ ਸੂਰਬੀਰਤਾ ਅਤੇ ਉਨ੍ਹਾਂ ਦੇ ਗੁਰੂ ਸਾਹਿਬਾਨ ਵਲੋਂ ਦੇਸ ਲਈ ਦਿੱਤੀਆਂ ਕੁਰਬਾਨੀਆਂ ਦਾ ਵੀ ਇਲਮ ਨਹੀਂ। ਉਹ ਇਹ ਵੀ ਭੁੱਲ ਗਿਆ ਹੈ ਕਿ ਥੋੜ੍ਹੇ ਦਿਨ ਪਹਿਲਾਂ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਦੇ ਨੌਂਵੇਂ ਗੁਰੂ ਸਾਹਿਬਾਨ ਦਾ ਗੁਣਗਾਨ ਕਰਦਾ ਸਾਹ ਨਹੀਂ ਸੀ ਲੈ ਰਿਹਾ। ਉਸ ਨੂੰ ਕੌਣ ਦੱਸੇ ਕਿ ਮਲੇਰਕੋਟਲੀਆਂ ਦੀ ਪੰਜਾਬੀਆਂ ਨਾਲ ਕਿਹੋ ਜਿਹੀ ਸਾਂਝ ਹੈ। ਉਸ ਨੂੰ ਇਹ ਵੀ ਕਿ ਜਦੋਂ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ ਤਾਂ ਉਸ ਨੇ ਮਲੇਰਕੋਟਲੀਆਂ ਦਾ ਵਾਲ ਵਿੰਗਾ ਨਹੀਂ ਸੀ ਹੋਣ ਦਿੱਤਾ।

1947 ਦੀ ਵੱਢ-ਟੁੱਕ ਤਾਂ ਹਾਲੇ ਕੱਲ੍ਹ ਦੀ ਗੱਲ ਹੈ, ਜਦੋਂ ਸਮੇਂ ਦੇ ਵਹਿਸ਼ੀਆਂ ਨੇ ਚੰਗੇ ਭਲੇ ਮੁਸਲਿਮ ਟਿਕਾਣਿਆਂ ਨੂੰ ਨਹੀਂ ਸੀ ਬਖਸ਼ਿਆ, ਪਰ ਮਲੇਰਕੋਟਲੀਆਂ ਨੂੰ ਕੋਈ ਆਂਚ ਨਹੀਂ ਸੀ ਆਉਣ ਦਿੱਤੀ। ਕਾਰਨ ਦੱਸਣ ਦੀ ਲੋੜ ਹੈ, ਜਦੋਂ ਸੂਬਾ ਸਰਹਿੰਦ ਵਜੀਰ ਖਾਨ ਨੇ ਦਸਮ ਗੁਰੂ ਦੇ ਛੋਟੇ ਸਾਹਿਬਜ਼ਾਦਿਆਂ-ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਨੂੰ ਜਿਊਂਦੇ ਦੀਵਾਰਾਂ ਵਿਚ ਚਿਣੇ ਜਾਣ ਦਾ ਹੁਕਮ ਦਿੱਤਾ ਸੀ ਤਾਂ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਸੂਬੇ ਨੂੰ ਇਸ ਜ਼ੁਲਮ ਤੋਂ ਵਰਜਣ ਲਈ ਹਾਅ ਦਾ ਨਾਅਰਾ ਮਾਰਿਆ ਸੀ। ਮਲੇਰਕੋਟਲੇ ਦੇ ਨਵਾਬ ਦੀ ਇਸ ਧਾਰਨਾ 'ਤੇ ਪਹੁੰਚ ਨੂੰ ਸਿੱਖ ਪੰਥ ਤਾਂ ਕੀ, ਸਮੁੱਚਾ ਪੰਜਾਬੀ ਭਾਈਚਾਰਾ ਅੱਜ ਤੱਕ ਨਹੀਂ ਭੁੱਲ ਸਕਿਆ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਮਲੇਰਕੋਟਲਾ ਨਿਰਾ ਮੁਸਲਿਮ ਖੇਤਰ ਨਹੀਂ। ਜੇ ਜਨ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਉਰਦੂ ਸਾਹਿਤਕਾਰ ਵਜੋਂ ਨਿਵਾਜੇ ਜਾਣ ਵਾਲੇ ਮੁਹੰਮਦ ਸੁਲਤਾਨ ਅੰਜੁਮ ਦਾ ਜਨਮ ਸਥਾਨ ਇਹ ਹੈ ਤਾਂ ਭਾਰਤ ਸਰਕਾਰ ਵਲੋਂ ਸਨਮਾਨਤ ਡਾ. ਨਰੇਸ਼ ਤੇ ਇੰਟਰਨੈਸ਼ਨਲ ਬਾਇਓਗ੍ਰਾਫਿਕਲ ਕੈਂਬਰਿਜ ਵਲੋਂ ਸਨਮਾਨਤ ਡਾ. ਸ਼ਸ਼ੀ ਕਾਂਤ ਉਪਲ ਵੀ ਮਲੇਰਟੋਕਲਾ ਦੇ ਜੰਮਪਲ ਸਨ।

ਕੌਣ ਨਹੀਂ ਜਾਣਦਾ ਕਿ ਯੋਗੀ ਖੁਦ ਅੰਤਾਂ ਦੀ ਫਿਰਕਾਪ੍ਰਸਤ ਰੁਚੀ ਰਖਦਾ ਹੈ। ਭਾਰਤ ਵਿਚ ਉੱਤਰ ਪ੍ਰਦੇਸ਼ ਪਹਿਲਾ ਸੂਬਾ ਹੈ, ਜਿਸ ਨੇ ਲਵ ਜਿਹਾਦ ਕਾਨੂੰਨ ਸਥਾਪਤ ਕੀਤਾ। ਯੋਗੀ ਦੀ ਦੁਨੀਆਂ ਭਰ ਦੇ ਅਜੂਬੇ ਤਾਜ ਮਹੱਲ ਪ੍ਰਤੀ ਖੁੱਲ੍ਹੀ ਘ੍ਰਿਣਾ ਦਾ ਕਾਰਨ ਵੀ ਇਹੀਓ ਕਿ ਇਹ ਮੁਸਲਮਾਨੀ ਵਿਰਾਸਤ ਨੂੰ ਉਭਾਰਦਾ ਹੈ। ਦੇਸ਼ ਵਿਚ ਹਿੰਦੂ ਯੂਵਾ ਵਾਹਿਨੀ ਸਥਾਪਤ ਕਰਨ ਵਾਲਾ ਵੀ ਉਹੀਓ ਹੈ, ਜਿਸ ਨੇ ਗਊ ਹੱਤਿਆ ਦੇ ਮਸਲੇ ਨੂੰ ਉਭਾਰ ਕੇ ਉਤਰ ਪ੍ਰਦੇਸ਼ ਦੇ ਮੁਸਲਮਾਨਾਂ ਨੂੰ ਕਤਲ-ਓ-ਗਾਰਤ ਦਾ ਨਿਸ਼ਾਨਾ ਬਣਾਇਆ। ਹੋਰ ਤਾਂ ਹੋਰ ਉਸ ਨੂੰ ਮੁਗਲ ਸਰਾਏ, ਅਲਾਹਾਬਾਦ ਤੇ ਫੈਜ਼ਾਬਾਦ ਸ਼ਹਿਰਾਂ ਦੇ ਨਾਂ ਵੀ ਏਨੇ ਚੁਭਦੇ ਸਨ ਕਿ ਉਸ ਦੀ ਸਰਕਾਰ ਨੇ ਇਨ੍ਹਾਂ ਦਾ ਨਾਮਕਰਨ (ਕ੍ਰਮਵਾਰ) ਪੰਡਿਤ ਦੀਨ ਦਿਆਲ ਉਪਾਧਿਆ ਨਗਰ, ਪ੍ਰਯਾਗਰਾਜ ਤੇ ਅਯੁਧਿਆ ਕਰ ਛੱਡਿਆ ਹੈ। ਕੀ ਉਹ ਇਤਿਹਾਸ ਉੱਤੇ ਪੋਚਾ ਫੇਰ ਕੇ ਫਿਰਕੂ ਵੰਡੀਆਂ ਨਹੀਂ ਪਾ ਰਿਹਾ?

ਇਹ ਵੀ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਕਿ ਭਾਰਤ ਵਿਚ ਗੰਗਾ-ਯਮਨਾ ਤੋਂ ਬਿਨਾ ਸਤਲੁਜ, ਬਿਆਸ, ਰਾਵੀ, ਬ੍ਰਹਮਪੁਤਰ, ਕ੍ਰਿਸ਼ਨਾ, ਕਾਵੇਰੀ, ਨਰਮਦਾ, ਗੋਦਾਵਰੀ ਆਦਿ ਅਨੇਕ ਨਦੀਆਂ ਹਨ, ਜਿਨਾਂ ਵਿਚ ਕੋਵਿਡ ਮਹਾਮਾਰੀ ਦੀ ਸ਼ਿਕਾਰ ਇੱਕ ਵੀ ਲਾਸ਼ ਨਹੀਂ ਵੇਖੀ ਗਈ, ਪਰ ਉੱਤਰ ਪ੍ਰਦੇਸ਼ ਵਿਚੋਂ ਲੰਘਣ ਵਾਲੀ ਗੰਗਾ ਤੇ ਯਮਨਾ ਵਿਚ ਸੈਂਕੜੇ ਅਜਿਹੀਆਂ ਲਾਸ਼ਾਂ ਹੜ੍ਹਦੀਆਂ ਦੇਖਣ ਨੂੰ ਮਿਲੀਆਂ ਹਨ, ਜਿਨ੍ਹਾਂ ਦੇ ਵਾਰਸਾਂ ਕੋਲ ਉਨ੍ਹਾਂ ਦਾ ਅੰਤਿਮ ਸਸਕਾਰ ਕਰਨ ਲਈ ਲੱਕੜਾਂ ਜਾਂ ਪ੍ਰੋਹਿਤ ਦੀ ਫੀਸ ਦੇਣ ਦੇ ਪੈਸੇ ਨਹੀਂ ਤੇ ਉਹ ਆਪਣੇ ਮੁਰਦਿਆਂ ਨੂੰ ਗੰਗਾ ਤੇ ਯਮਨਾ ਦੀ ਭੇਟ ਚੜ੍ਹਾ ਰਹੇ ਹਨ। ਹੋਰ ਤਾਂ ਹੋਰ, ਹੁਣ ਤਾਂ ਗੰਗਾ ਕਿਨਾਰੇ ਵਾਲੀ ਰੇਤ ਵਿਚੋਂ ਵੀ ਮੁਰਦੇ ਦੱਬੇ ਮਿਲ ਰਹੇ ਹਨ। ਨਿਸਚੇ ਹੀ ਯੋਗੀ ਦੀ ਬੌਖਲਾਹਟ ਆਪਣੀ ਛਾਣਨੀ ਹੈ, ਜਿਸ ਵਿਚ ਅੰਤਾਂ ਦੇ ਛੇਦ ਹੋ ਚੁਕੇ ਹਨ। ਹਜੂਮੀ ਹਿੰਸਾ ਤੇ ਜਬਰ ਜਨਾਹ ਨਾਲ ਓਤ-ਪੋਤ ਉਹਦੀ ਸਰਕਾਰ ਵਲੋਂ ਦੋਸ਼ੀਆਂ ਦਾ ਮਾਣ-ਸਨਮਾਨ ਤੇ ਪੱਤਰਕਾਰਾਂ ਨੂੰ ਜੇਲ੍ਹ ਸੁੱਟਣਾ ਵੀ ਆਮ ਹੈ। ਧਰਮ ਨਿਰਪੱਖਤਾ ਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਛਿੱਕੇ ਟੰਗਣਾ ਯੂ. ਪੀ. ਸਰਕਾਰ ਦਾ ਰੋਜ਼ ਦਾ ਖਾਸਾ ਹੈ। ਇਹ ਉਹ ਸੂਬਾ ਹੈ, ਜਿਥੇ ਨੈਤਿਕ ਤੇ ਪ੍ਰਸ਼ਾਸਨਕ ਪਤਨ ਤੇਜ਼ੀ ਨਾਲ ਵਧ ਰਿਹਾ ਹੈ। ਅਜਿਹੇ ਆਗੂ ਵਲੋਂ ਦੂਜੀ ਰਾਜ ਦੇ ਮਸਲਿਆਂ ਵਿਚ ਦਖਲ ਨੂੰ 'ਛੱਜ ਤਾਂ ਬੋਲੇ, ਛਾਣਨੀ ਕਿਉਂ ਬੋਲੇ, ਜਿਸ 'ਚ ਨੌਂ ਸੌ ਛੇਕ' ਲੋਕ ਮੁਹਾਵਰੇ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ। ਇਥੇ ਪੰਜਾਬ ਛੱਜ ਹੈ ਤੇ ਉੱਤਰ ਪ੍ਰਦੇਸ਼ ਛਾਣਨੀ।

**ਕੋਵਿਡ ਹੈਲਪ ਲਾਈਨ ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸ ਭਵਨ ਚੰਡੀਗੜ੍ਹ ਵਿਚ ਇਕ ਕੋਵਿਡ ਹੈਲਪ ਲਾਈਨ ਸੈਂਟਰ ਸਥਾਪਤ ਕੀਤਾ ਹੈ, ਜਿਸ ਦੀ ਕਮਾਂਡ ਭਾਰਤੀ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਮਰਪ੍ਰੀਤ ਲਾਲੀ ਨੂੰ ਸੌਂਪੀ ਗਈ ਹੈ। ਮਨੁੱਖਤਾ ਲਈ ਫਰਜ਼ ਵਜੋਂ ਸਥਾਪਤ ਕੀਤੇ ਗਏ ਇਸ ਕੰਟਰੋਲ ਰੂਮ ਨੂੰ ਪੀੜਤ ਵਿਅਕਤੀ ਜਾਂ ਪਰਿਵਾਰ ਮੋਬਾਈਲ ਨੰਬਰ: 91151-27102, 91151-58100 ਜਾਂ 91151-59100 ਉੱਤੇ ਘੰਟੀ ਵਜਾ ਕੇ ਮਦਦ ਲੈ ਸਕਦੇ ਹਨ; ਤੁਰੰਤ ਸੁਣੀ ਜਾਏਗੀ। ਇਸ ਕਮਰੇ ਵਿਚ ਅੱਧੀ ਦਰਜਨ ਅਮਲਾ ਸਵੇਰ ਤੋਂ ਸ਼ਾਮ ਤੱਕ ਹਾਜ਼ਰ ਹੁੰਦਾ ਹੈ।

# ਬੇਅਦਬੀ ਕਾਂਡ ਬਾਰੇ ਜਾਂਚ ਅਤੇ ਸਿਆਸੀ ਆਗੂਆਂ ਦੀ ਪਹੁੰਚ

***ਬੇਅਦਬੀ ਮਸਲੇ ਨੂੰ ਆਰੰਭ ਤੋਂ ਹੀ ਸਹੀ ਤਰੀਕੇ ਨਾਲ ਨਾ ਨਜਿੱਠਣ ਕਰ ਕੇ ਹੁਣ ਇਸ ਮਸਲੇ ਨਾਲ ਸਿਆਸਤ ਬਹੁਤ ਡੂੰਘੀ ਜੁੜ ਚੁੱਕੀ ਹੈ। ਅਸਲ ਵਿਚ ਇਸ ਮਸਲੇ 'ਤੇ ਹਰ ਧਿਰ ਨੇ ਆਪੋ-ਆਪਣੀ ਸਹੂਲਤ ਮੁਤਾਬਿਕ ਸਿਆਸਤ ਕਰਨ ਦਾ ਯਤਨ ਕੀਤਾ। ਇਸ ਦਾ ਨਤੀਜਾ ਇਹ ਨਿੱਕਲਿਆ ਕਿ ਅੱਜ ਛੇ ਸਾਲਾਂ ਬਾਅਦ ਵੀ ਇਹ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ, ਸਗੋਂ ਜਿਵੇਂ-ਜਿਵੇਂ ਸਮਾਂ ਲੰਘ ਰਿਹਾ ਹੈ, ਇਸ ਅੰਦਰਲੀਆਂ ਪੇਚੀਦਗੀਆਂ ਵਧ ਰਹੀਆਂ ਹਨ। ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਇਸ ਅਹਿਮ ਮਸਲੇ ਦੀ ਪੁਣ-ਛਾਣ ਕੀਤੀ ਹੈ ਅਤੇ ਇਸ ਨਾਲ ਜੁੜੀਆਂ ਸਿਆਸੀ ਤੰਦਾਂ ਦੀ ਨਿਸ਼ਾਨਦੇਹੀ ਕੀਤੀ ਹੈ।***

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 2015 ਵਿਚ ਵਾਪਰੇ ਬੇਅਦਬੀ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਅਤੇ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ ('ਸਿੱਟ' -ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਦੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਰੱਦ ਹੋਣ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਘਮਸਾਣ ਮੱਚਿਆ ਹੋਇਆ ਹੈ। ਅਕਾਲੀ ਦਲ ਦੇ ਨੇਤਾ ਕੱਛਾਂ ਵਜਾ ਰਹੇ ਹਨ ਤੇ ਲੱਡੂ ਵੰਡ ਚੁੱਕੇ ਹਨ ਅਤੇ ਪੰਜਾਬ ਕਾਂਗਰਸ ਵਿਚ ਕੁਝ ਨੇਤਾ ਜਨਤਕ ਤੌਰ 'ਤੇ ਅਤੇ ਕੁਝ ਅੰਦਰੂਨੀ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ 'ਤੇ ਹਮਲੇ ਕਰਦਿਆਂ ਦੋਸ਼ ਲਾ ਰਹੇ ਹਨ ਕਿ ਪੰਜਾਬ ਸਰਕਾਰ ਦੀ ਕਾਨੂੰਨੀ ਟੀਮ ਨੇ ਇਸ ਕੇਸ ਨੂੰ ਠੀਕ ਤਰ੍ਹਾਂ ਲੜਿਆ ਨਹੀਂ ਅਤੇ ਐਡਵੋਕੇਟ ਜਨਰਲ ਅਦਾਲਤ ਵਿਚ ਪੇਸ਼ ਹੀ ਨਹੀਂ ਹੋਏ ਜਿਸ ਕਰ ਕੇ ਜਾਂਚ ਰਿਪੋਰਟ ਰੱਦ ਹੋ ਗਈ। ਕਾਂਗਰਸ ਪਾਰਟੀ ਅੰਦਰੋਂ

**ਨਰਿੰਦਰ ਸਿੰਘ ਢਿੱਲੋਂ**
**ਫੋਨ: 587-436-4032**

ਇਹ ਆਵਾਜ਼ਾਂ ਵੀ ਉਠ ਰਹੀਆਂ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਤੋਂ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੈਪਟਨ ਅਤੇ ਬਾਦਲ ਰਲੇ ਹੋਏ ਹਨ ਜਿਸ ਕਰ ਕੇ ਬਾਦਲਾਂ ਨੂੰ ਬਚਾਉਣ ਲਈ ਕੈਪਟਨ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਜਾਂਚ ਟੀਮ ਨੂੰ ਸੰਜੀਦਗੀ ਨਾਲ ਕੰਮ ਕਰਨ ਦੇ ਹੁਕਮ ਜਾਰੀ ਨਹੀਂ ਕੀਤੇ। ਇਸ ਬਾਰੇ ਜਸਟਿਸ ਰਣਜੀਤ ਸਿੰਘ ਅਤੇ 'ਸਿੱਟ' ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵੀ ਆਪਣੇ ਵਿਚਾਰ ਜਨਤਕ ਕੀਤੇ ਹਨ।

ਬੇਅਦਬੀ ਕਾਂਡ ਪਹਿਲੀ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਤੋਂ ਬਾਅਦ ਕਿਵੇਂ ਵਾਪਰਿਆ ਅਤੇ ਲੋਕਾਂ ਵਲੋਂ ਰੋਸ ਪ੍ਰਗਟ ਕਰਦਿਆਂ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਪੁਲਿਸ ਨੇ ਕਿਵੇਂ ਗੋਲੀ ਚਲਾਈ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ। ਇਸ ਕਾਂਡ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣੀ ਹੁਣ ਸਿਆਸੀ ਚਾਲਾਂ ਦੀ ਭੇਟ ਚੜ੍ਹ ਰਹੀਆਂ ਜਾਪਦੀਆਂ ਹਨ। ਇਹ ਕਾਂਡ ਆਪਣੇ ਆਪ ਨੂੰ ਪੰਥਕ ਆਗੂ ਅਖਵਾਉਂਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਰਾਜ ਸਮੇਂ ਵਾਪਰਿਆ ਅਤੇ ਇਨ੍ਹਾਂ ਨੇ ਦੋਸ਼ੀਆਂ ਨੂੰ ਲੱਭ ਕੇ ਬਣਦੀ ਸਜ਼ਾ ਦਿਵਾਉਣ ਦੀ ਥਾਂ ਆਪ ਬਣਾਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਵੀ ਕੋਈ ਪ੍ਰਵਾਹ ਨਾ ਕੀਤੀ। ਇਸ ਕਾਰਨ ਲੋਕਾਂ ਵਿਚ ਇਹ ਚਰਚਾ ਸ਼ੁਰੂ ਹੋ ਗਈ ਕਿ ਇਸ ਕਾਂਡ ਪਿੱਛੇ ਅਕਾਲੀ ਦਲ ਦਾ ਕੋਈ ਸਿਆਸੀ ਹਿੱਤ ਜਾਪਦਾ ਹੈ।

2017 ਵਿਚ ਜਦ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਸਨ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਵੀ ਇਹ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਇਨ੍ਹਾਂ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ ਲੇਕਿਨ ਅੱਜ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਅਦ ਜੋ ਨਤੀਜਾ ਹੈ, ਸਭ ਦੇ ਸਾਹਮਣੇ ਹੈ। ਹਾਲਤ 2015 ਵਾਲੀ ਹੀ ਹੈ।

ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਹੋਰ ਹਰ ਦੁੱਖ, ਸੁੱਖ, ਵਧੀਕੀ, ਜਬਰ-ਜ਼ੁਲਮ ਆਦਿ ਬਰਦਾਸ਼ਤ ਕਰ ਸਕਦੇ ਹਨ ਲੇਕਿਨ ਆਪਣੇ ਧਾਰਮਕ ਗ੍ਰੰਥਾਂ ਦਾ ਅਪਮਾਨ ਬਰਦਾਸ਼ਤ ਨਹੀਂ ਕਰਦੇ। ਇਸੇ ਕਰਕੇ ਧਰਮ ਦਾ ਪੱਤਾ ਖੇਡ ਕੇ ਕਈ ਐਸੇ ਲੋਕ ਵੀ ਰਾਜਭਾਗ 'ਤੇ ਕਾਬਜ਼ ਹੋ ਜਾਂਦੇ ਹਨ ਜਿਨ੍ਹਾਂ ਦੀ ਲੋਕ ਹਿਤਾਂ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਉਹ ਧਾਰਮਕ ਮੁੱਦਿਆਂ ਨੂੰ ਜਿਊਂਦੇ ਰੱਖਦੇ ਹਨ ਅਤੇ ਚੋਣਾਂ ਸਮੇਂ ਉਨ੍ਹਾਂ ਦਾ ਢੰਡੋਰਾ ਪਿੱਟ ਕੇ ਲੋਕਾਂ ਨੂੰ ਉਤੇਜਿਤ ਕਰ ਕੇ ਵੋਟਾਂ ਹਾਸਲ ਕਰਦੇ ਹਨ। ਕੁਝ ਲੋਕਾਂ ਨੂੰ ਅਪਰੇਸ਼ਨ ਬਲਿਊ ਸਟਾਰ ਅਤੇ ਦਿੱਲੀ ਸਿੱਖਾਂ ਦਾ ਕਤਲੇਆਮ ਉਦੋਂ ਯਾਦ ਆਉਂਦਾ ਹੈ, ਜਦੋਂ ਚੋਣਾਂ ਆਉਂਦੀਆਂ ਹਨ। ਜਾਪਦਾ ਹੈ, ਕੈਪਟਨ ਅਮਰਿੰਦਰ ਸਿੰਘ ਵੀ ਬੇਅਦਬੀ ਅਤੇ ਗੋਲੀ ਕਾਂਡਾਂ ਨੂੰ ਜਿਊਂਦਾ ਰੱਖਣਾ ਚਾਹੁੰਦੇ ਹਨ ਤਾਂ ਜੋ ਚੋਣਾਂ ਵੇਲੇ ਇਸ ਨੂੰ ਅਕਾਲੀ ਦਲ ਵਿਰੁਧ ਵਰਤ ਕੇ ਵੋਟਾਂ ਲਈਆਂ ਜਾ ਸਕਣ।

ਬੇਅਦਬੀ ਕਾਂਡ ਤੋਂ ਬਾਅਦ ਅਕਾਲੀ ਦਲ ਦਾ ਰੋਲ ਕਿੰਨਾ ਨਾਂਹ ਪੱਖੀ ਰਿਹਾ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰੂਪ ਚੋਰੀ ਹੋਣ ਤੋਂ ਬਾਅਦ ਲੋਕਾਂ ਨੇ ਪੁਲਿਸ ਦੇ ਨੋਟਿਸ ਵਿਚ ਲਿਆਂਦਾ ਪਰ ਕੋਈ ਕਾਰਵਾਈ ਨਹੀਂ ਹੋਈ। ਦੋਸ਼ੀਆਂ ਨੇ ਬੇਅਦਬੀ ਕਰਨ ਲਈ ਇਸ਼ਤਿਹਾਰ ਲਗਾਏ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਪੁਲਿਸ ਆਪਣੇ ਤੌਰ 'ਤੇ ਕੋਈ ਕਾਰਵਾਈ ਨਾ ਕਰੇ, ਇਹ ਸੰਭਵ ਨਹੀਂ। ਕਾਰਵਾਈ ਨਾ ਕਰਨ ਪਿੱਛੇ ਕਿਸੇ ਸਰਕਾਰੀ ਹੱਥ ਦਾ ਸ਼ੱਕ ਹੁੰਦਾ ਹੈ। ਜਦ ਸਮੁੱਚੇ ਲੋਕ, ਰੋਹ ਵਿਚ ਉਠ ਖਲੋਤੇ ਤਾਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਪੁਰਅਮਨ ਬੈਠੇ ਲੋਕਾਂ 'ਤੇ ਗੋਲੀ ਚਲਾਈ ਗਈ ਜਿਸ ਨਾਲ ਬਹਿਬਲ ਕਲਾਂ ਵਿਚ ਦੋ ਮੌਤਾਂ ਹੋ ਗਈਆਂ। ਇਹ ਗੋਲੀ ਕਾਂਡ ਪੁਲਿਸ ਕਿਸੇ ਸਰਕਾਰੀ ਹੁਕਮ ਤੋਂ ਬਿਨਾਂ ਨਹੀਂ ਕਰ ਸਕਦੀ ਅਤੇ ਅਣਪਛਾਤੀ ਪੁਲਿਸ ਵੱਲੋਂ ਗੋਲੀ ਚਲਾਉਣ ਦੀ ਰਿਪੋਰਟ ਦਰਜ ਕਰਨਾ ਸਰਕਾਰੀ ਸਹਿ ਤੋਂ ਬਿਨਾਂ ਸੰਭਵ ਨਹੀਂ।

ਅਕਾਲੀ-ਭਾਜਪਾ ਸਰਕਾਰ ਨੇ ਇਸ ਕੇਸ ਦੀ ਨਾਮ-ਨਿਹਾਦ ਜਾਂਚ ਨੂੰ ਵਿਦੇਸ਼ੀ ਖਾਤੇ ਵਿਚ ਪਾ ਕੇ ਸੁਰਖਰੂ ਹੋਣ ਦੀ ਕੋਸ਼ਿਸ਼ ਕਰਦਿਆਂ ਪਿੰਡ ਪੰਜ ਗਰਾਈਂ ਦੇ ਦੋ ਸਕੇ ਭਰਾਵਾਂ ਜਸਵਿੰਦਰ ਸਿੰਘ ਤੇ ਰੁਪਿੰਦਰ ਸਿੰਘ ਨੂੰ ਇਹ ਕਹਿ ਕੇ ਗ੍ਰਿਫਤਾਰ ਕੀਤਾ ਗਿਆ ਕਿ ਇਨ੍ਹਾਂ ਨੂੰ ਬੇਅਦਬੀ ਕਾਂਡ ਲਈ ਵਿਦੇਸ਼ਾਂ ਤੋਂ ਮਦਦ ਮਿਲੀ ਸੀ ਅਤੇ ਰਿਪੋਰਟ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤੀ। ਨੌਜਵਾਨਾਂ 'ਤੇ ਤਸ਼ੱਦਦ ਦੀ ਵੀ ਚਰਚਾ ਹੁੰਦੀ ਰਹੀ। ਜਦ ਗ੍ਰਹਿ ਵਿਭਾਗ ਨੇ ਪੰਜਾਬ ਦੀ ਰਿਪੋਰਟ ਰੱਦ ਕਰ ਦਿਤੀ ਤਾਂ ਦੋਹਾਂ ਨੌਜਵਾਨਾਂ ਨੂੰ ਛੱਡਣਾ ਪਿਆ। ਚਰਚਾ ਇਹ ਵੀ ਸੀ ਕਿ ਪੁਲਿਸ ਜਾਂਚ ਡੇਰਾ ਸਿਰਸਾ ਨੂੰ ਜਾਂਦੀ ਰੋਕ ਲਈ ਸੀ। ਅਕਾਲੀ-ਭਾਜਪਾ ਸਰਕਾਰ ਦੀ ਨੀਤ ਅਤੇ ਨੀਤੀ ਵਿਚ ਖੋਟ ਹੋਣ ਕਰ ਕੇ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਠੰਢੇ ਬਸਤੇ ਵਿਚ ਪਾ ਦਿੱਤੀ। ਹੁਣ ਹਾਈਕੋਰਟ ਦੇ ਫੈਸਲੇ ਨਾਲ ਇਕ ਵਾਰ ਅਕਾਲੀ ਦਲ ਦੀ ਨੀਤੀ ਵਿਚ ਖੋਟ ਢਕੀ ਗਈ ਹੈ। ਇਸੇ ਕਰ ਕੇ ਉਹ ਹਾਈ ਕੋਰਟ ਦੇ ਫੈਸਲੇ 'ਤੇ ਖੁਸ਼ੀਆਂ ਮਨਾ ਰਹੇ ਹਨ।

2017 ਵਿਚ ਕਾਂਗਰਸ ਸਰਕਾਰ ਬਣਨ 'ਤੇ ਅਪਰੈਲ 2017 ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਗਿਆ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵੱਖ-ਵੱਖ ਥਾਈਂ ਵਾਪਰੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡਾਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਉਸ ਨੇ 30 ਜੂਨ 2018 ਨੂੰ 192 ਸਫਿਆਂ ਦੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ। ਇਸ ਰਿਪੋਰਟ 'ਤੇ ਪੰਜਾਬ ਵਿਧਾਨ ਸਭ ਵਿਚ ਬਹਿਸ ਵੀ ਕਰਵਾਈ ਗਈ ਜਿਸ ਵਿਚ ਕਾਂਗਰਸੀ ਮੰਤਰੀਆਂ ਸਮੇਤ ਹੋਰ ਮੈਂਬਰਾਂ ਨੇ ਮੁੱਖ ਮੰਤਰੀ ਕੋਲੋਂ ਦੋਸ਼ੀਆਂ ਵਿਰੁਧ ਕਾਰਵਾਈ ਦੀ ਮੰਗ ਕੀਤੀ। ਸਰਕਾਰ ਨੇ ਜਸਟਿਸ ਰਣਜੀਤ ਸਿਘ ਕਮਿਸ਼ਨ ਦੀ ਰਿਪੋਰਟ 'ਤੇ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਜਿਸ ਦੇ ਮੁਖੀ ਸੀਨੀਅਰ ਪੁਲਿਸ ਅਫਸਰ ਪ੍ਰਬੋਧ ਕੁਮਾਰ ਸਨ। ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ, ਆਈ.ਜੀ. (ਕਰਾਈਮ) ਅਰੁਨਪਾਲ ਸਿੰਘ, ਐਸ.ਐਸ.ਪੀ. (ਕਪੂਰਥਲਾ) ਸੁਰਿੰਦਰਪਾਲ ਸਿੰਘ ਅਤੇ ਭੁਪਿੰਦਰ ਸਿੰਘ (ਕਮਾਂਡੈਂਟ ਪੁਲਿਸ ਰਕਰੂਟਮੈਂਟ ਸੈਂਟਰ) ਵੀ ਇਸ ਪੰਜ ਮੈਂਬਰੀ 'ਸਿੱਟ' ਦੇ ਮੈਂਬਰ ਸਨ।

ਜਲਦੀ ਹੀ 'ਸਿੱਟ' ਮੈਂਬਰਾਂ ਵਿਚ ਤਕਰਾਰ ਦੀਆਂ ਖਬਰਾਂ ਆਉਣ ਲੱਗ ਪਈਆਂ। ਸਿਆਸੀ ਹਲਕਿਆਂ ਵਿਚ ਇਹ ਚਰਚਾ ਸ਼ੁਰੂ ਹੋ ਗਈ ਕਿ ਸਰਕਾਰ 'ਸਿੱਟ' ਮੈਂਬਰਾਂ 'ਤੇ ਦਬਾਅ ਪਾ ਰਹੀ ਸੀ ਕਿ ਪਹਿਲੀ ਸਰਕਾਰ ਦੇ ਉਚ ਨੇਤਾਵਾਂ ਨੂੰ ਜਾਂਚ ਵਿਚ ਸ਼ਾਮਲ ਨਾ ਕੀਤਾ ਜਾਵੇ ਪਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ। ਇਕ ਗਲਬਾਤ ਦੌਰਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਜਦ ਉਨ੍ਹਾਂ ਨੇ ਪਹਿਲੀ ਸਰਕਾਰ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ ਜਾਂਚ ਲਈ ਨੋਟਿਸ ਭੇਜੇ ਤਾਂ ਉਨ੍ਹਾਂ ਉਤੇ ਨੋਟਿਸ ਵਾਪਸ ਲੈਣ ਲਈ ਦਬਾਅ ਪਾਇਆ ਗਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਸਿੱਟ' ਮੈਂਬਰਾਂ ਨੂੰ ਇਕਜੁੱਟ ਕਰਨ ਦਾ ਕੋਈ ਯਤਨ ਨਾ ਕੀਤਾ ਅਤੇ ਸ਼ੱਕ ਦੀ ਸੂਈ ਕੈਪਟਨ ਵੱਲ ਹੀ ਜਾਣ ਲੱਗ ਪਈ ਕਿ ਉਨ੍ਹਾਂ ਦੀ ਹਦਾਇਤ 'ਤੇ ਹੀ 'ਸਿੱਟ' ਮੈਂਬਰ ਬਾਦਲਾਂ ਨੂੰ ਜਾਂਚ ਤੋਂ ਬਾਹਰ ਰੱਖਣਾ ਚਾਹੁੰਦੇ ਸਨ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੋਹਾਂ ਬਾਦਲਾਂ ਨੂੰ ਜਾਂਚ ਵਿਚ ਸ਼ਾਮਲ ਕੀਤਾ ਤੇ ਜਾਂਚ ਨੇਪਰੇ ਚਾੜ੍ਹੀ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਜਾਂਚ ਤੋਂ ਲਾਂਭੇ ਕਰਨ ਲਈ ਅਕਾਲੀ ਦਲ ਨੇ ਚੋਣ ਕਮਿਸ਼ਨ ਤਕ ਵੀ ਪਹੁੰਚ ਕੀਤੀ ਪਰ ਕਾਮਯਾਬੀ ਨਾ ਮਿਲੀ। ਕਾਨੂੰਨੀ ਮਾਹਿਰਾਂ ਮੁਤਾਬਕ ਕੋਈ ਵੀ ਅਦਾਲਤ ਜਾਂ ਚੋਣ ਕਮਿਸ਼ਨ ਪੁਲਿਸ ਜਾਂਚ ਵਿਚ ਦਖਲ ਨਹੀਂ ਦੇ ਸਕਦੇ। ਉਂਜ ਵੀ ਅਕਾਲੀ ਦਲ ਹੋਵੇ ਜਾਂ ਕੋਈ ਹੋਰ, ਜਾਂਚ ਅਫਸਰ ਦੋਸ਼ੀ ਦੀ ਮਰਜ਼ੀ ਦਾ ਲਾਉਣਾ ਸੰਭਵ ਨਹੀਂ ਹੁੰਦਾ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਮੁਕੰਮਲ ਬਾਈਕਾਟ ਰੱਖਿਆ। ਜਸਟਿਸ ਰਣਜੀਤ ਸਿੰਘ ਨੇ ਇਕ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਸ੍ਰੀ ਅਕਾਲ ਤਖਤ ਸਹਿਬ ਦੇ ਜਥੇਦਾਰ ਨੂੰ ਮਿਲਣ ਲਈ ਸਮਾਂ ਮੰਗਣ ਵਾਸਤੇ ਚਿੱਠੀ ਲਿਖੀ ਸੀ ਜਿਸ ਨੂੰ ਇਹ ਪ੍ਰਚਾਰਿਆ ਗਿਆ ਕਿ ਜਥੇਦਾਰ ਨੂੰ ਸੰਮਨ ਭੇਜੇ ਗਏ ਸਨ। ਉਹ ਜਥੇਦਾਰ ਕੋਲੋਂ ਡੇਰਾ ਸਿਰਸਾ ਮੁਖੀ ਦੀ ਮੁਆਫੀ ਬਾਰੇ ਜਾਣਨਾ ਚਾਹੁੰਦੇ ਸਨ ਪਰ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਸਹਿਯੋਗ ਨਹੀਂ ਦਿੱਤਾ। ਉਸ ਮੁਆਫੀਨਾਮੇ ਦੀ ਨਕਲ ਗਿਆਨੀ ਗੁਰਮੁਖ ਸਿੰਘ ਦੇ ਭਰਾ ਨੇ ਕਮਿਸ਼ਨ ਨੂੰ ਦਿੱਤੀ। ਇਸ ਮੁਆਫੀ ਨੂੰ ਜਾਇਜ਼ ਠਹਿਰਾਉਣ ਲਈ ਲੱਖਾਂ ਰੁਪਿਆਂ ਦੇ ਇਸ਼ਤਿਹਾਰ ਗੁਰੂ ਦੀ ਗੋਲਕ ਵਿਚੋਂ ਅਖਬਾਰਾਂ ਨੂੰ ਦਿੱਤੇ ਗਏ ਪਰ ਲੋਕਾਂ ਦੇ ਵਿਰੋਧ ਕਾਰਨ ਮੁਆਫੀ ਦਾ ਫੈਸਲਾ ਵਾਪਸ ਲੈਣਾ ਪਿਆ ਸੀ।

ਲੋਕ ਜਾਣਦੇ ਹਨ ਅਤੇ ਕਮਿਸ਼ਨ ਅਤੇ ਪੁਲਿਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ 14 ਅਕਤੂਬਰ 2015 ਨੂੰ ਸਵੇਰੇ ਜਦ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਾਪਰੇ, ਤਾਂ ਇਸ ਤੋਂ ਪਹਿਲਾਂ ਰਾਤ 2 ਵਜੇ ਮੁੱਖ ਮੰਤਰੀ ਨੇ ਪੁਲਿਸ ਮੁਖੀ ਨੂੰ ਫੋਨ ਕੀਤਾ ਜਿਸ ਦੇ ਉਤਰ ਵਿਚ ਡੀ.ਜੀ.ਪੀ. ਸੁਮੇਧ ਸੈਣੀ ਨੇ ਕਿਹਾ ਕਿ ਮੈਂ ਦਸ ਮਿੰਟ ਵਿਚ ਸ਼ਹਿਰ ਖਾਲੀ ਕਰਵਾ ਦਿਆਂਗਾ। ਇਹ ਵੀ ਸੱਚ ਹੈ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਪੁਲਿਸ ਗੋਲੀ ਵਿਚ ਲੋਕ ਜ਼ਖਮੀ ਹੋਏ ਅਤੇ ਦੋ ਜਣੇ ਮਾਰੇ ਗਏ। ਇਹ ਵੀ ਸੱਚ ਹੈ ਕਿ ਡੇਰਾ ਸਿਰਸਾ ਨੂੰ ਮੁਆਫੀ ਦਾ ਹੁਕਮ ਦੇਣ ਲਈ ਜਥੇਦਾਰਾਂ ਨੂੰ ਮੁੱਖ ਮੰਤਰੀ ਦੇ ਘਰ ਸੱਦਿਆ ਗਿਆ ਜਿਸ ਦਾ ਖੁਲਾਸਾ ਗਿਆਨੀ ਗੁਰਮੁਖ ਸਿੰਘ ਜੋ ਉਸ ਸਮੇਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਨ, ਨੇ ਪ੍ਰੈਸ ਸਾਹਮਣੇ ਕੀਤਾ। ਇਹ ਵੀ ਸੱਚ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਬਿਨ ਮੰਗੇ ਮੁਆਫੀ ਦਿੱਤੀ ਗਈ ਤੇ ਫਿਰ ਵਾਪਸ ਵੀ ਲਈ ਗਈ। ਇਹ ਵੀ ਸੱਚ ਹੈ ਕਿ ਬਾਦਲ ਸਰਕਾਰ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਫੜ ਕੇ ਕਾਨੂੰਨ ਹਵਾਲੇ ਨਹੀਂ ਕੀਤਾ। ਇਹ ਸਭ ਕੁਝ ਕਿਸ ਦੇ ਹੁਕਮ ਜਾਂ ਕਿਸ ਦੀ ਸ੍ਰਪਰਸਤੀ ਹੇਠ ਹੋਇਆ, ਕੀ ਇਸ ਦੀ ਜਾਂਚ ਨਹੀਂ ਹੋਣੀ ਚਾਹੀਦੀ? ਇਸ ਸੱਚ ਨੂੰ ਸਾਹਮਣੇ ਲਿਆਉਣ ਲਈ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੂਰੀ ਮਿਹਨਤ ਕੀਤੀ ਅਤੇ ਇਸ ਸੱਚ ਦੇ ਸਾਹਮਣੇ ਅਕਾਲੀ ਲੀਡਰਾਂ ਦਾ ਇਹ ਕਹਿਣਾ ਕਿ ਉਨ੍ਹਾਂ ਨੂੰ ਬਦਲਾ ਲਊ ਭਾਵਨਾ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕੋਈ ਮਹੱਤਵ ਨਹੀਂ ਰੱਖਦਾ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਕ ਇੰਟਰਵਿਊ ਵਿਚ ਦੱਸਿਆ ਕਿ ਜਾਂਚ ਦੌਰਾਨ ਉਸ ਨੂੰ ਕਈ ਅਕਾਲੀ ਲੀਡਰਾਂ ਵਲੋਂ ਧਮਕੀਆਂ ਮਿਲਦੀਆਂ ਰਹੀਆਂ ਜਿਸ ਬਾਰੇ ਉਸ ਨੇ ਡੀ.ਜੀ.ਪੀ., ਐਡੀਸ਼ਨਲ ਮੁੱਖ ਸਕੱਤਰ (ਗ੍ਰਹਿ) ਅਤੇ ਡਾਇਰੈਕਟਰ ਆਫ ਇਨਵੈਸਟੀਗੇਸ਼ਨ ਬਿਊਰੋ ਨੂੰ ਸੂਚਿਤ ਕੀਤਾ ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਰਾਜਸੀ ਗੁੰਡਾਗਰਦੀ ਕਿਥੋਂ ਤੱਕ ਪਹੁੰਚ ਗਈ ਹੈ ਅਤੇ ਇਸ ਗੁੰਡਾਗਰਦੀ ਅੱਗੇ ਵੱਡੇ-ਵੱਡੇ ਅਫਸਰ ਵੀ ਗੋਡੇ ਟੇਕ ਚੁੱਕੇ ਹਨ।

ਬੇਅਦਬੀ ਕਾਂਡ ਦੀ ਜਾਂਚ ਪਹਿਲਾਂ ਸੀ.ਬੀ.ਆਈ. ਨੂੰ ਦਿੱਤੀ ਗਈ ਸੀ ਲੇਕਿਨ ਚਾਰ ਸਾਲ ਬਾਅਦ ਜੁਲਾਈ 2019 ਵਿਚ ਸੀ.ਬੀ.ਆਈ. ਨੇ ਮੁਹਾਲੀ ਅਦਾਲਤ ਵਿਚ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ। ਇਸ ਰਿਪੋਰਟ ਦਾ ਮਤਲਬ ਇਹ ਸੀ ਕਿ ਜੁਰਮ ਤਾਂ ਹੋਇਆ ਹੈ ਪਰ ਦੋਸ਼ੀ ਲੱਭੇ ਨਹੀਂ। ਸਮਝਿਆ ਜਾਂਦਾ ਸੀ ਕਿ ਉਸ ਸਮੇਂ ਅਕਾਲੀ-ਭਾਜਪਾ ਦਾ ਗਠਜੋੜ ਹੋਣ ਕਰ ਕੇ ਅਕਾਲੀ ਦਲ ਨੇ ਸਿਆਸੀ ਅਸਰ ਰਸੂਖ ਨਾਲ ਕਲੋਜ਼ਰ ਰਿਪੋਰਟ ਪੇਸ਼ ਕਰਵਾਈ ਹੈ।

ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਮੁਤਾਬਕ ਕੋਟਕਪੂਰਾ ਗੋਲੀ ਕਾਂਡ ਬਾਰੇ 27 ਮਈ 2019 ਨੂੰ ਪਹਿਲਾ ਚਲਾਨ ਪੇਸ਼ ਕੀਤਾ ਗਿਆ ਸੀ। 4 ਜੁਲਾਈ ਨੂੰ ਸੀ.ਬੀ.ਆਈ. ਨੇ ਮੁਹਾਲੀ ਅਦਾਲਤ ਵਿਚ ਕਲੋਜ਼ਰ ਰਿਪੋਰਟ ਪੇਸ਼ ਕੀਤੀ ਸੀ ਤੇ 4 ਜੁਲਾਈ 2019 ਨੂੰ ਹੀ 'ਸਿੱਟ' ਦੀ ਜਾਂਚ ਵਿਰੁਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ। ਇਸ ਤੋਂ ਕਿਸੇ ਯੋਜਨਾ ਦਾ ਸ਼ੱਕ ਪੈਦਾ ਹੁੰਦਾ ਸੀ। ਇਕ ਪ੍ਰਸ਼ਨ ਦੇ ਉਤਰ ਵਿਚ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ 'ਕੁਝ ਲੋਕ ਚਾਹੁੰਦੇ ਸਨ ਕਿ ਮੈਂ 2-4 ਸਿਪਾਹੀ ਜਾਂ ਹਵਾਲਦਾਰਾਂ ਨੂੰ ਦੋਸ਼ੀ ਠਹਿਰਾ ਕੇ ਜਾਂਚ ਖਤਮ ਕਰ ਦੇਵਾਂ। ਇਹ ਦਬਾਅ 'ਸਿੱਟ' ਦੇ ਮੁੱਖੀ ਵਲੋਂ ਵੀ ਪਾਇਆ ਗਿਆ।' ਉਸ ਨੇ ਸਪਸ਼ਟ ਕੀਤਾ ਕਿ ਉਹ ਸੱਚ ਸਾਹਮਣੇ ਲਿਆਉਣਾ ਚਾਹੁੰਦਾ ਸੀ ਜਿਸ ਕਰ ਕੇ ਉਹ ਲੋਕ ਹਿਤ ਵਿਚ ਆਪਣੇ 'ਤੇ ਹੁੰਦੇ ਤਸ਼ੱਦਦ ਨੂੰ ਝੱਲਦਾ ਰਿਹਾ ਅਤੇ ਚੁੱਪ ਰਿਹਾ।

ਅਕਾਲੀ ਦਲ ਨੇ ਭਾਵੇਂ ਰਣਜੀਤ ਸਿੰਘ ਕਮਿਸ਼ਨ ਦਾ ਬਾਈਕਾਟ ਕੀਤਾ ਸੀ ਲੇਕਿਨ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਪੁਲਿਸ ਜਾਂਚ ਵਿਚ ਸ਼ਾਮਲ ਹੋਣਾ ਹੀ ਪੈਣਾ ਸੀ, ਇਸ ਕਰ ਕੇ ਬਾਦਲ ਪਿਓ ਪੁੱਤ ਨੂੰ ਪੁੱਛ ਗਿੱਛ ਵਿਚ ਸ਼ਾਮਲ ਕੀਤਾ ਗਿਆ। ਕੁੰਵਰ ਨੇ ਦੱਸਿਆ ਕਿ ਜਾਂਚ ਵਿਚ ਕਿਸੇ ਨਾਲ ਰੰਜਿਸ਼ ਜਾਂ ਚੰਗੇ ਸਬੰਧ ਹੋਣ ਦੀਆਂ ਭਾਵਨਾਵਾਂ ਨੂੰ ਇਕ ਪਾਸੇ ਰੱਖਿਆ ਜਾਂਦਾ ਹੈ। 14 ਅਕਤੂਬਰ 2015 ਦੀਆਂ ਘਟਨਾਵਾਂ ਦੀ ਜਾਂਚ ਲਈ ਅਕਤੂਬਰ 2018 ਵਿਚ ਬਣੀ 'ਸਿੱਟ' ਲਈ ਕਾਰਜ ਬਹੁਤ ਔਖਾ ਸੀ। ਇਸ ਲੰਮੇ ਸਮੇਂ ਵਿਚ ਕਈ ਸਬੂਤ ਮਿਟ ਜਾਂਦੇ ਜਾਂ ਮਿਟਾ ਦਿੱਤੇ ਜਾਂਦੇ ਹਨ ਪਰ ਸਖਤ ਮਿਹਨਤ ਨਾਲ ਸਬੂਤ ਲੱਭ ਲਏ ਗਏ।

ਕੋਟਕਪੂਰਾ ਅਤੇ ਬਹਿਬਲ ਕਲਾਂ ਘਟਨਾਵਾਂ ਦੇ ਕਈ ਜ਼ਖਮੀਆਂ ਦੀ ਡਾਕਟਰੀ ਰਿਪੋਰਟ (ਮੈਡੀਕਲ ਲੀਗਲ ਰਿਪੋਰਟ) ਜਾਂ ਤਾਂ ਬਣਾਈ ਹੀ ਨਹੀਂ ਗਈ, ਜਾਂ ਲੁਕਾਅ ਕੇ ਰੱਖੀ ਗਈ। ਕੋਟਕਪੂਰਾ ਗੋਲੀ ਕਾਂਡ ਵਿਚ ਜ਼ਖਮੀ ਹੋਏ ਅਜੀਤ ਸਿੰਘ ਨੂੰ ਪੁਲਿਸ ਸਰਕਾਰੀ ਹਸਪਤਾਲ ਲਿਜਾਣ ਦੀ ਬਜਾਏ ਇਧਰ ਉਧਰ ਇਲਾਜ ਲਈ ਫਿਰਦੀ ਰਹੀ। ਬਾਅਦ ਵਿਚ ਡਿਪਟੀ ਕਮਿਸ਼ਨਰ ਦੇ ਹੁਕਮ 'ਤੇ ਉਸ ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਦਾਖਲ ਕਰਵਾਇਆ ਗਿਆ ਜਿਥੇ ਉਸ ਦਾ 45 ਦਿਨ ਇਲਾਜ ਚਲਿਆ। ਜਾਂਚ ਸਮੇਂ ਧਿਆਨ ਵਿਚ ਆਇਆ ਕਿ ਉਸ ਦੀ ਮੈਡੀਕਲ ਰਿਪੋਰਟ ਫਾਈਲ ਵਿਚ ਲਗਾਈ ਹੀ ਨਹੀਂ ਗਈ। ਜਿਨ੍ਹਾਂ ਡਾਕਟਰਾਂ ਨੇ ਜ਼ਖਮੀਆਂ ਦੀ ਮੈਡੀਕਲ ਰਿਪੋਰਟ ਨਹੀਂ ਬਣਾਈ, ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਦੀ ਸਿਫਾਰਿਸ਼ ਕੀਤੀ ਗਈ ਹੈ।

ਆਈ.ਜੀ. ਕੁੰਵਰ ਦੀ ਗੱਲਬਾਤ ਤੋਂ ਸਪਸ਼ਟ ਹੁੰਦਾ ਹੈ ਕਿ ਗੋਲੀ ਵਾਲੀ ਘਟਨਾ ਸਮੇਂ ਲੁਧਿਆਣਾ ਤੋਂ ਫੋਰਸ ਕਿਸੇ ਵਿਸ਼ੇਸ਼ ਮਕਸਦ ਨਾਲ ਹੀ ਬੁਲਾਈ ਗਈ ਸੀ। ਜਾਂਚ ਵਿਚ ਇਹ ਦੇਖਿਆ ਜਾਂਦਾ ਹੈ ਕਿ ਵਿਸ਼ੇਸ਼ ਮਕਸਦ ਕਿਸ ਦਾ ਹੈ। ਸਿਪਾਹੀ ਜਾਂ ਹਵਾਲਦਾਰ ਦਾ ਗੋਲੀ ਚਲਾਉਣ ਵਿਚ ਕੋਈ ਵਿਸ਼ੇਸ਼ ਮਕਸਦ ਨਹੀਂ ਸੀ, ਇਹ ਕਿਸੇ ਅਫਸਰ ਜਾਂ ਸਿਆਸੀ ਨੇਤਾ ਦਾ ਹੀ ਹੋ ਸਕਦਾ ਸੀ। ਜਾਂਚ ਵਿਚ ਘਟਨਾ ਦੇ ਤੱਥ ਸਾਹਮਣੇ ਲਿਆਉਣੇ ਹੁੰਦੇ ਹਨ, ਦੋਸ਼ੀ ਛੋਟਾ ਹੋਵੇ ਭਾਵੇਂ ਵੱਡਾ। ਕੁੰਵਰ ਨੇ ਇਕ ਗੱਲਬਾਤ ਵਿਚ ਦੱਸਿਆ ਕਿ ਡੇਰਾ ਸਿਰਸਾ ਮੁਖੀ ਤੋਂ ਵੀ ਪੁੱਛ ਗਿੱਛ ਲਈ ਸਾਰੀ ਕਾਨੂੰਨੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਸੀ ਪਰ ਹਰਿਆਣਾ ਸਰਕਾਰ ਨੇ ਆਗਿਆ ਨਹੀਂ ਦਿੱਤੀ। ਉਸ ਨੇ ਦੱਸਿਆ ਕਿ ਅਦਾਲਤ ਵਿਚ ਨੌਂ ਚਲਾਨ ਪੇਸ਼ ਕੀਤੇ ਜਾ ਚੁੱਕੇ ਸਨ, ਇਕ ਹੀ ਰਹਿੰਦਾ ਸੀ; ਜੇ ਉਹ ਵੀ ਪੇਸ਼ ਹੋ ਜਾਂਦਾ ਤਾਂ ਵੱਡੇ-ਵੱਡੇ ਲੋਕ ਸਾਹਮਣੇ ਆ ਜਾਣੇ ਸਨ। ਉਸ ਨੇ ਸਪੱਸ਼ਟ ਕੀਤਾ ਕਿ ਛੋਟੇ ਮੁਲਾਜ਼ਮ ਦਾ ਗੋਲੀਬਾਰੀ ਵਿਚ ਕੋਈ ਵਿਸ਼ੇਸ਼ ਹਿੱਤ ਨਹੀਂ ਸੀ, ਇਸ ਕਰ ਕੇ ਉਸ ਨੂੰ ਚਲਾਨ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਹ ਬਹੁਤ ਹੀ ਮਹੱਤਵ ਪੂਰਨ ਤੱਥ ਇਸ ਜਾਂਚ ਰਿਪੋਰਟ ਵਿਚ ਹੈ। ਅਕਸਰ ਵੱਡੇ ਅਫਸਰ ਛੋਟੇ ਮੁਲਾਜ਼ਮ ਨੂੰ ਫਸਾ ਕੇ ਆਪ ਲਾਂਭੇ ਹੋ ਜਾਂਦੇ ਹਨ।

ਇਸ ਪਿਛੋਕੜ ਵਿਚ ਸਹਿਜੇ ਹੀ ਸ਼ੱਕ ਪੈਦਾ ਹੁੰਦਾ ਹੈ ਕਿ ਕੈਪਟਨ ਅਤੇ ਬਾਦਲਾਂ ਵਿਚਕਾਰ ਮਿਲ-ਮਿਲਾ ਕੇ ਖੇਡ ਖੇਡੀ ਜਾ ਰਹੀ ਹੈ ਜਿਸ ਨਾਲ ਬੇਅਦਬੀ ਦਾ ਮੁੱਦਾ ਘੱਟੇ ਕੌਡੀਆਂ ਮਿਲਾਇਆ ਜਾ ਰਿਹਾ ਹੈ। ਇਸੇ ਕਾਰਨ ਕਾਂਗਰਸ ਪਾਰਟੀ ਅੰਦਰ ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧ ਜਨਤਕ ਹੋ ਰਿਹਾ ਹੈ। ਨਵਜੋਤ ਸਿੱਧੂ ਕੈਪਟਨ 'ਤੇ ਨਿੱਤ ਨਵੇਂ ਹਮਲੇ ਕਰ ਰਿਹਾ ਹੈ। ਪਰਗਟ ਸਿੰਘ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ ਆਦਿ ਤੋਂ ਇਲਾਵਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਵੀ ਆਪੋ-ਆਪਣੇ ਢੰਗ ਨਾਲ ਵਿਰੋਧ ਦਰਜ ਕਰਵਾ ਚੁੱਕੇ ਹਨ। ਬੇਅਦਬੀ ਕਾਂਡ ਤੋਂ ਇਲਾਵਾ ਕੈਪਟਨ ਵਲੋਂ 2017 ਵਿਚ ਕੀਤੇ ਵਾਅਦੇ ਜਿਨ੍ਹਾਂ ਵਿਚ ਘਰ-ਘਰ ਨੌਕਰੀ, ਕਰਜ਼ਾ ਮੁਆਫੀ, ਕੇਬਲ ਮਾਫੀਆ, ਰੇਤ ਬਜਰੀ, ਟਰਾਂਸਪੋਰਟ ਮਾਫੀਆ ਨੂੰ ਨੱਥ ਪਾਉਣੀ, ਨਸ਼ਾ ਤਸਕਰੀ ਖਤਮ ਕਰਨੀ, ਸਿੱਖਿਆ ਤੇ ਸਿਹਤ ਸਹੂਲਤਾਂ ਵਿਚ ਸੁਧਾਰ ਅਤੇ ਕਾਨੂੰਨ ਦਾ ਰਾਜ ਸਥਾਪਤ ਕਰਨਾ ਆਦਿ ਸ਼ਾਮਿਲ ਹਨ, ਉਤੇ ਕੋਈ ਕਾਰਵਾਈ ਨਹੀਂ ਹੋਈ। ਮੁੱਖ ਮੰਤਰੀ ਸਕੱਤਰੇਤ ਜਾਂਦੇ ਹੀ ਨਹੀਂ ਅਤੇ ਆਪਣੇ ਨਿੱਜੀ ਫਾਰਮ ਹਾਊਸ ਤੋਂ ਹੀ ਸਰਕਾਰ ਚਲਾਉਂਦੇ ਹਨ। ਆਪਣੇ ਆਪ ਨੂੰ ਫੌਜੀ ਕਹਿਣ ਦੀ ਬੜ੍ਹਕ ਮਾਰਨ ਵਾਲੇ ਮੁੱਖ ਮੰਤਰੀ ਕਰੋਨਾ ਤੋਂ ਡਰਦੇ ਘਰੋਂ ਨਿਕਲਦੇ ਹੀ ਨਹੀਂ ਅਤੇ ਲੋਕਾਂ ਦੀ ਖਬਰਸਾਰ ਲੈਣ ਦਾ ਉਨ੍ਹਾਂ ਕੋਲ ਸਮਾਂ ਹੀ ਨਹੀਂ ਹੈ। ਉਂਜ ਵੀ ਸਰਕਾਰ ਘਰੋਂ ਨਹੀਂ, ਸਕੱਤਰੇਤ ਵਿਚੋਂ ਹੀ ਚੱਲਣੀ ਚਾਹੀਦੀ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਨਿਕੰਮੀ ਹੋਣ ਕਰ ਕੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਉਸ ਦੀ ਟੀਮ ਨੇ 'ਸਿੱਟ' ਦੀ ਜਾਂਚ ਰਿਪੋਰਟ ਰੱਦ ਕਰਾਉਣ ਵਿਚ ਰੋਲ ਅਦਾ ਕੀਤਾ ਹੈ। ਕੈਬਨਿਟ ਮੀਟਿੰਗ ਵਿਚ ਵੀ ਕਈ ਵਾਰ ਅਤੁਲ ਨੰਦਾ ਦਾ ਵਿਰੋਧ ਹੋਇਆ ਹੈ ਲੇਕਿਨ ਮੁੱਖ ਮੰਤਰੀ ਉਸ ਨੂੰ ਬਦਲਣ ਲਈ ਤਿਆਰ ਨਹੀਂ। ਕਾਨੂੰਨੀ ਮਾਹਿਰਾਂ ਅਨੁਸਾਰ ਅਦਾਲਤ ਨੇ ਵੀ ਆਪਣੇ ਅਧਿਕਾਰ ਤੋਂ ਬਾਹਰ ਜਾ ਕੇ ਰਿਪੋਰਟ ਰੱਦ ਕੀਤੀ ਹੈ ਜਿਸ ਕਰ ਕੇ ਹੋਰ ਕਈ ਸ਼ੱਕ ਪੈਦਾ ਹੁੰਦੇ ਹਨ। ਹੁਣ ਭਾਵੇਂ ਐਲ.ਕੇ. ਯਾਦਵ ਦੀ ਅਗਵਾਈ ਵਿਚ ਨਵੀਂ 'ਸਿੱਟ' ਬਣਾਈ ਗਈ ਹੈ ਲੇਕਿਨ ਕੁੰਵਰ ਵਿਜੇ ਪ੍ਰਤਾਪ ਦੀ ਰਿਪੋਰਟ ਬੇਅਦਬੀ ਮੁੱਦੇ 'ਤੇ ਚਰਚਾ ਵਿਚ ਰਹੇਗੀ ਅਤੇ ਇਹ ਮੁੱਦਾ ਖਤਮ ਨਹੀਂ ਹੋਵੇਗਾ। ਸੁਖਬੀਰ ਸਿੰਘ ਬਾਦਲ ਵੱਲੋਂ ਧਮਕੀਆਂ ਦੇ ਜੁਆਬ ਵਿਚ ਆਈ.ਜੀ. ਕੁੰਵਰ ਨੂੰ ਕਿਹਾ ਕਿ "ਮੇਰੀ ਡਿਕਸ਼ਨਰੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਸੁਖਬੀਰ ਬਾਰੇ ਕੱਚਾ ਚਿੱਠਾ ਮੇਰੇ ਕੋਲ ਹੈ।" ਇਸੇ ਦੌਰਾਨ ਕੁਝ ਕਾਨੂੰਨੀ ਨੁਕਤਿਆਂ ਨੂੰ ਲੈ ਕੇ ਹਾਈਕੋਰਟ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਜਾਣ ਦਾ ਇਰਾਦਾ ਵੀ ਤਿਆਗ ਦਿੱਤਾ ਜਾਪਾਦਾ ਹੈ।


ਨਵੀਂ ਜਾਂਚ ਟੀਮ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਜਾਂਚ ਠੀਕ ਸਿੱਟੇ ਕੱਢਦੀ ਹੈ ਕਿ ਨਹੀਂ, ਇਹ ਸਮਾਂ ਦੱਸੇਗਾ। ਕੁੰਵਰ ਵਿਜੇ ਪ੍ਰਤਾਪ ਸਿੰਘ ਉੱਤੇ ਆਮ ਲੋਕਾਂ ਨੂੰ ਭਰੋਸਾ ਸੀ ਪਰ ਨਵੀਂ 'ਸਿੱਟ' ਦਾ ਆਮ ਲੋਕਾਂ ਨੇ ਸਵਾਗਤ ਨਹੀਂ ਕੀਤਾ ਅਤੇ ਨਾ ਹੀ ਇਸ ਉੱਤੇ ਭਰੋਸਾ ਪ੍ਰਗਟ ਕੀਤਾ ਹੈ। ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲਿੰਜ ਨਾ ਕਰ ਕੇ ਕੈਪਟਨ ਸਰਕਾਰ ਨੇ ਇਕ ਹੋਰ ਬੇਅਦਬੀ ਕਾਂਡ ਕੀਤਾ ਹੈ ਅਤੇ ਇਮਾਨਦਾਰ ਤੇ ਦਲੇਰ ਅਫਸਰ ਦੀ ਤੌਹੀਨ ਕੀਤੀ ਹੈ। ਇੰਜ ਜਾਪਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਦੀ ਰਹਿੰਦੀ ਮਿਆਦ ਵਿਚ ਇਹ ਮੁੱਦਾ ਹੱਲ ਨਹੀਂ

*(ਬਾਕੀ ਅਗਲੇ ਸਫੇ 'ਤੇ)*

ਸ਼ਰਧਾਂਜਲੀ

# ਖਿੜੇ ਹੋਏ ਮਸਤਕ ਵਾਲਾ ਜਥੇਦਾਰ


ਪ੍ਰੋ. ਬਲਕਾਰ ਸਿੰਘ



ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਨ ਤੋਂ ਪਹਿਲਾਂ ਹੀ ਜੋਗਿੰਦਰ ਸਿੰਘ ਵੇਦਾਂਤੀ, ਸਿੰਘ ਸਾਹਿਬ ਸਨ, ਕਿਉਂਕਿ ਉਸ ਵੇਲੇ ਉਹ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਸਨ। ਉਨ੍ਹਾਂ ਨੇ ਸੰਤੋਖੀ ਜੀਵਨ ਜੀਵਿਆ ਸੀ ਅਤੇ ਮਿਲੀਆਂ ਹੋਈਆਂ ਪਦਵੀਆਂ ਨਾਲ ਉਹ ਗੁਰੂ ਦੀ ਮਿਹਰ ਵਾਂਗ ਨਿਭਦੇ ਰਹੇ ਸਨ। ਤਤਕਾਲੀ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਤਤਕਾਲੀ ਪ੍ਰਧਾਨ ਸ਼੍ਰੋਮਣੀ ਕਮੇਟੀ ਵਿਚਕਾਰ ਜਦੋਂ ਵੀ ਤਣਾਓ ਪੈਦਾ ਹੁੰਦਾ ਰਿਹਾ ਹੈ, ਕਿਸੇ ਇਕ ਨੂੰ ਪਦਵੀ ਤੋਂ ਵੱਖ ਹੋਣਾ ਪੈਂਦਾ ਰਿਹਾ ਹੈ। ਇਸ ਸਥਿਤੀ ਵਿਚ ਜਦੋਂ ਵੇਦਾਂਤੀ ਜੀ ਨੂੰ ਜਥੇਦਾਰ ਲਾਏ ਜਾਣ ਦੀ ਸਥਿਤੀ ਪੈਦਾ ਹੋ ਗਈ ਸੀ ਤਾਂ ਉਹ ਸੱਚੀਂ-ਮੁੱਚੀਂ ਜਥੇਦਾਰ ਅਕਾਲ ਤਖਤ ਸਾਹਿਬ ਨਹੀਂ ਸਨ ਲਗਣਾ ਚਾਹੁੰਦੇ, ਕਿਉਂਕਿ ਦਰਬਾਰ ਸਾਹਿਬ ਦੀ ਸੇਵਾ ਵਿਚ ਉਹ ਪੂਰੀ ਤਰ੍ਹਾਂ ਰੰਗੇ ਹੋਏ ਸਨ। ਵੈਸੇ ਵੀ ਉਹ ਬਾਣੀ ਤੋਂ ਪੰਥਕਤਾ ਦਾ ਸਫਰ ਲਗਾਤਾਰ ਤੈਅ ਕਰਦੇ ਆ ਰਹੇ ਸਨ। ਇਹ ਬਦਲਾਓ ਲਾਜ਼ਮੀ ਉਨ੍ਹਾਂ ਨੂੰ ਸ਼ੇਰ ਦੀ ਸਵਾਰੀ ਵਰਗਾ ਲਗਿਆ ਹੋਵੇਗਾ। ਉਨ੍ਹਾਂ ਦੀ ਮਿੱਤਰ ਮੰਡਲੀ ਵਿਚੋਂ ਭਾਈ ਜੋਗਿੰਦਰ ਸਿੰਘ ਤਲਵਾੜਾ ਨੇ ਇਹ ਕਹਿ ਕੇ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਪੈਦਾ ਹੋ ਗਏ ਤਣਾਓ ਵਾਲੇ ਮਾਹੌਲ ਵਿਚੋਂ ਤੁਹਾਡੀ ਨਿਯੁਕਤੀ ਨਾਲ ਬਾਹਰ ਆਇਆ ਜਾ ਸਕਦਾ ਹੈ। ਤਲਵਾੜਾ ਜੀ ਤੇ ਹੋਰ ਦੋਸਤਾਂ ਨਾਲ ਵਿਚਾਰ-ਵਟਾਂਦਰੇ ਤੋਂ ਪਿਛੋਂ ਵੇਦਾਂਤੀ ਜੀ ਇਸ ਸ਼ਰਤ 'ਤੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਲਗਣਾ ਮੰਨ ਗਏ ਸਨ ਕਿ ਉਨ੍ਹਾਂ ਨੂੰ ਦਰਬਾਰ ਸਾਹਿਬ ਦੀ ਸੇਵਾ ਕਰਨ ਤੋਂ ਨਹੀਂ ਰੋਕਿਆ ਜਾਵੇਗਾ। ਇਹੋ ਜਿਹੀ ਸ਼ਰਤ ਨਵਾਬੀ ਲੈਣ ਲਗਿਆਂ ਨਵਾਬ ਕਪੂਰ ਸਿੰਘ ਨੇ ਵੀ ਮੰਨਵਾਈ ਸੀ। ਅਹੁਦੇ ਨਾਲ ਸੇਵਾ ਭਾਵਨਾ ਵਿਚ ਨਿਭਣ ਦੀ ਪੰਥਕ ਪਰੰਪਰਾ ਵੇਦਾਂਤੀ ਜੀ ਕੋਲੋਂ ਸੁਤੇ ਹੀ ਨਿਭਾਈ ਗਈ ਸੀ। ਗੁਰੂ ਦਾ ਭਾਣਾ ਇਵੇਂ ਹੀ ਵਰਤਦਾ ਰਹਿੰਦਾ ਹੈ। ਅਹੁਦੇ ਵਜੋਂ ਜਦੋਂ ਉਹ ਯੋਗੀ ਹਰਿਭਜਨ ਸਿੰਘ ਦੇ ਸੱਦੇ 'ਤੇ ਐਸਪੈਨੋਲਾ (ਅਮਰੀਕਾ) ਗਏ ਸਨ ਤਾਂ ਉਨ੍ਹਾਂ ਦੇ ਨਾਲ ਦਰਬਾਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ ਸਿੰਘ ਸਾਹਿਬ ਗੁਰਬਚਨ ਸਿੰਘ ਵੀ ਸਨ। ਮੇਰੀ ਜ਼ਿੰਮੇਵਾਰੀ ਇਨ੍ਹਾਂ ਪੰਥਕ ਹਸਤੀਆਂ ਦੀ ਦੇਖਭਾਲ ਦੀ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਮੈਂ ਉਥੇ ਅਮਰੀਕਨ ਸਿੰਘਾਂ ਨੂੰ ਭਾਸ਼ਾ, ਸਭਿਆਚਾਰ ਅਤੇ ਸਿੱਖ ਧਰਮ ਪੜ੍ਹਾ ਰਿਹਾ ਸਾਂ। ਉਨ੍ਹਾਂ ਨੂੰ ਨੇੜਿਉਂ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਉਨ੍ਹਾਂ ਨੂੰ ਦੂਰੋਂ ਜਾਣਨ ਅਤੇ ਨੇੜਿਓਂ ਵੇਖਣ ਵਿਚ ਫਰਕ ਮੈਨੂੰ ਉਦੋਂ ਸਮਝ ਆ ਗਿਆ ਸੀ। ਵੱਖਰੀ ਜਥੇਦਾਰੀ ਦਿੱਖ ਦੇ ਬਾਵਜੂਦ ਉਨ੍ਹਾਂ ਦਾ ਸਹਿਚਾਰ ਨਿਮਰ, ਖੁੱਲ੍ਹਾ ਅਤੇ ਪਾਰਦਰਸ਼ੀ ਸੀ। ਉਹ ਇਤਿਹਾਸ ਨਾਲੋਂ ਵਧ ਬਾਣੀ ਬਾਰੇ ਬੋਲਦੇ ਸਨ ਅਤੇ ਇਤਿਹਾਸ ਦਾ ਸ੍ਰੋਤ, ਬਾਣੀ ਨੂੰ ਹੀ ਮੰਨਦੇ ਸਨ। ਹੁਣ ਜਦੋਂ ਇਤਿਹਾਸ ਦੀ ਪੁਸ਼ਟੀ ਵਾਸਤੇ ਬਾਣੀ ਨੂੰ ਵਰਤਣਾ ਸ਼ੁਰੂ ਹੋ ਗਿਆ ਹੈ ਤਾਂ ਵੇਦਾਂਤੀ ਜੀ ਇਸ ਕਰਕੇ ਵੀ ਯਾਦ ਆਉਂਦੇ ਹਨ, ਕਿਉਂਕਿ ਉਹ ਇਤਿਹਾਸ ਨੂੰ ਬਾਣੀ ਦੀ ਲੋੜ ਮੁਤਾਬਿਕ ਹੀ ਵਰਤਦੇ ਸਨ। ਸਿੱਖ ਪ੍ਰਬੰਧਨ ਅੰਦਰ ਪੈਦਾ ਹੋ ਗਈ ਗ੍ਰੰਥੀ ਸ਼੍ਰੇਣੀ ਦੀ ਸ਼ੈਲੀ ਨਾਲੋਂ ਵੱਖਰੇ ਲਗਣ ਕਰਕੇ ਉਹ ਮੈਨੂੰ ਗ੍ਰੰਥੀ ਸ਼੍ਰੇਣੀ ਅਤੇ ਸਿੱਖ ਅਕਾਦਮਿਕਤਾ ਵਿਚਕਾਰ ਪੁਲ ਵਾਂਗ ਨਜ਼ਰ ਆਏ ਸਨ। ਉਨ੍ਹਾਂ ਨੂੰ ਸਿੱਖ ਇਤਿਹਾਸ ਦੇ ਸੋਮਿਆਂ ਦੀ ਬਹੁਤ ਸਮਝ ਸੀ ਅਤੇ ਗੁਰਬਾਣੀ ਵਿਆਕਰਣ ਦੇ ਉਹ ਵਿਸ਼ੇਸ਼ਗ ਸਨ। ਪ੍ਰੋ. ਸਾਹਿਬ ਸਿੰਘ ਦਾ ਵਿਦਿਆਰਥੀ ਹੋਣ ਕਰਕੇ ਮੈਨੂੰ ਉਨ੍ਹਾਂ ਦੀ ਇਹ ਪਹੁੰਚ ਬਹੁਤ ਚੰਗੀ ਲੱਗਦੀ ਸੀ। ਕਹਿੰਦਿਆਂ-ਸੁਣਦਿਆਂ ਅਜਿਹੀ ਨੇੜਤਾ ਬਣੀ ਕਿ ਲਗਾਤਾਰ ਨਿਭਦੀ ਰਹੀ ਸੀ। ਉਨ੍ਹਾਂ ਨਾਲ ਹਰ ਕਿਸੇ ਦੀ ਮਿਸ਼ਨਰੀ ਅਤੇ ਅਕਾਦਮਿਕ ਸਾਂਝ ਸਹਿਜ ਨਾਲ ਹੀ ਨਿਭਦੀ ਰਹੀ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਚ ਮੇਰਾ ਵਿਦਿਆਰਥੀ ਡਾ. ਗੁਲਜ਼ਾਰ ਸਿੰਘ ਕੰਗ ਮੁਖੀ ਬਣ ਗਿਆ ਸੀ ਅਤੇ ਵੇਦਾਂਤੀ ਜੀ ਨਾਲ ਰਲ ਕੇ ਗੁਰਬਾਣੀ ਦੇ ਟਕਸਾਲੀ ਟੀਕੇ ਨਾਲ ਸਬੰਧਤ ਪ੍ਰਾਜੈਕਟ 'ਤੇ ਕੰਮ ਕਰ ਰਿਹਾ ਸੀ। ਅਕਸਰ ਇਸ ਪ੍ਰਾਜੈਕਟ ਨੂੰ ਲੈ ਕੇ ਇਕੱਠੇ ਹੋਣ ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ ਰਹਿੰਦਾ ਸੀ ਅਤੇ ਵੇਦਾਂਤੀ ਜੀ ਦੀ ਸਮਝ ਤੇ ਅਨੁਭਵ ਦਾ ਪ੍ਰਭਾਵ ਮੇਰੀ ਮਾਨਸਿਕਤਾ 'ਤੇ ਲਗਾਤਾਰ ਪੈਂਦਾ ਰਿਹਾ ਸੀ। ਉਹ ਆਪਣੀ ਤਕਨੀਕੀ ਪੁਖਤਗੀ ਨੂੰ ਆਮ ਬੋਲ-ਚਾਲ ਉਤੇ/ਵਿਚ ਹਾਵੀ ਨਹੀਂ ਹੋਣ ਦਿੰਦੇ ਸਨ ਅਤੇ ਅਕਾਦਮਿਕ ਫਿਕਰੇਬਾਜ਼ੀ ਦਾ ਬੇਬਾਕ ਅਨੰਦ ਲੈਂਦੇ ਰਹਿੰਦੇ ਸਨ। ਉਹ ਨਾਲ ਨਾਲ ਚਲ ਰਹੇ ਸਨ ਤਾਂ ਇਸ ਤਰ੍ਹਾਂ ਨਹੀਂ ਲੱਗਦਾ ਸੀ, ਜਿਵੇਂ ਅੱਜ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਲੱਗ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਗ੍ਰੰਥੀਪਨ ਵਿਚੋਂ ਪੁਜਾਰੀ ਪ੍ਰਭਾਵ ਮਨਫੀ ਸੀ ਅਤੇ ਉਨ੍ਹਾਂ ਦੀ ਵਿਦਵਤਾ ਵਿਚੋਂ ਫੁਹੜ ਸਿਆਣਪ ਵੀ ਮਨਫੀ ਸੀ। ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁੰਦਿਆਂ ਉਨ੍ਹਾਂ ਵਿਚੋਂ ਅਹੁਦੇ ਦਾ ਪ੍ਰਭਾਵ "ਚਖਿ ਛੋਡੀ ਸਹਸਾ ਨਹਿ ਕੋਇ॥ (ਪੰਨਾ 796)" ਦੀ ਭਾਵਨਾ ਵਿਚ ਮਨਫੀ ਸੀ। ਉਨ੍ਹਾਂ ਨੇ ਨਾ ਕਦੇ ਆਪਣੇ ਯੋਗਦਾਨ ਦਾ ਢੰਡੋਰਾ ਪਿਟਿਆ ਸੀ ਅਤੇ ਨਾ ਹੀ ਆਪਣੇ ਅਹੁਦੇ ਨੂੰ ਦੂਸਰੇ ਦੇ ਦੂਸਰੇਪਨ ਵਿਚ ਦਖਲ ਦੇਣ ਦਿੱਤਾ ਸੀ। ਸਾਕਾ ਨੀਲਾ ਤਾਰਾ ਦੇ ਉਹ ਚਸ਼ਮਦੀਦ ਗਵਾਹ ਸਨ। ਹਾਲਾਤ ਨਾਲ ਉਹ ਭਾਣੇ ਵਿਚ ਨਿਭਦੇ ਰਹੇ ਸਨ। ਅਣਕਿਆਸੀਆਂ ਇਨ੍ਹਾਂ ਸੰਕਟ ਦੀਆਂ ਘੜੀਆਂ ਵਿਚ ਉਨ੍ਹਾਂ ਨੇ ਆਪਣਾ ਸਹਿਜ, ਸੰਤੋਖ ਅਤੇ ਬਿਬੇਕ ਕਾਇਮ ਰਖਿਆ ਸੀ। ਜਦੋਂ ਕਦੇ ਉਨ੍ਹਾਂ ਨਾਲ ਧਰਮ ਅਤੇ ਸਿਆਸਤ ਨੂੰ ਲੈ ਕੇ ਗੱਲ ਹੁੰਦੀ ਸੀ, ਤਾਂ ਉਹ ਬਿਨਾ ਲੁਕਾਇਆਂ ਇਹੋ ਜਿਹੀਆਂ ਟਿੱਪਣੀਆਂ ਕਰ ਦਿੰਦੇ ਸਨ, ਜਿਨ੍ਹਾਂ ਨੂੰ ਆਮ ਤੌਰ 'ਤੇ ਕਹਿਣ ਤੋਂ ਗੁਰੇਜ਼ ਕਰਨਾ ਵੀ ਚਾਹੀਦਾ ਹੈ ਅਤੇ ਕੀਤਾ ਵੀ ਜਾ ਰਿਹਾ ਹੈ। ਉਨ੍ਹਾਂ ਨੇ ਚਸ਼ਮਦੀਦ ਗਵਾਹੀਆਂ ਨੂੰ ਹਿਕ ਨਾਲ ਲਾ ਕੇ ਰਖਿਆ ਹੋਇਆ ਸੀ ਅਤੇ ਖਾਸ ਮੌਕਿਆਂ 'ਤੇ ਵੀ ਇਸ ਤਰ੍ਹਾਂ ਦੱਸਦੇ ਹੁੰਦੇ ਸਨ, ਜਿਵੇਂ ਉਹ ਤੱਥਾਂ ਨੂੰ ਕੌਮ ਦੇ ਗਲ ਪੈਣ ਤੋਂ ਬਚਾ ਰਹੇ ਹੋਣ। ਆਪਣਿਆਂ ਦੀਆਂ ਵਧੀਕੀਆਂ ਉਨ੍ਹਾਂ ਨੂੰ ਦੁਸ਼ਮਣਾਂ ਦੀਆਂ ਵਧੀਕੀਆਂ ਵਾਂਗ ਹੀ ਚੁਭਦੀਆਂ ਸਨ, ਪਰ ਉਨ੍ਹਾਂ ਨੇ ਆਪਣੇ ਪੈਰੋਂ ਕਦੇ ਵਿਵਾਦ ਪੈਦਾ ਨਹੀਂ ਹੋਣ ਦਿੱਤਾ ਸੀ। ਬਾਣੀ ਦੀ ਤਾਬਿਆ ਵਿਚ ਘੜੀ





ਤੇ ਪਰਵਾਨ ਚੜ੍ਹੀ ਹੋਈ ਉਨ੍ਹਾਂ ਦੀ ਮਾਨਸਿਕਤਾ ਵਿਚ ਆਪਣੇ ਅਤੇ ਬੇਗਾਨੇ ਆਪਣੀ ਆਪਣੀ ਮੌਜ ਨਾਲ ਵਿਚਰਦੇ ਰਹਿੰਦੇ ਸਨ। ਇਸ ਦਾ ਰਾਜ਼ ਮੈਨੂੰ ਅੱਜ ਇਹੀ ਸਮਝ ਆ ਰਿਹਾ ਹੈ ਕਿ ਉਨ੍ਹਾਂ ਦੀ ਮੁਹੱਬਤੀ ਅਤੇ ਪਾਰਦਰਸ਼ੀ ਮਾਨਸਿਕਤਾ ਦਾ ਕਦੇ ਕਿਸੇ ਨੇ ਨਾਜਾਇਜ਼ ਲਾਭ ਨਹੀਂ ਉਠਾਇਆ ਸੀ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੀ ਸੁਜਗਤਾ ਅਤੇ ਸਮਝ ਇਹੋ ਜਿਹੇ ਮੌਕੇ ਪੈਦਾ ਹੀ ਨਾ ਹੋਣ ਦਿੰਦੀ ਹੋਵੇ। ਉਨ੍ਹਾਂ ਨੇ ਸ਼ਿਕਾਇਤੀ ਖਿੜਕੀ ਸ਼ਾਇਦ ਕਦੇ ਖੋਲ੍ਹੀ ਹੀ ਨਹੀਂ ਸੀ। ਉਹ ਬੇਲੋੜਾ ਨਹੀਂ ਸਨ ਬੋਲਦੇ ਅਤੇ ਕੁਝ ਕਹੇ ਜਾਣ ਦੀ ਲੋੜ ਵਿਚੋਂ ਮਾਪ-ਤੋਲ ਕੇ ਹੀ ਬੋਲਦੇ ਹੁੰਦੇ ਸਨ। ਐਸਪੈਨੋਲਾ (ਅਮਰੀਕਾ) ਦੀ ਫੇਰੀ ਸਮੇਂ ਮੈਂ ਉਨ੍ਹਾਂ ਦੇ ਨਾਲ ਬੈਠਾ ਲੰਗਰ ਛਕ ਰਿਹਾ ਸਾਂ ਕਿ ਇਕ ਪੰਜਾਬੀ ਅਮਰੀਕਨ ਨੇ ਪੰਜਾਬ ਦੀ ਸਿਆਸਤ ਨੂੰ ਲੈ ਕੇ ਵੇਦਾਂਤੀ ਜੀ ਨੂੰ ਖੁਲ੍ਹ ਕੇ ਫੈਸਲੇ ਲੈਣ ਲਈ ਲਲਕਾਰਿਆ ਹੀ ਕਹਿਣਾ ਚਾਹੀਦਾ ਹੈ। ਇਹੋ ਜਿਹੇ ਮੌਕਿਆਂ 'ਤੇ ਵੇਦਾਂਤੀ ਜੀ ਬਹੁਤ ਧਿਆਨ ਨਾਲ ਸੁਣ ਕੇ ਵੀ ਜਵਾਬ ਦੇਣ ਤੋਂ ਪਾਸਾ ਵੱਟ ਜਾਂਦੇ ਹੁੰਦੇ ਸਨ। ਗੱਲ ਨੂੰ ਟਾਲਣ ਲਈ ਮੈਂ ਉਸ ਸਿੱਖ ਨੂੰ ਕਿਹਾ ਕਿ ਜਥੇਦਾਰ ਦੇ ਹੱਕ ਵਿਚ ਹੋ ਕਿ ਜਥੇਦਾਰ ਦੇ ਵਿਰੋਧ ਵਿਚ ਹੋ, ਕਿਉਂਕਿ ਉਸ ਨੂੰ ਇਹ ਤਾਂ ਕਿਹਾ ਨਹੀਂ ਜਾ ਸਕਦਾ ਸੀ ਕਿ 1925 ਦੇ ਐਕਟ ਨੇ ਜਥੇਦਾਰੀ ਸੰਸਥਾ ਨੂੰ ਇੰਨਾ ਵੀ ਸੁਤੰਤਰ ਨਹੀਂ ਰਹਿਣ ਦਿੱਤਾ, ਜਿੰਨਾ ਸੁਤੰਤਰ ਸਮਝ ਕੇ ਤੁਸੀਂ ਫੈਸਲਿਆਂ ਦੀ ਆਸ ਕਰੀ ਜਾ ਰਹੇ ਹੋ। ਵੇਦਾਂਤੀ ਜੀ ਬਿਨਾ ਮੇਰੇ ਵਲ ਵੇਖੇ ਸਿਰਫ ਮੁਸਕਰਾਏ ਸਨ। ਇਸ ਮੁਸਕਰਾਹਟ ਨਾਲ ਉਹ ਹਨੇਰੇ ਰਾਹ ਪਾਰ ਕਰਨ ਦੇ ਮਾਹਰ ਹੋ ਚੁਕੇ ਸਨ ਅਤੇ ਉਨ੍ਹਾਂ ਦੀ ਇਹੀ ਮੁਸਕਰਾਹਟ, ਜੀਭ ਵਾਂਗ ਬੇਲੋੜੇ ਨੂੰ ਬਾਹਰ ਕੱਢ ਦਿੰਦੀ ਸੀ। ਇਸੇ ਕਰਕੇ ਮੈਨੂੰ ਉਹ ਖਿੜੇ ਹੋਏ ਮਸਤਕ ਵਾਲੇ ਗੁਰਸਿੱਖ ਲਗਦੇ ਹਨ।

ਵੇਦਾਂਤੀ ਜੀ ਨਹੀਂ ਰਹੇ ਤਾਂ ਲਗਦਾ ਹੈ ਕਿ ਸਿੱਖ ਸਰਗਰਮੀਆਂ ਨਾਲ ਜੁੜੀ ਹੋਈ ਉਹ ਕਿੰਨੀ ਅਹਿਮ ਸਪੇਸ ਸੰਭਾਲੀ ਬੈਠੇ ਸਨ। ਉਹ ਪੰਥਕਤਾ ਅਤੇ ਅਕਾਦਮਿਕਤਾ ਨਾਲ ਸਹਿਜ ਨਾਲ ਨਿਭੀ ਜਾ ਰਹੇ ਸਨ। ਸਾਬਕਾ ਚੇਅਰਮੈਨ ਘਟਗਿਣਤੀ ਕਮਿਸ਼ਨ ਸ. ਤਰਲੋਚਨ ਸਿੰਘ ਨੇ ਮੈਨੂੰ ਦਸਿਆ ਸੀ ਕਿ ਵੇਦਾਂਤੀ ਜੀ ਪਹਿਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ, ਜਿਨ੍ਹਾਂ ਨੇ ਕੇਂਦਰੀ ਸਰਕਾਰ ਵੱਲੋਂ ਸੱਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ। ਉਹ ਦੱਸਦੇ ਸਨ ਕਿ ਸਿੱਖਾਂ ਨੂੰ ਕੁੜੀ-ਮਾਰ ਦੇ ਇਲਜ਼ਾਮ ਵਿਚ ਉਲਝਾਇਆ ਜਾ ਰਿਹਾ ਸੀ। ਇਸ ਬਾਰੇ ਫੈਸਲਾ ਲੈਣ ਲਈ ਚੋਣਵੇਂ ਸਿੱਖ ਪ੍ਰਤੀਨਿਧਾਂ ਦੀ ਮੀਟਿੰਗ ਬੁਲਾਈ ਗਈ ਸੀ। 200 ਚੋਣਵੇਂ ਸਿੱਖ ਸ਼ਾਮਲ ਹੋਏ ਸਨ ਅਤੇ ਮੀਟਿੰਗ ਦੋ ਘੰਟੇ ਚੱਲੀ ਸੀ। ਵੇਦਾਂਤੀ ਜੀ ਦੇ ਪ੍ਰਧਾਨਗੀ ਭਾਸ਼ਣ ਨੂੰ ਸਭ ਨੇ ਸਲਾਹਿਆ ਸੀ। ਵੇਦਾਂਤੀ ਜੀ ਨੇ ਗੁਰਦੁਆਰਿਆਂ ਵਿਚ ਕੁੜੀ ਬਚਾਓ ਮੁਹਿੰਮ ਚਲਾਉਣ ਲਈ ਕਿਹਾ ਸੀ। ਜਥੇਦਾਰ ਬੰਦਿਆਂ ਹੀ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ ਕਿ ਜਥੇਦਾਰ ਅਕਾਲ ਤਖਤ ਸਾਹਿਬ ਦੀ ਨਿਯੁਕਤੀ ਅਤੇ ਬਰਖਾਸਤਗੀ ਬਾਰੇ ਨਿਯਮਾਵਲੀ ਬਣਾ ਲੈਣੀ ਚਾਹੀਦੀ ਹੈ। ਕਿਸੇ ਵੀ ਪ੍ਰਧਾਨ ਨੇ ਇਸ ਵਲ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਅਤੇ ਨਾ ਹੀ ਕਿਸੇ ਹੋਰ ਜਥੇਦਾਰ ਨੇ ਇਸ ਦੀ ਪੈਰਵਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਕਾਦਮਿਕ ਹਲਕਿਆਂ ਵਿਚ ਇਸ ਬਾਰੇ ਚਰਚਾ ਜ਼ਰੂਰ ਚੱਲੀ ਸੀ, ਪਰ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਦੀ ਦਿਲਚਸਪੀ ਨਾ ਹੋਣ ਕਰਕੇ ਅਕਾਦਮਿਕਤਾ ਵੀ 'ਚੁਪ ਵੀ ਕਰ ਜਾਹਿ' ਵਾਲੇ ਰਾਹ ਪੈ ਗਈ ਸੀ। ਰੌਣ ਵਾਲੀਆਂ ਸਥਿਤੀਆਂ ਵਿਚ ਹੱਸਣ ਦੀ ਢੀਠਤਾਈ ਤੋਂ ਵੇਦਾਂਤੀ ਜੀ ਭਲੀ-ਭਾਂਤ ਵਾਕਫ ਸਨ। ਇਸੇ ਕਰਕੇ ਉਨ੍ਹਾਂ ਨੇ ਵੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਾਰਜਕਾਰੀ ਕਿਉਂ? ਦਾ ਜਵਾਬ ਮੰਗਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਸੀ। ਉਹ ਬਿਨਾ ਲੁਕਾਏ ਦੱਸ ਦਿੰਦੇ ਹੁੰਦੇ ਸਨ ਕਿ ਸਿਆਸਤ ਵਿਚ ਸਭ ਕੁਝ ਮੁਮਕਿਨ ਹੁੰਦਾ ਹੈ। ਆਪਣੇ ਸਮਿਆਂ ਦੇ ਸੁਜੱਗ ਸਿੱਖ ਵੇਦਾਂਤੀ ਜੀ ਬੋਲਦੇ ਤਾਂ ਵਿਦਵਾਨਾਂ ਵਾਂਗ ਸਨ, ਪਰ ਵਿਚਰਦੇ ਹਲੀਮ ਸਿੱਖ ਵਾਂਗ ਸਨ। ਉਨ੍ਹਾਂ ਨੂੰ ਵਿਰਾਸਤੀ ਪੁਰਖਿਆਂ ਦੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹ ਨਾ ਹੋ ਕੇ ਵੀ ਨਾਲ ਤੁਰਦੇ ਲਗਣ ਲੱਗ ਪੈਣਗੇ। ਉਹ ਪਰੰਪਰਕ ਪੁਰਖਿਆਂ ਵਾਂਗ ਉਨਾ ਕੁ ਹੀ ਉਧੜਦੇ ਸਨ, ਜਿੰਨੀ ਕਿਸੇ ਵਿਚ ਉਧੇੜਣ ਦੀ ਰੀਝ ਤੇ ਸਮਰਥਾ ਹੁੰਦੀ ਸੀ।

ਉਹ ਨਹੀਂ ਰਹੇ ਤਾਂ ਮੈਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਜੜ੍ਹੀ-ਬੂਟੀਆਂ ਦਾ ਵੀ ਬਹੁਤ ਗਿਆਨ ਸੀ। ਉਨ੍ਹਾਂ ਦੀ ਇਸ ਸਮਝ ਤੋਂ ਨਾਵਾਕਫ ਹੋਣ ਦਾ ਮੈਨੂੰ ਜੋ ਨੁਕਸਾਨ ਹੋਇਆ, ਉਹ ਜਿਵੇਂ ਹੁਣ ਸਮਝ ਆ ਰਿਹਾ ਹੈ, ਉਸ ਦਾ ਕੀ ਲਾਭ ਹੈ? ਵੈਸੇ ਵੀ ਪਰੰਪਰਕ ਹਕੀਮਾਂ ਵਾਂਗ ਬਹੁਤ ਕੁਝ ਉਹ ਆਪਣੇ ਨਾਲ ਲੈ ਕੇ ਹੀ ਤੁਰ ਗਏ ਹਨ। ਉਨ੍ਹਾਂ ਨੂੰ ਸੁਣਦੇ ਸਾਂ ਤਾਂ ਬਹੁਤ ਕੁਝ ਸਿੱਖਦੇ ਸਾਂ। ਅਕਾਲ ਦੀ ਪਾਲਕ ਸਮਰਥਾ ਦਾ ਜ਼ਿਕਰ ਜਦੋਂ ਉਹ ਕੂੰਜ (ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥ 495) ਅਤੇ ਕੱਛੂ (ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥ 488) ਦੇ ਹਵਾਲੇ ਨਾਲ ਕਰਦੇ ਸਨ ਤਾਂ ਉਨ੍ਹਾਂ ਦਾ ਵਜਦ ਅਤੇ ਵਜੂਦ ਸਮੋਈ ਪਾਰਦਰਸ਼ਤਾ, ਅਰਥਾਂ ਨਾਲੋਂ ਵਧ ਸਮਝ ਆਉਂਦੀ ਸੀ। ਉਹ ਮੇਰੇ ਹਾਣੀ ਸਨ, ਪਰ ਗੁਰਮਤਿ ਗਿਆਨ ਵਿਚ ਮੇਰੇ ਨਾਲੋਂ ਬਹੁਤ ਅੱਗੇ ਸਨ। ਉਹ ਅੱਖਾਂ-ਮੁੰਦੀ ਅਧਿਆਤਮਿਕਤਾ ਨਾਲੋਂ ਅੱਖਾਂ-ਖੁੱਲ੍ਹੀ ਧਾਰਮਿਕਤਾ ਦੇ ਪ੍ਰਤੀਨਿਧ ਲਗਦੇ ਸਨ। ਉਹ ਦਖਲ ਦਿੱਤੇ ਬਿਨਾ ਵਿਚਾਰ-ਵਟਾਂਦਰਿਆਂ ਨਾਲ ਨਿਭਦੇ ਰਹਿੰਦੇ ਸਨ। ਉਨ੍ਹਾਂ ਦੀ ਹਾਜ਼ਰ-ਜਵਾਬੀ ਰੀਸ ਕਰਨਯੋਗ ਸੀ। ਸਮਝਣ ਦੀ ਕੋਸ਼ਿਸ਼ ਕਰਕੇ ਹੀ ਉਹ ਧਿਆਨ ਨਾਲ ਸੁਣਦੇ ਹੁੰਦੇ ਸਨ। ਉਨ੍ਹਾਂ ਨੇ ਜੀਵਨ ਚੜ੍ਹਦੀ ਕਲਾ ਵਿਚ ਜੀਵਿਆ ਸੀ ਅਤੇ ਜਿਸ ਤਰ੍ਹਾਂ ਸਿਹਤ ਨੂੰ ਸੰਭਾਲ ਕੇ ਰਖਿਆ ਹੋਇਆ ਸੀ, ਉਸ ਦੇ ਹਵਾਲੇ ਨਾਲ ਵਿਛੋੜਾ ਦੁਖਦਾਈ ਲਗਦਾ ਹੈ। ਦਿਲ ਹੀ ਤਾਂ ਹੈ, ਜੋ ਦਗਾ ਦੇਣ ਲੱਗਿਆਂ ਅੱਗਾ-ਪਿੱਛਾ ਨਹੀਂ ਵੇਖਦਾ।

ਕੁਲ ਮਿਲਾ ਕੇ ਵੇਦਾਂਤੀ ਜੀ ਚਿਰ ਤੱਕ ਯਾਦ ਆਉਂਦੇ ਰਹਿਣਗੇ, ਕਿਉਂਕਿ ਉਹ ਮਿੱਤਰਾਂ ਨਾਲ ਬੱਚਿਆਂ ਵਾਂਗ ਅਤੇ ਬੱਚਿਆਂ ਨਾਲ ਮਿੱਤਰਾਂ ਵਾਂਗ ਵਿਚਰਦੇ ਰਹੇ ਸਨ। ਇਹੋ ਜਿਹਾ ਹਰ ਕੋਈ ਨਹੀਂ ਹੋ ਸਕਦਾ। ਉਨ੍ਹਾਂ ਦੀਆਂ ਵਿਲੱਖਣਤਾਵਾਂ ਨੂੰ ਲੈ ਕੇ ਕਹਿਣ ਦੇ ਮੌਕੇ ਆਉਂਦੇ ਰਹਿਣਗੇ, ਕਿਉਂਕਿ ਉਨ੍ਹਾਂ ਦੇ ਹਵਾਲੇ ਤੋਂ ਬਿਨਾ ਗ੍ਰੰਥੀਆਂ ਤੇ ਵਿਦਵਾਨਾਂ ਦੇ ਅਤਿ ਲੋੜੀਂਦੇ ਸੰਜੋਗੀ ਮੇਲ ਅਰਥਾਤ ਸਹਿਚਾਰ ਬਾਰੇ ਨਹੀਂ ਸੋਚਿਆ ਜਾ ਸਕਦਾ। ਉਨ੍ਹਾਂ ਨੂੰ ਸਮਝ ਅਤੇ ਅਹੁਦਿਆਂ ਨੇ ਕਦੇ ਇਸ ਤਰ੍ਹਾਂ ਨਹੀਂ ਸਤਾਇਆ ਸੀ, ਜਿਵੇਂ ਸਿੱਖ ਭਾਈਚਾਰੇ ਵਿਚ ਇਸ ਵੇਲੇ ਆਮ ਵੇਖਣ ਨੂੰ ਮਿਲ ਰਿਹਾ ਹੈ। ਉਹ ਨਵਾਜੇ ਹੋਏ ਸਿੱਖ ਵਾਂਗ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਗੁਰੂ ਜੀ ਅੰਗ-ਸੰਗ ਸਹਾਈ ਹੋਵਣ ਅਤੇ ਹਾਮੀਆਂ ਹਿਤੈਸ਼ੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ।

## ਬੇਅਦਬੀ ਕਾਂਡ ਬਾਰੇ ਜਾਂਚ ਅਤੇ ਸਿਆਸੀ ਆਗੂਆਂ ਦੀ ਪਹੁੰਚ

*(ਪਿਛਲੇ ਸਫੇ ਦੀ ਬਾਕੀ)*

ਹੋਵੇਗਾ। ਸਾਨੂੰ ਬੇਅਦਬੀ ਕਾਂਡ ਪ੍ਰਤੀ ਪੰਜਾਬ ਸਰਕਾਰ ਦੀ ਨਾਂਹ ਪੱਖੀ ਪਹੁੰਚ ਤੋਂ ਇਲਾਵਾ ਬੇਰੁਜ਼ਗਾਰੀ, ਗੁੰਡਾਗਰਦੀ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੰਦੀ ਹਾਲਤ ਅਤੇ ਸਮਾਜਿਕ ਸੁਰੱਖਿਆ ਦੇ ਨਾਲ-ਨਾਲ ਮਹਿੰਗਾਈ ਆਦਿ ਮੁੱਦਿਆਂ ਤੇ ਸਰਕਾਰ ਦੀ ਅਸਫਲਤਾ ਉਤੇ ਵੀ ਧਿਆਨ ਕੇਂਦਰਤ ਕਰਦਿਆਂ ਲਾਮਬੰਦੀ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਮਨੁੱਖਤਾ ਦੀ ਏਕਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ ਜਿਸ ਕਰ ਕੇ ਸਿੱਖਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕ ਵੀ ਇਸ ਵਿਚ ਸ਼ਰਧਾ ਰੱਖਦੇ ਹਨ। ਇਸ ਕਰ ਕੇ ਬੇਅਦਬੀ ਕਾਂਡ ਕੇਵਲ ਸਿੱਖਾਂ ਦਾ ਹੀ ਨਹੀਂ ਸਮੁੱਚੇ ਲੋਕਾਂ ਦੀ ਸ਼ਰਧਾ ਦਾ ਮੁੱਦਾ ਸਮਝਦੇ ਇਨਸਾਫ ਲਈ ਸੰਘਰਸ਼ ਕਰਨਾ ਚਾਹੀਦਾ ਹੈ।

## ਤਿੰਨ ਵਿਚਾਰਨਯੋਗ ਮਸਲੇ

ਡਾ. ਹਰਪਾਲ ਸਿੰਘ ਪੰਨੂ*

1. ਹੁਣੇ ਹੁਣੇ ਆਸਟ੍ਰੇਲੀਆ ਦੀ ਸਰਕਾਰ ਨੇ ਫੈਸਲਾ ਸੁਣਾਇਆ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਸਿੱਖ ਬੱਚੇ ਕਿਰਪਾਨ ਪਹਿਨ ਕੇ ਨਹੀਂ ਆਉਣਗੇ। ਇਸ ਨਾਲ ਸਿੱਖ ਜਥੇਬੰਦੀਆਂ ਨੇ ਰੋਸ-ਪ੍ਰਤੀਕਰਮ ਭੇਜਣੇ ਸਨ, ਭੇਜੇ। ਜਥੇਬੰਦੀਆਂ ਦੀ ਸੰਗਤ ਵਿਚ ਹਾਜ਼ਰੀ ਲੱਗ ਜਾਂਦੀ ਹੈ, ਲੱਗ ਗਈ; ਪਰ ਕੀ ਨਾਬਾਲਗ ਬੱਚਿਆਂ ਕੋਲ ਅਜਿਹਾ ਹਥਿਆਰ ਹੋਣਾ ਵਾਜਬ ਹੈ, ਜਿਸ ਨਾਲ ਉਹ ਕਿਸੇ ਨੂੰ ਜ਼ਖਮੀ ਕਰ ਸਕੇ? ਜਦੋਂ ਕੋਈ ਬੱਚਾ ਆਪਣੇ ਸਕੂਲ ਵਿਚ ਕਿਸੇ ਦੂਸਰੇ ਬੱਚੇ ਉਪਰ ਕਿਰਪਾਨ ਨਾਲ ਹਮਲਾ ਕਰ ਦਿੰਦਾ ਹੈ, ਅਪਰਾਧ ਕੇਸ ਲੜਦਿਆਂ ਮਾਪੇ ਅਦਾਲਤ ਵਿਚ ਇਹੀ ਦਲੀਲ ਦਿੰਦੇ ਹਨ ਕਿ ਬੱਚਾ ਅਜੇ ਛੋਟਾ ਹੈ, ਮਾਸੂਮ ਹੈ, ਇਸ ਨੂੰ ਪਤਾ ਨਹੀਂ। ਜਿਸ ਨੂੰ ਪਤਾ ਨਹੀਂ, ਉਸ ਦੇ ਗਾਤਰੇ ਹਥਿਆਰ ਕਿਉਂ ਪਹਿਨਾਇਆ? ਚਾਕੂ, ਬਲੇਡ ਕੰਮ ਆਉਣ ਵਾਲੀਆਂ ਵਸਤਾਂ ਹਨ, ਪਰ ਸਾਲ-ਦੋ ਸਾਲ ਦੇ ਬੱਚੇ ਹੱਥ ਚਾਕੂ ਜਾਂ ਬਲੇਡ ਫੜਾ ਦਿੰਦੇ ਹਾਂ? ਸੋ ਬੱਚੇ ਨੂੰ ਕਿਰਪਾਨ ਪਹਿਨਾਉਣੀ ਜ਼ਰੂਰੀ ਹੈ, ਤਦ ਮਾਪੇ ਉਸ ਦੇ ਗਲ ਵਿਚ ਜਾਂ ਕੰਘੇ ਵਿਚ ਇਕ ਸੈਂਟੀਮੀਟਰ ਦੀ ਚਿੰਨ੍ਹ-ਰੂਪ ਕਿਰਪਾਨ ਪਹਿਨਾ ਦੇਣ।

2. ਸਿੱਖਾਂ ਦੀ ਮੰਗ ਕਾਰਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਫਤਿਹਗੜ੍ਹ ਵਿਚ ਗੁਰੂ ਤੇਗ ਬਹਾਦਰ ਚੇਅਰ ਸਥਾਪਤ ਕੀਤੀ ਜਾਵੇਗੀ। ਅਜਿਹਾ ਕਰਨ ਹਿਤ ਮਾਹਿਰਾਂ ਦੀ ਕਿਸੇ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਜਿਹੜੀ ਯੂਨੀਵਰਸਿਟੀ ਬਣੀ ਹੀ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਹੈ, ਉਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਮ ਵੱਖਰੀ ਚੇਅਰ ਸਥਾਪਤ ਕਰਨੀ ਕਿੰਨੀ ਕੁ ਤਰਕਸੰਗਤ ਹੈ?

ਇਕ ਦੋਸਤ ਨੇ ਫੋਨ 'ਤੇ ਮੈਨੂੰ ਕਿਹਾ, ਬਾਪੂ ਨੇ ਬੱਚਿਆਂ ਵਾਸਤੇ ਵਿਸ਼ਾਲ ਦਸ ਮੰਜ਼ਿਲਾ ਮਹਿਲ ਉਸਾਰ ਦਿੱਤਾ। ਬੱਚੇ ਸਲਾਹ ਕਰਨ ਲੱਗੇ, ਬਾਪੂ ਵਾਸਤੇ ਵੀ ਕੋਈ ਕਮਰਾ ਤਾਂ ਚਾਹੀਦਾ ਹੀ ਹੈ। ਸੋ ਉਨ੍ਹਾਂ ਨੇ ਬਾਹਰਲੇ ਮੇਨ ਗੇਟ ਲਾਗੇ ਬਾਪੂ ਲਈ ਕਮਰਾ ਬਣਾ ਦਿੱਤਾ। ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਮਹਿਲ ਵਿਚਲੀ ਚੇਅਰ ਬਾਪੂ ਵਾਸਤੇ ਉਸਾਰੀ ਬੈਠਕ ਹੋਵੇਗੀ।

3. ਮਹਾਪੁਰਖਾਂ ਦੇ ਨਾਮ ਵਿਗਾੜ ਕੇ ਬੇਅਦਬੀ ਕਰਨ ਦੀ ਪਿਰਤ ਸਿੱਖਾਂ ਵਿਚ ਆਮ ਹੈ। ਮਾਤਾ ਗੁਜਰੀ ਜੀ ਨੂੰ ਮਾਤਾ ਗੁਜਰ ਕੌਰ ਅਤੇ ਮਾਤਾ ਸੁੰਦਰੀ ਜੀ ਨੂੰ ਮਾਤਾ ਸੁੰਦਰ ਕੌਰ ਕਹਿਣ ਦੀ ਬਿਮਾਰੀ ਸਿੱਖ ਮਿਸ਼ਨਰੀ ਕਾਲਜਾਂ ਨੇ ਸੱਤਰਵਿਆਂ ਵਿਚ ਅਜਿਹੀ ਸ਼ੁਰੂ ਕੀਤੀ ਕਿ ਹੁਣ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੀ ਭਾਸ਼ਣਾ ਅਤੇ ਸੱਦੇ-ਪੱਤਰਾਂ ਵਿਚ ਇਹੋ ਵਿਗੜੇ ਨਾਮ ਬੋਲ/ਲਿਖ ਰਹੇ ਹਨ। ਇਤਿਹਾਸਕ ਗੁਰਦੁਆਰਿਆਂ ਦੇ ਮੇਨ ਗੇਟਾਂ ਉਪਰ ਪੱਥਰਾਂ 'ਤੇ ਇਹ ਗਲਤ ਨਾਮ ਖੁਣ ਰੱਖੇ ਹਨ। ਮਾਪੇ ਕਿਸੇ ਸਮੇਂ ਬੱਚੇ ਦਾ ਨਾਮ ਬਦਲਣਾ ਚਾਹੁਣ, ਉਨ੍ਹਾਂ ਨੂੰ ਅਜਿਹਾ ਕਰਨ ਦਾ ਹੱਕ ਹੈ। ਕਦੀ ਸੁਣਿਆ ਹੈ ਕਿ ਬੱਚੇ ਮਾਪਿਆਂ ਦੇ ਨਾਮ ਬਦਲ ਦੇਣ, ਵਿਗਾੜ ਦੇਣ? ਅਸੀਂ ਕਈ ਵਾਰ ਸਬੰਧਿਤਾਂ ਨੂੰ ਖਤ ਲਿਖੇ ਹਨ, ਅਸਰ ਨਹੀਂ।

---

**ਲੇਖਕ ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਚ ਗੁਰੂ ਗੋਬਿੰਦ ਸਿੰਘ ਚੇਅਰ ਪ੍ਰੋਫੈਸਰ ਹੈ।*

**ਜਨਮ ਸ਼ਤਾਬਦੀ 'ਤੇ**

# ਜ਼ਿੰਦਾਬਾਦ! ਵਿਰਕ ਸਾਹਿਬ!!

***ਸਾਹਿਤ ਅਕਾਦਮੀ ਵਲੋਂ 'ਨਵੇਂ ਲੋਕ' ਲਈ ਸਾਹਿਤ ਪੁਰਸਕਾਰ ਪ੍ਰਾਪਤ ਨਾਮੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ (20 ਮਈ 1921 ਤੋਂ 24 ਦਸੰਬਰ 1987) ਦਾ ਜਨਮ ਪਿੰਡ ਫੁੱਲਰਵਨ, ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਪਿਤਾ ਸ. ਆਸਾ ਸਿੰਘ ਵਿਰਕ ਅਤੇ ਮਾਤਾ ਬੀਬੀ ਈਸ਼ਰ ਕੌਰ (ਚੱਠਾ) ਦੇ ਘਰ ਹੋਇਆ। ਉਨ੍ਹਾਂ ਅੰਗਰੇਜ਼ੀ ਦੀ ਐਮ. ਏ. 1942 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਕੀਤੀ ਅਤੇ ਫਿਰ ਲਾਅ ਕਾਲਜ, ਲਾਹੌਰ ਤੋਂ ਐਲ. ਐਲ. ਬੀ. ਕਰਨ ਉਪਰੰਤ ਫੌਜੀ ਅਫਸਰ ਬਣੇ ਤੇ ਫਿਰ 'ਮੁੜ ਵਸਾਊ ਵਿਭਾਗ' ਵਿਚ ਕੰਮ ਕੀਤਾ। ਉਨ੍ਹਾਂ ਨੇ ਕਈ ਉੱਚ ਅਹੁਦਿਆਂ 'ਤੇ ਰਹਿ ਕੇ ਸਰਕਾਰੀ ਸੇਵਾ ਨਿਭਾਈ। ਉਨ੍ਹਾਂ ਦੀਆਂ ਕਹਾਣੀਆਂ ਦਾ ਰੂਸੀ ਅਤੇ ਜਾਪਾਨੀ ਸਹਿਤ ਅਤੇ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਹਥਲੇ ਲੇਖ ਵਿਚ ਵਰਿਆਮ ਸਿੰਘ ਸੰਧੂ ਨੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੂੰ ਉਨ੍ਹਾਂ ਦੀ ਜਨਮ ਸ਼ਤਾਬਦੀ ਮੌਕੇ ਯਾਦ ਕਰਦਿਆਂ ਆਪਣੇ ਨਾਲ 'ਚੁੱਪ-ਚੁਪੀਤੇ ਜਿਹੇ ਪਿਆਰ ਦੇ ਅਹਿਸਾਸ' ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਦੀ ਤੰਦ ਕੱਤੀ ਹੈ। ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਜੇ ਜਾਣਨਾ, ਸਮਝਣਾ ਜਾਂ ਵੇਖਣਾ ਹੋਵੇ ਤਾਂ ਸਾਨੂੰ ਵਿਰਕ ਦੀਆਂ ਕਹਾਣੀਆਂ ਦਾ ਪਾਠ ਤਾਂ ਕਰਨਾ ਹੀ ਪਵੇਗਾ।***

ਕੁਲਵੰਤ ਸਿੰਘ ਵਿਰਕ ਜਿਉਂਦਾ ਹੁੰਦਾ ਤਾਂ ਉਹਨੇ 20 ਮਈ ਨੂੰ ਸੌ ਸਾਲ ਦੇ ਹੋ ਜਾਣਾ ਸੀ, ਪਰ ਕੀ ਕੁਲਵੰਤ ਸਿੰਘ ਵਿਰਕ ਸੱਚੀਂ 'ਮਰ' ਗਿਆ ਹੈ। ਵਿਰਕ ਨੇ ਅਨੇਕਾਂ ਅਮਰ ਕਹਾਣੀਆਂ ਦੀ ਰਚਨਾ ਕੀਤੀ। ਜਦ ਤੱਕ ਉਹ ਕਹਾਣੀਆਂ ਜਿਉਂਦੀਆਂ ਰਹਿਣਗੀਆਂ ਤਾਂ ਵਿਰਕ ਨੂੰ ਕੌਣ ਮਾਰ ਸਕੇਗਾ! ਵਿਰਕ ਓਨਾ ਚਿਰ ਤੱਕ ਜਿਊਂਦਾ ਹੈ, ਜਿੰਨਾ ਚਿਰ ਪੰਜਾਬੀ ਕਹਾਣੀ ਦਾ ਇਤਿਹਾਸ ਜਿਊਂਦਾ ਹੈ।

ਵਿਰਕ ਪੰਜਾਬੀ ਦਾ ਇੱਕੋ-ਇੱਕ ਕਹਾਣੀਕਾਰ ਹੈ, ਜਿਸ ਨੂੰ ਸਾਰੇ ਸਮਿਆਂ ਦੇ ਲੇਖਕ, ਆਲੋਚਕ ਤੇ ਪਾਠਕ ਇੱਕੋ ਜਿੰਨੀ ਮੁਹੱਬਤ ਨਾਲ ਯਾਦ ਕਰਦੇ ਤੇ ਉਸ ਨੂੰ ਪੰਜਾਬੀ ਦਾ ਸਰਵ-ਸ੍ਰੇਠ ਕਥਾਕਾਰ ਆਖ ਕੇ ਮਾਣ ਨਾਲ ਵਡਿਆਉਂਦੇ ਹਨ। ਉਹਦੀ ਵਡੱਤਣ ਨੂੰ ਤਸਲੀਮ ਕਰਨ ਵਾਲਿਆਂ ਵਿਚ ਉਸ ਦੇ ਪੂਰਵਕਾਲੀ, ਸਮਕਾਲੀ ਤੇ ਉਤਰਕਾਲੀ ਲੇਖਕ ਸ਼ਾਮਲ ਹਨ। ਪੰਜਾਬੀ ਨਾਵਲ ਦੀ ਸਿਖਰਲੀ ਹਸਤੀ ਗੁਰਦਿਆਲ ਸਿੰਘ ਲਈ ਉਹ 'ਮਹਾਨ ਕਹਾਣੀਕਾਰ'; ਕਰਤਾਰ ਸਿੰਘ ਦੁੱਗਲ ਲਈ, 'ਸਿਖਰ 'ਤੇ ਖਲੋਤਾ ਸ਼ਹਿਨਸ਼ਾਹ' ਤੇ ਅਜੀਤ ਕੌਰ ਲਈ 'ਪੰਜਾਬੀ ਕਹਾਣੀ ਦਾ ਵਾਰਿਸ' ਹੈ।



**ਵਰਿਆਮ ਸਿੰਘ ਸੰਧੂ**

ਪ੍ਰੇਮ ਪ੍ਰਕਾਸ਼ ਮੁਤਾਬਕ ਜੇ ਕੋਈ ਪੰਜਾਬੀ ਕਹਾਣੀ ਦੀ ਪ੍ਰਾਪਤੀ ਹੈ ਤਾਂ ਉਹ ਹੈ, ਕੁਲਵੰਤ ਸਿੰਘ ਵਿਰਕ। ਡਾ. ਟੀ. ਆਰ. ਵਿਨੋਦ ਅਨੁਸਾਰ 'ਵਿਰਕ ਵਰਗੀਆਂ ਕਹਾਣੀਆਂ ਤਾਂ ਪੰਜਾਬੀ ਵਿਚ ਬਹੁਤ ਹਨ, ਪਰ ਉਹਦੇ ਵਰਗਾ ਕਹਾਣੀਕਾਰ ਕੋਈ ਨਹੀਂ। ਉਹ ਆਪਣੀ ਮਿਸਾਲ ਆਪ ਹੈ।' ਆਪਣੇ ਵੇਲਿਆਂ ਵਿਚ ਖ਼ੁਦ ਸੰਤ ਸਿੰਘ ਸੇਖੋਂ ਨੇ ਇਹ ਮੰਨਿਆ ਸੀ ਕਿ ਉਸ ਤੋਂ ਪਿੱਛੋਂ ਲਿਖਣਾ ਸ਼ੁਰੂ ਕਰ ਕੇ ਕੁਲਵੰਤ ਸਿੰਘ ਵਿਰਕ ਚੁਪਕੇ ਜਿਹੇ ਉਸ ਤੋਂ ਅੱਗੇ ਲੰਘ ਗਿਆ।' ਏਨੇ ਵੱਡੇ ਨਾਵਾਂ ਸਾਹਮਣੇ ਜੇ ਵਰਿਆਮ ਸਿੰਘ ਸੰਧੂ ਵੀ ਇਹ ਗੱਲ ਆਖੇ ਕਿ ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦਾ ਸਿਖਰ ਸੀ ਤਾਂ ਕਿਹੜੀ ਏਡੀ ਗੱਲ ਏ!

ਅੱਜ ਜੇ ਪੰਜਾਬੀ ਕਹਾਣੀ ਕਿਸੇ ਉਚਾਣ 'ਤੇ ਹੋਣ ਦਾ ਦਾਅਵਾ ਕਰਦੀ ਹੈ ਤਾਂ ਉਹਦੇ ਪੈਰਾਂ ਹੇਠਾਂ ਕੁਲਵੰਤ ਸਿਘ ਵਿਰਕ ਦਾ ਹੱਥ ਹੈ। ਉਹ ਪੰਜਾਬੀ ਕਹਾਣੀ ਦਾ 'ਧਰਤੀ ਹੇਠਲਾ ਬੌਲਦ' ਸੀ। ਇਹ ਕੁਲਵੰਤ ਸਿੰਘ ਵਿਰਕ ਹੀ ਸੀ, ਜਿਸ ਨੇ ਛੋਟੀ ਕਹਾਣੀ ਤੋਂ ਇਲਾਵਾ ਕਿਸੇ ਵੀ ਹੋਰ ਵਿਧਾ 'ਤੇ ਹੱਥ ਨਹੀਂ ਅਜ਼ਮਾਇਆ, ਸਗੋਂ ਉਸ ਨੇ ਛੋਟੀ ਕਹਾਣੀ ਨੂੰ ਹੀ ਵਸਤੂ ਤੇ ਪੇਸ਼ਕਾਰੀ ਦੇ ਸੰਤੁਲਿਤ ਸੰਯੋਗ ਰਾਹੀਂ ਇਸ ਕਲਾਤਮਕ ਬੁਲੰਦੀ 'ਤੇ ਪਹੁੰਚਾ ਦਿੱਤਾ ਕਿ ਉਸ ਨੂੰ 'ਛੋਟੀ ਕਹਾਣੀ ਦੇ ਵੱਡੇ ਲੇਖਕ' ਵਜੋਂ ਯਾਦ ਕੀਤਾ ਜਾਣ ਲੱਗਾ।

ਵਿਰਕ ਦੀਆਂ ਪਹਿਲੇ ਦੌਰ ਦੀ ਕਹਾਣੀਆਂ ਵਿਚ ਵਿਸ਼ੇਸ਼ ਕਰਕੇ ਤੇ ਪਿਛਲੇ ਦੌਰ ਦੀਆਂ ਕਹਾਣੀ ਵਿਚ ਆਮ ਕਰਕੇ, ਸਾਨੂੰ ਪੰਜਾਬ ਦਾ ਪਿੰਡ ਆਪਣੀ ਸਾਰੀ ਵਿਭਿੰਨਤਾ ਤੇ ਰੰਗ-ਬ-ਰੰਗਤਾ ਵਿਚ ਬੋਲਦਾ ਸੁਣਈ ਅਤੇ ਜਿਊਂਦਾ-ਵਿਚਰਦਾ ਵਿਖਾਈ ਦਿੰਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਜੇ ਜਾਣਨਾ, ਸਮਝਣਾ ਜਾਂ ਵੇਖਣਾ ਹੋਵੇ ਤਾਂ ਸਾਨੂੰ ਵਿਰਕ ਦੀਆਂ ਕਹਾਣੀਆਂ ਦਾ ਪਾਠ ਤਾਂ ਕਰਨਾ ਹੀ ਪਵੇਗਾ।

ਉਸ ਦੌਰ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਕਿਰਸਾਨੀ ਸਮਾਜ ਭਾਵੇਂ ਵੰਡਿਆ ਤਾਂ ਜਾਤਾਂ, ਜਮਾਤਾਂ ਵਿਚ ਸੀ, ਪਰ ਇਨ੍ਹਾਂ ਵੰਡੀਆਂ ਦੇ ਬਾਵਜੂਦ ਪਿੰਡਾਂ ਦੀ ਭਾਈਚਾਰਕ ਸਾਂਝ ਬੜੀ ਮਜ਼ਬੂਤ ਸੀ। ਆਪਸੀ ਭਾਈਚਾਰਾ ਬੜਾ ਸੰਗਠਿਤ ਸੀ। ਪਿੱਛੋਂ ਹੌਲੀ ਹੌਲੀ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਇਸ ਸਾਂਝ ਵਿਚ ਫਰਕ ਪੈਣਾ ਸ਼ੁਰੂ ਹੋ ਗਿਆ ਸੀ ਤੇ ਨਿਜਮੁਖਤਾ ਦੇ ਰੁਝਾਨ ਵਿਚ ਵਾਧਾ ਹੋ ਜਾਣ ਕਾਰਨ ਪਹਿਲੀਆਂ ਪੀਚਵੀਆਂ ਭਾਈਚਾਰਕ ਸਾਂਝਾਂ ਤਿੜਕਣ-ਟੁੱਟਣ ਵੀ ਲੱਗ ਪਈਆਂ ਸਨ। ਕੁਲਵੰਤ ਸਿੰਘ ਵਿਰਕ ਦੀ ਬਾਰੀਕ ਨਜ਼ਰ ਕਿਰਸਾਣੀ ਸਮਾਜ ਵਿਚ ਵਾਪਰ ਰਹੇ ਇਸ ਪਰਿਵਰਤਨ ਨੂੰ ਤਾੜ ਗਈ ਸੀ। ਵਿਰਕ ਦੀਆਂ ਕਹਾਣੀਆਂ ਵਿਚ ਜਿੱਥੇ ਪੁਰਾਤਨ ਸੰਗਠਿਤ ਭਾਈਚਾਰੇ ਦਾ ਗਲਪ-ਬਿੰਬ ਬੜੀ ਕੁਸ਼ਲਤਾ ਨਾਲ ਉਸਾਰਿਆ ਗਿਆ ਹੈ, ਉਥੇ ਉਸ ਨੇ ਨਵੇਂ ਜ਼ਮਾਨੇ ਦੀਆਂ ਨਵੀਆਂ ਰੌਆਂ ਨੂੰ ਵੀ ਕਲਾਤਮਕ ਜ਼ਬਾਨ ਦਿੱਤੀ ਹੈ। ਉਸ ਦੀਆਂ ਕਹਾਣੀਆਂ: 'ਉਜਾੜ', 'ਤੂੜੀ ਦੀ ਪੰਡ', 'ਉਲਾਮ੍ਹਾ' ਤੇ 'ਮੁਕਤਸਰ' ਆਦਿ ਵਿਚ ਸਾਨੂੰ ਜਿੱਥੇ ਸੰਗਠਿਤ ਭਾਈਚਾਰੇ ਤੇ ਆਪਸੀ ਭਰਪੀ ਸਾਂਝ ਦੇ ਪ੍ਰਮਾਣਿਕ ਹਵਾਲੇ ਮਿਲਦੇ ਹਨ, ਉਥੇ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਟੁੱਟ-ਤਿੜਕ ਰਹੇ ਭਾਈਚਾਰੇ ਦਾ ਪ੍ਰਮਾਣਿਕ ਦ੍ਰਿਸ਼ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।



ਵਿਰਕ ਦੀਆਂ ਸਮੁੱਚੀਆਂ ਕਹਾਣੀਆਂ ਦੇ ਅਧਿਐਨ ਤੋਂ ਇਹ ਤੱਥ ਭਲੀ-ਭਾਂਤ ਉਜਾਗਰ ਹੁੰਦਾ ਹੈ ਕਿ ਉਹ ਔਰਤ ਬਾਰੇ ਬੜਾ ਹੀ ਸੰਵੇਦਨਸ਼ੀਲ ਹੈ ਅਤੇ ਨਵੇਂ ਸਮਾਜ ਦੀ ਉਸਾਰੀ ਵਿਚ ਉਸ ਨੂੰ ਔਰਤ ਦਾ ਰੋਲ ਬੜਾ ਹੀ ਅਹਿਮ ਲੱਗਦਾ ਹੈ। ਪਿਛਲੇ ਦੌਰ ਵਿਚ, ਜਦੋਂ ਉਹ ਸ਼ਹਿਰੀ ਜੀਵਨ ਵਿਚ ਪੜ੍ਹ, ਬਦਲ ਤੇ ਸਮਾਜ ਦੀ ਉਸਾਰੀ ਵਿਚ ਹਿੱਸਾ ਪਾ ਰਹੀ ਔਰਤ ਦੇ ਚਿੱਤਰ ਉਲੀਕਦਾ ਹੈ, ਤਾਂ ਉਸ ਨੂੰ ਅਜਿਹੀਆਂ ਔਰਤਾਂ 'ਸ਼ੇਰਨੀਆਂ' ਲੱਗਦੀਆਂ ਹਨ ਅਤੇ ਉਨ੍ਹਾਂ ਵਿਚ ਉਸ ਨੂੰ ਨਵੇਂ ਭਾਰਤ ਦੀ ਆਤਮਾ ਵੱਸਦੀ ਨਜ਼ਰ ਆਉਂਦੀ ਹੈ। ਨਵੇਂ ਭਾਰਤ ਦੀਆਂ ਪ੍ਰਤੀਨਿਧ ਅਜਿਹੀਆਂ ਸਮਰੱਥ ਔਰਤਾਂ ਨੂੰ ਉਹ 'ਨਮਸਕਾਰ' ਕਰਦਾ ਹੈ। ਉਹ ਔਰਤ ਦੀ ਸਿਰਜਣਹਾਰੀ ਸਮਰੱਥਾ ਨੂੰ ਵੀ ਨਮਸਕਾਰ ਕਰਦਾ ਹੈ, ਜਿਸ ਵਿਚ ਮਰਦ ਨਾਲੋਂ ਬਰਦਾਸ਼ਤ ਕਰਨ ਦੀ ਸ਼ਕਤੀ ਵੀ ਵਧੇਰੇ ਹੈ ਅਤੇ ਉਹ ਆਪਣੇ ਆਪ ਨੂੰ ਹਾਲਾਤ ਦੇ ਮੁਤਾਬਕ ਢਾਲ ਸਕਣ ਦੀ ਵਡੇਰੀ ਸਮਰੱਥਾ ਦੀ ਮਾਲਕ ਵੀ ਹੈ। ਔਰਤ ਦੀ ਨਵੇਂ ਹਾਲਾਤ ਨਾਲ ਨਿਪਟਣ ਤੇ ਉਸ ਅਨੁਕੂਲ ਆਪਣੇ ਆਪ ਨੂੰ ਢਾਲ ਸਕਣ ਤੇ ਆਪਣੀਆਂ ਜੜ੍ਹਾਂ ਨਵੀਂ ਜ਼ਮੀਨ ਵਿਚ ਗੱਡ ਸਕਣ ਦੀ ਅਥਾਹ ਸਮਰੱਥਾ ਦੀ ਮਿਸਾਲ, ਕਹਾਣੀ 'ਖੱਬਲ' ਵਿਚੋਂ ਵੇਖੀ ਜਾ ਸਕਦੀ ਹੈ।

ਅਸਲ ਵਿਚ ਵਿਰਕ ਔਰਤ-ਮਰਦ ਸੰਬੰਧਾਂ ਨੂੰ ਭੂਪਵਾਦੀ ਕੀਮਤਾਂ ਦੇ ਚੌਖਟੇ ਵਿਚ ਰੱਖ ਕੇ ਵੇਖਣ ਦੀ ਥਾਂ ਨਜ਼ਰ ਦੀ ਤਾਜ਼ਗੀ ਨਾਲ ਵੇਖਦਾ ਹੈ। ਉਹ ਔਰਤ-ਮਰਦ ਸੰਬੰਧਾਂ ਨਾਲ ਜੁੜੀ ਸਾਧੂਵਾਦੀ ਨੈਤਿਕਤਾ ਦਾ ਮੁਦੱਈ ਨਹੀਂ। ਨਾ ਹੀ ਉਹ ਇਹ ਸਮਝਦਾ ਹੈ ਕਿ ਕੋਈ ਵਿਸ਼ਾ ਇਸ ਕਰਕੇ ਜ਼ਿਕਰਯੋਗ ਨਹੀਂ ਕਿ ਸਮਾਜ ਉਸ ਨੂੰ ਵਰਜਿਤ ਸਮਝਦਾ ਹੈ। ਉਸ ਅਨੁਸਾਰ ਤਾਂ ਜਿਹੜਾ ਜਜ਼ਬਾ ਲੱਖਾਂ ਲੋਕਾਂ ਦੇ ਦਿਲਾਂ ਵਿਚ ਧੜਕਦਾ ਹੈ, ਉਸ ਨੂੰ ਸਾਹਿਤ ਵਿਚ ਵੀ ਪੇਸ਼ ਕਰਨਾ ਕੋਈ ਮਾੜੀ ਗੱਲ ਨਹੀਂ।

ਔਰਤ ਹੀ ਨਹੀਂ, ਪੰਜਾਬ ਦੇ ਕਿਸਾਨੀ ਭਾਈਚਾਰੇ ਵਿਚ ਮਰਦ ਕੋਲ ਵੀ ਦੁੱਖ ਨੂੰ ਸਹਿ ਸਕਣ ਦੀ ਬੇਮਿਸਾਲ ਸਮਰੱਥਾ ਹੈ। ਅਸਲ ਵਿਚ ਪੰਜਾਬ ਦੇ ਕਿਰਸਾਨ ਦਾ ਜੀਵਨ ਬੜਾ ਸੰਕਟਾਂ ਭਰਿਆ ਰਿਹਾ ਹੈ। ਧਰਤੀ ਦੀ ਹਿੱਕ ਚੀਰਦੇ, ਧਰਤੀ ਜਿੱਡੇ ਜੇਰਿਆਂ ਵਾਲੇ, ਇਹ ਲੋਕ ਸਿਰਾਂ ਉੱਤੇ ਪਏ ਸੰਕਟਾਂ ਦੇ ਸਨਮੁੱਖ ਹੋਣਾ 'ਤੇ ਉਨ੍ਹਾਂ ਨੂੰ ਸਹਿਣਾ ਜਾਣਦੇ ਹਨ। ਇਸ ਦੀ ਸਭ ਤੋਂ ਉੱਤਮ ਮਿਸਾਲ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਹੈ। ਬਜ਼ੁਰਗ ਬਾਪ ਆਪਣੇ ਪੁੱਤ ਦੀ ਮੌਤ ਦੀ ਖ਼ਬਰ ਆਪਣੇ ਪੁੱਤ ਦੇ ਦੋਸਤ ਤੋਂ ਲੁਕਾਈ ਰੱਖਦਾ ਹੈ, ਕਿਉਂਕਿ ਉਹ ਨਹੀਂ ਚਾਹੁੰਦਾ ਕਿ ਉਹਦੇ ਪੁੱਤ ਦੇ ਦੋਸਤ ਮਾਨ ਸਿੰਘ ਦੀ ਛੁੱਟੀ ਖਰਾਬ ਹੋਵੇ। ਕਹਾਣੀ ਦੂਜੇ ਦੇ ਸੁਖ ਲਈ ਆਪ ਦੁੱਖ ਸਹਿ ਸਕਣ ਦੀ ਸਾਧਾਰਨ ਬੰਦੇ ਦੀ ਅਸਾਧਾਰਨ ਸਮਰੱਥਾ ਦਾ ਬਿਰਤਾਂਤ ਹੈ।

ਉਹ ਮੌਤ ਅਤੇ ਜ਼ਿੰਦਗੀ ਦੀ ਕਸ਼ਮਕਸ਼ ਨੂੰ ਸਹਿਜ-ਸੰਤੁਲਨ ਵਿਚ ਬੰਨ੍ਹ ਕੇ ਪੇਸ਼ ਕਰ ਸਕਣ ਦੇ ਹੁਨਰ ਦਾ ਬੇਮਿਸਾਲ ਸਿਰਜਕ ਹੈ। ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਸਦਾ ਵਿਰਕ ਦੀ ਕਹਾਣੀ ਵਿਚੋਂ ਸਿੱਖਣ ਲਈ ਮਿਲਦਾ ਰਹੇਗਾ।



ਉਹ ਬਹੁਤ ਬਾਰੀਕ-ਬੁੱਧ ਕਥਾਕਾਰ ਸੀ। ਕਈ ਵਾਰ ਆਮ ਜਿਹੇ ਪਾਠਕ ਨੂੰ ਉਹਦੀ ਗੱਲ ਦੇ ਅਰਥ ਸਮਝਣ ਲਈ ਸੋਚਣਾ ਪੈਂਦਾ ਹੈ।

ਨਵੀਂ-ਨਵੀਂ ਗਿਆਨੀ ਪਾਸ ਕਰ ਕੇ ਆਏ ਸਾਡੇ ਗਿਆਨੀ ਮਾਸਟਰ ਨੇ ਸਾਨੂੰ ਨੌਵੀਂ ਜਮਾਤ ਵਿਚ ਕਹਾਣੀ ਪੜ੍ਹਾਉਣ ਸਮੇਂ ਵਿਰਕ ਦੀ ਕਹਾਣੀ 'ਮੁਰਦੇ ਦੀ ਤਾਕਤ' ਬਾਰੇ ਕਿਹਾ, "ਇਹ ਵਿਰਕ ਐਵੇਂ ਜਿਹਾ ਈ ਕਹਾਣੀਕਾਰ ਹੈ। ਪਤਾ ਈ ਨਹੀਂ ਲੱਗਦਾ ਕਿ ਕਹਿਣਾ ਕੀ ਚਾਹੁੰਦਾ ਏ! ਇਹਨੂੰ ਛੱਡੋ ਅਗਲੀ ਕਹਾਣੀ ਪੜ੍ਹਦੇ ਹਾਂ!"

ਮੇਰੀ ਜ਼ਿੰਦਗੀ ਵਿਚ ਉਹ ਪਹਿਲਾ ਤੇ ਆਖਰੀ ਬੰਦਾ ਸੀ, ਜਿਸ ਨੇ ਵਿਰਕ ਬਾਰੇ ਅਜਿਹੀ ਟਿੱਪਣੀ ਕੀਤੀ।

ਜਦ ਮੈਂ 1975 ਵਿਚ ਐਮਰਜੈਂਸੀ ਲੱਗਣ ਕਰ ਕੇ ਜੇਲ੍ਹ ਵਿਚ ਸਾਂ ਤਾਂ ਮੈਂ ਪੰਜਾਬੀ ਦੀ ਐਮ. ਏ. ਕਰਨ ਲਈ ਕਿਤਾਬਾਂ ਜੇਲ੍ਹ ਵਿਚ ਹੀ ਮੰਗਵਾ ਲਈਆਂ। ਆਪਣੇ ਅਨਪੜ੍ਹ ਸਾਥੀ ਕੈਦੀਆਂ ਨੂੰ ਵਿਰਕ ਦੀਆਂ ਕਹਾਣੀਆਂ ਪੜ੍ਹ ਕੇ ਸੁਣਾਉਂਦਾ ਤਾਂ ਉਹ ਪੂਰੇ ਧਿਆਨ ਨਾਲ ਸੁਣਦੇ ਤੇ ਕਹਿੰਦੇ, "ਮਜ਼ਾ ਆ ਗਿਆ ਯਾਰ। ਕਮਾਲ ਦਾ ਬੰਦਾ ਐ। ਸਾਡੇ ਮਨਾਂ ਦੀਆਂ ਬੁੱਝ ਲੈਂਦਾ ਏ ਇਹ ਤਾਂ। ਸਾਡੀਆਂ ਈ ਗੱਲਾਂ ਕਰੀ ਜਾਂਦੈ।"

ਨਵੇਂ ਕਹਾਣੀ ਲਿਖਣ ਵਾਲਿਆਂ ਨੂੰ ਵੀ ਕਦੀ ਉਨ੍ਹਾਂ ਲੋਕਾਂ ਨੂੰ ਆਪਣੀਆਂ ਕਹਾਣੀਆਂ ਪੜ੍ਹ ਕੇ ਸੁਣਾਉਣੀਆਂ ਚਾਹੀਦੀਆਂ ਨੇ, ਜਿਨ੍ਹਾਂ ਬਾਰੇ ਲਿਖੀਆਂ ਗਈਆਂ ਨੇ। ਫਿਰ ਪਤਾ ਚੱਲੂ ਕਿਸ ਭਾਅ ਵਿਕਦੀ ਏ!

---

## ਵਿਰਕ ਸਾਹਿਬ ਦੀਆਂ ਕੁਝ ਯਾਦਾਂ

1979 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਡਾ. ਸਾਧੂ ਸਿੰਘ ਤੇ ਸੁਰਜੀਤ ਪਾਤਰ ਦੇ ਉੱਦਮ ਨਾਲ ਮੇਰੇ ਨਵੇਂ ਛਪੇ ਕਹਾਣੀ-ਸੰਗ੍ਰਹਿ 'ਅੰਗ-ਸੰਗ' 'ਤੇ ਗੋਸ਼ਟੀ ਰੱਖੀ ਗਈ, ਜਿਸ ਵਿਚ ਵਿਰਕ ਸਾਹਿਬ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਕਿਹਾ, "ਦੋ ਕਹਾਣੀਕਾਰ ਮੇਰੇ ਬਹੁਤ ਨਜ਼ਦੀਕ ਨੇ-ਇੱਕ ਸੁਖਵੰਤ ਕੌਰ ਮਾਨ ਤੇ ਦੂਜਾ ਵਰਿਆਮ ਸੰਧੂ। ਸੁਖਵੰਤ ਕੁਝ ਜ਼ਿਆਦਾ ਨੇੜੇ, ਔਰਤ ਹੋਣ ਕਰ ਕੇ ਨਹੀਂ, ਮੀਲਾਂ ਵਿਚ। ਉਹਦਾ ਪਿੰਡ ਸਾਡੇ ਪਿੰਡ ਦੇ ਨੇੜੇ ਸੀ। ਵਰਿਆਮ ਵੀ ਕਿਹੜਾ ਦੂਰ ਸੀ, ਸਾਡੇ ਦਰਮਿਆਨ ਨਿੱਕਾ ਜਿਹਾ ਰਾਵੀ ਦਰਿਆ ਪੈਂਦਾ ਸੀ। ਦਰਿਆ ਵੀ ਕਾਹਦਾ ਸੀ, ਐਵੇਂ ਪਾਣੀ ਦੀ ਲੀਕ ਜਿਹੀ। ਵਰਿਆਮ ਦੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਲੱਗਦਾ ਏ ਐਹ ਮੇਰਾ ਪਿੰਡ ਏ। ਮੈਂ ਓਥੇ ਬੈਠਾਂ।"

ਫਿਰ ਉਨ੍ਹਾਂ ਮਿੱਠੀ ਜਿਹੀ ਮਸ਼ਕਰੀ ਕੀਤੀ, "ਇੱਕ ਗੱਲ ਵਰਿਆਮ ਨਾਲ ਮੇਰੀ ਹੋਰ ਸਾਂਝੀ ਏ। ਉਹ ਇਹ ਵੇ ਕਿ ਵਿਰਕ ਅਤੇ ਸੰਧੂ ਦੋਵੇਂ ਜਾਹਿਲ ਕੌਮਾਂ ਨੇ!"

ਫਿਰ ਉਨ੍ਹਾਂ ਸਾਡੇ ਦੋਹਾਂ ਦੇ ਵੱਖਰੇਪਨ ਬਾਰੇ ਗੱਲ ਕਰਦਿਆਂ ਕਿਹਾ, "ਇੱਕ ਗੱਲ ਵਰਿਆਮ ਦੀਆਂ ਕਹਾਣੀਆਂ ਵਿਚ ਮੇਰੇ ਤੋਂ ਵੱਖਰੀ ਏ। ਮੈਨੂੰ ਲੱਭੀ ਨਹੀਂ। ਸਾਡੇ ਵੇਲੇ ਪਿੰਡ ਵਿਚ ਕੁਲੈਕਟਿਵ ਐਕਸ਼ਨ ਹੁੰਦਾ ਸੀ। ਮਸਲਨ ਖਾਲ ਖਾਲਣਾ ਹੋਵੇ ਤਾਂ ਰਾਤ ਨੂੰ ਪਿੰਡ ਵਿਚ ਪੀਪਾ ਖੜਕਾ ਦਿਓ, ਸਵੇਰੇ ਲੋਕ ਆਪਣੀਆਂ ਕਹੀਆਂ ਲੈ ਕੇ ਆ ਜਾਂਦੇ। ਰਾਤ-ਬਰਾਤੇ ਚੋਰ ਦਾ ਖੜਕਾ ਸੁਣ ਕੇ ਕਿਸੇ ਆਵਾਜ਼ ਦੇਣੀ ਤਾਂ ਸਾਰਾ ਪਿੰਡ ਉੱਠ ਕੇ ਭੱਜ ਤੁਰਦਾ ਸੀ। ਵਰਿਆਮ ਦੀਆਂ ਕਹਾਣੀਆਂ ਵਿਚ ਇਹ ਮਿਸਿੰਗ ਏ। ਸ਼ਾਇਦ ਹੁਣ ਦਾ ਪਿੰਡ ਇੰਜ ਦਾ ਹੀ ਹੋ ਗਿਆ ਹੋਵੇ। ਮੈਨੂੰ ਨਹੀਂ ਪਤਾ, ਵਰਿਆਮ ਨੂੰ ਬਹੁਤਾ ਪਤਾ ਹੋ ਸਕਦਾ ਏ।"

"ਇੱਕ ਹੋਰ ਗੱਲ ਵਰਿਆਮ ਦੀਆਂ ਕਹਾਣੀਆਂ ਵਿਚ ਮੇਰੇ ਤੋਂ ਵੱਖਰੀ ਏ। ਅਸੀਂ ਕਮਿਊਨਿਸਟਾਂ ਤੋਂ ਡਰਦੇ ਹੁੰਦੇ ਸਾਂ ਜਾਂ ਘੱਟੋ ਘੱਟ ਉਨ੍ਹਾਂ ਦੇ ਨੇੜੇ ਦਿਸਣ ਦੀ ਕੋਸ਼ਿਸ਼ ਕਰਦੇ ਸਾਂ, ਪਰ ਵਰਿਆਮ ਕਮਿਊਨਿਸਟਾਂ ਦੀ ਖੁਲ੍ਹ ਕੇ ਆਲੋਚਨਾ ਕਰਦਾ ਏ!"

ਗੋਸ਼ਟੀ ਤੋਂ ਬਾਅਦ ਬੀਅਰ ਤੇ ਖਾਣ-ਪਾਣ ਕੁਲਵੰਤ ਸਿੰਘ ਵਿਰਕ ਨੇ ਆਪਣੇ ਦਫਤਰ ਵਿਚ ਕੀਤਾ। ਉਹ ਵੱਡੇ ਮੇਜ਼ ਸਾਹਮਣੇ ਆਪਣੀ ਕੁਰਸੀ 'ਤੇ ਸ਼ਹਿਨਸ਼ਾਹ ਬਣਿਆ ਬੈਠਾ ਸੀ। ਪੱਗ ਲਾਹ ਕੇ ਮੇਜ਼ 'ਤੇ ਰੱਖੀ ਹੋਈ। ਉਹਦੀ ਹਾਜ਼ਰੀ ਵਿਚ ਲੇਖਕ-ਮਿੱਤਰ ਆਨੰਦ-ਵਿਭੋਰ ਹੋ ਰਹੇ ਸਨ।

ਇੱਕ ਵਾਰ ਗੁਰਭਜਨ ਗਿੱਲ ਨੇ ਜਗਰਾਓਂ ਕਾਲਜ ਵਿਚ ਕਹਾਣੀ ਦਰਬਾਰ ਰੱਖਿਆ। ਰਾਮ ਸਰੂਪ ਅਣਖੀ ਤੇ ਮੈਨੂੰ ਕਹਾਣੀਆਂ ਪੜ੍ਹਨ ਲਈ ਬੁਲਾਇਆ। ਇਕ ਜਣਾ ਸ਼ਾਇਦ ਕੋਈ ਹੋਰ ਵੀ ਸੀ, ਯਾਦ ਨਹੀਂ ਰਿਹਾ। ਵਿਰਕ ਸਾਹਿਬ ਨੇ ਪ੍ਰਧਾਨਗੀ ਕੀਤੀ। ਮੈਂ ਆਪਣੀ ਕਹਾਣੀ 'ਆਪਣਾ ਆਪਣਾ ਹਿੱਸਾ' ਪੜ੍ਹੀ। ਮਰ ਗਈ ਮਾਂ ਦੇ ਫੁੱਲ ਗੰਗਾ ਪਾ ਕੇ ਆਉਣ 'ਤੇ ਉਹਦੇ ਇਲਾਜ 'ਤੇ ਹੋਏ ਖਰਚੇ ਦੀ ਵੰਡ-ਵੰਡਾਈ ਦੇ ਮੁੱਦੇ ਨੂੰ ਲੈ ਕੇ ਕਹਾਣੀ ਦੇ ਅਖੀਰ 'ਤੇ ਆਪਣੇ ਵੱਡੇ ਭਰਾਵਾਂ ਤੇ ਭੈਣ ਦੀ ਵਧੀਕੀ ਤੋਂ ਅੱਕਿਆ ਹੋਇਆ, ਕਹਾਣੀ ਦਾ ਮੁੱਖ-ਪਾਤਰ ਘੁੱਦੂ ਕਹਿੰਦਾ ਏ ਕਿ ਉਹਦੀ ਹਾਲ ਦੀ ਘੜੀ ਪੁੱਜਤ ਨਹੀਂ। ਉਹਦੇ ਹਿੱਸੇ ਦੇ ਫੁੱਲ ਕਿੱਲੀ 'ਤੇ ਟੰਗ ਦਿਓ। ਜਦੋਂ ਪੁੱਜਤ ਹੋਈ, ਮੈਂ ਪਾ ਆਊਂਗਾ। ਫੁੱਲ ਵੰਡ ਦੇ ਹਵਾਲੇ ਨਾਲ ਪ੍ਰਧਾਨਗੀ ਭਾਸ਼ਣ ਦਿੰਦਿਆਂ ਵਿਰਕ ਸਾਹਿਬ ਨੇ ਕਹਾਣੀ ਬਾਰੇ ਮਜ਼ਾਹੀਆ ਟਿੱਪਣੀ ਕੀਤੀ। ਕਹਿੰਦੇ, "ਸਾਡੇ ਕਿਸੇ ਪੜ੍ਹੇ-ਲਿਖੇ ਵਿਰਕ ਨੇ ਵਿਰਕਾਂ ਦੇ ਪਿੰਡਾਂ ਵਿਚ ਜਾ ਕੇ ਕਿਹਾ, 'ਮੈਂ ਵਿਰਕਾਂ ਦਾ ਇਤਿਹਾਸ ਲਿਖ ਰਿਹਾਂ। ਜਦੋਂ ਛਪ ਗਿਆ, ਵਿਰਕ ਅਮਰ ਹੋ ਜਾਣਗੇ; ਪਰ ਕਿਤਾਬ ਛਾਪਣ 'ਤੇ ਪੈਸੇ ਲੱਗਣੇ ਨੇ। ਉਨ੍ਹਾਂ ਦਾ ਰਲ-ਮਿਲ ਕੇ ਇੰਤਜ਼ਾਮ ਕਰ ਦੇਵੋ।' ਤਾਂ ਅੱਗੋਂ ਵਿਰਕ ਕਹਿੰਦੇ, 'ਤੂੰ ਸਾਡੇ ਹਿੱਸੇ ਦੇ ਵਰਕੇ ਸਾਨੂੰ ਦੇ ਜਾਹ। ਅਸੀਂ ਆਪੇ ਛਾਪ ਲਵਾਂਗੇ।'"

ਜਦ ਮੈਂ ਐਮ ਫਿਲ ਕਰਨੀ ਸੀ ਤਾਂ ਮੇਰਾ ਗੁਣਾ ਸਹਿਜੇ ਹੀ ਆਪਣੇ ਸਭ ਤੋਂ ਪਸੰਦੀਦਾ ਕਹਾਣੀਕਾਰ ਵਿਰਕ 'ਤੇ ਹੀ ਪੈਣਾ ਸੀ। ਜੋ ਮੈਂ ਲਿਖਿਆ, ਉਸ ਨੂੰ ਬਾਅਦ ਵਿਚ ਕਿਤਾਬੀ ਸ਼ਕਲ ਵਿਚ ਛਾਪ ਦਿੱਤਾ, "ਕੁਲਵੰਤ ਸਿੰਘ ਵਿਰਕ ਦਾ ਕਹਾਣੀ-ਸੰਸਾਰ।" ਜਗਰਾਓਂ ਵਾਲੇ ਕਹਾਣੀ ਦਰਬਾਰ ਮੌਕੇ ਮੈਂ ਉਹ ਕਿਤਾਬ ਵਿਰਕ ਸਾਹਿਬ ਨੂੰ ਭੇਟ ਕੀਤੀ।

ਉਨ੍ਹਾਂ ਦੇ ਜਿਉਂਦੇ ਜੀ, ਕਈ ਵਾਰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ, ਪਰ ਉਨ੍ਹਾਂ ਮੇਰੀ ਕਿਤਾਬ ਬਾਰੇ ਕਦੀ ਇੱਕ ਵੀ ਸ਼ਬਦ ਨਾ ਬੋਲਿਆ। ਉਹ ਬਹੁਤ ਘੱਟ ਬੋਲਦੇ ਸਨ। ਜਦ ਵੀ ਬੋਲਦੇ, ਪਤੇ ਦੀ ਗੱਲ ਕਰਦੇ ਤੇ ਚੁੱਪ ਹੋ ਜਾਂਦੇ। ਅਗਲਾ ਉਡੀਕਦਾ ਰਹਿੰਦਾ ਕਿ ਕੁਝ ਹੋਰ ਵੀ ਕਹਿਣਗੇ, ਪਰ ਕਹੀ ਜਾਣ ਵਾਲੀ ਗੱਲ ਤਾਂ ਕਹੀ ਜਾ ਚੁਕੀ ਹੁੰਦੀ ਸੀ।

ਕਈ ਸਾਲ ਬਾਅਦ ਮੈਨੂੰ ਜੋਗਿੰਦਰ ਸਿੰਘ ਨਿਰਾਲਾ ਦੀ ਵਿਰਕ ਸਾਹਿਬ ਨਾਲ ਕੀਤੀ ਇੱਕ ਇੰਟਰਵਿਊ ਲੱਭੀ, ਜੋ ਉਨ੍ਹਾਂ ਦੇ ਸਦੀਵੀ ਵਿਛੋੜੇ ਤੋਂ ਕਈ ਸਾਲ ਬਾਅਦ ਛਪੀ ਸੀ। ਉਸ ਵਿਚ ਨਿਰਾਲੇ ਨੇ ਉਨ੍ਹਾਂ 'ਤੇ ਹੋਏ ਆਲੋਚਨਾਤਕ ਕੰਮ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਮੇਰੇ ਬਾਰੇ ਜਿੰਨਾ ਵੀ ਲਿਖਿਆ ਗਿਆ ਏ, ਉਸ ਵਿਚੋਂ ਸਭ ਤੋਂ ਵਧੀਆ ਕਿਤਾਬ ਵਰਿਆਮ ਸਿੰਘ ਸੰਧੂ ਦੀ ਹੈ।"

ਇਹ ਸ਼ਬਦ ਮੇਰੇ ਲਈ ਬਹੁਤ ਵੱਡਾ ਸਨਮਾਨ ਸਨ। ਅਣਮੁੱਲਾ ਸਰਮਾਇਆ!

ਅਸੀਂ ਲਾਇਲਪੁਰ ਖਾਲਸਾ ਕਾਲਜ ਵੱਲੋਂ ਵਿਰਕ ਦੇ ਪਰਿਵਾਰ ਨਾਲ ਮਿਲ ਕੇ 'ਕੁਲਵੰਤ ਸਿੰਘ ਵਿਰਕ ਯਾਦਗਾਰੀ ਪੁਰਸਕਾਰ' ਵੀ ਸ਼ੁਰੂ ਕੀਤਾ ਸੀ। ਗੁਰਬਚਨ ਸਿੰਘ ਭੁੱਲਰ, ਗੁਰਦੇਵ ਸਿੰਘ ਰੁਪਾਣਾ, ਮੋਹਨ ਭੰਡਾਰੀ, ਸੰਤੋਖ ਸਿੰਘ

(ਬਾਕੀ ਅਗਲੇ ਸਫੇ 'ਤੇ)

# ਖੱਬਲ

***ਪੰਜਾਬੀ ਕਹਾਣੀ ਦੇ ਧੰਨਭਾਗ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਬੰਦੇ ਦੇ ਧੁਰ ਅੰਦਰ ਤੱਕ ਮਾਰ ਕਰਨ ਵਾਲੀਆਂ ਹਨ। ਉਹ ਬਹੁਤ ਥੋੜ੍ਹੇ ਸ਼ਬਦਾਂ ਵਿਚ ਵੱਡੀਆਂ ਗੱਲਾਂ ਕਰਨ ਵਾਲਾ ਲੇਖਕ ਸੀ। 2021 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਉਨ੍ਹਾਂ ਦਾ ਜਨਮ 20 ਮਈ 1921 ਨੂੰ ਹੋਇਆ ਸੀ। ਇਸ ਮੌਕੇ ਅਸੀਂ ਉਨ੍ਹਾਂ ਦੀ ਇਕ ਚਰਚਿਤ ਕਹਾਣੀ ਕਹਾਣੀ 'ਖੱਬਲ' ਛਾਪ ਰਹੇ ਹਾਂ, ਜਿਸ ਦਾ ਪਿਛੋਕੜ 1947 ਵਾਲੀ ਵੰਡ ਦਾ ਹੈ। ਇਸ ਵਿਚ ਮਨੁੱਖੀ ਮਨ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ।***

ਕੁਲਵੰਤ ਸਿੰਘ ਵਿਰਕ

ਇਹ ਕਹਾਣੀ ਪਾਕਿਸਤਾਨ ਦੀ ਹੈ।

ਪਾਕਿਸਤਾਨ ਬਣੇ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ। ਇਥੇ ਹਰ ਸ਼ੈ ਉਖੜੀ ਉਖੜੀ ਲਗਦੀ ਸੀ। ਥਾਣਿਆਂ, ਚੌਕੀਆਂ ਵਿਚ ਸਾਮਾਨ ਦੇ ਢੇਰ ਲੱਗੇ ਹੋਏ ਸਨ। ਟਰੰਕ, ਪਲੰਘ, ਪੰਘੂੜੇ, ਮੇਜ਼, ਸੋਫ਼ਾ ਸੈੱਟ, ਤਸਵੀਰਾਂ ਸਭ ਆਪੋ ਆਪਣੀਆਂ ਥਾਵਾਂ ਤੋਂ ਉਖੜ ਕੇ ਥਾਣੇ ਆ ਗਈਆਂ ਸਨ। ਭਲਾ ਪੰਘੂੜਿਆਂ ਤੇ ਤਸਵੀਰਾਂ ਦਾ ਥਾਣਿਆਂ ਵਿਚ ਕੀ ਕੰਮ? ਕਦੀ ਇਨ੍ਹਾਂ ਦੀ ਘਰਾਂ ਵਿਚ ਕੋਈ ਖ਼ਾਸ ਥਾਂ ਹੋਣੀ ਏਂ। ਉਸ ਵੇਲੇ ਘਰ ਵਾਲਿਆਂ ਦਾ ਖ਼ਿਆਲ ਹੋਣਾ ਏਂ ਕਿ ਜੇ ਇਹ ਉਸ ਥਾਂ ਤੋਂ ਬਿਨਾ ਕਿਸੇ ਹੋਰ ਥਾਂ ਰੱਖੇ ਜਾਣ ਤਾਂ ਬੜੇ ਕੋਝੇ ਲੱਗਣ। ਪਰ ਇਸ ਵੇਲੇ ਇਹ ਇਥੇ ਇਕ ਢੇਰ ਵਿਚ ਪਏ ਹੋਏ ਸਨ। ਘਰਾਂ ਦੇ ਭਾਂਡੇ, ਅਲਮਾਰੀਆਂ, ਪੜਛੱਤੀਆਂ ਤੇ ਚੌਂਕਿਆਂ ਵਿਚੋਂ ਨਿਕਲ ਕੇ ਸਰਕਾਰੀ ਦਫ਼ਤਰਾਂ ਦੇ ਸਾਹਮਣੇ ਢੇਰ ਹੋਏ ਪਏ ਸਨ। ਇਨ੍ਹਾਂ ਨੂੰ ਹੁਣ ਕਦੀ ਕਿਸੇ ਮਾਂਜਿਆ ਲਿਸ਼ਕਾਇਆ ਨਹੀਂ ਸੀ, ਗਿਣਿਆ ਨਹੀਂ ਸੀ। ਕਿਸੇ ਇਸਤਰੀ ਮਨੁੱਖ ਦਾ ਹੱਥ ਲੱਗਿਆਂ ਵੀ ਕਈ ਮਹੀਨੇ ਹੋ ਗਏ ਸਨ।

ਪਾਕਿਸਤਾਨ ਵਿਚ ਹਰ ਸ਼ੈ ਉਖੜੀ ਉਖੜੀ ਸੀ। ਕਈਆਂ ਘਰਾਂ ਵਿਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੁਠੀਆਂ ਹੋਈਆਂ ਅੱਖਾਂ ਨਾਲ ਉਹ ਦਵਾਲਿਉਂ ਵੇਖਦੇ ਤੇ ਓਪਰੀਆਂ ਥਾਵਾਂ ਤੇ ਡਰ ਡਰ ਕੇ ਪੈਰ ਧਰਦੇ। ਇਸ ਉੱਥਲ-ਪੁੱਥਲ ਵਿਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ 'ਤੇ ਅਨੇਕਾਂ ਉਖੜੇ ਹੋਏ ਸ਼ਰਨਾਰਥੀ ਰਿੜ੍ਹਦੇ ਫਿਰਦੇ। ਵਾਹਗੇ ਦੇ ਵੱਡੇ ਕੈਂਪ ਤੋਂ ਇਨ੍ਹਾਂ ਨੂੰ ਅਗ੍ਹਾਂ ਠੇਲ੍ਹ ਦਿਤਾ ਜਾਂਦਾ ਤੇ ਫਿਰ ਇਹ ਸ਼ਰਨਾਰਥੀ ਜ਼ਿਲਿਓਂ-ਜ਼ਿਲੇ ਤੇ ਪਿੰਡੋ-ਪਿੰਡ ਪੈਦਲ ਜਾਂ ਗੱਡਿਆਂ ਵਿਚ ਜ਼ਮੀਨ ਦੀ ਭਾਲ ਵਿਚ ਭੌਣ ਲੱਗ ਪੈਂਦੇ।

ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁਰ ਗਈਆਂ ਸਨ ਤੇ ਯਾਰਾਂ ਦੇ ਯਾਰ। ਮਜ਼ਦੂਰਾਂ ਦੇ ਮਿੱਲ ਮਾਲਿਕ ਚਲੇ ਗਏ ਸਨ ਤੇ ਮਿੱਲ ਵਾਲਿਆਂ ਦੇ ਮਜ਼ਦੂਰ ਤੇ ਇਨ੍ਹਾਂ ਸਾਰਿਆਂ ਦੀ ਥਾਂ ਨਵੇਂ ਲੋਕ ਆ ਗਏ ਸਨ। ਇਹ ਨਵੇਂ ਲੋਕ ਕਿਸ ਤਰ੍ਹਾਂ ਦੇ ਸਨ, ਗੰਦੇ ਜਹੇ, ਬੌਂਤਰੇ ਹੋਏ! ਪੁਰਾਣੇ ਲੋਕਾਂ ਵਿਚ ਘੁਲ ਮਿਲ ਨਹੀਂ ਸਕਦੇ ਸਨ। ਸਲਾਮਾਲੈਕਮ ਆਖ ਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦੇ ਸਨ ਸਗੋਂ ਬੂਹੇ ਵਿਚ ਖਲੋ ਕੇ ਝਾਕਦੇ ਰਹਿੰਦੇ। ਜੇ ਕਵਾਓ ਵੀ ਤਾਂ ਵੀ ਨਾ ਕੂੰਦੇ। ਇਨ੍ਹਾਂ ਲੋਕਾਂ ਨੇ ਤੇ ਪਿੰਡਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਸਨ। ਪੁਰਾਣੇ ਵਸਨੀਕਾਂ ਨੂੰ ਵੀ ਆਪਣੇ ਪਿੰਡ ਓਪਰੇ-ਓਪਰੇ ਲੱਗਣ ਲੱਗ ਪਏ ਸਨ। ਕਿਉਂਕਿ ਉਹ ਉਸ ਤਰ੍ਹਾਂ ਦੇ ਪਿੰਡ ਨਹੀਂ ਰਹੇ ਸਨ, ਜਿਨ੍ਹਾਂ ਵਿਚ ਉਹ ਜੰਮੇ ਪਲੇ ਸਨ। ਉਨ੍ਹਾਂ ਦੀਆਂ ਹਵੇਲੀਆਂ ਕੋਲੋਂ ਲੰਘਦੇ ਨਹਿਰਾਂ ਰਜਵਾਹੇ ਵੀ ਬਗਾਨੇ ਹੋ ਗਏ ਸਨ। ਉਹ ਉਥੋਂ ਹੁਣ ਵੁਜ਼ੂ ਨਹੀਂ ਕਰ ਸਕਦੇ ਸਨ। ਕਈ ਦਿਨ ਇਨ੍ਹਾਂ ਨਹਿਰਾਂ ਦਾ ਪਾਣੀ ਲਾਲ ਆਉਂਦਾ ਰਿਹਾ ਸੀ ਤੇ ਕਈ ਸਾਬਤ ਮੁਰਦੇ ਤੇ ਕਈਆਂ ਦੀਆਂ ਲੱਤਾਂ ਬਾਹਾਂ ਰੁੜ੍ਹਦੀਆਂ ਆਉਂਦੀਆਂ ਰਹੀਆਂ ਸਨ। ਇਸ ਪਾਣੀ ਨਾਲ ਹੁਣ ਵੁਜ਼ੂ ਕਿਸ ਤਰ੍ਹਾਂ ਕੀਤਾ ਜਾ ਸਕਦਾ ਸੀ। ਉਹ ਤੇ ਆਪਣੇ ਅੰਞਾਣਿਆਂ ਨੂੰ ਵੀ ਇਨ੍ਹਾਂ ਵਿਚ ਨਹਾਉਣ ਤੋਂ ਹਟਕ ਦੇਂਦੇ। ਅਸਲ ਵਿਚ ਹਰ ਸ਼ੈ ਉਲਟ ਪੁਲਟ ਹੋਈ ਹੋਈ ਸੀ ਤੇ ਆਪਣੇ ਪੁਰਾਣੀ ਹਾਲਤ ਵੱਲ ਆਉਣ ਦਾ ਚਾਰਾ ਕਰ ਰਹੀ ਸੀ। ਹਰ ਸ਼ੈ ਆਪਣੀ ਆਪਣੀ ਥਾਂ ਨੂੰ ਅੜਾਨ ਦੀ, ਪੈਰ ਜਮਾਨ ਦੀ ਕੋਸ਼ਿਸ਼ ਕਰ ਰਹੀ ਸੀ। ਹਰ ਚੀਜ਼ ਪੁਨਰ ਸਥਾਪਨ ਮੰਗਦੀ ਸੀ।

"ਮੁਲਕ ਤੇ ਤਬਾਹ ਹੋ ਗਿਆ ਏ", ਇਕ ਗੱਭਰੂ ਜੱਟ ਨੇ ਆਪਣੇ ਆਲੇ ਦੁਆਲੇ ਦੀ ਉਜਾੜ ਵੇਖ ਕੇ ਆਪਣੇ ਬੁੱਢੇ ਪਿਓ ਨੂੰ ਕਿਹਾ।

"ਹੋ ਤੇ ਹੱਕੀ ਗਿਆ ਏ, ਪਰ ਆਹ ਵੇਖਾਂ ਦੁਨੀਆਂ ਕਿਧਰੇ ਥਾਓਂ-ਥਾਈਂ ਬਹਿ ਜਾਂਦੀ ਏ ਤੇ ਸਭ ਖ਼ੈਰ ਮਿਹਰ ਹੋ ਜਾਏਗੀ।"


"ਇਹ ਤੇ ਐਵੇਂ ਗੱਲਾਂ ਨੇ, ਬਹਿ ਇਨ੍ਹਾਂ ਵਿਚਾਰਿਆਂ ਕਿਥੇ ਜਾਣਾ ਏ, ਇਹ ਤੇ ਗਰਾਹੀ ਨਹੀਂ ਫੜ ਕੇ ਆਪਣੇ ਮੂੰਹ ਵਿਚ ਪਾਣ ਜੋਗੇ।"

"ਨਹੀਂ ਓਇ ਕਮਲਿਆ! ਐਵੇਂ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ ਕੋਈ ਫ਼ਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ ਪੁੱਟ ਕੇ ਪੈਲੀਓਂ ਬਾਹਰ ਸੁੱਟੀਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।"

ਅਸਲ ਵਿਚ ਕਿਧਰੇ ਕਿਧਰੇ ਇਸ ਬੁਢੇ ਦੀ ਗੱਲ ਵਿਚ ਸੱਚਾਈ ਦਿਸ ਰਹੀ ਸੀ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਮਿਲ ਜਾਂਦੀ, ਉਹ ਕੁਝ ਟਿਕ ਜਹੇ ਜਾਂਦੇ। ਕੱਚੀਆਂ ਅਲਾਟ ਹੋਈਆਂ ਪੈਲੀਆਂ ਉਨ੍ਹਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਆਪਣੇ ਨਵਿਆਂ ਵਾੜਿਆਂ ਦੇ ਨੇੜੇ ਉਹ ਨਿਕੇ ਨਿਕੇ ਟੋਏ ਪੁਟ ਕੇ ਉਨ੍ਹਾਂ ਵਿਚ ਗੋਹਿਆਂ ਦੀ ਅੱਗ ਧੁਖਾਈ ਰਖਦੇ ਤੇ ਜਦੋਂ ਜੀ ਕਰਦਾ ਹੁੱਕੇ ਤੇ ਰੱਖ ਕੇ ਇਕੱਠੇ ਬੈਠ ਕੇ ਪੀਂਦੇ। ਸਹਿਜੇ ਸਹਿਜੇ ਉਨ੍ਹਾਂ ਦੀਆਂ ਮੱਝੀਂ ਦਾ ਵੀ ਤ੍ਰੌਹ ਲਹਿ ਜਾਂਦਾ। ਵਾੜਿਆਂ ਦੇ ਅੰਦਰ ਉਹ ਵਣਾਂ ਦੀਆਂ ਟਾਹਣੀਆਂ ਨਾਲ ਆਪਣੇ ਸਿੰਙਾਂ ਨਾਲ ਪਿਛਲੇ ਥਾਂ ਨੂੰ ਖੁਰਕ ਕਰਦੀਆਂ ਤੇ ਕਦੀ ਮੌਜ ਵਿਚ ਆਈਆਂ ਆਪਣੇ ਪਿੰਡੇ ਨੂੰ ਵਾੜੇ ਦੀਆਂ ਕੰਧਾਂ ਨਾਲ ਘਸਰਦੀਆਂ। ਜਦੋਂ ਤਸੀਲਦਾਰ ਜਾਂ ਕੋਈ ਹੋਰ ਅਫ਼ਸਰ ਇਨ੍ਹਾਂ ਲੋਕਾਂ ਦੇ ਨਵੇਂ ਪਿੰਡ ਵਿਚ ਆਉਂਦਾ ਤਾਂ ਉਨ੍ਹਾਂ ਵਿਚੋਂ ਕਈ ਆਪਣੇ ਆਪ ਨੂੰ ਪੈਂਚ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਸਾਂਝੇ ਦੁਖ-ਤਕਲੀਫ਼ਾਂ ਉਹ ਤਸੀਲਦਾਰ ਨੂੰ ਸੁਣਾਉਂਦੇ ਤੇ ਇਸ ਤਰ੍ਹਾਂ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰ ਕੇ ਪਿੰਡ ਵਿਚ ਆਪਣੀ ਲੀਡਰੀ ਦਾ ਮੁੱਢ ਬੰਨ੍ਹਦੇ। ਸਾਧਾਰਨ ਜਿਹੀਆਂ ਗੱਲਾਂ ਨਾਲ ਜਿਵੇਂ ਲੋਕਾਂ ਨੂੰ ਪਿਛ੍ਹਾਂ ਬਿਠਾ ਕੇ, 'ਸਿਰਫ਼ ਇਕ ਆਦਮੀ ਬੋਲੇ' ਕਹਿ ਕੇ, ਅਫ਼ਸਰ ਨੂੰ ਹੁੱਕਾ ਪਾਣੀ ਪੁੱਛ ਕੇ ਉਹ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ। ਇਹ ਗੱਲਾਂ ਦੱਸਦੀਆਂ ਸਨ ਕਿ ਇਸ ਧੱਕੇ ਨੇ ਵੀ ਉਨ੍ਹਾਂ ਨੂੰ ਅਸਲੋਂ ਠੰਢਾ ਨਹੀਂ ਕੀਤਾ ਸੀ।

ਇਹੋ ਜਿਹੇ ਉੱਜੜ ਰਹੇ, ਵਸ ਰਹੇ, ਪਾਕਿਸਤਾਨ ਵਿਚ ਮੈਂ ਭਾਰਤ ਸਰਕਾਰ ਵਲੋਂ ਲੇਜ਼ਾਨ ਅਫ਼ਸਰ ਮੁਕੱਰਰ ਹੋਇਆ। ਮੇਰਾ ਕੰਮ ਧੱਕੋ-ਧੱਕੀ ਉਧਾਲੀਆਂ ਇਸਤਰੀਆਂ ਦੇ ਬਦੋ-ਬਦੀ ਮੁਸਲਮਾਨ ਬਣਾਏ ਟੱਬਰਾਂ ਨੂੰ ਛੁਡਾ ਕੇ ਵਾਪਸ ਹਿੰਦੁਸਤਾਨ ਅਪੜਾਨਾ ਸੀ। ਹਿੰਦੁਸਤਾਨ ਫ਼ੌਜ ਦਾ ਇਕ ਦਸਤਾ ਤੇ ਪਾਕਿਸਤਾਨੀ ਸਪੈਸ਼ਲ ਪੁਲੀਸ ਦੇ ਕੁਝ ਸਿਪਾਹੀ ਮੇਰੀ ਸਹਾਇਤਾ ਲਈ ਸਨ।

ਹੋਰ ਗੁੰਮ ਹੋਈਆਂ ਚੀਜ਼ਾਂ ਦੇ ਭਾਲਣ ਵਾਂਗੂੰ ਕੁੜੀਆਂ ਭਾਲਣ ਦਾ ਕੰਮ ਔਖਾ ਵੀ ਸੀ ਤੇ ਸੌਖਾ ਵੀ। ਕਦੀ ਕਦੀ ਤੇ ਕੋਈ ਕੁੜੀ ਥੋੜੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਤੇ ਕਈ ਵਾਰੀ ਕੋਈ ਕੁੜੀ ਬਹੁਤ ਭਾਲਣ ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਪੁਲੀਸ ਵਾਲੇ ਭਾਵੇਂ ਉਨ੍ਹਾਂ ਨੂੰ ਮੁੜਾਣ ਵਿਚ-ਉਹ ਇਸ ਨੂੰ ਬਰਾਮਦ ਕਰਨਾ ਆਖਦੇ ਸਨ-ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦੇ ਪਰ ਆਪ ਪਤਾ ਘਟ ਵੱਧ ਹੀ ਦਿੰਦੇ। ਫਿਰ ਵੀ ਜਦ ਕਦੀ ਉਹ ਦਿਲੋਂ ਹੋ ਕੇ ਨਾਲ ਟੁਰ ਪੈਂਦੇ ਤਾਂ ਕੰਮ ਅਸਲੋਂ ਹੀ ਸੌਖਾ ਹੋ ਜਾਂਦਾ।



*1947 ਦੀ ਵੰਡ ਬਾਰੇ ਐਸ.ਐਲ. ਪ੍ਰਾਸ਼ਰ ਦੀ ਕਲਾਕ੍ਰਿਤ 'ਰਿਫਿਊਜੀ ਔਰਤ'।*

ਜਿਸ ਵੇਰ ਦੀ ਇਹ ਗੱਲ ਹੈ, ਉਸ ਵੇਰ ਇਲਾਕੇ ਦਾ ਥਾਣੇਦਾਰ ਨਾ ਕੇਵਲ ਮੇਰੇ ਨਾਲ ਹੀ ਤੁਰਿਆ ਸਗੋਂ ਉਧਾਲੀ ਹੋਈ ਔਰਤ ਦਾ ਪਤਾ ਵੀ ਮੈਨੂੰ ਉਸੇ ਨੇ ਹੀ ਦੱਸਿਆ। ਉਸ ਇਹ ਵੀ ਦੱਸਿਆ ਕਿ ਔਰਤ ਉਸੇ ਥਾਣੇ ਦੇ ਇਕ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਜਿਸ ਪਿੰਡ ਅਸਾਂ ਜਾਣਾ ਸੀ, ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਅਸੀਂ ਕੱਚੀਆਂ ਸੜਕਾਂ ਤੇ ਪੈਹਾਂ ਉਤੇ ਖੱਜਲ ਹੁੰਦੇ ਰਹੇ।

ਜਦ ਅਸੀਂ ਪਿੰਡ ਅਪੜੇ ਤਾਂ ਪਿੰਡ ਦੇ ਚੌਧਰੀ ਥਾਣੇਦਾਰ ਦੇ ਸਵਾਗਤ ਲਈ ਇਕੱਠੇ ਹੋ ਗਏ। ਪਾਕਿਸਤਾਨ ਵਿਚ ਉਸ ਵੇਲੇ ਸਰਕਾਰ ਦਾ ਬੜਾ ਰੋਹਬ ਸੀ। ਥਾਣੇਦਾਰ ਨੇ ਉਸ ਔਰਤ ਦਾ ਪਤਾ ਪੁਛਿਆ ਤਾਂ ਉਨ੍ਹਾਂ ਚੌਧਰੀਆਂ ਨੇ ਝਟ ਉਸ ਨੂੰ ਇਕ ਕੋਠਾ ਵਖਾ ਦਿਤਾ। ਇਹ ਛੋਟਾ ਜਿਹਾ ਕੋਠਾ ਇਕ ਵਡੇ ਸਾਰੇ ਵਲਗਨ ਦੇ ਸਿਰੇ ਉਤੇ ਛੱਤਿਆ ਹੋਇਆ ਸੀ। ਥਾਣੇਦਾਰ ਤੇ ਹੋਰ ਲੋਕ ਬਾਹਰ ਹੀ ਰਹੇ ਤੇ ਮੈਂ ਇਕੱਲਾ ਅੰਦਰ ਚਲਾ ਗਿਆ। ਇਹ ਕੋਈ ਤਿੰਨ ਕੁ ਮੰਜੀਆਂ ਦਾ ਕੱਚਾ ਕੋਠਾ ਸੀ। ਇਕ ਪਾਸੇ ਲੱਕੜ ਦੀ ਇਕ ਪੜਛੱਤੀ ਤੇ ਥੋੜੇ ਜਹੇ ਗਲਾਸ ਕੌਲੀਆਂ ਥਾਲੀਆਂ ਪਈਆਂ ਹੋਈਆਂ ਸਨ। ਕਮਰੇ ਦੀ ਇਕ ਗੁੱਠੇ ਕੁਝ ਬਿਸਤਰੇ ਤੇ ਥੋੜ੍ਹਾ ਬਹੁਤ ਹੋਰ ਸਮਾਨ ਵੀ ਸੀ।

ਉਹ ਤੀਵੀਂ ਮੰਜੀ ਤੇ ਪਈ ਹੋਈ ਸੀ। ਕਈਆਂ ਦਿਨਾਂ ਤੋਂ ਉਸ ਨੂੰ ਬੁਖ਼ਾਰ ਹੋ ਰਿਹਾ ਸੀ। ਉਸ ਦੇ ਇਕ ਹੱਥ ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਸ਼ਾਇਦ ਕੋਈ ਉਠਾ ਉਠਿਆ ਹੋਇਆ ਸੀ। ਉਸ ਵੇਲੇ ਉਹ ਡਾਢੀ ਨਿਢਾਲ ਜਾਪਦੀ ਸੀ ਤੇ ਅਸਲੋਂ ਹੌਲੀ ਹੌਲੀ ਬੋਲਦੀ ਸੀ। ਮੈਂ ਉਸ ਦੇ ਕੋਲ ਮੰਜੀ ਤੇ ਬੈਠ ਗਿਆ।

"ਕੀ ਗੱਲ ਏ?" ਮੈਂ ਉਸ ਦਾ ਹਾਲ ਚਾਲ ਪੁਛਣ ਲਈ ਸਿੱਧਾ ਜਿਹਾ ਸਵਾਲ ਕੀਤਾ।

"ਤਾਪ ਚੜ੍ਹਦਾ ਏ, ਚੌਥੇ ਪੰਜਵੇਂ ਦਿਨ ਦਾ।"

"ਏਥੇ ਤੇਰੇ ਕੋਲ ਕੋਈ ਜਨਾਨੀ ਨਹੀਂ?"

"ਨਹੀਂ ਨੇੜੇ ਤੇ ਕੋਈ ਨਹੀਂ।"

ਪਹਿਲੇ ਜੋ ਖੋਹੀਆਂ ਹੋਈਆਂ ਕੁੜੀਆਂ ਤੀਵੀਆਂ ਮੈਂ ਵੇਖੀਆਂ ਸਨ, ਉਨ੍ਹਾਂ ਨਾਲੋਂ ਇਸ ਦਾ ਚੌਗਿਰਦਾ ਬਿਲਕੁਲ ਵੱਖਰਾ ਸੀ। ਉਨ੍ਹਾਂ ਦੇ ਦੁਆਲੇ ਬੰਦੇ ਜਨਾਨੀਆਂ ਹੁੰਦੇ ਸਨ। ਉਹ ਕਿਸੇ ਦੀ ਨਜ਼ਰ ਹੇਠ ਕਿਸੇ ਦੀ ਰਾਖੀ ਹੇਠ ਰਹਿੰਦੀਆਂ ਸਨ ਤੇ ਇਸ ਤਰ੍ਹਾਂ ਹੀ ਮੈਨੂੰ ਵਿਖਾਈਆਂ ਜਾਂਦੀਆਂ। ਮੈਨੂੰ ਇਸ ਤਰ੍ਹਾਂ ਪਰਤੀਤ ਹੋਇਆ ਜਿਵੇਂ ਇਸ ਕੋਠੇ ਵਿਚ ਉਹ ਇਕੱਲੀ ਹੀ ਰਹਿੰਦੀ ਸੀ, ਜਿਵੇਂ ਲੋਕਾਂ ਨੇ ਉਸ ਨੂੰ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਹੋਇਆ ਸੀ। ਸਗੋਂ ਇਸ ਤੋਂ ਵੀ ਵੱਧ, ਜਿਵੇਂ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ ਸੀ। ਉਸ ਦੇ ਪਿੰਡ ਤੇ ਘਰ ਵਾਲੇ ਕਿਸ ਤਰ੍ਹਾਂ ਖ਼ਤਮ ਹੋਏ, ਇਹ ਮੈਂ ਪਹਿਲਾਂ ਹੀ ਸੁਣ ਬੈਠਾ ਸਾਂ। ਫਿਰ ਦੂਸਰੀ ਵੇਰ ਉਸ ਦੇ ਮੂੰਹੋਂ ਸੁਨਣ ਦਾ ਕੋਈ ਫਾਇਦਾ ਨਹੀਂ ਸੀ। ਮੈਨੂੰ ਵਧੇਰੇ ਦਿਲਚਸਪੀ ਉਸ ਦੀ ਮੌਜੂਦਾ ਹਾਲਤ ਵਿਚ ਸੀ।

"ਇਥੇ ਰਹਿੰਦਿਆਂ ਤੈਨੂੰ ਕਿੰਨਾ ਚਿਰ ਹੋ ਗਿਆ ਏ?"

"ਜਿਸ ਦਿਨ ਦਾ ਪਿੰਡ ਉਜੜਿਆ ਏ, ਉਸ ਦਿਨ ਤੋਂ ਇਥੇ ਈ ਆਂ।"

"ਇਹ ਭਾਂਡੇ ਤੇ ਕਪੜੇ ਤੈਨੂੰ ਕਿਸ ਦਿਤੇ ਨੇ?"

"ਤੁਸੀਂ ਤਾਂ ਅਸਲੋਂ ਕਮਲੇ ਓ।"

ਮੈਂ ਸਮਝ ਗਿਆ। ਉਹ ਇਕੱਲੀ ਨਹੀਂ ਰਹਿੰਦੀ ਸੀ ਤੇ ਨਾ ਹੀ ਇਥੇ ਪਿਆ ਸਾਮਾਨ ਉਸ ਦਾ ਆਪਣਾ ਸੀ। ਇਸ ਕੋਠੇ, ਸਾਮਾਨ ਤੇ ਉਸ ਦੇ ਜਿਸਮ ਦਾ ਮਾਲਕ ਕੇਵਲ ਅੱਖੀਂ ਨਹੀਂ ਦਿਸ ਰਿਹਾ ਸੀ।

ਇਹ ਗੱਲ ਇਥੇ ਲਿਖਣ ਲਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ ਪਰ ਉਸ ਵੇਲੇ ਇਸ ਗਿਆਨ ਨੇ ਮੇਰੇ ਮਨ ਨੂੰ ਡਾਢਾ ਧੱਕਾ ਮਾਰਿਆ। ਪੁਲੀਸ ਤੇ ਲੋਕਾਂ ਦੀ ਸਹਾਇਤਾ ਕਰ ਕੇ ਜੋ ਚੰਗੇ ਖ਼ਿਆਲ ਮੇਰੇ ਮਨ ਵਿਚ ਦੁਨੀਆਂ ਤੇ ਦੁਨੀਆਂ ਦੇ ਲੋਕਾਂ ਬਾਰੇ ਸਾਰਾ ਦਿਨ ਆਉਂਦੇ ਰਹੇ ਸਨ, ਉਹ ਸਾਰੇ ਮੈਥੋਂ ਪੱਲਾ ਛੁੜਾ ਗਏ। ਮੇਰਾ ਮੱਥਾ ਕੌੜੀਆਂ ਅਸਲੀਅਤਾਂ ਨਾਲ ਲੱਗਾ ਹੋਇਆ ਸੀ। ਉਸ ਕੱਚੇ ਕੋਠੇ ਵਿਚ ਖੋਹੀ ਹੋਈ ਕਿਸੇ ਦੀ ਵਹੁਟੀ ਮੇਰੇ ਸਾਹਮਣੇ ਮੰਜੀ ਤੇ ਨਿਢਾਲ ਪਈ ਸੀ। ਮੇਰੀ ਨਜ਼ਰ ਵਿਚ ਇਨਸਾਨ ਉਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ।

ਮਧੋਲੀ ਹੋਈ ਖ਼ਵਾਰ ਕੀਤੀ ਹੋਈ, ਉਹ ਉਥੇ ਬੀਮਾਰ ਪਈ ਸੀ। ਉਸ ਦੀ ਜ਼ਾਤ, ਬਰਾਦਰੀ, ਪਿੰਡ, ਧਰਮ ਦਾ ਕੋਈ ਸਾਂਝੀਵਾਲ ਉਥੇ ਨਹੀਂ ਸੀ। ਉਸ ਨੂੰ ਕਦੀ ਕਿਸੇ ਇਹ ਨਹੀਂ ਦੱਸਿਆ ਸੀ ਕਿ ਉਹ ਵਿਛੜੇ ਹੋਏ ਆਪਣੇ ਸਾਕਾਂ ਅੰਗਾਂ ਨੂੰ ਫਿਰ ਵੀ ਮਿਲ ਸਕਦੀ ਹੈ। ਜੇ ਉਸ ਨੂੰ ਕੋਈ ਦੱਸਦਾ ਵੀ ਤਾਂ ਉਹ ਮੰਨਣੋਂ ਨਾਂਹ ਕਰ ਦਿੰਦੀ। ਆਖ਼ਰ ਇਡੇ ਵੱਡੇ ਤੇ ਤਕੜੇ ਪਾਕਿਸਤਾਨ ਵਿਚੋਂ ਉਸ ਨੂੰ ਕੋਈ ਕਿਸ ਤਰ੍ਹਾਂ ਕੱਢ ਕੇ ਲਿਜਾ ਸਕਦਾ ਸੀ। ਇਸ ਗੱਲ ਤੇ ਵਿਚਾਰ ਕਰਨਾ ਹੀ ਫ਼ਜ਼ੂਲ ਸੀ।

ਉਸ ਨੂੰ ਉਸੇ ਵੇਲੇ ਵਾਪਸ ਲਿਜਾਣ ਦਾ ਕੋਈ ਸਵਾਲ ਨਹੀਂ ਸੀ। ਪੋਹ ਮਾਘ ਦੀ ਸਰਦੀ ਵਿਚ ਉਸ ਨੂੰ ਬੀਮਾਰੀ ਦੀ ਹਾਲਤ ਵਿਚ ਉਥੋਂ ਹਿਲਾਣਾ ਠੀਕ ਨਹੀਂ ਸੀ। ਉਹ ਲੋਕ ਹੁਣ ਉਸ ਨੂੰ ਗੁੰਮ ਨਹੀਂ ਕਰ ਸਕਦੇ ਸਨ ਕਿਉਂਕਿ ਅਸਾਂ ਉਸ ਨੂੰ ਵੇਖ ਲਿਆ ਸੀ ਤੇ ਉਹ ਲੋਕ ਜਾਣਦੇ ਸਨ ਕਿ ਅਸਾਂ ਵੇਖ ਲਿਆ ਹੈ।

"ਚੰਗਾ ਬੀਬੀ ਮੈਂ ਫਿਰ ਕਿਸੇ ਦਿਨ ਆਵਾਂਗਾ।" ਫਿਰ ਆਉਣ ਤੋਂ ਮੇਰਾ ਮਤਲਬ ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ ਪਰ ਇਹ ਗੱਲ ਸ਼ਾਇਦ ਉਸ ਦੇ ਸੁਫ਼ਨੇ ਵਿਚ ਵੀ ਸੰਭਵ ਨਹੀਂ ਸੀ।

"ਤੂੰ ਹੁਣ ਚੱਲਿਆ ਏਂ?"

"ਜ਼ਰਾ ਬਹਿ ਜਾ, ਮੇਰੀ ਇਕ ਗੱਲ ਸੁਣ ਜਾ।"

ਮੈਂ ਫਿਰ ਕੋਲ ਪਈ ਮੰਜੀ ਤੇ ਬੈਠ ਗਿਆ।

"ਮੇਰੀ ਤੇਰੇ ਅੱਗੇ ਇਕ ਅਰਜ਼ ਏ ਜੇ ਤੂੰ ਪੂਰੀ ਕਰੇਂ, ਇਕ ਕੰਮ ਏ ਤੇਰੇ ਗੋਚਰਾ।"

"ਕੀ ਕੰਮ?"

"ਤੂੰ ਮੇਰਾ ਸਿੱਖ ਭਰਾ ਏਂ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਓਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਨ੍ਹਾਂ ਦੀ ਹੀ ਸੀ, ਤੇ ਉਹ ਹੀ ਉਸ ਨੂੰ ਲੈ ਗਏ ਨੀ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਏਥੇ ਮੇਰੇ ਕੋਲ ਲਿਆ ਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਨ੍ਹਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਨਣਗੀਆਂ। ਮੈਂ ਕਿਸੇ ਨੂੰ ਆਪਣੇ ਆਖਣ ਵਾਲੀ ਬਣਾਂਗੀ।"

ਉਸ ਬੁੱਢੇ ਜੱਟ ਦੀ ਗੱਲ ਮੇਰੇ ਦਿਮਾਗ ਵਿਚ ਚੱਕਰ ਲਾਣ ਲੱਗ ਪਈ। "ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ, ਜਦੋਂ ਵਾਹੀ ਦੀ ਏ, ਕੋਈ ਕਸਰ ਤੇ ਨਹੀਂ ਨਾ ਛੱਡੀਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲੀਉਂ ਬਾਹਰ ਸੁੱਟ ਦੇਈ ਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਕੋਈ ਤਿੜ ਫੁਟ ਆਉਂਦੀ ਹੈ।"

---

# ਜ਼ਿੰਦਾਬਾਦ! ਵਿਰਕ ਸਾਹਿਬ!!

*(ਪਿਛਲੇ ਸਫੇ ਦੀ ਬਾਕੀ)*

ਧੀਰ ਨੂੰ ਇਹ ਪੁਰਸਕਾਰ ਮਿਲੇ। ਮੇਰਾ ਨਾਂ ਵੀ ਉਨ੍ਹਾਂ ਵਿਚ ਸ਼ਾਮਲ ਸੀ। ਨਵੀਂ ਪ੍ਰਤਿਭਾ ਨੂੰ ਮਾਨਤਾ ਦੇਣ ਲਈ ਬਲਦੇਵ ਧਾਲੀਵਾਲ ਅਤੇ ਸੁਖਜੀਤ ਨੂੰ ਵੀ 'ਵਿਰਕ-ਪੁਰਸਕਾਰ' ਦਿੱਤੇ ਗਏ।

ਵਿਰਕ ਸਾਹਿਬ ਨੇ ਆਪਣੀ ਸਵੈ-ਜੀਵਨੀ ਵੀ ਲਿਖਣੀ ਸ਼ੁਰੂ ਕੀਤੀ ਸੀ, ਪਰ ਉਹ ਅੱਧ-ਵਿਚਾਲੇ ਹੀ ਰਹਿ ਗਈ। ਮੈਂ ਵਿਰਕ ਸਾਹਿਬ ਦੀ ਪਤਨੀ ਹਰਬੰਸ ਕੌਰ ਕੋਲੋਂ ਕੁਝ ਵਰਕੇ ਲੈ ਕੇ ਸਵੈ-ਜੀਵਨੀ ਦਾ ਇੱਕ ਚੈਪਟਰ ਉਨ੍ਹਾਂ ਦੀ ਯਾਦ ਵਿਚ ਛਾਪੇ ਗਏ ਸੋਵੀਨਰ ਵਿਚ ਵੀ ਛਾਪਿਆ ਸੀ। ਬਾਅਦ ਵਿਚ ਮੈਂ ਉਨ੍ਹਾਂ ਨੂੰ ਕਹਿੰਦਾ ਵੀ ਰਿਹਾ ਕਿ ਵਿਰਕ ਸਾਹਿਬ ਨੇ ਜਿੰਨਾ ਕੁ ਵੀ ਲਿਖਿਆ ਏ, ਆਪਾਂ ਨੂੰ ਛਾਪ ਲੈਣਾ ਚਾਹੀਦਾ ਏ, ਪਰ ਉਹ ਦਲੀਲਾਂ ਵਿਚ ਈ ਪਏ ਰਹੇ। ਪਤਾ ਨਹੀਂ ਕੀ ਸੋਚਦੇ ਸਨ! ਪਰ ਹੁਣ ਉਹ ਖਰੜਾ ਕਿਥੋਂ ਮਿਲਣਾ ਏਂ!

ਉਸ ਚੈਪਟਰ ਵਿਚ ਵਿਰਕ ਹੁਰੀਂ 'ਆਪਣੇ ਹਾਈ ਸਕੂਲ ਦੇ ਅਨੁਭਵ' ਦੱਸਦਿਆਂ ਲਿਖਦੇ ਹਨ ਕਿ ਮੈਂ ਜਦੋਂ ਪਿੰਡ ਛੱਡ ਕੇ ਸ਼ੇਖ਼ੂਪੁਰੇ ਆਪਣੇ ਵੱਡੇ ਵਕੀਲ ਭਰਾ ਕੋਲ ਰਹਿ ਕੇ ਪੜ੍ਹਨ ਲੱਗਾ ਤਾਂ ਉਥੇ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਅਮੀਰ ਮੁਸਲਮਾਨਾਂ ਦੇ ਮੁੰਡੇ ਬੂਟਾਂ ਥੱਲੇ 'ਜੁਰਾਬਾਂ' ਨਾਂ ਦੀ ਕੋਈ ਸ਼ੈਅ ਵੀ ਪਾਉਂਦੇ ਨੇ। ਉਨ੍ਹਾਂ ਇਹ ਵੀ ਲਿਖਿਆ ਕਿ ਪਿੰਡ ਵਿਚ ਉਹ ਆਮ ਤੌਰ 'ਤੇ ਨੰਗੇ ਪੈਰੀਂ ਹੀ ਰਹਿੰਦੇ ਸਨ, ਪਰ ਸ਼ੇਖ਼ੂਪੁਰੇ ਸਕੂਲੇ ਜਾਣ ਵੇਲੇ ਉਨ੍ਹਾਂ ਨੂੰ ਜੁੱਤੀ ਪਾਉਣੀ ਪੈਂਦੀ ਸੀ। ਘਰ ਆਉਂਦਿਆਂ ਹੀ ਉਹ ਜੁੱਤੀ ਲਾਹ ਕੇ ਵਿਹੜੇ ਵਿਚ ਵਗਾਹ ਮਾਰਦੇ। ਇਕ ਦਿਨ ਉਹ ਸਵੇਰੇ ਸਕੂਲ ਜਾਣ ਲੱਗੇ ਜੁੱਤੀ ਲੱਭਣ ਲੱਗੇ। ਜੁੱਤੀ ਵਿਹੜੇ ਵਿਚ ਪਈ ਹੋਣ ਕਰ ਕੇ ਰਾਤ ਦੀ ਠੰਢ ਨਾਲ ਆਕੜ ਗਈ ਸੀ। ਉਨ੍ਹਾਂ ਨੇ ਉਹਦੀ 'ਆਕੜ ਭੰਨਣ' ਲਈ ਚੁੱਲ੍ਹੇ ਵਿਚੋਂ ਚਿਮਟੇ ਨਾਲ ਭਖਦੇ ਕੋਲੇ ਕੱਢ ਕੇ ਜੁੱਤੀ ਵਿਚ ਰੱਖ ਦਿੱਤੇ। ਕੋਲਿਆਂ ਨਾਲ ਜੁੱਤੀ ਸੜ ਗਈ ਤੇ ਉਨ੍ਹਾਂ ਨੂੰ ਨੰਗੇ ਪੈਰੀਂ ਸਕੂਲ ਜਾਣਾ ਪਿਆ। ਉਦੋਂ ਉਹ ਨੌਵੀਂ ਵਿਚ ਪੜ੍ਹਦੇ ਸਨ। ਸ਼ਹਿਰੀ ਜਮਾਤੀਆਂ ਨੇ ਨੰਗੇ ਪੈਰੀਂ ਸਕੂਲ ਆਉਣ ਦਾ ਕਾਰਨ ਪੁੱਛਿਆ ਤਾਂ ਬੜੀ ਮਾਸੂਮੀਅਤ ਨਾਲ ਜਵਾਬ ਦਿੱਤਾ, "ਐਵੇਂ ਜੁੱਤੀ ਪਾਉਣ ਦਾ ਚੇਤਾ ਜਿਹਾ ਈ ਭੁੱਲ ਗਿਆ ਸੀ!" ਉਨ੍ਹਾਂ ਇਹ ਵੀ ਲਿਖਿਆ ਕਿ ਹੋਸਟਲ ਦੇ ਮੁੰਡਿਆਂ ਨਾਲ ਮਿਲ ਕੇ ਉਹ ਕਿਸੇ ਦੇ ਬਾਗ ਵਿਚੋਂ ਰਾਤ ਨੂੰ ਮਾਲਟੇ ਚੋਰੀ ਕਰ ਕੇ ਵੀ ਖਾਂਦੇ ਰਹੇ। ਕਿਉਂਕਿ ਉਨ੍ਹਾਂ ਮੁੰਡਿਆਂ ਵਿਚ ਇਸ ਤੋਂ ਕੋਈ ਵੱਡਾ ਐਬ ਨਹੀਂ ਸੀ। ਇਸ ਲਈ ਵੱਡੇ ਐਬਾਂ ਤੋਂ ਮੈਂ ਵੀ ਬਚਿਆ ਰਿਹਾ।

ਵਿਰਕ ਹੁਰੀਂ ਗੱਲਾਂ ਦੀ ਪੈੜ ਨੱਪਣ ਦੇ ਆਦੀ ਸਨ। ਮੇਰੀ ਕਹਾਣੀ 'ਦਲਦਲ' ਵਿਚ ਸੰਧੂਆਂ ਦੇ ਸੁੱਤੇ ਹੋਣ 'ਤੇ ਅਖਾਂ ਖੁੱਲ੍ਹੀਆਂ ਰਹਿਣ ਦਾ ਜ਼ਿਕਰ ਸੀ। ਮੈਨੂੰ ਕਹਿੰਦੇ, "ਤੈਨੂੰ ਇਸ ਮਿੱਥ ਦਾ ਪਤਾ ਕਿਵੇਂ ਤੇ ਕਿੱਥੋਂ ਲੱਗਾ ਸੀ!"

ਅਸਲ ਵਿਚ ਉਨ੍ਹਾਂ ਨੂੰ ਸਭ ਪਤਾ ਸੀ।

ਮੇਰਾ ਉਨ੍ਹਾਂ ਨਾਲ ਆਪਣੀ ਬਹੁਤੀ ਪੀਚਵੀਂ ਸਾਂਝ ਦਾ ਹੋਣ ਦਾ ਕੋਈ ਦਾਅਵਾ ਨਹੀਂ, ਪਰ ਮੈਨੂੰ ਧੁਰ ਅੰਦਰੋਂ ਅਹਿਸਾਸ ਰਿਹਾ ਏ ਕਿ ਉਹ ਮੈਨੂੰ ਚੁੱਪ-ਚੁਪੀਤਾ ਜਿਹਾ ਪਿਆਰ ਜ਼ਰੂਰ ਕਰਦੇ ਸਨ।

ਮੈਨੂੰ ਭੂਸ਼ਨ ਨੇ ਵਿਰਕ ਸਾਹਿਬ ਨਾਲ ਜੁੜੀ ਇੱਕ ਅੰਦਰਲੀ ਗੱਲ ਇਹ ਵੀ ਦੱਸੀ ਸੀ ਕਿ ਜਦੋਂ 1981 ਵਿਚ ਮੇਰੇ ਕਹਾਣੀ-ਸੰਗ੍ਰਹਿ 'ਅੰਗ-ਸੰਗ' ਨੂੰ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਵੱਲੋਂ ਇਨਾਮ ਦਿੱਤਾ ਗਿਆ ਸੀ ਤਾਂ ਇਸ ਲਈ ਵਿਰਕ ਸਾਹਿਬ ਨੇ ਹੀ ਮੇਰੀ ਸਿਫਾਰਿਸ਼ ਕੀਤੀ ਸੀ।

ਮੈਨੂੰ ਉਦੋਂ ਲੋਕ ਬੋਲੀ ਯਾਦ ਆਈ, "ਐਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ!"

ਵਾਹ! ਮੇਰੇ ਧੰਨਭਾਗ! ਵਿਰਕ ਸਾਹਿਬ ਨੇ ਇਸ ਤਰ੍ਹਾਂ ਵੀ ਹਮਾਤੜਾਂ ਨੂੰ ਪੱਖੀ ਦੀ ਝੱਲ ਮਾਰੀ ਸੀ।

ਅੱਜ ਉਨ੍ਹਾਂ ਦੇ ਸੌਵੇਂ ਜਨਮ-ਦਿਨ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਸਾਨੂੰ ਸਭਨਾਂ ਨੂੰ, ਕਹਾਣੀ ਲਿਖਣ ਵਾਲਿਆਂ ਨੂੰ, ਉਨ੍ਹਾਂ ਦੇ ਪਾਠਕਾਂ ਨੂੰ ਵਿਰਕ ਸਾਹਿਬ ਦੀਆਂ ਕਹਾਣੀਆਂ ਦੀ ਪੱਖੀ ਦੀ ਝੱਲ ਵੱਜ ਰਹੀ ਹੈ ਤੇ ਕਲੇਜੇ ਨੂੰ ਠੰਢ ਪਾ ਰਹੀ ਹੈ।

ਜ਼ਿੰਦਾਬਾਦ ਵਿਰਕ ਸਾਹਿਬ!

# ਰੰਗਲਾ ਸੱਜਣ...

## ਕਲਾ ਪਰਿਕਰਮਾ

ਉਹ ਜਦੋਂ ਘਰੋਂ ਤੁਰਦਾ ਤਾਂ ਜ਼ਿੰਦਗੀ ਦਾ ਜਸ਼ਨ ਹੁੰਦਾ ਸੀ। ਸਿਰ 'ਤੇ ਰੰਗ ਬਰੰਗੀ ਪੱਗ ਬੰਨ੍ਹਦਾ। ਜਿਸਮ 'ਤੇ ਕਾਇਨਾਤ ਦੇ ਸਾਰੇ ਰੰਗ ਸਜਾ ਕੇ ਤੁਰਦਾ ਪਰ ਸਲੀਕੇ, ਨਫਾਸਤ ਤੇ ਤਰੀਕੇ ਨਾਲ! ਉਹ ਜ਼ਿੰਦਗੀ ਦੇ ਅੱਥਰੇ ਘੋੜੇ 'ਤੇ ਸਵਾਰ ਰਹਿੰਦਾ ਸੀ। ਹੱਸਦਾ, ਗੁਟਕਦਾ, ਮਸ਼ਕਰੀਆਂ ਕਰਦਾ। ਉਮਰ ਦਾ ਲਿਹਾਜ਼ ਭੁੱਲ ਕੇ ਉਹ ਹਰ ਇਕ ਦਾ ਆਪਣਾ ਬਣ ਜਾਂਦਾ। ਉਹ ਚੰਨੀ ਸੀ, ਗੁਰਚਰਨ ਸਿੰਘ ਚੰਨੀ। ਅੱਜ ਉਹ ਸਾਨੂੰ ਸਾਰਿਆਂ ਨੂੰ ਰੋਂਦਾ ਛੱਡ ਤੁਰ ਗਿਆ! ਉਹ ਰੰਗਕਰਮੀ ਸੀ ਪਰ ਨਿਰੋਲ ਨਹੀਂ! ਰੰਗਮੰਚ ਉਸ ਲਈ ਮਾਧਿਅਮ ਸੀ... ਸਿੱਖਿਆ, ਸਮਾਜਿਕ ਰਾਜਨੀਤਕ ਸਮਝ, ਇਨਸਾਨ ਦੀ ਇਨਸਾਨੀਅਤ ਨੂੰ ਬਚਾਉਣ, ਦਫਾ ਚੁਤਾਲੀਆਂ ਖਿਲਾਫ ਆਵਾਜ਼ ਬੁਲੰਦ ਕਰਨ ਤੇ ਜ਼ਿੰਦਾਬਾਦ ਜ਼ਿੰਦਗੀ ਦਾ ਪਰਚਮ ਲਹਿਰਾਉਣ ਲਈ!



**ਸਾਹਿਬ ਸਿੰਘ**
ਫੋਨ: 91-98880-11096

ਗੁਰਚਰਨ ਸਿੰਘ ਚੰਨੀ ਦੇ ਰੰਗਮੰਚ ਦੀ ਸ਼ੁਰੂਆਤ ਸੱਤਰਵਿਆਂ 'ਚ ਹੋਈ ਤੇ ਉਹ ਹਯਾਤੀ ਦੇ ਸੱਤਰਵਿਆਂ 'ਚ ਤੁਰ ਗਿਆ। ਸ਼ਾਇਦ ਉਹ ਜ਼ਿੰਦਗੀ ਤੋਂ ਰਿਟਾਇਰ ਹੋਣਾ ਨਹੀਂ ਸੀ ਚਾਹੁੰਦਾ, ਇਸ ਲਈ ਤੁਰਿਆ ਫਿਰਦਾ, ਜ਼ਿੰਦਗੀ ਦੇ ਗੀਤ ਗਾਉਂਦਾ ਹੀ ਭਰਿਆ ਮੇਲਾ ਛੱਡ ਕੇ ਤੁਰ ਗਿਆ। ਵੈਸੇ ਕਾਹਦਾ ਮੇਲਾ! ਮੇਲਾ ਤਾਂ ਰਿਹਾ ਹੀ ਨਹੀਂ... ਮੇਲੀ ਮਿਲ ਨਹੀਂ ਸਕਦੇ, ਕਿਸੇ ਬਿਮਾਰ ਸੱਜਣ ਦੀ ਖਬਰ ਲੈਣ ਲਈ ਜਾ ਨਹੀਂ ਸਕਦੇ, ਉਹਦੇ ਨਾਲ ਚਾਰ ਗੱਲਾਂ ਨਹੀਂ ਕਰ ਸਕਦੇ!

ਉਹ ਗੋਰਿਆਂ ਦੀ ਰੁਖਸਤਗੀ ਤੋਂ ਚਾਰ ਸਾਲ ਪਿਛੋਂ ਅਕਤੂਬਰ 'ਚ ਜੰਮਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਹ ਸਾਇੰਸ ਦਾ ਗਰੈਜੂਏਟ ਬਣਿਆ। ਸਾਇੰਸ ਮਾਦਾ ਤੇ ਤਾਕਤ ਦੀ ਬਾਤ ਪਾਉਂਦੀ, ਉਹ ਲੋਕਾਂ ਦੀਆਂ ਨਕਲਾਂ ਉਤਾਰਦਾ। ਇਕ ਮੁਕਾਬਲੇ 'ਚ ਦੇਵਿੰਦਰ ਸਤਿਆਰਥੀ ਦੀ ਨਜ਼ਰੀਂ ਚੜ੍ਹਿਆ। ਸਤਿਆਰਥੀ ਨੇ ਪਿਆਰੀ ਸਲੀਕੇਦਾਰ ਗਾਲ੍ਹ ਕੱਢੀ ਤੇ ਵਰਜਿਆ, "ਇੱਥੇ ਕੀ ਕਰਦਾ ਏਂ, ਰੰਗਮੰਚ ਦਾ ਹਿੱਸਾ ਬਣ!" ਸਤਿਆਰਥੀ ਦੀ ਗਾਲ੍ਹ ਉਹਨੇ ਇੱਕ ਕੰਨ ਤੋਂ ਸੁਣ ਦੂਜੇ ਕੰਨੋਂ ਬਾਹਰ ਨਾ ਨਿਕਲਣ ਦਿੱਤੀ। ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਜਾ ਪਹੁੰਚਿਆ। ਬਲਵੰਤ ਗਾਰਗੀ ਨੇ ਉੱਥੇ ਇੰਡੀਅਨ ਥੀਏਟਰ ਦਾ ਵਿਭਾਗ ਅਜੇ ਆਰੰਭਿਆ ਹੀ ਸੀ। ਨਾਈਲੋਨ ਦਾ ਪੀਲੇ ਰੰਗ ਦਾ ਚਿਲਕਵਾਂ ਝੱਗਾ ਪਾ ਕੇ ਗਾਰਗੀ ਦੇ ਸਾਹਮਣੇ ਖੜ੍ਹਾ ਸੀ। ਗਾਰਗੀ ਨੂੰ ਸ਼ੋਖ ਰੰਗ ਪਸੰਦ ਸਨ, ਉਸ ਚੰਨੀ ਦੀ ਚੋਣ ਕਰ ਲਈ। ਚੰਨੀ ਰੰਗਕਰਮੀ ਹੋ ਗਿਆ। ਮਾਸਟਰਜ਼ ਕਰ ਕੇ ਤਸੱਲੀ ਨਾ ਹੋਈ ਤਾਂ ਨੈਸ਼ਨਲ ਸਕੂਲ ਆਫ ਡਰਾਮਾ, ਦਿੱਲੀ ਚਲਾ ਗਿਆ। ਅਬਰਾਹਮ ਅਲਕਾਜ਼ੀ ਜਿਹੇ ਉਸਤਾਦ ਤੋਂ ਤਾਲੀਮ ਹਾਸਲ ਕੀਤੀ। ਉਹ ਰੰਗਮੰਚ ਕਰਦਾ, ਦੇਸ਼ ਦੁਨੀਆ ਦਾ ਕਲਾਸਿਕ ਰੰਗਮੰਚ ਦੇਖਦਾ! ਪਰ ਜ਼ਿਹਨ 'ਚ ਸਵਾਲ ਉੱਠਦਾ, "ਉਹੀ ਦਰਸ਼ਕ ਹਨ ਜਿਹੜੇ 'ਤਾਰਤੂਫਸ' ਦੇਖ ਰਹੇ ਹਨ, 'ਤੁਗਲਕ', 'ਮਦਰ ਕਰੇਜ' ਦੇਖ ਰਹੇ ਹਨ... ਉਹੀ ਦਰਸ਼ਕ ਹਨ ਜੋ 'ਮਰਿਚਕਟੀਕਮ' ਦੇਖ ਰਹੇ ਹਨ! ਰੰਗਮੰਚ 'ਕਿਸ' ਲਈ, 'ਕਿਉਂ' ਹੋ ਰਿਹਾ ਹੈ!" ਉਹ ਜਵਾਬ ਲੱਭਣ ਲੱਗਾ। ਲੱਗਿਆ, ਅਜੇ ਦਿਲ ਦਿਮਾਗ ਦੇ ਬੰਦ ਮੁਸਾਮ ਖੁੱਲ੍ਹਣੇ ਬਾਕੀ ਹਨ, ਉਹ ਪੁਣੇ ਚਲਾ ਗਿਆ। ਫਿਲਮ ਸ਼ਿਲਪਕਾਰੀ ਦੀਆਂ ਬਰੀਕੀਆਂ ਜਾਣੀਆਂ। ਚੰਨ ਦੀ ਚਾਨਣੀ ਅੰਬਰ ਤਲਾਸ਼ ਰਹੀ ਸੀ।

1976 'ਚ ਉਹ ਚੰਡੀਗੜ੍ਹ ਆ ਗਿਆ। ਛੇਤੀ ਐਮਰਜੈਂਸੀ ਲੱਗ ਗਈ। ਉਸ 'ਦਫਾ ਇੱਕ ਸੌ ਚੁਤਾਲੀ' ਨਾਟਕ ਪੇਸ਼ ਕੀਤਾ। ਹਾਕਮ ਤੇ ਪਰਜਾ ਦੇ ਆਪਸੀ ਰਿਸ਼ਤੇ ਦਾ ਅਸਮਤੋਲ ਪਰਖਿਆ। ਰੰਗਮੰਚ ਦੇ 'ਕਿਉਂ' ਤੋਂ ਧੁੰਦ ਛਟਣ ਲੱਗੀ। 1977 'ਚ ਉਹਦੇ ਲਿਖਣ ਮੇਜ਼ ਉੱਤੇ 'ਤਾਰਕੁੰਡੇ ਰਿਪੋਰਟ' ਪਈ ਸੀ, ਉਹ ਪੜ੍ਹਦਾ, ਤੜਪਦਾ! ਇਹ ਕੀ ਏ! "ਮੁਕਾਬਲੇ ਹੱਤਿਆ ਹਨ!" (ਐਨਕਾਊਂਟਰਜ਼ ਆਰ ਮਰਡਰਜ਼) ਨਕਸਲਬਾੜੀ ਮੁਕਾਬਲਿਆਂ ਬਾਰੇ ਕਹਾਣੀਆਂ ਉਹਦੇ ਸਾਹਮਣੇ ਸਨ। ਇਕ ਪਾਸੇ ਜ਼ਿੰਦਗੀ ਦਾ ਹਰ ਸੁੱਖ ਮਾਣ ਰਹੇ ਲੋਕ, ਤੇ ਦੂਜੇ ਪਾਸੇ ਦੋ ਡੰਗ ਦੀ ਰੋਟੀ ਲਈ ਵਿਲਕਦੇ ਲੋਕ! ਇਸ ਵੱਡੇ ਖੱਪੇ ਦੇ ਵਿਚਕਾਰ ਇਹ ਜੋ ਹੋ ਰਿਹਾ ਹੈ, ਉਹ ਕੀ ਹੈ! ਚੰਨੀ ਬਹੁਤ ਵਾਰ ਕਿਹਾ ਕਰਦੇ, "ਸਾਹਿਬ, ਮੈਂ ਕਿੰਨੀਆਂ ਰਾਤਾਂ ਸੌਂ ਨਹੀਂ ਸਕਿਆ। ਮੈਨੂੰ ਲੱਗਾ ਕਿ ਖਲਕਤ ਕਿਤੇ ਹੋਰ ਸੰਘਰਸ਼ ਕਰ ਰਹੀ ਹੈ... ਅਸੀਂ ਕਿਤੇ ਹੋਰ ਆਪਣੀ ਡਫਲੀ ਵਜਾ ਰਹੇ ਹਾਂ!" ਤੇ ਉਹਨੇ ਆਪਣੀ ਡਫਲੀ ਦਾ ਪਾਸਾ ਪਲਟ ਦਿੱਤਾ। ਉਸ ਨਾਟਕ ਵਿਚ ਉਸ ਨੇ ਸਾਰੇ ਮਖੌਟੇ ਲਾਹ ਸੁੱਟੇ-ਸਿਆਸਤ, ਧਰਮ, ਜਗੀਰੂ ਹੈਂਕੜ, ਅਫਸਰਸ਼ਾਹੀ, ਕਥਿਤ ਸੁਰੱਖਿਅਤ ਮੱਧਵਰਗ ਦੇ। ਚੰਨੀ ਦਾ ਨਾਂ ਗੂੰਜਣ ਲੱਗਾ! ਬੇਲਿਹਾਜ਼, ਬੇਕਿਰਕ, ਗੁਸਤਾਖ ਸਰਦਾਰ!

'ਕਿਉਂ' ਦਾ ਜਵਾਬ ਲੱਭਣ ਤੋਂ ਬਾਅਦ ਉਹ 'ਕਿਸ ਲਈ' ਦਾ ਜਵਾਬ ਤਲਾਸ਼ਣ ਲੱਗਾ। ਉਹਨੇ ਰਵਾਇਤੀ ਰੰਗਮੰਚ ਦਾ ਹਰ ਨਕਾਬ ਲਾਹ ਸੁੱਟਿਆ। ਉਸ ਲਈ ਇਸ ਦੁਨੀਆ ਦਾ ਹਰ ਬਾਸ਼ਿੰਦਾ ਦਰਸ਼ਕ ਹੋ ਗਿਆ ਤੇ ਹਰ ਸਾਹ ਲੈਂਦਾ ਪ੍ਰਾਣੀ ਅਦਾਕਾਰ। ਉਹਨੇ ਕਮਿਊਨਿਟੀ ਥੀਏਟਰ ਆਰੰਭਿਆ। ਉਹ ਕਹਿੰਦਾ, "ਕੁਝ ਲੋਕ ਸਿਰ ਜੋੜ ਕੇ ਬਹਿ ਜਾਣ, ਫੈਸਲਾ ਕਰ ਲੈਣ, ਨਾਟਕ ਤਿਆਰ ਹੋ ਜਾਏਗਾ!" ਤੇ ਉਹਨੇ ਇਸੇ ਨੀਤੀ ਤਹਿਤ ਨਾਟਕ ਤਿਆਰ ਕੀਤੇ। ਉਹਦੀ ਜੀਵਨ ਸਾਥਣ ਹਰਲੀਨ ਕੋਹਲੀ ਨਾਲ ਹੁੰਦੀ। ਰਿਸ਼ਤੇਦਾਰ, ਗੁਆਂਢੀ, ਦੋਸਤ ਨਾਲ ਹੁੰਦੇ। ਉਹ ਮਿਲ ਬੈਠਦੇ। ਵਿਸ਼ਾ ਚੁਣਦੇ। ਚੰਨੀ ਵਿਸ਼ੇ ਦੀਆਂ ਬਾਰੀਕੀਆਂ 'ਤੇ ਚਰਚਾ ਕਰਦਾ। ਸਭ ਕੁਝ ਨੋਟ ਹੁੰਦਾ! ਮੈਨੂੰ ਯਾਦ ਹੈ: ਕਿਸੇ ਕਿਸੇ ਦਿਨ ਉਹ ਬਿਲਕੁਲ ਗੰਭੀਰ ਹੋ ਜਾਂਦਾ, ਰੂਹਾਨੀ ਹੋ ਜਾਂਦਾ... ਜ਼ਿੰਦਗੀ, ਦਰਸ਼ਨ, ਫਲਸਫਾ, ਕੁਦਰਤ, ਸਮਾਜ ਬਾਰੇ ਡੂੰਘੀਆਂ ਗੱਲਾਂ ਕਰਦਾ... ਲੱਗਦਾ ਕੁਰਸੀ 'ਤੇ ਕੋਈ ਸੰਤ ਬੈਠਾ ਹੈ! ਸ਼ਾਮ ਢਲਦੀ, ਉਹ ਸੰਤ ਮਨੁੱਖ ਬਣ ਜਾਂਦਾ। ਸਾਨੂੰ ਸਭ ਨੂੰ 'ਅਸਲੀ ਇਨਸਾਨ' ਬਣਾ ਉੱਚੀ ਉੱਚੀ ਹੱਸਦਾ। ਦਰਦ ਉਹਦੇ ਅੰਦਰ ਕਿਤੇ ਜਮ੍ਹਾਂ ਰਹਿੰਦਾ। ਜਦ ਅਤਿ ਹੋ ਜਾਂਦੀ ਤਾਂ ਉਹ ਉਗਲ ਦਿੰਦਾ। ਪੰਜਾਬ ਦੇ ਕਾਲੇ ਦੌਰ ਵਿਚ ਉਸ ਨੂੰ ਲੱਗਾ ਕਿ ਪੰਜਾਬ ਜਿੰਨਾ ਰੋਂਦਾ ਦਿਸਦਾ ਹੈ, ਇਸ ਦੇ ਅੰਦਰ ਇਸ ਤੋਂ ਵੱਧ ਰੋਣਾ ਛੁਪਿਆ ਹੋਇਆ ਹੈ। ਉਹਨੇ ਪੰਜਾਬ ਦੇ ਕਵੀਆਂ ਦੀ ਕਵਿਤਾ ਨੂੰ ਆਧਾਰ ਬਣਾ ਕੇ ਨਾਟਕ ਸਿਰਜਿਆ 'ਅੱਖ ਦੀ ਦਹਿਲੀਜ਼'। ਉਸ ਨੇ ਪ੍ਰਚੱਲਤ ਅਦਾਕਾਰਾਂ, ਰੰਗਮੰਚ ਸਭਾਘਰਾਂ ਅਤੇ ਦਰਸ਼ਕ ਦੀ ਉਡੀਕ ਨਾ ਕੀਤੀ; ਉਹ ਲੋਕਾਂ ਦੇ ਵਗਦੇ ਦਰਿਆ 'ਚ ਜਾ ਉਤਰਿਆ। ਅੱਖ ਦੀ ਦਹਿਲੀਜ਼ 'ਤੇ ਰੁਕਿਆ ਅੱਥਰੂ ਲੋਕਾਂ ਵਗਦਾ ਦੇਖਿਆ।





ਰੰਗਕਰਮੀ ਗੁਰਚਰਨ ਸਿੰਘ ਚੰਨੀ ਦੀਆਂ ਦੋ ਤਸਵੀਰਾਂ।

ਫਿਰ ਸਿਲਸਿਲਾ ਰੁਕਿਆ ਨਾ। 'ਮੈਂ ਜਲਾ ਦੀ ਜਾਊਂਗੀ', 'ਮੇਰਾ ਭਾਰਤ ਮਹਾਨ', 'ਇਸ ਦੇਸ਼ ਦੀ ਸੁਰੱਖਿਆ ਤੋਂ ਮੈਨੂੰ ਖਤਰਾ ਹੈ', 'ਅੰਧੇਰੇ ਕੇ ਖਿਲਾਫ', 'ਜ਼ਖਮੋਂ ਕੇ ਕਈ ਨਾਮ', 'ਡਾਂਟਤੇ ਰਹੋ'। ਇਸ ਦੇ ਨਾਲ ਨਾਲ ਉਹ ਫਿਲਮਾਂ ਬਣਾਉਂਦਾ ਰਿਹਾ। ਭਾਰਤ ਦੇ ਪ੍ਰਸਿੱਧ ਇਤਿਹਾਸਕ ਸਥਾਨਾਂ ਨੂੰ ਕੈਮਰਾਬੱਧ ਕੀਤਾ। ਦੂਰਦਰਸ਼ਨ ਲਈ ਕਈ ਫਿਲਮਾਂ ਬਣਾਈਆਂ। ਨਾਵਲਕਾਰ ਗੁਰਦਿਆਲ ਸਿੰਘ ਦੀ ਜ਼ਿੰਦਗੀ ਤੇ ਸਾਹਿਤਕਾਰੀ ਬਾਰੇ ਫਿਲਮ ਬਣਾਈ। 'ਪੀਲੇ ਪੱਤਿਆਂ ਦੀ ਦਾਸਤਾਨ', 'ਨਿਹੰਗ ਜੀ', 'ਗੁੱਡੂ' ਕਿੰਨੇ ਹੀ ਨਾਮ ਹਨ। ਉਹ ਅਦਾਕਾਰ ਸੀ। ਪੰਜਾਬ 1984, ਰੰਗਰੂਟ, ਸ਼ਰੀਕ, ਲੈਜੰਡ ਆਫ ਭਗਤ ਸਿੰਘ ਆਦਿ ਫਿਲਮਾਂ 'ਚ ਉਸ ਨੇ ਕਿਰਦਾਰ ਨਿਭਾਏ।

ਚੰਨੀ ਦਾ ਦੂਜਾ ਨਾਂ ਬੇਖੌਫ ਸਰਦਾਰ ਸੀ। ਟੈਗੋਰ ਥੀਏਟਰ ਦਾ ਕਿਰਾਇਆ ਵਧਾਇਆ ਗਿਆ ਤਾਂ ਉਹ ਹਿੱਕ ਡਾਹ ਕੇ ਪ੍ਰਸ਼ਾਸਕ ਸਾਹਮਣੇ ਖੜ੍ਹ ਗਿਆ, "ਆਪ ਕੌਣ ਹੋਤੇ ਹੋ ਇਸਕਾ ਕਿਰਾਇਆ ਬੜਾਨੇ ਵਾਲੇ, ਯੇ ਮੁਨਾਫੇ ਕੇ ਲੀਏ ਨਹੀਂ, ਲੋਗੋਂ ਕੇ ਲੀਏ ਬਨਾ ਹੈ!!" ਉਸ ਨੂੰ ਪਲਾਜ਼ਾ 'ਤੇ ਨੁੱਕੜ ਨਾਟਕ ਕਰਨੋਂ ਕੋਈ ਰੋਕਦਾ, ਉਹ ਬਦਤਮੀਜ਼ ਹੋ ਜਾਂਦਾ! ਐਸੀ ਲਾਹ-ਪਾਹ ਕਰਦਾ ਕਿ ਖਾਕੀ ਵਰਦੀ ਦੀਆਂ ਅੱਖਾਂ ਨੀਵੀਆਂ ਹੋ ਜਾਂਦੀਆਂ ਤੇ ਉਸ ਦੀ ਡਫਲੀ ਨਿਧੜਕ ਹੋ ਕੇ ਵੱਜਦੀ।

ਹੁਣ ਕੁਝ ਸਾਲਾਂ ਤੋਂ ਉਹ ਜਮ੍ਹਾਂ ਹੀ ਨਿਆਰਾ ਤੇ ਪਿਆਰਾ ਹੋ ਗਿਆ ਸੀ। ਰੰਗ ਬਿਰੰਗੇ ਕੱਪੜੇ ਤਾਂ ਪਹਿਲਾਂ ਵੀ ਪਹਿਨਦਾ ਸੀ, ਹੁਣ ਨੱਕ 'ਤੇ ਲਾਲ ਰੰਗੀ ਚੁੰਝ ਬਣਾ ਲੈਂਦਾ... ਨੱਕ ਲੰਬਾ ਹੋ ਜਾਂਦਾ... ਮੱਥੇ 'ਤੇ ਰੰਗ... ਬਗਲ 'ਚ ਰੰਗ ਬਰੰਗੀ ਪੋਟਲੀ... ਜੋਕਰ ਬਣ ਹਸਪਤਾਲਾਂ 'ਚ ਜਾ ਵੜਦਾ! ਮਰੀਜ਼ਾਂ ਕੋਲ ਬਹਿ ਜਾਂਦਾ, ਹੱਸਦਾ ਹਸਾਉਂਦਾ, ਮਸ਼ਕਰੀਆਂ ਕਰਦਾ, ਟੇਢਾ ਟੇਢਾ ਤੁਰਦਾ, ਟਪੂਸੀਆਂ ਮਾਰਦਾ! ਮਰੀਜ਼ਾਂ ਨੂੰ ਲੱਗਦਾ, "ਅਸੀਂ ਨੀ ਮਰਨਾ, ਜ਼ਿੰਦਗੀ ਜਿਊਣੀ ਹੈ!" ਉਹ ਇਸ ਪਿਆਰੇ ਸਰਦਾਰ ਦਾ ਹੱਥ ਚੁੰਮਦੇ। ਕਦੀ ਕਦੀ ਕੁਝ ਲੋਕ ਮੁਸਕਰਾ ਛੱਡਦੇ ਤੇ ਹੌਲੀ ਜਿਹੀ ਫੁਸਫੁਸਾਹਟ ਕਰਦੇ, "ਵਿਚਾਰਾ ਸਰਦਾਰ ਹਿੱਲ ਗਿਆ... ਕੋਈ ਨਾ, ਹੋਜੂ ਠੀਕ!" ਸਰਦਾਰ ਹਾਸੇ ਵੰਡਦਾ ਇੱਕ ਦਿਨ ਕਰੋਨਾ ਦੇ ਧੱਕੇ ਚੜ੍ਹ ਗਿਆ। ਹਸਪਤਾਲ ਜਾ ਪਹੁੰਚਿਆ। ਵੈਂਟੀਲੇਟਰ ਤੇ ਆਕਸੀਮੀਟਰਾਂ ਨੂੰ ਜੋਕਰ ਦੀ ਭਾਸ਼ਾ ਕਿੱਥੋਂ ਸਮਝ ਆਉਣੀ ਸੀ! ਉਹ ਜੂਝਦਾ ਰਿਹਾ ਤੇ ਇੱਕ ਦਿਨ ਅਲਵਿਦਾ ਕਹਿ ਗਿਆ। ਸਵਾਲ ਉਹਦੇ ਮਗਰ ਮਗਰ ਤੁਰੇ ਜਾ ਰਹੇ ਹਨ ਪਰ ਉਨ੍ਹਾਂ ਸਵਾਲਾਂ ਦਾ ਮੂੰਹ ਚੰਨੀ ਦੀ ਪਿੱਠ ਵੱਲ ਨਹੀਂ, ਸਾਡੇ ਵੱਲ ਹੈ! ਚੰਨੀ ਨੇ ਨਾਟਕ ਖੇਡਿਆ ਸੀ-'ਖੁੱਲ੍ਹੀ ਹਵਾ ਕੀ ਤਲਾਸ਼ ਮੇਂ'। ਉਸ ਖੁੱਲ੍ਹੀ ਹਵਾ ਨੂੰ ਮਾਰੂ ਜ਼ਹਿਰੀਲੀ ਹਵਾ 'ਚ ਕਿਸ ਨੇ ਬਦਲਿਆ? ਦੇਸ਼ ਦੀ ਸੁਰੱਖਿਆ ਤੋਂ ਸਾਨੂੰ ਖਤਰਾ ਕਿਉਂ ਹੈ? ਤੇ 'ਐਨਕਾਊਂਟਰਜ਼ ਆਰ ਮਰਡਰਜ਼' ਦੀ ਤਰਜ਼ 'ਤੇ ਕੀ ਇਹ ਮੌਤਾਂ ਵੀ ਹੱਤਿਆ ਨਹੀਂ? ਗੁਸਤਾਖ ਸਰਦਾਰ ਸਵਾਲਾਂ ਦੀ ਬੁਛਾੜ ਸਾਡੇ ਮੂੰਹ 'ਤੇ ਮਾਰ ਕੇ ਗਿਆ ਹੈ, ਜਵਾਬ ਲੱਭਣੇ ਪੈਣਗੇ! ਉਦੋਂ ਤਕ ਅਲਵਿਦਾ ਸੁਹਣੇ ਸਰਦਾਰਾ!

### ਬੇਖੌਫ ਸਰਦਾਰ

*ਚੰਨੀ ਦਾ ਦੂਜਾ ਨਾਂ ਬੇਖੌਫ ਸਰਦਾਰ ਸੀ। ਟੈਗੋਰ ਥੀਏਟਰ ਦਾ ਕਿਰਾਇਆ ਵਧਾਇਆ ਗਿਆ ਤਾਂ ਉਹ ਹਿੱਕ ਡਾਹ ਕੇ ਪ੍ਰਸ਼ਾਸਕ ਸਾਹਮਣੇ ਖੜ੍ਹ ਗਿਆ, "ਆਪ ਕੌਣ ਹੋਤੇ ਹੋ ਇਸਕਾ ਕਿਰਾਇਆ ਬੜਾਨੇ ਵਾਲੇ, ਯੇ ਮੁਨਾਫੇ ਕੇ ਲੀਏ ਨਹੀਂ, ਲੋਗੋਂ ਕੇ ਲੀਏ ਬਨਾ ਹੈ!" ਉਸ ਨੂੰ ਪਲਾਜ਼ਾ 'ਤੇ ਨੁੱਕੜ ਨਾਟਕ ਕਰਨੋਂ ਕੋਈ ਰੋਕਦਾ, ਉਹ ਬਦਤਮੀਜ਼ ਹੋ ਜਾਂਦਾ! ਐਸੀ ਲਾਹ-ਪਾਹ ਕਰਦਾ ਕਿ ਖਾਕੀ ਵਰਦੀ ਦੀਆਂ ਅੱਖਾਂ ਨੀਵੀਆਂ ਹੋ ਜਾਂਦੀਆਂ ਤੇ ਉਸ ਦੀ ਡਫਲੀ ਨਿਧੜਕ ਹੋ ਕੇ ਵੱਜਦੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੂਨ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-484



*ਕੂੜੇ-ਕਚਰੇ 'ਚੋਂ ਇਨ੍ਹਾਂ ਧੀਆਂ ਨੇ, ਲੱਭ ਲਏ ਨੇ 'ਸਿਰ ਦੇ ਤਾਜ।'*
*ਖੁਸ਼ੀਆਂ ਦੇ ਸੁਰ ਮਨਾਂ 'ਚ ਵੱਜਣ, ਜਦ ਰੀਝਾਂ ਬਣ ਜਾਵਣ ਸਾਜ਼।*
*ਉਂਜ ਮਸਤੀ ਵਿਚ ਰੁੱਝੀਆਂ, ਉਧੇੜ ਰਹੀਆਂ ਸਿਸਟਮ ਦਾ ਪਾਜ।*
*ਭੁੱਖੇ ਨੂੰ ਰੋਟੀ ਨਾ ਨਿਆਂ ਮਿਲੇ, ਜਦ ਲੋਟੂਆਂ ਦੇ ਹੱਥ ਹੋਵੇ ਰਾਜ!*

## ਕੈਪਸ਼ਨ ਮੁਕਾਬਲਾ-482



ਚਾਹ ਦੇ ਭਰੇ ਗਲਾਸ ਉਡੀਕਣ
ਕੋਈ ਪੀਵਣ ਵਾਲੇ ਆਵਣਗੇ।
ਬਿੰਦ ਝੱਟ ਲਈ ਬੈਠ ਇਕੱਠੇ
ਆਪਣਾ ਮਨ ਪਰਚਾਵਣਗੇ।
ਇਸੇ ਬਹਾਨੇ ਤਾਜ਼ਾ ਹੋ ਕੇ
ਆਪਣੇ ਰਸਤੇ ਜਾਵਣਗੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਜੀ. ਟੀ. ਰੋਡ 'ਤੇ ਦੁਹਾਈਆਂ ਪਾਵੇ
ਯਾਰਾਂ ਦਾ ਟਰੱਕ ਬੱਲੀਏ,
ਸੌ ਮੀਲ ਦੀ ਕਹਿ ਚਾਹ ਬਣਵਾਵੇ
ਆਖਦਾਂ ਨਿਝੱਕ ਬੱਲੀਏ।
ਦੋ ਘੁੱਟ ਪੀ ਕੇ ਅੱਖਾਂ ਲੱਗਣ ਟਿਕਾਰੇ
ਮਾਰਦੇ ਹੁਲਾਰੇ ਚੱਲੀਏ,
ਖਾ ਗੋਭੀ ਦੇ ਪਰੌਂਠੇ ਨੀਂਦ ਝੌਂਕੇ ਮਾਰੇ
ਲੁੱਟਦੇ ਨਜ਼ਾਰੇ ਬੱਲੀਏ।
*-ਸੇਵਾ ਸਿੰਘ ਨੂਰਪੁਰੀ*

---

ਸੜਕ ਕਿਨਾਰੇ ਢਾਬੇ ਵਾਲਾ
ਟਰੱਕ ਵਾਲਿਆਂ ਦਾ ਗੂੜ੍ਹਾ ਯਾਰ।
ਪਹੁੰਚਣ ਤੋਂ ਪਹਿਲਾਂ ਪਰੋਸ ਕੇ ਰੱਖ'ਤੀ,
ਤਿੰਨ ਗਲਾਸ, ਚਾਹ ਮਸਾਲੇਦਾਰ।
ਆਉਂਦੇ-ਜਾਂਦੇ ਰੁਕਦੇ ਸਾਰੇ
ਬਣ ਜਾਂਦੇ ਪੱਕੇ ਮੁਲਾਹਜ਼ੇਦਾਰ।
*-ਦਵਿੰਦਰ ਕੌਰ*

---

ਸੂਟਾਂ ਵੱਟਦੇ ਜਾਂਦੇ ਬਈ ਔਹ
ਸੜਕਾਂ 'ਤੇ ਟਰੱਕਾਂ ਦੇ ਲੰਬੇ ਲਾਰੇ,
ਸਫਰ ਬਿਖੜਾ ਮੁਕਾ ਕੇ ਆਏ
ਸੁੱਤ ਉਨੀਂਦੇ ਊਂਘਦੇ ਵਿਚਾਰੇ।
ਦੇਖ ਰਸਤੇ 'ਚ ਕੋਈ ਚੰਗਾ ਢਾਬਾ
ਖਿੱਚ ਬਰੇਕਾਂ ਝੱਟ ਡਰਾਈਵਰ ਮਾਰੇ
ਖਾ ਰੋਟੀ ਰੱਜ ਕਰਾਰੀ ਚਾਹ ਪੀਈਏ
ਹੋ ਜਾਈਏ ਨੌ-ਬਰ-ਨੌ ਮੁੜ ਸਾਰੇ।
*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਲੋਕ ਡਰੇ, ਸਰਕਾਰਾਂ ਡਰੀਆਂ
ਗਾਹਕ ਢਾਬੇ ਦਾ ਰਾਹ ਭੁੱਲ'ਗੇ।
ਕਰੋਨਾ ਮੁੜ ਮੁੜ ਫੇਰਾ ਪਾਵੇ
ਮਿੱਤਰਾਂ ਦੇ ਢਾਬੇ ਰੁਲ'ਗੇ।
ਲਾਚੀਆਂ ਵਾਲੀ ਕੰਡੇਦਾਰ ਚਾਹ ਬਣੀ
ਤਿਆਰ ਪਈ ਵਿਚ ਗਲਾਸਾਂ ਦੇ,
ਵਿਦਿਅਕ ਅਦਾਰੇ ਬੰਦ ਹੋ ਗਏ
ਪੜ੍ਹਾਕੂ ਲੱਭਦੇ ਨਾ ਵਿਚ ਕਲਾਸਾਂ ਦੇ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਸਿਖਰ ਦੁਪਹਿਰਾ, ਉਤੋਂ ਲੂਹ ਵਗਦੀ ਹੋਵੇ
ਪਿਘਲ ਰਹੀ ਸੜਕ ਉਤੇ ਸਫਰ ਹੋਵੇ
ਹੋਵੇ ਉਜਾੜ ਬੀਆਬਾਨ
ਮਿਲ ਜਾਵੇ ਜੇ ਕੋਈ ਮਿੱਤਰਾਂ ਦਾ ਢਾਬਾ
ਮਾਰੇ ਹਾਕਾਂ, ਆ ਜਾਓ ਬਈ ਆ ਜਾਓ
ਚਾਹ-ਪਾਣੀ ਹਾਜ਼ਰ ਹੈ
ਲਓ ਦਮ ਤੇ ਪੀ ਚਾਹ ਥੱਲੇ ਦੀ
ਲੈ ਸਕੂਲ ਵਧੋ ਅੱਗੇ
ਹੋਰ ਕੀ ਚਾਹੀਦਾ
'ਅੰਨ੍ਹਾ ਕੀ ਭਾਲੇ, ਦੋ ਅੱਖਾਂ।'
*-ਦਰਸ਼ਨਪਾਲ ਦੋਸਾਂਝ*

---

ਟਰੱਕਰ ਵੀਰਾਂ ਲਈ ਵਧੀਆ ਅੱਡਾ
ਸੜਕ ਕਿਨਾਰੇ ਬਣਿਆ ਢਾਬਾ।
ਕਿਵੇਂ ਲੰਘ ਜਾਣਗੇ ਛੱਡ ਕੇ ਢਾਬਾ
ਚਾਹੇ ਹੋਵੇ ਜੁਆਨ, ਚਾਹੇ ਬਾਬਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

# ਦੇਸ਼ ਭਗਤ ਵਿਰਾਸਤ ਦਾ ਪਹਿਰੇਦਾਰ ਸੀ ਅਭੈ ਸਿੰਘ ਸੰਧੂ

ਰਾਬਿੰਦਰਨਾਥ ਟੈਗੋਰ ਨੇ ਇਕ ਵਾਰੀ, ਕਿਸੇ ਆਪਣੇ ਦੀ ਮੌਤ ਦੇ ਪ੍ਰਭਾਵ ਬਾਰੇ ਇਉਂ ਲਿਖਿਆ ਸੀ, "ਮੈਂ ਕਦੇ ਜ਼ਿੰਦਗੀ ਤੋਂ ਬਾਹਰ ਜਾ ਕੇ ਕੁਝ ਨਹੀਂ ਸੀ ਵੇਖਿਆ ਅਤੇ ਇਸੇ ਨੂੰ ਅਟੱਲ ਸੱਚਾਈ ਖਿਆਲ ਕੀਤਾ ਸੀ। ਜਦੋਂ ਮੇਰਾ ਮੌਤ ਨਾਲ ਅਚਾਨਕ ਸਾਹਮਣਾ ਹੋਇਆ, ਜਿਸ ਨੇ ਇਕ ਜ਼ਿੰਦਗੀ ਰੂਪੀ ਕੱਪੜੇ ਨੂੰ ਲੀਰੋ ਲੀਰ ਕਰ ਦਿੱਤਾ ਸੀ, ਤਾਂ ਇਹ ਮੰਜ਼ਰ ਮੇਰੇ ਲਈ ਬੜੀ ਪ੍ਰੇਸ਼ਾਨੀ ਤੇ ਘਬਰਾਹਟ ਵਾਲਾ ਸੀ। ਮੇਰੇ ਆਲੇ-ਦੁਆਲੇ ਰੁੱਖ, ਧਰਤੀ, ਪਾਣੀ, ਸੂਰਜ, ਚੰਦਰਮਾ, ਤਾਰੇ ਤਾਂ ਭਾਵੇਂ ਆਪਣੀ ਥਾਂ ਉਵੇਂ ਹੀ ਸਨ, ਜਿਵੇਂ ਪਹਿਲਾਂ ਸਨ; ਪਰ ਇਕ ਇਨਸਾਨ ਜੋ ਪਹਿਲਾਂ ਸੱਚਮੁੱਚ ਉਥੇ ਸੀ, ਜਿਸ ਦੀਆਂ ਮੇਰੇ ਨਾਲ ਦਿਲ, ਦਿਮਾਗ ਤੇ ਜੀਵਨ ਦੀਆਂ ਹਜ਼ਾਰਾਂ ਤੰਦਾਂ ਸਾਂਝੀਆਂ ਸਨ ਅਤੇ ਜੋ ਮੇਰਾ ਅਤਿਅੰਤ ਵਿਸ਼ਵਾਸ ਪਾਤਰ ਸੀ, ਉਹ

**ਸਰਬਜੀਤ ਸਿੰਘ ਵਿਰਕ, ਐਡਵੋਕੇਟ**
**ਅਰਬਨ ਅਸਟੇਟ, ਪਟਿਆਲਾ**
**ਫੋਨ: 91-94170-72314**

ਇਕ ਸੁਪਨੇ ਵਾਂਗ ਗਵਾਚ ਗਿਆ ਸੀ। ਜਦੋਂ ਮੈਂ ਆਲੇ-ਦੁਆਲੇ ਵੇਖਦਾ ਹਾਂ ਤਾਂ ਇਕ ਗੈਰ-ਯਕੀਨੀ ਦਾ ਆਲਮ ਦਿੱਸਦਾ ਹੈ, ਜਿਸ ਵਿਚ ਮੈਨੂੰ ਇਸ ਗੱਲ ਦਾ ਕੋਈ ਸਪੱਸ਼ਟ ਜਵਾਬ ਨਹੀਂ ਮਿਲਦਾ ਕਿ ਜੋ ਬਾਕੀ ਬਚਿਆ ਹੈ, ਉਸ ਨਾਲ ਮੈਂ ਨੁਕਸਾਨ ਦੀ ਪੂਰਤੀ ਕਿੰਜ ਕਰਾਂ।"

ਕੁਝ ਏਦਾਂ ਦੇ ਹੀ ਭਾਵ ਸ. ਅਭੈ ਸਿੰਘ ਸੰਧੂ ਨੂੰ ਜਾਣਨ ਅਤੇ ਚਾਹੁਣ ਵਾਲਿਆਂ ਉਨ੍ਹਾਂ ਹਜ਼ਾਰਾਂ ਦਿਲਾਂ ਨੇ ਮਹਿਸੂਸ ਕੀਤੇ ਹੋਣਗੇ, ਜਿਨ੍ਹਾਂ ਤੱਕ ਉਨ੍ਹਾਂ ਦੀ ਇਸ ਸੰਸਾਰ ਤੋਂ ਅਚਾਨਕ ਰੁਖਸਤ ਹੋਣ (14 ਮਈ 2021) ਦੀ ਖਬਰ ਪੁੱਜੀ ਹੋਵੇਗੀ। ਬੇਕਾਬੂ ਹੋ ਕੇ ਆਸ-ਪਾਸ ਫੈਲ ਚੁਕੀ ਮਹਾਮਾਰੀ ਕਰੋਨਾ ਨੇ ਸਾਡੇ ਕੋਲੋਂ ਇਕ ਅਨਮੋਲ ਹੀਰਾ ਖੋਹ ਲਿਆ ਹੈ। ਉਹ ਜਿਸਮਾਨੀ ਤੌਰ 'ਤੇ ਭਾਵੇਂ ਸਾਡੇ ਤੋਂ ਵਿਛੜ ਚੁਕੇ ਹਨ, ਪਰ ਉਨ੍ਹਾਂ ਵੱਲੋਂ ਸਮਾਜ ਵਿਚ ਆਪਣੇ ਬੋਲਾਂ ਅਤੇ ਕੰਮਾਂ ਰਾਹੀਂ ਵੰਡੀ ਖੁਸ਼ਬੋ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਤੇ ਅਮਰ ਰੱਖੇਗੀ।

ਉਨ੍ਹਾਂ ਦਾ ਜਨਮ 20 ਅਕਤੂਬਰ 1956 ਨੂੰ ਸ. ਕੁਲਬੀਰ ਸਿੰਘ (ਭਰਾ ਸ਼ਹੀਦ ਭਗਤ ਸਿੰਘ) ਦੇ ਘਰ ਮਾਤਾ ਕਾਂਤਾ ਜੀ ਦੀ ਕੁੱਖੋਂ ਹੋਇਆ। ਉਹ ਚਾਰ ਭੈਣਾਂ-ਭਰਾਵਾਂ ਵਿਚ ਦੂਜੇ ਥਾਂ ਸਨ। ਜਿਵੇਂ ਜਿਵੇਂ ਉਹ ਵੱਡੇ ਹੋਏ ਅਤੇ ਉਨ੍ਹਾਂ ਪਰਿਵਾਰ ਵਿਚ ਚੱਲੀ ਆ ਰਹੀ ਦੇਸ਼ ਭਗਤੀ ਦੀ ਪਰੰਪਰਾ ਬਾਰੇ ਕਹਾਣੀਆਂ ਸੁਣੀਆਂ-ਪੜ੍ਹੀਆਂ, ਤਿਵੇਂ ਤਿਵੇਂ ਉਹ ਸਮਾਜ ਬਾਰੇ ਵਧੇਰੇ ਜਾਗਰੂਕ ਤੇ ਪ੍ਰਤੀਬੱਧ ਹੁੰਦੇ ਗਏ। ਇਨ੍ਹਾਂ ਕਹਾਣੀਆਂ ਵਿਚ ਉਨ੍ਹਾਂ ਦੇ ਪਿਤਾ ਸ. ਕੁਲਬੀਰ ਸਿੰਘ ਵੱਲੋਂ ਆਜ਼ਾਦੀ ਲਈ ਕੀਤੀਆਂ ਘਾਲਣਾਵਾਂ ਵੀ ਸ਼ਾਮਲ ਸਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ. ਕੁਲਬੀਰ ਸਿੰਘ ਨੇ ਵੀ ਆਪਣੀ ਕੁੱਲ ਜ਼ਿੰਦਗੀ ਦੇਸ਼ ਸੇਵਾ ਵਿਚ ਲਾਈ। 23 ਮਾਰਚ 1931 ਨੂੰ ਜਦੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਹੋਈ ਤਾਂ ਉਸ ਵੇਲੇ ਕੁਲਬੀਰ ਸਿੰਘ ਪੰਦਰਾਂ ਕੁ ਵਰ੍ਹਿਆਂ ਦੇ ਸਨ। ਇਸ ਪਿੱਛੋਂ ਦੇਸ਼ ਭਗਤੀ ਦੀ ਵਿਰਾਸਤ ਨੂੰ ਸਾਂਭਦਿਆਂ ਉਹ ਆਜ਼ਾਦੀ ਸੰਘਰਸ਼ ਵਿਚ ਕੁੱਦ ਪਏ ਸਨ। ਕੋਈ 19 ਵਰ੍ਹਿਆਂ ਦੀ ਉਮਰੇ ਉਨ੍ਹਾਂ ਦੀ ਪਹਿਲੀ ਗ੍ਰਿਫਤਾਰੀ ਉਦੋਂ ਹੋਈ ਸੀ, ਜਦੋਂ ਉਹ ਆਪਣੇ ਸਾਥੀਆਂ ਨਾਲ ਜਨਤਕ ਤੌਰ ਉਤੇ ਬਰਤਾਨੀਆਂ ਦੇ ਬਾਦਸ਼ਾਹ ਜਾਰਜ ਪੰਚਮ ਦੀ ਭਾਰਤ ਫੇਰੀ ਦੇ ਵਿਰੋਧ ਵਿਚ ਨਿੱਤਰੇ ਸਨ। ਕੁਝ ਮਹੀਨਿਆਂ ਦੀ ਜੇਲ੍ਹ ਪਿੱਛੋਂ ਜਦੋਂ ਉਹ ਬਾਹਰ ਆਏ ਤਾਂ ਕਿਸਾਨ ਸਭਾ ਨੇ ਉਨ੍ਹਾਂ ਨੂੰ ਆਪਣਾ ਆਗੂ ਚੁਣ ਲਿਆ ਸੀ, ਜਿਸ ਨਾਲ ਆਵਾਮ ਪ੍ਰਤੀ ਉਨ੍ਹਾਂ ਦੇ ਰੁਝੇਵੇਂ ਅਤੇ ਜ਼ਿੰਮੇਵਾਰੀਆਂ ਹੋਰ ਵਧ ਗਈਆਂ ਸਨ।

1939 ਵਿਚ ਕਿਸਾਨ ਸਭਾ ਵੱਲੋਂ ਆਪਣੀਆਂ ਮੰਗਾਂ ਦੇ ਸਮਰਥਨ ਵਿਚ ਥਾਂ ਥਾਂ ਰੈਲੀਆਂ-ਮੁਜ਼ਾਹਰੇ ਕੀਤੇ ਗਏ ਤਾਂ ਹਕੂਮਤ ਨੇ ਸਖਤੀ ਵਿਖਾਉਂਦਿਆਂ ਫਿਰ ਸ. ਕੁਲਬੀਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਦੀ ਗ੍ਰਿਫਤਾਰੀ ਨਾਲ ਸਾਰੇ ਦੇਸ਼ ਵਿਚ ਅੰਦੋਲਨ ਭਖ ਪਿਆ ਸੀ। ਹਕੂਮਤ ਨੇ ਅੰਦੋਲਨ ਨੂੰ ਦਬਾਉਣ ਲਈ ਦੇਸ਼ ਭਰ ਦੇ ਵੱਡੇ ਆਗੂਆਂ ਨੂੰ ਫੜ ਕੇ ਜੇਲ੍ਹੀਂ ਸੁੱਟ ਦਿੱਤਾ ਸੀ, ਜਿਨ੍ਹਾਂ ਵਿਚ ਪੰਜਾਬ ਤੋਂ ਸ੍ਰੀ ਧਨਵੰਤਰੀ, ਰਾਮ ਕ੍ਰਿਸ਼ਨ ਭੜੋਲੀਆ, ਟਿਕਾ ਰਾਮ ਸੁਖਨ ਅਤੇ ਪੰਜਾਬੋਂ ਬਾਹਰ ਤੋਂ ਜੈ ਪ੍ਰਕਾਸ਼ ਨਰਾਇਣ, ਸੇਠ ਦਮੋਦਰ ਦਾਸ, ਡਾ. ਜ਼ੈਡ. ਏ. ਅਹਿਮਦ, ਕਾਮਰੇਡ ਐਸ. ਏ. ਡਾਂਗੇ ਸ਼ਾਮਲ ਸਨ; ਪਰ ਕੁਲਬੀਰ ਸਿੰਘ ਤੇ ਉਸ ਦੇ ਸਾਥੀ ਚੁੱਪ ਬੈਠਣ ਵਾਲੇ ਕਿੱਥੇ ਸਨ! ਉਨ੍ਹਾਂ ਜੇਲ੍ਹ ਵਿਚ ਹੀ (ਭਗਤ ਸਿੰਘ ਹੋਰਾਂ ਵਾਂਗ) ਰਾਜਸੀ ਕੈਦੀਆਂ ਨਾਲ ਚੰਗਾ ਵਿਹਾਰ ਕਰਨ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਅਰੰਭ ਦਿੱਤੀ। ਦੋ ਮਹੀਨੇ ਬਾਅਦ ਹਕੂਮਤ ਨੂੰ ਝੁਕਣਾ ਪਿਆ ਤੇ ਉਨ੍ਹਾਂ ਸਾਰੇ ਰਾਜਸੀ ਆਗੂਆਂ ਨੂੰ ਰਾਜਸਥਾਨ ਦੀ ਦੇਵਲੀ ਕੈਂਪ ਜੇਲ੍ਹ ਵਿਚ ਇਕੱਠੇ ਕਰ ਦਿੱਤਾ। ਭਾਵੇਂ ਭੁੱਖ ਹੜਤਾਲ ਕਰਕੇ ਸ. ਕੁਲਬੀਰ ਸਿੰਘ ਹੋਰਾਂ ਦੀ ਤਬੀਅਤ ਵਿਗੜ ਗਈ ਅਤੇ ਉਨ੍ਹਾਂ ਨੂੰ ਕਈ ਦਿਨ ਹਸਪਤਾਲ ਵੀ ਰਹਿਣਾ ਪਿਆ, ਪਰ ਦੇਸ਼ ਭਗਤਾਂ ਲਈ ਦੇਵਲੀ ਕੈਂਪ ਵਰਦਾਨ ਸਾਬਤ ਹੋਇਆ। ਇਥੇ ਆਜ਼ਾਦੀ ਬਾਰੇ ਅਤੇ ਆਜ਼ਾਦੀ ਤੋਂ ਬਾਅਦ ਦੇ ਸੰਵਿਧਾਨ ਬਾਰੇ ਖੁਲ੍ਹ ਕੇ ਵਿਚਾਰਾਂ ਹੋਣ ਲੱਗੀਆਂ। ਆਜ਼ਾਦੀ ਆਉਣ ਤੱਕ ਕੁਲਬੀਰ ਸਿੰਘ ਦੀ ਗ੍ਰਿਫਤਾਰੀ ਅਤੇ ਰਿਹਾਈ ਦਾ ਸਿਲਸਿਲਾ ਨਿਰੰਤਰ ਚਲਦਾ ਰਿਹਾ।

ਉਧਰ ਦੂਜੀ ਵੱਡੀ ਜੰਗ ਤੋਂ ਬਾਅਦ ਭਗਤ ਸਿੰਘ ਤੇ ਕੁਲਬੀਰ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਨੂੰ ਜਰਮਨੀ ਤੋਂ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਹੋਣ ਲੱਗੀਆਂ। ਅੰਤ 15 ਅਗਸਤ 1947 ਨੂੰ ਆਜ਼ਾਦੀ ਆਈ, ਪਰ ਇਸ ਦਿਨ ਰੌਸ਼ਨੀਆਂ ਦੀ ਥਾਂ ਭਾਰਤ-ਪਾਕਿਸਤਾਨ ਦਾ ਸਾਰਾ ਅਸਮਾਨ ਮਜ਼ਹਬੀ ਦੰਗਿਆਂ ਦੀ ਅੱਗ ਵਿਚੋਂ ਨਿਕਲਦੇ ਧੂੰਏ ਨਾਲ ਕਾਲਾ ਹੋ ਗਿਆ। ਇਨ੍ਹਾਂ ਦੰਗਿਆਂ ਦਾ ਸਦਮਾ ਨਾ ਸਹਾਰਦਿਆਂ ਸ. ਅਜੀਤ ਸਿੰਘ, ਜੋ ਚਾਲੀ ਸਾਲਾਂ ਬਾਅਦ ਹਿੰਦੋਸਤਾਨ ਆਏ ਸਨ, ਦਿਲ ਦਾ ਦੌਰਾ ਪੈਣ ਕਰਕੇ ਸਵਰਗਵਾਸ ਹੋ ਗਏ।

ਅਭੈ ਸਿੰਘ ਸੰਧੂ ਨੇ ਜਵਾਨੀ ਦੀ ਦਹਿਲੀਜ਼ ਉਤੇ ਪੈਰ ਰੱਖਦਿਆਂ ਇਹ ਜਾਣ ਲਿਆ ਸੀ ਕਿ ਉਨ੍ਹਾਂ ਦੇ ਤਾਇਆ ਜੀ ਸ਼ਹੀਦ ਭਗਤ ਸਿੰਘ ਅਸਲੀ ਆਜ਼ਾਦੀ (ਇਨਕਲਾਬ) ਇਸ ਕਰਕੇ ਚਾਹੁੰਦੇ ਸਨ ਤਾਂ ਕਿ ਭਾਰਤੀ ਸਮਾਜ ਵਿਚੋਂ ਊਚ-ਨੀਚ, ਜਾਤ-ਪਾਤ ਤੇ ਮਜ਼ਹਬੀ ਭੇਦ-ਭਾਵ ਖਤਮ ਹੋ ਜਾਣ ਅਤੇ ਹਰ ਇਕ ਨੂੰ ਬਰਾਬਰ ਦਾ ਸਨਮਾਨ ਤੇ ਨਿਆਂ ਮਿਲੇ। ਉਨ੍ਹਾਂ ਦੇ ਮਨ ਉਤੇ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੇ ਸ਼ੈਸ਼ਨ ਕੋਰਟ ਦਿੱਲੀ ਸਾਹਮਣੇ 6 ਜੂਨ 1929 ਨੂੰ ਦਿੱਤੇ ਉਸ ਇਤਿਹਾਸਕ ਬਿਆਨ ਦੇ ਸ਼ਬਦ ਵੀ ਉਕਰ ਗਏ ਸਨ, ਜਿਨ੍ਹਾਂ ਵਿਚ ਉਨ੍ਹਾਂ ਕਿਹਾ ਸੀ:

"ਇਨਕਲਾਬ ਤੋਂ ਸਾਡਾ ਭਾਵ ਹੈ- ਬੇਇਨਸਾਫੀ ਉਤੇ ਆਧਾਰਿਤ ਮੌਜੂਦਾ ਨਿਜ਼ਾਮ ਨੂੰ ਬਦਲ ਦਿੱਤਾ ਜਾਵੇ। ਲੁੱਟ-ਘਸੁੱਟ ਖਤਮ ਕਰ ਦਿੱਤੀ ਜਾਵੇ। ਸਮਾਜ ਦਾ ਪ੍ਰਮੁੱਖ ਅੰਗ ਹੋਣ ਦੇ ਬਾਵਜੂਦ ਅੱਜ ਕਾਸ਼ਤਕਾਰਾਂ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਮੁਢਲੇ ਹੱਕਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਖੂਨ-ਪਸੀਨੇ ਦੀ ਕਮਾਈ ਲੁੱਟੀ ਜਾ ਰਹੀ ਹੈ। ਦੂਜਿਆਂ ਲਈ ਅੰਨਦਾਤਾ ਮੰਨਿਆ ਜਾਣ ਵਾਲਾ ਕਿਸਾਨ ਅੱਜ ਆਪਣੇ ਪਰਿਵਾਰ ਦੀ ਦੋ ਵੇਲੇ ਦੀ ਰੋਟੀ ਲਈ ਮੁਥਾਜ ਹੈ। ਦੁਨੀਆਂ ਭਰ ਦੇ ਬਾਜ਼ਾਰਾਂ ਨੂੰ ਕੱਪੜਾ ਤਿਆਰ ਕਰਕੇ ਦੇਣ ਵਾਲੇ ਬੁਣਕਰਾਂ ਨੂੰ ਆਪਣਾ ਅਤੇ ਆਪਣੇ ਬੱਚਿਆਂ ਦਾ ਤਨ ਢਕਣ ਲਈ ਵੀ ਕੱਪੜਾ ਨਸੀਬ ਨਹੀਂ ਹੋ ਰਿਹਾ। ਰਾਜਗੀਰ, ਲੋਹਾ-ਕੁੱਟ ਅਤੇ ਕਾਰੀਗਰ ਜੋ ਖੂਬਸੂਰਤ ਮਹਿਲਾਂ ਦਾ ਨਿਰਮਾਣ ਕਰਦੇ ਹਨ, ਖੁਦ ਨਿਥਾਂਵਿਆਂ ਵਾਂਗੂ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ। ਦੂਜੇ ਪਾਸੇ ਸਮਾਜ ਵਿਚ ਲਹੂ-ਪੀਣ ਵਾਲੀਆਂ ਜੋਕਾਂ ਭਾਵ ਸਰਮਾਏਦਾਰ ਅਤੇ ਮਿਹਨਤਾਂ ਦੇ ਲੁਟੇਰੇ ਆਪਣੀ ਐਸ਼ੋ-ਇਸ਼ਰਤ ਉਤੇ ਲੱਖਾਂ ਰੁਪਏ ਉੜਾ ਰਹੇ ਹਨ। ਇਸ ਭਿਆਨਕ ਨਾਬਰਾਬਰੀ ਅਤੇ ਮੌਕਿਆਂ ਵਿਚ ਥੋਪੇ ਹੋਏ ਵਖਰੇਵੇਂ ਦਾ ਸਿੱਟਾ ਸ਼ਰਤੀਆ ਤੌਰ 'ਤੇ ਅਫਰਾ-ਤਫਰੀ ਵਿਚ ਨਿਕਲੇਗਾ। ਇਹ ਹਾਲਤਾਂ ਹੁਣ ਬਹੁਤੀ ਦੇਰ ਨਹੀਂ ਰਹਿ ਸਕਦੀਆਂ। ਲੁੱਟ-ਖਸੁੱਟ ਦੀ ਮਸਤੀ ਵਿਚ ਗਲਤਾਨ ਹੋਇਆ ਮੌਜੂਦਾ ਸਮਾਜੀ ਢਾਂਚਾ ਜਵਾਲਾਮੁਖੀ ਦੇ ਦਹਾਨੇ ਉਤੇ ਟਿਕਿਆ ਹੈ। ਜੇ ਸਭਿਅਤਾ ਦੀ ਇਮਾਰਤ ਨੂੰ ਵੇਲੇ ਸਿਰ ਨਾ ਬਚਾਇਆ ਗਿਆ ਤਾਂ ਇਸ ਦਾ ਤਬਾਹ ਹੋਣਾ ਯਕੀਨੀ ਹੈ। ਇਸ ਕਰਕੇ ਬੁਨਿਆਦੀ ਤਬਦੀਲੀ ਦੀ ਫੌਰੀ ਲੋੜ ਹੈ।"

ਅਭੈ ਸਿੰਘ ਨੇ ਜਿਵੇਂ ਜਿਵੇਂ ਮਹਿਸੂਸ ਕੀਤਾ ਕਿ ਆਜ਼ਾਦੀ ਤੋਂ ਕਈ ਦਹਾਕੇ ਬਾਅਦ ਵੀ, ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋਏ, ਉਵੇਂ ਉਵੇਂ ਉਹ ਸਮਾਜ ਵਿਚ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਜਾਗਰੂਕਤਾ ਪੈਦਾ ਕਰਨ ਦੇ ਅਮਲ ਵਿਚ ਰੁਝਦੇ ਗਏ। ਸ਼ਾਇਦ ਉਨ੍ਹਾਂ ਦੇ ਨਾਮਕਰਣ ਵੇਲੇ ਹੀ ਉਨ੍ਹਾਂ ਨੂੰ ਮਾਪਿਆਂ ਨੇ 'ਅਭੈ ਸਿੰਘ' ਨਾਮ ਦੇ ਨਾਲ 'ਭੈ ਮੁਕਤ' ਕਰਕੇ, ਸਮਾਜ ਨੂੰ ਚੇਤਨ ਕਰਨ ਲਈ ਸਮਰਪਿਤ ਕਰ ਦਿੱਤਾ ਸੀ ਤੇ ਹੁਣ ਉਨ੍ਹਾਂ ਨੂੰ ਇਸ ਮਿਸ਼ਨ ਵਿਚ ਜਨਵਰੀ 1983 ਨੂੰ ਇਕ ਨਿਸ਼ਠਾਵਾਨ ਤੇ ਕਾਬਲ ਸਹਿਯੋਗੀ ਸ੍ਰੀਮਤੀ ਤੇਜਿੰਦਰ ਕੌਰ ਜੀਵਨ ਸਾਥਣ ਦੇ ਰੂਪ 'ਚ ਮਿਲ ਗਏ ਸਨ, ਜੋ ਖੁਦ ਆਜ਼ਾਦੀ ਘੁਲਾਟੀਏ ਸ. ਕਰਤਾਰ ਸਿੰਘ ਦੇ ਅਗਾਂਹਵਧੂ ਪਰਿਵਾਰ ਵਿਚੋਂ ਸਨ।

ਅਭੈ ਸਿੰਘ ਨੇ ਵੇਖ ਲਿਆ ਸੀ ਕਿ ਆਜ਼ਾਦੀ ਤਾਂ ਆਈ ਹੈ, ਪਰ ਲੋਕਾਂ ਦੇ ਸਮਾਜਿਕ ਤੇ ਆਰਥਿਕ ਹਾਲਾਤ ਵਿਚ ਖਾਸ ਪਰਿਵਰਤਨ ਨਹੀਂ ਹੋਇਆ। ਪੂੰਜੀ ਫਿਰ ਵੱਡੇ ਘਰਾਣਿਆਂ ਕੋਲ




*ਚਿੱਤਰਕਾਰ ਆਸਿਫ ਰਜ਼ਾ, ਲਾਹੌਰ ਵਲੋਂ ਬਣਾਇਆ ਗਿਆ ਅਭੈ ਸਿੰਘ ਸੰਧੂ ਦਾ ਇੱਕ ਚਿੱਤਰ*

ਇਕੱਠੀ ਹੋਣ ਲੱਗ ਪਈ ਹੈ, ਕਾਨੂੰਨ ਫਿਰ ਤਾਕਤਵਰ ਦਾ ਪੱਖ ਕਰਨ ਲੱਗ ਪਿਆ ਹੈ ਅਤੇ ਲੋਕ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਦਰ-ਬਦਰ ਭਟਕ ਰਹੇ ਹਨ। ਕੁਲਬੀਰ ਸਿੰਘ ਤਾਂ ਹਾਲਾਤ ਸੁਧਰਨ ਦਾ ਸੁਪਨਾ ਦਿਲ ਵਿਚ ਲੈ ਕੇ ਦਸੰਬਰ 1983 ਵਿਚ ਚਲੇ ਗਏ ਸਨ ਤੇ ਹੁਣ ਉਨ੍ਹਾਂ ਤੋਂ ਬਾਅਦ ਅਭੈ ਸਿੰਘ ਦੀ ਵਾਰੀ ਸੀ ਕਿ ਉਹ ਪਰਿਵਾਰ ਦੀ ਦੇਸ਼ ਭਗਤਕ ਵਿਰਾਸਤ ਦਾ ਪਹਿਰੇਦਾਰ ਬਣ ਕੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਏ ਤਾਂ ਕਿ ਉਹ ਸੰਘਰਸ਼ ਕਰਕੇ ਇਕ ਨਵੇਂ ਸਮਾਜ ਦੀ ਸਿਰਜਣਾ ਕਰ ਸਕਣ। ਇਸੇ ਮਿਸ਼ਨ ਤਹਿਤ ਉਨ੍ਹਾਂ ਆਪਣੇ ਪੁੱਤਰ ਅਭਿਤੇਜ ਸਿੰਘ ਅਤੇ ਹੋਰਾਂ ਦੇ ਸਹਿਯੋਗ ਨਾਲ 'ਸਰਦਾਰ ਕੁਲਬੀਰ ਸਿੰਘ ਮੈਮੋਰੀਅਲ ਫਾਊਂਡੇਸ਼ਨ' ਬਣਾਈ, ਜਿਸ ਦੇ ਆਸ਼ਿਆਂ ਵਿਚ ਇਨਕਲਾਬੀ ਲਹਿਰ ਦੇ ਇਤਿਹਾਸ ਉਤੇ ਇਕ ਆਹਲਾ ਖੋਜ ਸੰਸਥਾ ਦੀ ਸਥਾਪਨਾ ਕਰਨਾ; ਆਜ਼ਾਦੀ ਲਹਿਰ ਦੇ ਸ਼ਹੀਦਾਂ ਦੇ ਸੰਦੇਸ਼, ਜੀਵਨੀਆਂ ਅਤੇ ਘਾਲਣਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਯਤਨ ਕਰਨਾ; ਦੇਸ਼ ਭਗਤਾਂ ਦੀ ਵਿਰਾਸਤ ਨੂੰ ਸਾਂਭਣਾ ਤੇ ਉਨ੍ਹਾਂ ਨਾਲ ਸਬੰਧਤ ਸਾਹਿਤ ਨੂੰ ਛਪਵਾ ਕੇ ਲੋਕਾਂ ਵਿਚ ਵੰਡਣਾ ਅਤੇ ਆਰਥਿਕ ਤੇ ਸਮਾਜਿਕ ਪੱਖੋਂ ਪਛੜੇ ਲੋਕਾਂ ਦੀ ਮਦਦ ਕਰਨਾ ਸ਼ਾਮਲ ਸਨ।

ਇਨ੍ਹਾਂ ਵਿਚੋਂ ਸ. ਅਭੈ ਸਿੰਘ ਆਪਣੇ ਸਾਥੀਆਂ ਦੇ ਸਹਿਯੋਗ ਅਤੇ ਸਰਕਾਰਾਂ ਦੀ ਮਦਦ ਨਾਲ ਕਈ ਅਹਿਮ ਕੰਮ ਕਰਨ ਵਿਚ ਸਫਲ ਵੀ ਹੋਏ। ਉਨ੍ਹਾਂ ਆਪਣੀ ਭੂਆ ਜੀ ਸ੍ਰੀਮਤੀ ਅਮਰ ਕੌਰ ਦੇ ਪੁੱਤਰ ਪ੍ਰੋ. ਜਗਮੋਹਨ ਸਿੰਘ, ਪ੍ਰੋ. ਮਾਲਵਿੰਦਰ ਜੀਤ ਸਿੰਘ ਵੜੈਚ, ਪੰਜਾਬ ਸਰਕਾਰ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਖਟਕੜ ਕਲਾਂ ਨੂੰ ਇਕ ਮਾਡਰਨ ਤੇ ਡਿਜੀਟਲ ਮਿਊਜ਼ੀਅਮ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਈ। ਇਹ ਮਿਊਜ਼ੀਅਮ ਹੁਣ ਭਾਰਤ ਵਾਸੀਆਂ ਲਈ ਦੇਸ਼ ਭਗਤੀ ਦਾ ਮੱਕਾ ਬਣਿਆ ਹੋਇਆ ਹੈ। ਇਸ ਵਿਚ ਸ਼ਹੀਦਾਂ ਨਾਲ ਸਬੰਧਤ ਬਹੁਤ ਸਾਰੇ ਅਹਿਮ ਅਤੇ ਕੀਮਤੀ ਦਸਤਾਵੇਜ਼ ਤੇ ਵਸਤਾਂ ਰੱਖੀਆਂ ਗਈਆਂ ਹਨ, ਜਿਵੇਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਰੱਤ ਨਾਲ ਭਿੱਜੀ ਮਿੱਟੀ, ਉਨ੍ਹਾਂ ਦੀਆਂ ਅਧ ਸੜੀਆਂ ਅਸਥੀਆਂ ਅਤੇ ਅਖਬਾਰ 'ਟ੍ਰਿਬਿਊਨ' ਦੇ ਖੂਨ-ਅਲੂਦ ਵਰਕੇ ਜਿਨ੍ਹਾਂ ਵਿਚ ਇਹ ਅਸਥੀਆਂ ਵਲ੍ਹੇਟ ਕੇ ਲਿਆਂਦੀਆਂ ਗਈਆਂ ਸਨ। ਇੱਥੇ ਲਾਹੌਰ ਹਾਈ ਕੋਰਟ ਵੱਲੋਂ ਦਿੱਤੀ 16 ਨਵੰਬਰ 1915 ਦੀ ਉਹ ਜੱਜਮੈਂਟ ਵੀ ਮੌਜੂਦ ਹੈ, ਜਿਸ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ ਵਾਲਾ, ਹਰਨਾਮ ਸਿੰਘ ਸਿਆਲਕੋਟੀ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਪੁੱਤਰ ਬੂੜ ਸਿੰਘ ਅਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਪਿੰਡ ਗਿੱਲਵਾਲੀ ਨੂੰ ਫਾਂਸੀ ਦੇਣ ਦਾ ਹੁਕਮ ਕੀਤਾ ਗਿਆ ਸੀ। ਭਗਤ ਸਿੰਘ ਨੇ ਇਸ ਜੱਜਮੈਂਟ ਨੂੰ ਬੜੇ ਗਹੁ ਨਾਲ ਪੜ੍ਹਨ ਪਿੱਛੋਂ ਇਸ ਉਤੇ ਕਈ ਸਾਰੇ ਨੋਟ ਲਿਖੇ ਹੋਏ ਹਨ।

ਇੱਥੇ ਇਹ ਦੱਸਿਆ ਜਾਂਦਾ ਹੈ ਕਿ ਕਾਇਆ ਕਲਪ ਪਿੱਛੋਂ ਖਟਕੜ ਕਲਾਂ ਮਿਊਜ਼ੀਅਮ ਦੀਆਂ ਹੁਣ ਨੌਂ ਗੈਲਰੀਆਂ ਬਣਾ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ 'ਉਤਪੀੜਨ (ਅਪਰੈਸਸ਼ਨ) ਗੈਲਰੀ' (ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਨਾਲ ਸਬੰਧਤ), 'ਪੰਜਾਬ ਟਾਈਮ ਲਾਈਨ ਗੈਲਰੀ' (ਪੰਜਾਬ ਦੀਆਂ ਇਤਿਹਾਸਕ ਘਟਨਾਵਾਂ ਨਾਲ ਸਬੰਧਤ) ਅਤੇ ਸ਼ਹੀਦ ਭਗਤ ਸਿੰਘ ਨਾਲ ਸਬੰਧਤ 'ਜਨਮ', 'ਕ੍ਰਾਂਤੀਕਾਰੀ ਉਦੈ', 'ਐਚ. ਐਸ. ਆਰ. ਏ.', 'ਅਸੈਂਬਲੀ', 'ਟਰਾਇਲ', 'ਪੋਸਟਰ' ਅਤੇ 'ਐਗਜ਼ੀਕਿਊਸ਼ਨ' (ਫਾਂਸੀ) ਨਾਂ ਦੀਆਂ ਗੈਲਰੀਆਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਵਿਸ਼ਾਲ ਆਜ਼ਾਦੀ ਗੈਲਰੀ ਵੀ ਲੋਕਾਂ ਦੇ ਆਕਰਸ਼ਣ ਦਾ ਬਿੰਦੂ ਬਣਦੀ ਹੈ।

ਪ੍ਰੋ. ਜਗਮੋਹਨ ਸਿੰਘ ਨੇ ਮੈਨੂੰ ਦੱਸਿਆ ਕਿ ਸ. ਅਭੈ ਸਿੰਘ ਸੰਧੂ ਨੇ ਇਸ ਮਿਊਜ਼ੀਅਮ ਵਿਚ ਭਗਤ ਸਿੰਘ ਦੀ ਜੇਲ੍ਹ ਡਾਇਰੀ ਦੀ ਸਕੈਨ ਕਾਪੀ ਰਖਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਸ ਮਕਸਦ ਲਈ ਉਹ ਆਪਣੇ ਪਿਤਾ ਸ. ਕੁਲਬੀਰ ਸਿੰਘ ਨੂੰ ਦਿੱਲੀ ਲੈ ਕੇ ਗਏ ਸਨ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ ਕਿ ਉਹ ਜਵਾਹਰ ਲਾਲ ਨਹਿਰੂ ਨੈਸ਼ਨਲ ਮਿਊਜ਼ੀਅਮ ਵਿਚ ਸਾਂਭੀ ਅਸਲ ਡਾਇਰੀ ਦੀ ਕਾਪੀ ਮੁਹੱਈਆ ਕਰਵਾਵੇ, ਜਿਸ ਨੂੰ ਖਟਕੜ ਕਲਾਂ ਮਿਊਜ਼ੀਅਮ ਵਿਚ ਲੋਕਾਂ ਦੇ ਦਰਸ਼ਨ ਲਈ ਰੱਖਿਆ ਜਾ ਸਕੇ।

ਭਗਤ ਸਿੰਘ ਦੀ ਜੇਲ੍ਹ ਡਾਇਰੀ ਇਕ ਅਜਿਹਾ ਕੀਮਤੀ ਦਸਤਾਵੇਜ਼ ਸੀ, ਜਿਸ ਨੂੰ ਹਰ ਵਿਅਕਤੀ ਪੜ੍ਹਨ ਦੀ ਇੱਛਾ ਰੱਖਦਾ ਸੀ। ਸ. ਅਭੈ ਸਿੰਘ ਨੇ ਲੋਕਾਂ ਦੀ ਇਸੇ ਇੱਛਾ ਨੂੰ ਮਹਿਸੂਸਦਿਆਂ ਭਗਤ ਸਿੰਘ ਦੇ ਸੌਵੇਂ ਜਨਮ ਦਿਨ, ਜੋ 2007 ਵਿਚ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਮੌਕੇ ਇਸ ਡਾਇਰੀ ਨੂੰ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੀ ਮਦਦ ਨਾਲ ਸ. ਕੁਲਬੀਰ ਸਿੰਘ ਫਾਊਂਡੇਸ਼ਨ ਵੱਲੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਇਕੋ ਸਮੇਂ ਛਪਵਾ ਕੇ ਲੋਕਾਂ ਨੂੰ ਮੁਫਤ ਮੁਹੱਈਆ ਕਰਵਾਉਣ ਦਾ ਵੱਡਾ ਉਪਰਾਲਾ ਕੀਤਾ।

ਅਭੈ ਸਿੰਘ ਜਿਸ ਮਿਸ਼ਨ ਨੂੰ ਲੈ ਕੇ ਚੱਲੇ ਸਨ, ਉਸ ਨੂੰ ਕਾਮਯਾਬ ਕਰਨ ਲਈ ਉਨ੍ਹਾਂ ਦਿਨ ਰਾਤ ਇਕ ਕੀਤਾ ਹੋਇਆ ਸੀ। ਉਨ੍ਹਾਂ ਦਾ ਇਹ ਸੁਪਨਾ ਸੀ ਕਿ ਇਨਕਲਾਬੀ ਲਹਿਰ ਉਤੇ ਖੋਜ ਸੰਸਥਾ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਬਣੇ ਤਾਂ ਕਿ ਭਾਰਤ ਭਰ ਦੇ ਨੌਜਵਾਨਾਂ ਨੂੰ ਇੱਥੋਂ ਦੇਸ਼ ਪਿਆਰ ਦੀ ਪ੍ਰੇਰਨਾ ਦੇ ਨਾਲ ਨਾਲ ਦੇਸ਼ ਭਗਤਾਂ ਉਤੇ ਖੋਜ ਕਰਨ ਅਤੇ ਉਨ੍ਹਾਂ ਦੀਆਂ ਘਾਲਣਾਵਾਂ ਨੂੰ ਪ੍ਰਚਾਰਨ ਦਾ ਮੌਕਾ ਮਿਲੇ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਆਪਣੇ ਨੌਜਵਾਨ ਬੇਟੇ ਅਭਿਤੇਜ ਅਤੇ ਬੇਟੀ ਅਨੁਸ਼ਪ੍ਰਿਆ ਦੀ ਜ਼ਿੰਮੇਵਾਰੀ ਲਾਈ। ਅਭੈ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਉਦੋਂ ਬਹੁਤ ਵੱਡਾ ਸਦਮਾ ਲੱਗਾ, ਜਦੋਂ 2016 ਵਿਚ ਅਭਿਤੇਜ ਦੀ ਇਕ ਮੋਟਰ ਸਾਈਕਲ ਹਾਦਸੇ ਵਿਚ ਮੌਤ ਹੋ ਗਈ।

ਇਸ ਪਿੱਛੋਂ ਪ੍ਰੋ. ਚਮਨ ਲਾਲ ਅਤੇ ਦਿੱਲੀ ਸਰਕਾਰ ਦੇ ਸਹਿਯੋਗ ਤੇ ਯਤਨਾਂ ਨਾਲ ਭਗਤ ਸਿੰਘ ਆਰਕਾਈਵਜ਼ ਤੇ ਸੰਸਾਧਨ ਕੇਂਦਰ ਦਿੱਲੀ ਦੀ ਸਥਾਪਨਾ ਹੋ ਗਈ ਅਤੇ ਦੇਸ਼ ਦੇ ਪ੍ਰਮੁੱਖ ਇਤਿਹਾਸਕਾਰਾਂ ਦੇ ਨਾਲ ਸ. ਅਭੈ ਸਿੰਘ ਸੰਧੂ ਨੂੰ ਵੀ ਇਸ ਦੇ ਸਲਾਹਕਾਰ ਬੋਰਡ ਦਾ ਮੈਂਬਰ ਬਣਾਇਆ ਗਿਆ। ਡਾ. ਚਮਨ ਲਾਲ ਦੱਸਦੇ ਹਨ ਕਿ ਅਭੈ ਸਿੰਘ ਇਸ ਕੇਂਦਰ ਨਾਲ ਬਹੁਤ ਜੁੜੇ ਹੋਏ ਸਨ ਅਤੇ ਇਸ ਨੂੰ ਕਾਮਯਾਬ ਕਰਨ ਲਈ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿਚ ਆਪਣੇ ਮੁੱਲਵਾਨ ਸੁਝਾਅ ਰੱਖਦੇ ਸਨ। ਉਨ੍ਹਾਂ ਭਗਤ ਸਿੰਘ ਆਰਕਾਈਵਜ਼ ਦੇ ਪਹਿਲੇ ਸਾਲਾਨਾ ਪ੍ਰੋਗਰਾਮ ਵਿਚ ਵੀ ਹਿੱਸਾ ਲਿਆ।

ਕਈ ਸਾਲ ਪਹਿਲਾਂ ਕੇਂਦਰ ਵੱਲੋਂ ਮੋਹਾਲੀ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਬਣਾਉਣ ਦਾ ਪ੍ਰਾਜੈਕਟ ਪਾਸ ਕੀਤਾ ਗਿਆ। ਇਸ ਪ੍ਰਾਜੈਕਟ ਵਿਚ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਕੇਂਦਰ-ਚਾਰੇ ਭਾਈਵਾਲ ਸਨ। ਲੋਕਾਂ ਦੀ ਮੰਗ ਸੀ ਕਿ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਰੱਖਿਆ ਜਾਵੇ। ਸ. ਅਭੈ ਸਿੰਘ ਨੇ ਲੋਕ ਨੁਮਾਇੰਦਿਆਂ ਨੂੰ ਨਾਲ ਲੈ ਕੇ ਇਸ ਮੰਗ ਦੇ ਸਮਰਥਨ ਵਿਚ ਸੰਘਰਸ਼ ਛੇੜ ਦਿੱਤਾ। ਉਹ ਇਸ ਵਿਚ ਕੁਝ ਹੱਦ ਤੱਕ ਸਫਲ ਵੀ ਹੋ ਗਏ, ਕਿਉਂਕਿ ਪੰਜਾਬ ਅਤੇ ਹਰਿਆਣੇ ਦੀਆਂ ਤੱਤਕਾਲੀ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਸਿਧਾਂਤਕ ਰੂਪ ਵਿਚ ਇਹ ਮੰਗ ਪ੍ਰਵਾਨ ਕਰ ਲਈ ਅਤੇ ਆਪਣੀਆਂ ਆਪਣੀਆਂ ਅਸੈਂਬਲੀਆਂ ਵਿਚ ਮਤੇ ਪਾ ਕੇ ਕੇਂਦਰ ਨੂੰ ਭੇਜ ਦਿੱਤੇ। ਥੋੜ੍ਹੇ ਚਿਰ ਬਾਅਦ ਹਰਿਆਣੇ ਵਿਚ ਹਕੂਮਤ ਬਦਲ ਜਾਣ ਕਰਕੇ ਹਵਾਈ ਅੱਡੇ ਦੇ ਨਾਮ ਉਤੇ ਮੁੜ ਵਿਵਾਦ ਪੈਦਾ ਹੋ ਗਿਆ। ਇਸ ਪਿੱਛੋਂ ਵੀ ਸ. ਅਭੈ ਸਿੰਘ ਇਸ ਮੰਗ ਨੂੰ ਪੂਰਾ ਕਰਾਉਣ ਲਈ ਲੱਗੇ ਰਹੇ ਅਤੇ ਇਹ ਯਤਨ ਉਨ੍ਹਾਂ ਦੇ ਅੰਤ ਸਮੇਂ ਤੱਕ ਜਾਰੀ ਰਹੇ।

ਉਨ੍ਹਾਂ ਵੱਲੋਂ ਕਿਸਾਨ ਅੰਦੋਲਨ ਵਿਚ ਪਾਇਆ ਵੱਡਾ ਯੋਗਦਾਨ ਵੀ ਹਮੇਸ਼ਾ ਯਾਦ ਰੱਖਿਆ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪਿਛਲੇ ਸਾਲ (5 ਜੂਨ 2020) ਨੂੰ ਜਿਉਂ ਹੀ ਤਿੰਨ ਕਿਸਾਨ ਵਿਰੋਧੀ ਆਰਡੀਨੈਂਸ ਜਾਰੀ ਕੀਤੇ ਗਏ ਤਾਂ ਪੰਜਾਬ ਦੇ ਕਿਸਾਨ ਇਨ੍ਹਾਂ ਦਾ ਵਿਰੋਧ ਕਰਨ ਲਈ ਸੜਕਾਂ ਉਤੇ ਆ ਗਏ। ਛੇਤੀ ਹੀ ਵਿਰੋਧ ਦੀ ਕਮਾਂਡ ਸੰਯੁਕਤ ਕਿਸਾਨ ਮੋਰਚੇ ਨੇ ਸੰਭਾਲ ਲਈ ਅਤੇ ਡੀ. ਸੀ. ਦਫਤਰਾਂ ਦੇ ਬਾਹਰ ਤੇ ਰੇਲਵੇ ਟਰੈਕਾਂ ਉਤੇ ਧਰਨੇ ਦੇਣ ਦੇ ਪ੍ਰੋਗਰਾਮ ਅਮਲ ਵਿਚ ਆਉਣ ਲੱਗੇ। ਦੂਜੇ ਪਾਸੇ ਕੇਂਦਰ ਸਰਕਾਰ ਨੇ ਇਸ ਵਿਰੋਧ ਤੋਂ ਬੇਪਰਵਾਹ ਹੁੰਦਿਆਂ ਸੰਸਦ ਤੋਂ ਤਿੰਨੇ ਆਰਡੀਨੈਂਸ ਕਾਨੂੰਨ ਵਿਚ ਤਬਦੀਲ ਕਰਵਾ ਲਏ। ਇਸ ਗੱਲ ਦਾ ਧੱਕਾ ਜਿੱਥੇ ਦੇਸ਼ ਦੇ ਲੱਖਾਂ-ਕਰੋੜਾਂ ਦੇਸ਼ ਵਾਸੀਆਂ ਨੂੰ ਲੱਗਾ, ਉਥੇ ਅਭੈ ਸਿੰਘ ਨੇ ਵੀ ਆਪਣੇ ਆਪ ਨੂੰ ਇਸ ਅੰਦੋਲਨ ਲਈ ਸਮਰਪਿਤ ਕਰਨ ਦਾ ਅਹਿਦ ਕੀਤਾ। ਇਸੇ ਅਹਿਦ ਤਹਿਤ ਉਹ ਸਿਰਫ ਪੰਜਾਬ ਹੀ ਨਹੀਂ, ਸਗੋਂ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਉੱਤਰ ਪ੍ਰਦੇਸ਼ ਤੱਕ ਕਿਸਾਨ ਅੰਦੋਲਨ ਨੂੰ ਲਾਮਬੰਦ ਕਰਨ ਲਈ ਗਏ। ਭਾਵੇਂ ਉਨ੍ਹਾਂ ਦੇ ਬਹੁਤ ਸਾਰੇ ਮਿੱਤਰ ਪਿਆਰੇ ਚੱਲ ਰਹੀ ਮਹਾਮਾਰੀ ਕਾਰਨ ਉਨ੍ਹਾਂ ਦੀ ਸਿਹਤ ਬਾਰੇ ਵੀ ਚਿੰਤਿਤ ਸਨ, ਪਰ ਉਨ੍ਹਾਂ ਦੇ ਮਨ ਵਿਚ ਆਪਣੇ ਲੋਕਾਂ ਲਈ ਇੰਨਾ ਪਿਆਰ ਅਤੇ ਸਤਿਕਾਰ ਸੀ ਕਿ ਉਹ ਕਿਸੇ ਵੀ ਬੁਲਾਵੇ ਨੂੰ ਨਾਂਹ ਨਹੀਂ ਸਨ ਕਰਦੇ ਅਤੇ ਉਥੇ ਪਹੁੰਚ ਜਾਂਦੇ ਸਨ। ਅਖੀਰ ਉਹ ਕਰੋਨਾ ਮਹਾਮਾਰੀ ਦਾ ਸ਼ਿਕਾਰ ਹੋ ਗਏ।

ਅਭੈ ਸਿੰਘ ਸੰਧੂ 23 ਮਾਰਚ 2021 ਨੂੰ ਆਪਣੇ ਪਰਿਵਾਰ ਸਮੇਤ ਸਿੰਘੂ ਬਾਰਡਰ ਉਤੇ ਕਿਸਾਨ ਸੰਯੁਕਤ ਮੋਰਚੇ ਦੀ ਸਟੇਜ ਉਤੇ ਸਨ। ਉਨ੍ਹਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਉਤੇ ਜੁੜੇ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਇਨ੍ਹਾਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਉਨ੍ਹਾਂ ਦਾ ਤਨ, ਮਨ, ਧਨ ਹਾਜ਼ਰ ਹੈ ਅਤੇ ਉਹ ਐਲਾਨ ਕਰਦੇ ਹਨ ਕਿ ਉਨ੍ਹਾਂ ਲਈ ਕਿਸਾਨ ਵੱਡੇ ਹਨ, ਜਾਨ ਵੱਡੀ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਜੇ ਸੰਯੁਕਤ ਮੋਰਚਾ ਪ੍ਰੋਗਰਾਮ ਦੇਵੇ ਤਾਂ ਉਹ ਇਸ ਪਵਿਤਰ ਕਾਜ਼ ਲਈ ਮਰਨ ਵਰਤ ਰੱਖਣ ਲਈ ਤਿਆਰ ਹਨ।

ਭਗਤ ਸਿੰਘ ਪਰਿਵਾਰ ਦੇ ਇਸ ਬਹਾਦਰ ਯੋਧੇ ਨੂੰ ਭਾਵੇਂ ਮਰਨ ਵਰਤ ਉਤੇ ਜਾਣ ਦੀ ਅਜੇ ਸੰਯੁਕਤ ਮੋਰਚੇ ਨੇ ਇਜਾਜ਼ਤ ਨਹੀਂ ਸੀ ਦਿੱਤੀ, ਪਰ ਉਹ ਇਸ ਅੰਦੋਲਨ ਦੇ ਉਨ੍ਹਾਂ ਸੈਂਕੜੇ ਸ਼ਹੀਦਾਂ ਵਿਚ ਨਾਂ ਲਿਖਵਾ ਗਏ ਹਨ, ਜਿਨ੍ਹਾਂ ਸਖਤ ਮੌਸਮਾਂ ਅਤੇ ਮਹਾਮਾਰੀਆਂ ਦੀ ਪ੍ਰਵਾਹ ਨਾ ਕਰਦਿਆਂ ਕਿਸਾਨ ਅੰਦੋਲਨ ਨੂੰ ਕਾਮਯਾਬ ਕਰਨ ਵਿਚ ਭਰਪੂਰ ਯੋਗਦਾਨ ਪਾਇਆ ਅਤੇ ਜਾਨਾਂ ਦੀ ਬਾਜ਼ੀ ਲਾਈ।

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

# ਮੇਰਾ ਕਮਰਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਚਾਹ ਦੇ ਕੱਪ ਦੇ ਬਾਹਨੇ ਰਲ-ਮਿਲ ਬੈਠ ਕੇ ਦਿਲ ਦੀਆਂ ਗੱਲਾਂ ਕਰਦਿਆਂ ਜ਼ਿੰਦਗੀ ਦਾ ਲੁਤਫ ਮਾਣਨ ਦੀ ਨਸੀਹਤ ਕੀਤੀ ਸੀ; ਕਿਉਂਕਿ ਚਾਹ ਦੇ ਕੱਪ ਲਈ ਜਦ ਅਸੀਂ ਆਪਣੇ ਪਿਆਰੇ ਨੂੰ ਸੱਦਾ ਦਿੰਦੇ ਤਾਂ ਸਾਡੇ ਮਨ ਵਿਚ ਬਹੁਤ ਕੁਝ ਹੁੰਦਾ, ਜੋ ਅਸੀਂ ਮੋਹਵੰਤਿਆਂ ਨਾਲ ਹੀ ਸਾਂਝਾ ਕਰਨਾ ਲੋਚਦੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਮਰੇ ਨਾਲ ਪਈ ਸਾਂਝ ਦਾ ਜ਼ਿਕਰ ਛੋਹਿਆ ਹੈ। ਉਹ ਕਹਿੰਦੇ ਹਨ, "ਇਹ ਕਮਰਾ ਤਾਂ ਮੇਰੇ ਅੰਦਰ ਸਦਾ ਜਿਉਂਦਾ ਅਤੇ ਜਿਉਂਦਾ ਰਹੇਗਾ, ਤਾਂ ਹੀ ਇਸ ਨਾਲ ਗੁਫਤਗੂ ਕਰਦਿਆਂ ਬੋਲ ਵੀ ਛੋਟੇ ਪੈ ਜਾਂਦੇ...ਇਹ ਕਮਰਾ ਕੁਝ ਨਾ ਹੁੰਦਿਆਂ ਵੀ ਮੇਰੀਆਂ ਕਿਤਾਬਾਂ, ਕਾਪੀਆਂ, ਕਲਮਾਂ ਅਤੇ ਕਾਗਜ਼ਾਂ ਦਾ ਸੰਗ੍ਰਹਿ ਤੇ ਉਨ੍ਹਾਂ ਵਿਚਲੀ ਕਿਰਤ-ਕਮਾਈ ਦਾ ਚਸ਼ਮਦੀਦ ਗਵਾਹ ਸੀ...ਰਾਤ ਦੀ ਡੂੰਘੀ ਚੁੱਪ ਵਿਚ ਮੈਂ ਇਸ ਨੂੰ ਆਪਣਾ ਦੁੱਖ-ਸੁੱਖ ਸੁਣਾਉਂਦਾ ਸਾਂ। ਮੇਰੀਆਂ ਗੱਲਾਂ ਦਾ ਹੁੰਗਾਰਾ ਭਰਦਾ ਸੀ ਅਤੇ ਮੇਰੇ ਲਈ ਹੱਲਾਸ਼ੇਰੀ ਤੇ ਹਿੰਮਤ ਬਣਦਾ। ਮੇਰੀਆਂ ਯਾਦਾਂ ਦਾ ਸਰਮਾਇਆ। ਮੇਰੀ ਸੁਪਨਿਆਂ ਦਾ ਰੈਣ-ਬਸੇਰਾ।"***

***ਅਕਸਰ ਹੀ ਗਈ ਰਾਤੇ, ਕਮਰੇ ਦੀ ਚੁੱਪ ਨੂੰ ਤੋੜਦੀ ਸੀ ਮਾਂ ਦੇ ਕਦਮਾਂ ਦੀ ਅਛੋਪਲੀ ਜਿਹੀ ਆਹਟ। ਉਹ ਡੂੰਘੀ ਰਾਤ ਦਾ ਫਿਕਰ ਕਰਦੀ ਸੌਣ ਲਈ ਪ੍ਰੇਰਦੀ, ਪਰ ਬੱਚੇ ਦੀ ਜ਼ਿੱਦ ਸਾਹਵੇਂ ਵਾਪਸ ਜਾ ਕੇ ਸੌਂ ਜਾਂਦੀ ਅਤੇ ਫਿਰ ਅੱਬੜਵਾਹੇ ਉਠ ਕੇ ਜਾਗਦੇ ਪੜ੍ਹਾਕੂ ਨੂੰ ਘੜੀ ਪਲ ਅੱਖ ਲਾਉਣ ਲਈ ਆਖਦੀ। ਅਜਿਹਾ ਅਕਸਰ ਹੀ ਹੁੰਦਾ, ਕਿਉਂਕਿ ਮਾਂ ਨੂੰ ਪਤਾ ਹੁੰਦਾ ਕਿ ਇਸ ਨੇ ਆਪਣੀ ਮਰਜੀ ਨਾਲ ਹੀ ਸੌਣਾ ਏ। ਉਸ ਸਮੇਂ ਤਾਂ ਸਿਰਫ ਕਿਤਾਬਾਂ ਅਤੇ ਇਸ ਵਿਚਲੇ ਗਿਆਨ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਹੀ ਚੇਸ਼ਟਾ ਸੀ, ਪਰ ਕਈ ਵਾਰ ਕੁਰਸੀ 'ਤੇ ਹੀ ਸੁੱਤੇ ਆਪਣੇ ਪੜ੍ਹਾਕੂ ਪੁੱਤ ਦੇ ਦੁਆਲੇ ਬੰਬਲਾਂ ਵਾਲੇ ਖੇਸ ਦੀ ਬੁੱਕਲ ਵੀ ਮਾਰ ਜਾਂਦੀ ਸੀ।***



ਮੈਂ ਤੇ ਮੇਰਾ ਬਚਪਨੀ ਕਮਰਾ, ਇਕਸੁਰ ਤੇ ਇਕਮਿੱਕ। ਇਹ ਕਮਰਾ ਮੈਨੂੰ ਅਵਚੇਤਨ ਵਿਚ ਹਰ ਰੋਜ਼ ਮਿਲਦਾ। ਗੁਫਤਗੂ ਕਰਦਾ। ਬੀਤੇ ਹੋਏ ਪਲਾਂ ਨੂੰ ਦ੍ਰਿਸ਼ਟਮਾਨ ਕਰਦਾ ਅਤੇ ਫਿਰ ਅਛੋਪਲੇ ਜਿਹੇ ਅੱਖਾਂ ਤੋਂ ਓਹਲੇ ਹੋ ਜਾਂਦਾ। ਇਸ ਕਮਰੇ ਵਿਚ ਮੇਰੇ ਨੈਣਾਂ 'ਚ ਸੁਪਨਿਆਂ ਨੇ ਪਰਵਾਜ ਭਰੀ, ਜਿਨ੍ਹਾਂ ਦੀ ਤਾਮੀਰਦਾਰੀ ਵਿਚ ਕਮਰੇ ਦਾ ਅਹਿਮ ਯੋਗਦਾਨ। ਕਮਰੇ ਦੀ ਚੁੱਪ ਬੋਲਦੀ,

ਕਮਰੇ ਦੀ ਚੁੱਪ ਰਹੀ
ਫੋਟੋ ਵੰਨੀਂ ਝਾਕਦੀ
ਕਿੰਜ ਕਰੇ ਸੁੰਨ ਨਾਲ ਸੰਵਾਦ,
ਬੀਤੇ ਹੋਏ ਵੇਲਿਆਂ ਨੂੰ
ਹਿੱਕ ਵਿਚ ਸਾਂਭੀ ਬੈਠੀ
ਪੌਣਾਂ ਨੂੰ ਹੀ ਕਰੇ ਫਰਿਆਦ।

ਇਹ ਕਮਰਾ ਕੋਈ ਅਲੋਕਾਰੀ, ਆਲੀਸ਼ਾਨ ਜਾਂ ਸੁੱਖ-ਸਹੂਲਤਾਂ ਵਾਲਾ ਨਹੀਂ, ਤਾਂ ਵੀ ਵਿਦੇਸ਼ੀ ਧਰਤੀ 'ਤੇ ਸਾਰੀਆਂ ਸੁੱਖ-ਸਹੂਲਤਾਂ ਮਾਣਦਿਆਂ ਇਹ ਕਮਰਾ ਮੇਰੇ ਚੇਤਿਆਂ ਵਿਚੋਂ ਨਹੀਂ ਵਿਸਰਦਾ। ਅਕਸਰ ਹੀ ਕਮਰੇ ਦਾ ਸੁਪਨਾ ਆਉਂਦਾ, ਬੇਤਾਬ ਕਰਦਾ ਅਤੇ ਇਕ ਅਛੋਹ ਤੇ ਮਖਮਲੀ ਅਹਿਸਾਸ ਮੇਰੀ ਚੇਤਨਾ ਵਿਚ ਧਰਦਾ।

ਦਰਅਸਲ ਇਸ ਨੂੰ ਕਮਰਾ ਨਹੀਂ ਕਿਹਾ ਜਾ ਸਕਦਾ। ਇਹ ਤਾਂ ਚੁਬਾਰੇ ਦਾ ਢਾਂਚਾ ਸੀ-ਬਿਨ ਪਲਸਤਰੋਂ, ਬਿਨ ਬਾਰੀਓਂ ਤੇ ਬਿਨ ਦਰਵਾਜ਼ਿਓਂ। ਬਾਰੀਆਂ 'ਤੇ ਲਟਕਦੀਆਂ ਸਨ ਬੋਰੀਆਂ, ਜੋ ਪੋਹ-ਮਾਘ ਦੀ ਠੰਢ ਤੋਂ ਬਚਾਉਂਦੀਆਂ ਅਤੇ ਸੰਘਣੀ ਧੁੰਦ ਤੋਂ ਲੁਕਾਉਂਦੀਆਂ। ਇਸ ਦੀਆਂ ਕੰਧਾਂ ਵਿਚੋਂ ਬਾਪ ਵਲੋਂ ਘਾਣੀ ਤਿਆਰ ਕਰਦਿਆਂ, ਪੈਰਾਂ ਦੀ ਛੜੱਪ ਛੜੱਪ ਸੁਣਦੀ; ਮਿਸਤਰੀ ਵਲੋਂ ਹੋਰ ਗਾਰਾ ਲਿਆਉਣ ਲਈ ਹਾਕ ਵੀ। ਇਸ ਦੀਆਂ ਇੱਟਾਂ ਤੇ ਗਾਰੇ ਵਿਚ ਬਾਪ ਦੇ ਮੁੜ੍ਹਕੇ ਦੀ ਖੁਸ਼ਬੋਈ ਅਤੇ ਮਿਸਤਰੀ ਦੀ ਕਾਰੀਗਰੀ ਵੀ ਮੁਖਾਤਬ ਹੁੰਦੀ। ਛੱਤ ਦੀਆਂ ਇੱਟਾਂ ਤੇ ਕਲੀ ਨਾਲ ਲਿਖੇ ਸਾਰੇ ਪਰਿਵਾਰ ਦੇ ਨਾਮ ਵੀ ਰਾਤ ਨੂੰ ਟਿਮਟਿਮਾਉਂਦੇ। ਬਾਲਿਆਂ ਵਿਚ ਖੂਹ ਦੀ ਕਾਲੀ ਟਾਹਲੀ ਦਾ ਚੀਹੜਾਪਣ ਤੇ ਪਕਿਆਈ ਨਜ਼ਰ ਆਉਂਦੀ। ਫਰਸ਼ ਦੀ ਥਾਂ ਮਾਂ ਵਲੋਂ ਫੇਰੇ ਗੋਹੇ ਦਾ ਤਾਜਾ ਪੋਚਾ ਸੁਗੰਧਾਂ ਵੰਡਦਾ ਸੀ। ਇਸ ਵਿਚੋਂ ਮਾਂ ਦੀਆਂ ਲੋਰੀਆਂ, ਦੁਆਵਾਂ ਅਤੇ ਅਸੀਸ ਵੀ ਮਿਲਦੀ ਕਿ ਇਸ ਮਹਿਕ ਨਾਲ ਆਪਣੇ ਜੀਵਨ ਨੂੰ ਅਜਿਹਾ ਮਹਿਕਾਓ ਕਿ ਜ਼ਿੰਦਗੀ ਦਾ ਸੁਖਨ ਤੇ ਸਿਰਨਾਵਾਂ, ਇਸ ਮਿੱਟੀ ਦੀ ਰੰਗਤ ਦਾ ਰੰਗਰੇਜ਼ੀ ਹੋਵੇ।

ਚੁਬਾਰੇ ਦਾ ਨਾ ਹੀ ਕੋਈ ਬਨੇਰਾ ਅਤੇ ਨਾ ਹੀ ਪੌੜੀ ਸੀ। ਕਦੇ-ਕਦਾਈਂ ਲੋੜ ਪੈਣ 'ਤੇ ਲੱਕੜ ਦੀ ਪੌੜੀ, ਇਸ ਦੀ ਚੋਂਦੀ ਹੋਈ ਛੱਤ ਨੂੰ ਲਿਪਣ ਦੇ ਕੰਮ ਆਉਂਦੀ ਸੀ।

ਇਹ ਚੁਬਾਰਾ ਦਰਅਸਲ ਮੇਰੇ ਮਾਪਿਆਂ ਦੀ ਸੁਪਨਗੋਈ ਸੀ ਕਿ ਉਨ੍ਹਾਂ ਦਾ ਘਰ ਸ਼ਾਇਦ ਚੁਬਾਰੇ ਨਾਲ ਹੀ ਮੁਕੰਮਲ ਹੋ ਜਾਵੇ, ਪਰ ਉਨ੍ਹਾਂ ਦੇ ਅਵਚੇਤਨ ਵਿਚ ਇਹ ਖਿਆਲ ਜਰੂਰ ਆਉਂਦਾ ਸੀ ਕਿ ਇਸ ਵਿਕੋਲਿਤਰੇ ਚੁਬਾਰੇ ਕਰਕੇ ਸ਼ਾਇਦ ਉਨ੍ਹਾਂ ਦੇ ਬੱਚੇ ਅੱਖਰ-ਗਿਆਨ ਹਾਸਲ ਕਰਕੇ, ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰ ਸਕਣ। ਹਰਫਾਂ ਵਿਚੋਂ ਰੁਜ਼ਗਾਰ ਦੇ ਨਕਸ਼ ਉਘਾੜ ਸਕਣ। ਅਨਪੜ੍ਹ ਮਾਪਿਆਂ ਦੀ ਸੋਚ ਸਿਰਫ ਪਾਸ ਜਾਂ ਫੇਲ੍ਹ ਹੋਣ ਅਤੇ ਕਲਾਸਾਂ ਦੀ ਗਿਣਤੀ ਤੀਕ ਹੀ ਸੀਮਤ ਸੀ। ਉਨ੍ਹਾਂ ਨੂੰ ਕੋਈ ਵਾਸਤਾ ਨਹੀਂ ਸੀ ਕਿ ਕਿਹੜੀ ਪੁਜੀਸ਼ਨ ਆਈ ਹੈ? ਉਨ੍ਹਾਂ ਦਾ ਬੱਚਾ ਕਿਹੜੇ ਵਿਸ਼ੇ ਪੜ੍ਹਦਾ ਹੈ? ਉਹ ਬਹੁਤ ਖੁਸ਼ ਹੋਏ ਸਨ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਪੁੱਤ ਨੇ ਸੋਲਾਂ ਜਮਾਤਾਂ ਪਾਸ ਕਰ ਲਈਆਂ ਹਨ। ਅਜਿਹੇ ਅਣਭੋਲ ਤੇ ਪਾਕ ਮਨ ਵਾਲੇ ਮਾਪਿਆਂ ਦੀ ਸੁਪਨਸ਼ੀਲਤਾ ਦੇ ਸਦਕੇ ਜਾਣ ਨੂੰ ਜੀਅ ਕਰਦਾ। ਉਨ੍ਹਾਂ ਦੀਆਂ ਦੁਆਵਾਂ ਸਦਕਾ ਉਨ੍ਹਾਂ ਦੇ ਸੁਪਨਿਆਂ ਦੀ ਫਸਲ ਵਧੀਆ ਤਰੀਕੇ ਨਾਲ ਮੌਲੀ ਅਤੇ ਭਰਪੂਰਤਾ ਦੇ ਭਾਗ ਲੱਗੇ।

ਇਹ ਚੌਖਟਾ ਰੂਪੀ ਚੁਬਾਰਾ ਪਿੰਡ ਦੇ ਦਰਮਿਆਨ ਸੀ। ਇਸ ਵਿਚ ਪੜ੍ਹਦਿਆਂ, ਰਾਤ ਨੂੰ ਆਂਢ-ਗੁਆਂਢ ਵਿਚ ਹੋ ਰਿਹਾ ਬੋਲ-ਬੁਲਾਰਾ, ਬੱਚਿਆਂ ਦਾ ਰੋਣਾ, ਸ਼ਰਾਬੀਆਂ ਦੇ ਲਲਕਾਰੇ ਤੇ ਕੁੱਟ-ਕੁਟਾਈ ਜਾਂ ਬਜੁਰਗਾਂ ਦੀ ਰੋਹਬਦਾਰ ਆਵਾਜ਼ ਵੀ ਸੁਣਾਈ ਦਿੰਦੀ। ਕਈ ਵਾਰ ਕਿਸੇ ਚੁਬਾਰੇ 'ਤੇ ਅੱਧੀ ਰਾਤ ਤੀਕ ਵੱਜਦਾ ਸਪੀਕਰ ਇਕਾਗਰਤਾ ਭੰਗ ਕਰਦਾ, ਮੇਰੀ ਪੜ੍ਹਾਈ 'ਚ ਵਿਘਨ ਵੀ ਬਣਦਾ।

ਇਸ ਕਮਰੇ ਵਿਚ ਪੁਰੇ ਦੀ 'ਵਾ ਵੀ ਮਿਲ ਕੇ ਜਾਂਦੀ ਅਤੇ ਪੱਛੋਂ ਦੀ ਕਣੀਆਂ ਵੀ ਭਿਉਣ ਲਈ ਪੂਰਾ ਜੋਰ ਲਾਉਂਦੀਆਂ। ਕਮਰੇ ਵਿਚ ਹੀ ਸਾਉਣ-ਭਾਦਰੋਂ ਦੇ ਚੌਮਾਸੇ ਕੱਟਦਿਆਂ, ਅੱਖਰਾਂ ਦੀ ਜੋਤ ਜਗਾਈ ਰੱਖਣ ਲਈ ਸਦਾ ਮਸਰੂਫ ਰਿਹਾ। ਉਨ੍ਹਾਂ ਰਾਤਾਂ 'ਚ ਮੁੜ੍ਹਕੇ ਨਾਲ ਭਿੱਜਦਾ ਰਿਹਾ, ਜਦ ਜੇਠ ਦੀ ਰਾਤ ਵਿਚ ਪੱਤਾ ਵੀ ਨਹੀਂ ਸੀ ਹਿੱਲਦਾ। ਮੱਛਰਾਂ ਦੀ ਭੀਂ ਭੀਂ ਰਾਤ ਦੀ ਸ਼ਾਂਤੀ ਨੂੰ ਉਚਾਟ ਕਰਦੀ, ਨੀਂਦ ਵੀ ਹੰਘਾਲਦੀ ਰਹਿੰਦੀ, ਪਰ ਪੜ੍ਹਾਈ ਦੀ ਨਿਰੰਤਰਤਾ ਬਰਕਰਾਰ ਰਹਿੰਦੀ।

ਚੁਬਾਰੇ ਵਿਚ ਦੇਰ ਰਾਤ ਤੀਕ ਜਗਦੇ ਬਲਬ ਦੀ ਰੋਸ਼ਨੀ ਦੇਖ ਕੇ ਹੀ ਗੁਆਂਢੀ ਆਪਣੇ ਬੱਚਿਆਂ ਨੂੰ ਦੇਰ ਰਾਤ ਤੀਕ ਪੜ੍ਹਨ ਦੀ ਨਸੀਹਤ ਦਿੰਦੇ। ਹੋ ਸਕਦਾ ਹੈ ਕਿ ਇਸ ਰੌਸ਼ਨੀ ਕਾਰਨ ਕਈ ਮਨਾਂ ਨੇ ਦੇਰ ਰਾਤ ਤੀਕ ਜਾਗਣ ਅਤੇ ਅੱਖਰ-ਜੋਤ ਨੂੰ ਜਗਾਉਣ ਦਾ ਹੀਲਾ ਜਰੂਰ ਕੀਤਾ ਹੋਵੇ।

ਰਾਤ ਨੂੰ ਨੀਂਦ ਤੋਂ ਪਾਸਾ ਵੱਟਣ ਲਈ ਛੱਤ 'ਤੇ ਨਿਕਲਦਾ ਤਾਂ ਦੂਰ ਤੀਕ ਛੱਤਾਂ 'ਤੇ ਡਾਹੇ ਹੋਏ ਮੰਜਿਆਂ ਦੀਆਂ ਕਤਾਰਾਂ, ਘੁਰਾੜਿਆਂ ਦੀ ਆਵਾਜ਼ਾਂ ਅਤੇ ਚੰਨ-ਚਾਨਣੀ ਵਿਚ ਭਿਜਿਆਂ ਦੇ ਮੋਹ-ਭਰੇ ਰੂਹਾਨੀ ਪਲਾਂ ਦੇ ਦੀਦਾਰੇ ਵੀ ਹੋ ਜਾਂਦੇ। ਕਿੰਨੀ ਬੇਫਿਕਰੀ ਵਿਚ ਮਿਹਨਤਕਸ਼ ਲੋਕ ਸੌਂਦੇ ਸਨ? ਕੁੱਕੜ ਦੀ ਪਹਿਲੀ ਬਾਂਗ ਨਾਲ ਉਸਲਵੱਟੇ ਲੈਂਦੇ, ਅੰਗੜਾਈ ਭਰਦੇ, ਲੱਸੀ, ਦੋਰਿੜਕਾ ਜਾਂ ਚਾਹ ਦਾ ਕੱਪ ਪੀਂਦੇ ਅਤੇ ਤਰੋਤਾਜੇ ਹੋ ਕੇ ਹੱਲ ਜੋਤਣ ਲਈ ਆਪੋ-ਆਪਣੇ ਰਾਹ ਮੱਲ ਲੈਂਦੇ।

ਇਹ ਚੁਬਾਰਾ ਉਨ੍ਹਾਂ ਜਾਗਦੀਆਂ ਰਾਤਾਂ ਦਾ ਗਵਾਹ ਸੀ, ਜਦ ਸਿਰਫ ਪੜ੍ਹਨ ਦਾ ਹੀ ਜਨੂਨ ਹੁੰਦਾ ਸੀ। ਕੁਝ ਕਰਨ ਗੁਜਰਨ ਦੀ ਤਮੰਨਾ ਅਤੇ ਮਾਪਿਆਂ ਦੇ ਸੁਪਨਿਆਂ ਦੀ ਪੂਰਤੀ ਦਾ ਝੱਲ ਭਾਰੀ ਸੀ। ਉਨ੍ਹਾਂ ਸਮਿਆਂ ਵਿਚ ਪੜ੍ਹਨ ਦਾ ਸਮਾਂ ਹੀ ਰੋਟੀ-ਟੁੱਕ ਤੋਂ ਬਾਅਦ ਸ਼ੁਰੂ ਹੁੰਦਾ ਸੀ, ਕਿਉਂਕਿ ਘਰਦਿਆਂ ਨੂੰ ਇਹ ਲਾਲਚ ਹੁੰਦਾ ਕਿ ਬੱਚਿਆਂ ਕੋਲੋਂ ਘਰ ਦਾ ਵੱਧ ਤੋਂ ਵੱਧ ਕੰਮ ਕਰਵਾ ਲਿਆ ਜਾਵੇ। ਉਨ੍ਹਾਂ ਲਈ ਪੜ੍ਹਾਈ ਤਾਂ ਐਵੇਂ ਵਾਧੂ ਜਿਹਾ ਕੰਮ ਹੀ ਸੀ। ਪੜ੍ਹਨ ਲਈ ਰਾਤ ਸਭ ਤੋਂ ਕਾਰਗਰ ਹੁੰਦੀ, ਕਿਉਂਕਿ ਚਾਰੇ ਪਾਸੇ ਪਸਰੀ ਚੁੱਪ ਵਿਚ ਤੁਸੀਂ ਖੁਦ ਨਾਲ ਇਕਸਾਰ ਅਤੇ ਗਿਆਨ-ਗੋਸ਼ਟਿ ਨਾਲ ਇਕਸੁਰ ਹੁੰਦੇ। ਇਸ ਇਕਸੁਰਤਾ ਅਤੇ ਨਿਰੰਤਰਤਾ ਵਿਚੋਂ ਹੀ ਬਹੁਤ ਕੁਝ ਹਾਸਲ ਕੀਤਾ, ਜੋ ਸੱਚੀ-ਸੁੱਚੀ ਕੀਰਤੀ ਦਾ ਸੁਰਫਨਾਮਾ ਬਣਿਆ।

ਖਿਆਲਾਂ ਵਿਚ ਇਹ ਕਮਰਾ ਮੇਰੇ ਨਾਲ ਸੰਵਾਦ ਕਰਦਾ,

ਬੜੇ ਚਿਰ ਬਾਅਦ ਜਾਗ ਪਿਆ ਅੱਜ
ਮੇਰੇ ਮਨ ਵਿਚ ਸੁੱਤਿਆ ਹੋਇਆ ਉਹ ਪਲ
ਜਦ ਮੈਂ ਤੇ ਮੇਰਾ ਕਮਰਾ
ਜ਼ਿੰਦਗੀ ਦੀ ਅੱਖਰਕਾਰੀ ਕਰਦੇ ਸਾਂ
ਇਹ ਚੁਬਾਰਾ ਕਾਹਦਾ
ਨਿਰਾ ਇਕ ਢਾਂਚਾ
ਬੋਰੀਆਂ ਦੇ ਲਟਕਦੇ ਪਰਦੇ
ਮੇਰੀ ਤੇ ਕਮਰੇ ਦੀ ਪਰਦਾਦਾਰੀ ਕਰਦੇ
ਛੱਤ 'ਤੇ ਤਾਰ ਨਾਲ ਲਟਕਦਾ ਬਲਬ
ਨਿੰਮੀ ਨਿੰਮੀ ਰੌਸ਼ਨੀ ਵੰਡਦਾ
ਤੇ ਠੁਰ ਠੁਰ ਕਰਦੇ ਹੱਥਾਂ ਲਈ
ਨਿੱਘ ਦਾ ਨਿਉਂਦਾ ਵੀ
ਇਹ ਬਲਬ ਮੇਰੇ ਨੈਣਾਂ ਵਿਚ
ਉਨ੍ਹਾਂ ਸੂਰਜਾਂ ਦਾ ਸਿਰਨਾਵਾਂ ਵੀ ਧਰਦਾ
ਤਾਂ ਕਿ ਹਨੇਰੀਆਂ ਸ਼ੀਤਾਂ
ਚਾਨਣ ਵਿਚ ਨਹਾ ਸਕਣ
ਇਸ ਕਮਰੇ ਦੇ ਆਗੋਸ਼ ਵਿਚ
ਮੇਰਾ ਸਭ ਤੋਂ ਪਿਆਰਾ ਸਾਥੀ ਸੀ
ਮਾਂ ਦੇ ਛੂਹਕਤੇ ਵਿਚ ਆਇਆ
ਕਾਲੀ ਟਾਹਲੀ ਦਾ ਮੇਜ਼ ਤੇ ਕੁਰਸੀ
ਮੇਜ਼ 'ਤੇ ਪਿਆ ਕਿਤਾਬਾਂ ਦਾ ਖਿਲਾਰਾ
ਅਤੇ ਕਾਗਜ਼ਾਂ 'ਤੇ ਲਿਖੀ ਅੱਖਰਾਂ ਦੀ ਤਫਸੀਲ
ਪੂਰਨ ਗਿਆਨ-ਸ਼ਾਲਾ ਦਾ ਸਰੂਪ ਧਾਰ
ਜ਼ਿੰਦਗੀ ਦੇ ਸੂੱਚਮ ਨੂੰ ਰੂਬਰੂ ਕਰਦਾ
ਇਹ ਕਮਰਾ
ਨਿਰਾ ਕਮਰਾ ਹੀ ਨਹੀਂ
ਸਗੋਂ ਮੇਰੀ ਸੁਪਨ-ਨਗਰੀ ਸੀ
ਮੇਰੀ ਪਰਵਾਜ਼ ਦਾ ਪਹਿਲਾ ਪੜੁੱਲ
ਸੁਪਨੇ ਤੋਂ ਸੱਚ ਤੀਕ ਦੀ ਪੁਲਾਂਘ
ਇਹ ਕਮਰਾ
ਬਹੁਤ ਕੁਝ
ਅਚੇਤ ਤੇ ਸੁਚੇਤ ਰੂਪ ਵਿਚ
ਮੇਰੀ ਚੇਤਨਾ ਵਿਚ ਧਰਦਾ
ਇਸ ਦੀ ਹਰ ਇੱਟ ਵਿਚੋਂ ਝਲਕਦਾ
ਬਾਪ ਦੀ ਮੁਸ਼ੱਕਤ, ਮੁੜ੍ਹਕਾ ਤੇ ਮਹਿਕਸ਼ਾਂ
ਇਹ ਚੁਬਾਰਾ
ਬਾਪ ਦੀ ਨਵੀਂ ਪਹਿਲਕਦਮੀ ਦਾ ਸਬੱਬ
ਚੁਬਾਰਾ ਸਮਝਾਉਂਦਾ
ਕਿ ਅੱਗੇ ਵੱਧਣ ਲਈ
ਨਜ਼ਰਾਂ ਉਚੀਆਂ ਤੇ
ਕਦਮ ਅਗਾਂਹ ਨੂੰ ਰੱਖੀਦਾ
ਇਸ ਦੀਆਂ ਦਹਿਲੀਜ਼ਾਂ
ਮਾਂ ਦੇ ਸੁਨਹਿਰੀ
ਸੁਪਨਿਆਂ ਦੀ ਆਧਾਰਸ਼ਿਲਾ
ਜੋ ਮੇਰੀ ਮਾਂ ਨੇ ਛੂਹਕਤੇ ਵੇਲੇ
ਇਸ ਘਰ ਵਿਚ ਪੈਰ ਧਰਦਿਆਂ ਉਣੇ ਸਨ
ਅਤੇ ਹੁਣ ਮੇਰੀ ਵਾਰੀ ਸੀ
ਕਿ ਮੇਜ਼ ਨੂੰ ਕਰਮਸ਼ਾਲਾ ਬਣਾ
ਲਏ ਹੋਏ ਸੁਪਨਿਆਂ ਦਾ ਸੱਚ
ਮਾਂ ਦੀਆਂ ਚੁੰਨੀਆਂ ਅੱਖਾਂ ਵਿਚ ਧਰਾਂ
ਇਹ ਕਮਰਾ,
ਇਹ ਮੇਜ਼, ਇਹ ਕੁਰਸੀ
ਕੁਰਸੀ 'ਤੇ ਬੈਠਾ ਮੈਂ
ਤੇ ਕਿਤਾਬਾਂ, ਕਾਗਜ਼
ਤੇ ਕਲਮਾਂ ਦਾ ਖਿਲਾਰਾ
ਕਮਰੇ ਦਾ ਕੀਰਤੀਹਾਰ ਬਣ
ਕੀਰਤੀਮਾਨਾਂ ਦਾ
ਸਰੂਪ ਸਿਰਜਣ ਲਈ ਕਾਹਲੇ।
ਚੁਬਾਰੇ ਵਿਚਲੀ ਲੋਅ ਨੂੰ ਦੇਖ
ਪਿੰਡ ਵਾਲੇ ਟਾਈਮ ਦਾ ਅੰਦਾਜ਼ਾ ਲਾਉਂਦੇ
ਇਹ ਕਮਰਾ
ਮੇਰੀਆਂ ਕਾਮਨਾਵਾਂ, ਕਰਮਯੋਗਤਾ
ਅਤੇ ਸੁਪਨਗੋਈ ਦਾ ਸ਼ਾਹ-ਅਸਵਾਰ
ਜੋ ਇਸ ਦੀ ਅਹਿਮੀਅਤ ਤੋਂ ਨਾ-ਵਾਕਫ
ਇਹ ਕਮਰਾ
ਮੇਰਾ ਗੁਰਦੁਆਰਾ, ਮੰਦਰ ਤੇ ਮਸੀਤ
ਮੇਰਾ ਦੁੱਖ-ਸੁੱਖ ਅਤੇ ਹਾਰ ਤੇ ਜੀਤ
ਅਰਧ-ਚੇਤਨਾ ਵਿਚ
ਵੱਸਿਆ ਚਾਨਣ-ਦੁਆਰ
ਇਸ ਕਮਰੇ ਵਿਚ ਅਕਸਰ ਹੀ
ਬਾਜਰੇ ਦੇ ਸਿੱਟਿਆਂ ਦਾ ਢੇਰ
ਕੱਢੀਆਂ ਹੋਈਆਂ ਛੱਲੀਆਂ
ਜਾਂ ਪੀਹਣ ਲਈ ਕਣਕ ਦੀ ਢੇਰੀ
ਮੇਰੀਆਂ ਪੁਸਤਕਾਂ ਨਾਲ
ਸੰਵਾਦ ਵੀ ਰਚਾਉਂਦੇ
ਤੇ ਕਿਤਾਬਾਂ ਵਿਚਲੇ ਅੱਖਰ
ਛਿੱਟਿਆਂ, ਛੱਲੀਆਂ ਤੇ
ਦਾਣਿਆਂ ਦੀ ਮਹਿਕ ਨੂੰ
ਆਪਣੇ ਅੰਦਰ ਵਸਾਉਂਦੇ
ਅਤੇ ਇਹ ਵੀ ਸਮਝਾਉਂਦੇ
ਕਿ ਜਿਵੇਂ ਧਰਤੀ ਦੀ ਕੁੱਖ ਵਿਚੋਂ
ਸੋਨ ਰੰਗੇ ਦਾਣੇ ਉਗਾਏ ਜਾ ਸਕਦੇ
ਇਵੇਂ ਹੀ ਕਿਤਾਬਾਂ ਦੀ ਰਹਿਬਰੀ ਵਿਚੋਂ
ਰੁਜ਼ਗਾਰ, ਰਹਿਮਤਾਂ ਅਤੇ ਰੰਗਰੇਜ਼ਤਾ ਨੂੰ
ਜੀਵਨ ਦਾ ਹਾਸਲ ਬਣਾਇਆ ਜਾ ਸਕਦਾ
ਇਨ੍ਹਾਂ ਦਾਣਿਆਂ ਤੇ ਅੱਖਰਾਂ ਨਾਲ
ਅਨੇਕਾਂ ਚੁਬਾਰੇ ਤਾਮੀਰ ਕੀਤੇ ਜਾ ਸਕਦੇ
ਅੱਜ ਵੀ
ਕਮਰੇ ਨੂੰ ਅਦਾਬ ਕਹਿਣ ਲਈ
ਵਕਤ-ਬ-ਵਕਤ ਪਿੰਡ ਜਾਂਦਾ ਹਾਂ।

ਇਸ ਚੁਬਾਰੇ ਵਿਚ ਲਟਕਦੇ ਬਲਬ ਦੇ ਆਲੇ-ਦੁਆਲੇ ਭਮੱਕੜ ਮੰਡਰਾਉਂਦੇ। ਭਮੱਕੜ ਦੀ ਚਾਨਣ ਨੂੰ ਮਿਲਣ ਦੀ ਤਸਕੀਨ, ਮੇਰਾ ਹੌਸਲਾ ਤੇ ਹੱਠ ਤਪਾਉਂਦੀ। ਸਿਰੜ ਤੇ ਸਾਧਨਾ ਮੇਰੀ ਕੱਚਘੜ ਸੋਚ ਦੇ ਨਾਮ ਲਾਉਂਦੀ। ਇਸ 'ਚੋਂ ਨਵੀਆਂ ਮੰਜ਼ਿਲਾਂ ਦੀ ਪ੍ਰਦੱਖਣਾ ਕਰਨ ਅਤੇ ਇਨ੍ਹਾਂ ਨੂੰ ਹਾਸਲ ਕਰਨ ਦੀ ਤਾਂਘ ਜਾਗਦੀ।

ਇਹ ਚੁਬਾਰਾ ਮੇਰੇ ਤੇ ਮੇਰੀ ਸਾਧਨਾ ਲਈ ਗੈਬੀ ਤੀਰਥ-ਅਸਥਾਨ। ਇਸ ਦੀ ਆਸਥਾ ਅਤੇ ਅਰਦਾਸ ਵਿਚੋਂ ਬਹੁਤ ਕੁਝ ਪ੍ਰਾਪਤ ਕੀਤਾ। ਇਸ ਕਮਰੇ ਨੂੰ ਗਾਹੇ-ਬਗਾਹੇ ਨਤਮਸਤਕ ਕਰਨ ਲਈ ਮਨ ਅਹੁਲਦਾ, ਜਦ ਵੀ ਕਦੇ ਵਤਨ ਫੇਰੀ ਪਾਉਂਦਾ। ਭਾਵੇਂ ਪਿੰਡ ਵਿਚਲੇ ਉਸ ਪੁਰਾਣੇ ਘਰ ਵਿਚ ਹੁਣ ਹੋਰ ਲੋਕ ਰਹਿੰਦੇ ਨੇ, ਪਰ ਮੇਰੀ ਅਕੀਦਤ ਲਈ ਇਹ ਕਮਰਾ ਤੀਰਥ-ਦਰਸ਼ਨ ਤੋਂ ਘੱਟ ਨਹੀਂ। ਹੁਣ ਇਸ ਦਾ ਮੁਹਾਂਦਰਾ ਬਹੁਤ ਹੀ ਬਦਲ ਗਿਆ ਹੈ। 'ਕੇਰਾਂ ਆਪਣੀਆਂ ਵਿਦੇਸ਼ ਵਸਦੀਆਂ ਬੇਟੀਆਂ ਅਤੇ ਦੋਹਤਰੀਆਂ ਨੂੰ ਇਸ ਕਮਰੇ ਦੇ ਦੀਦਾਰੇ ਕਰਵਾਏ। ਉਹ ਕਿਆਸ ਵੀ ਨਾ ਕਰ ਸਕੀਆਂ ਕਿ ਕਦੇ ਮੈਂ ਇਸ ਕਮਰੇ ਦਾ ਆਸ਼ੀ ਸਾਂ। ਇਹ ਕਮਰਾ ਕੁਝ ਨਾ ਹੁੰਦਿਆਂ ਵੀ ਮੇਰੀਆਂ ਕਿਤਾਬਾਂ, ਕਾਪੀਆਂ, ਕਲਮਾਂ ਅਤੇ ਕਾਗਜ਼ਾਂ ਦਾ ਸੰਗ੍ਰਹਿ ਤੇ ਉਨ੍ਹਾਂ ਵਿਚਲੀ ਕਿਰਤ-ਕਮਾਈ ਦਾ ਚਸ਼ਮਦੀਦ ਗਵਾਹ ਸੀ। ਮੈਨੂੰ ਸੰਭਾਲਦਾ ਅਤੇ ਮੇਰਾ ਰੱਖਿਅਕ ਵੀ ਹੁੰਦਾ ਸੀ।

ਰਾਤ ਦੀ ਡੂੰਘੀ ਚੁੱਪ ਵਿਚ ਮੈਂ ਇਸ ਨੂੰ ਆਪਣਾ ਦੁੱਖ-ਸੁੱਖ ਸੁਣਾਉਂਦਾ ਸਾਂ। ਮੇਰੀਆਂ ਗੱਲਾਂ ਦਾ ਹੁੰਗਾਰਾ ਭਰਦਾ ਸੀ ਅਤੇ ਮੇਰੇ ਲਈ ਹੱਲਾਸ਼ੇਰੀ ਤੇ ਹਿੰਮਤ ਬਣਦਾ। ਮੇਰੀਆਂ ਯਾਦਾਂ ਦਾ ਸਰਮਾਇਆ। ਮੇਰੀ ਸੁਪਨਿਆਂ ਦਾ ਰੈਣ-ਬਸੇਰਾ। ਮੇਰੀਆਂ ਸਮ-ਭਾਵਨਾਵਾਂ ਦਾ ਸਾਰਥੀ। ਦਿੱਬ-ਦ੍ਰਿਸ਼ਟੀ ਵਿਚਲਾ ਦ੍ਰਿਸ਼ਟੀਕੋਣ। ਹਾਵ-ਭਾਵਾਂ ਦੀ ਤਰਜਮਾਨੀ ਅਤੇ ਅੱਖਰਕਾਰੀ ਦਾ ਗਵਾਹ। ਪੈਰਾਂ ਵਿਚ ਉਗੇ ਹੋਏ ਸਫਰ ਦਾ ਸਿਰਨਾਵਾਂ। ਗਰਮੀ-ਸਰਦੀ ਤੋਂ ਬੇਪ੍ਰਵਾਹੀ ਤੇ ਬੇਅਸਰੀ ਦਾ ਆਲਮ। ਝੱਖੜਾਂ-ਝਾਂਜਿਆਂ ਵਿਚ ਜ਼ਿੰਦਗੀ ਦੀ ਰਵਾਨਗੀ ਦਾ ਦੀਵਾਨਾ ਅਤੇ ਸਮੇਂ ਦੀਆਂ ਬੇਕਿਰਕ ਸੂਲੀਆਂ 'ਤੇ ਖੁਦ ਨੂੰ ਕੁਰਬਾਨ ਕਰਨ ਵਾਲਾ ਪ੍ਰਵਾਨਾ।

ਅਕਸਰ ਹੀ ਗਈ ਰਾਤੇ, ਕਮਰੇ ਦੀ ਚੁੱਪ ਨੂੰ ਤੋੜਦੀ ਸੀ ਮਾਂ ਦੇ ਕਦਮਾਂ ਦੀ ਅਛੋਪਲੀ ਜਿਹੀ ਆਹਟ। ਉਹ ਡੂੰਘੀ ਰਾਤ ਦਾ ਫਿਕਰ ਕਰਦੀ ਸੌਣ ਲਈ ਪ੍ਰੇਰਦੀ, ਪਰ ਬੱਚੇ ਦੀ ਜ਼ਿੱਦ ਸਾਹਵੇਂ ਵਾਪਸ ਜਾ ਕੇ ਸੌਂ ਜਾਂਦੀ ਅਤੇ ਫਿਰ ਅੱਬੜਵਾਹੇ ਉਠ ਕੇ ਜਾਗਦੇ ਪੜ੍ਹਾਕੂ ਨੂੰ ਘੜੀ ਪਲ ਅੱਖ ਲਾਉਣ ਲਈ ਆਖਦੀ। ਅਜਿਹਾ ਅਕਸਰ ਹੀ ਹੁੰਦਾ, ਕਿਉਂਕਿ ਮਾਂ ਨੂੰ ਪਤਾ ਹੁੰਦਾ ਕਿ ਇਸ ਨੇ ਆਪਣੀ ਮਰਜੀ ਨਾਲ ਹੀ ਸੌਣਾ ਏ। ਉਸ ਸਮੇਂ ਤਾਂ ਸਿਰਫ ਕਿਤਾਬਾਂ ਅਤੇ ਇਸ ਵਿਚਲੇ ਗਿਆਨ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਹੀ ਚੇਸ਼ਟਾ ਸੀ, ਪਰ ਕਈ ਵਾਰ ਕੁਰਸੀ 'ਤੇ ਹੀ ਸੁੱਤੇ ਆਪਣੇ ਪੜ੍ਹਾਕੂ ਪੁੱਤ ਦੇ ਦੁਆਲੇ ਬੰਬਲਾਂ ਵਾਲੇ ਖੇਸ ਦੀ ਬੁੱਕਲ ਵੀ ਮਾਰ ਜਾਂਦੀ ਸੀ।

ਇਸ ਕਮਰੇ ਵਿਚੋਂ ਹੀ ਕਰਮ-ਧਾਰਨਾ, ਕਰਮ-ਯੋਗਤਾ, ਕਰਮ-ਭਾਵਨਾ ਅਤੇ ਕਰਮ-ਕੀਰਤੀ ਨੂੰ ਅਰਥ ਤੇ ਅਰਘ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਹੀ ਕਰਮ ਰੇਖਾਵਾਂ ਦੀ ਕਲਾਕਾਰੀ ਕੀਤੀ ਅਤੇ ਇਸ ਦੇ ਨਕਸ਼ਾਂ ਨੂੰ ਮਿਲੀ ਨਵੀਨ ਪਛਾਣ ਤੇ ਪ੍ਰਤੀਤੀ।

ਇਹ ਕਮਰਾ ਤਾਂ ਮੇਰੇ ਅੰਦਰ ਸਦਾ ਜਿਉਂਦਾ ਅਤੇ ਜਿਉਂਦਾ ਰਹੇਗਾ, ਤਾਂ ਹੀ ਇਸ ਨਾਲ ਗੁਫਤਗੂ ਕਰਦਿਆਂ ਬੋਲ ਵੀ ਛੋਟੇ ਪੈ ਜਾਂਦੇ,

ਅੱਜ ਕੱਲ੍ਹ ਕਮਰਾ ਬਹੁਤ ਸੱਖਣਾ ਹੈ
ਆਲ੍ਹਣੇ ਦੇ ਖਿਲਰੇ ਤੀਲਿਆਂ
ਤੇ ਫਰਸ਼ 'ਤੇ ਪਈਆਂ ਬਿੱਠਾਂ ਦਾ ਚਿੱਤਰਪਟ
ਕਦੇ ਕਦਾਈਂ
ਬੋਟ ਦੀ ਚਹਿਕਣੀ
ਇਸ ਦੇ ਜਿਉਂਦੇ ਹੋਣ ਦੀ ਸ਼ਾਹਦੀ ਭਰਦੀ

ਪਸਰੇ ਹਨੇਰੇ ਨੂੰ ਚਾਕ ਕਰਦੀ ਹੈ
ਦਰਵਾਜ਼ੇ ਦੀਆਂ ਵਿਰਲਾਂ 'ਚੋਂ ਆਉਂਦੀ ਧੁੱਪ

ਰਾਤ ਨੂੰ ਰੋਸ਼ਨਦਾਨ ਰਾਹੀਂ ਆਉਂਦਾ ਚੰਨ
ਕਮਰੇ ਨਾਲ ਕਰਦਾ ਹੈ ਗੱਲਾਂ

ਕਿਤਾਬ 'ਚ ਸਿਸਕਿਆ ਸੰਵਾਦ
ਕਦੇ ਕਦੇ ਜ਼ਰਜ਼ਰੀ ਵਰਕਿਆਂ 'ਚੋਂ ਹੁੰਗਰਦਾ

ਕਮਰੇ ਨੂੰ ਲੱਗਦਾ ਹੈ
ਕੰਧਾਂ 'ਤੇ ਮਾਰੀਆਂ ਲੀਕਾਂ ਦੀ ਖਾਮੋਸ਼ੀ 'ਚੋਂ
ਬੀਤੇ ਦੇ ਨਕਸ਼ ਨਿਹਾਰਨ ਵਾਲੇ
ਬਹੁਤ ਦੂਰ ਤੁਰ ਗਏ ਨੇ।
ਪਰ ਅਜਿਹਾ ਨਹੀਂ
ਮਹਾਤਮੀ ਆਭਾ 'ਚ ਲੀਨ ਕਮਰੇ ਦੀ
ਜ਼ਿਆਰਤ ਕਰਨ ਲਈ
ਮੈਂ ਅਕਸਰ ਹੀ ਵਾਪਸ ਪਰਤਦਾ ਹਾਂ

ਇਹ ਕਮਰਾ
ਮੇਰੇ ਧੁਰ ਅੰਦਰ ਤੀਕ ਫੈਲ ਚੁਕਾ ਹੈ।

ਹਾਲਾਤ-ਏ-ਹਾਜ਼ਰਾ

# ਲਾਸ਼ਾਂ

*(1)*

ਮੈਂ ਇਕ ਲਾਸ਼ ਹਾਂ
ਜੋ ਕਦੇ ਚਹੁੰ ਜਣਿਆਂ ਦੇ ਮੋਢੇ 'ਤੇ
ਆਖਰੀ ਯਾਤਰਾ ਕਰਦੀ ਸਾਂ।
ਪਰ ਅੱਜ ਕੱਲ੍ਹ
ਕਦੇ ਬਾਪ ਦੇ ਮੋਢੇ 'ਤੇ
ਸਿਵਿਆਂ ਵੱਲ ਜਾਂਦੀ ਹਾਂ,
ਕਦੇ ਪੁੱਤ ਦੀ ਕੰਨ੍ਹੇੜੀ 'ਤੇ
ਕਬਰਾਂ ਨੂੰ ਜਾਂਦੀ ਹਾਂ।

ਮੈਂ ਲਾਸ਼ ਹਾਂ
ਜਿਸ ਨੂੰ ਆਪਣਿਆਂ ਨੇ
ਵਗਦੇ ਪਾਣੀ ਦੇ ਹਵਾਲੇ ਕੀਤਾ
ਤਾਂ ਤੁਰ ਪਈ ਬੇਪਛਾਣੇ ਰਾਹਾਂ ਵੱਲ
ਅਤੇ ਕਿਸੇ ਕਿਨਾਰੇ 'ਤੇ ਲੱਗ
ਕੰਢੇ 'ਤੇ ਉਗੀਆਂ ਕਬਰਾਂ ਦੀ
ਗਿਣਤੀ ਬਣ ਜਾਂਦੀ ਹਾਂ।

ਮੈਂ ਲਾਸ਼ ਹਾਂ
ਜਿਸ ਦੇ ਅੰਧਜਲੀ ਦੇ ਹੀ ਫੁੱਲ ਚੁਗੇ ਜਾਂਦੇ
ਕਿਉਂ ਜੁ ਨਵਾਂ ਸਿਵਾ
ਬਲਣ ਲਈ ਕਾਹਲਾ ਹੁੰਦਾ ਹੈ।

ਮੈਂ ਲਾਸ਼ ਹਾਂ
ਜਿਸ 'ਤੇ ਕਫਨ ਪਾ ਕੇ ਲਾਹ ਲਿਆ ਜਾਂਦਾ
ਫਿਰ ਨਵੀਂ ਲਾਸ਼ 'ਤੇ ਪਾਇਆ ਜਾਂਦਾ
ਤੇ ਮੈਂ ਆਪਣਿਆਂ ਦੀ ਬੇਹਯਾਈ
ਤੇ ਬੇਗਾਨਗੀ ਸੀਨੇ 'ਚ ਦਫਨਾ
ਸਦਾ ਲਈ ਰੁਖਸਤ ਹੋ ਗਈ।

ਲਾਸ਼, ਜੋ ਸਿਰਫ
ਗਿਣਤੀ ਬਣ ਕੇ ਰਹਿ ਗਈ ਹਾਂ
ਜਿਸ ਨੇ ਕੁਰਸੀਆਂ ਦੇ ਪਾਵੇ ਬਣਨਾ ਹੈ।

ਮੈਂ ਲਾਸ਼ ਹਾਂ
ਜਿਸ ਨੇ ਪਰਤਣਾ ਤਾਂ ਨਹੀਂ
ਪਰ ਮੇਰੇ ਖੌਫ ਦੇ ਮੰਜ਼ਰ ਨੇ
ਭਵਿੱਖੀ ਨਸਲਾਂ ਦੀ
ਨੀਂਦ ਜਰੂਰ ਹੰਘਾਲਣੀ ਏ।

ਯਾਦ ਰੱਖਣਾ!
ਮੈਂ ਲਾਸ਼ ਹੀ ਨਹੀਂ
ਮੈਂ ਤਾਂ ਮਰ ਰਹੀ ਇਨਸਾਨੀਅਤ ਦਾ
ਬਲਦਾ ਸਿਵਾ ਹਾਂ।

*(2)*

ਲਾਸ਼ਾਂ ਦੀ ਗਿਣਤੀ ਕਰਨ ਵਾਲਿਓ ਮੁਨਸਫੋ!
ਆਖਰ ਤੁਸੀਂ ਵੀ ਲਾਸ਼ ਬਣੋਗੇ।

ਕਦੇ ਕਿਸੇ ਧੀ ਦੀ ਅੱਖ ਵਿਚ ਜੰਮੇ ਹੰਝੂ
ਪੁੱਤ ਦੀ ਹਿੱਕ ਵਿਚ ਰੀਂਗਦਾ ਦਰਦ
ਮਾਂ ਦੇ ਨੈਣਾਂ ਦਾ ਖਾਰਾ ਸਮੁੰਦਰ
ਤੇ ਬਾਪ ਦੇ ਮੋਢੇ 'ਤੇ ਬੱਚੇ ਦੀ
ਅਰਥੀ ਨੂੰ ਮਹਿਸੂਸਣਾ।
ਪਤਾ ਲੱਗੇਗਾ ਕਿ
ਲਾਸ਼ਾਂ ਦੀ ਗਿਣਤੀ ਕਰਨ
ਅਤੇ ਲਾਸ਼ ਬਣਨ ਵਿਚ
ਕਿੰਨਾ ਕੁ ਅੰਤਰ ਹੁੰਦਾ ਹੈ?

ਲਾਸ਼ਾਂ ਤੇ ਖੁਦਦਾਰੀ ਨੂੰ
ਤਾਮੀਰ ਕਰਨ ਵਾਲਿਓ!
ਲਾਸ਼ਾਂ ਦੇ ਕੁਹਰਾਮ ਨੇ
ਤੁਹਾਨੂੰ ਬਹੁਤ ਬੇਚੈਨ ਕਰਨਾ
ਅਤੇ ਫਿਰ ਤੁਸੀਂ ਚਾਹ ਕੇ ਵੀ
ਨਹੀਂ ਮਰ ਸਕਣਾ।

ਇਸ ਲਈ ਜਰੂਰੀ ਹੈ
ਕਿ ਲਾਸ਼ ਹੋਣ ਤੋਂ ਪਹਿਲਾਂ
ਲਾਸ਼ ਦੀ ਤੌਹੀਨ ਤੋਂ ਤੋਬਾ ਕਰੋ
ਵਰਨਾ ਤੁਸੀਂ ਕਫਨ ਦੀ
ਤੋਬਾ ਵੀ ਨਹੀਂ ਬਣੋਗੇ।

*(3)*

ਲਾਸ਼ਾਂ ਸਿਰਫ ਉਹ ਨਹੀਂ ਹੁੰਦੀਆਂ
ਜੋ ਸਿਵਿਆਂ 'ਚ ਸੜਦੀਆਂ
ਕਬਰਾਂ 'ਚ ਦਫਨਾਈਆਂ ਜਾਂਦੀਆਂ
ਜਾਂ ਦਰਿਆਵਾਂ 'ਚ ਰੋੜ੍ਹੀਆਂ ਜਾਂਦੀਆਂ
ਸਗੋਂ ਅਸੀਂ ਸਾਰੇ ਹੀ
ਤੁਰਦੀਆਂ ਫਿਰਦੀਆਂ ਲਾਸ਼ਾਂ ਹਾਂ
ਜੋ ਮਰ ਚੁਕੇ ਭਾਵਾਂ ਦੀ ਅਰਥੀ ਚੁੱਕੀ
ਆਪਣਾ ਮਰਸੀਆ ਅਲਾਹੁੰਦੇ
ਕਬਰਾਂ ਮੱਲਣ ਲਈ ਕਾਹਲੇ।
ਇਹ ਰਾਜ-ਨੇਤਾ, ਜੱਜ, ਅਫਸਰ,
ਡੇਰੇਦਾਰ, ਮਹੰਤ-ਸਾਧ,
ਤੇ ਗੁਰੂ-ਜੋਗੀ ਸਭ ਹੀ ਲਾਸ਼ਾਂ।
ਇਨ੍ਹਾਂ 'ਚ ਕੋਈ ਨਹੀਂ
ਹਾਂ-ਪੱਖੀ ਹਰਕਤ
ਹੀਲ-ਹੁੱਜਤ, ਹਾਕ-ਹੁੰਗਾਰਾ
ਜਾਂ ਹਾਅ ਦਾ ਨਾਹਰਾ।

ਇਹ ਲਾਸ਼ਾਂ
ਭਾਂਵਾਂ, ਆਸ਼ਾਂਵਾਂ ਤੇ ਸਾਹਾਂ ਦੇ ਖੰਡਰਾਤਾਂ
ਤੇ ਖੁਆਬਾਂ, ਖਿਆਲਾਂ ਤੇ
ਖਾਹਸ਼ਾਂ ਦੀ ਖੁਦਕੁਸ਼ੀ 'ਚੋਂ
ਆਪਣੇ ਮਹਿਫੂਜ਼ੀ ਮਾਣਦੀਆਂ ਨੇ।

ਇਨ੍ਹਾਂ ਲਾਸ਼ਾਂ ਵਿਚੋਂ
ਕਿੰਜ ਭਾਲੋਗੇ ਜ਼ਿੰਦਗੀ ਦੇ ਨਕਸ਼?
ਇਨ੍ਹਾਂ ਲਾਸ਼ਾਂ ਨੂੰ
ਕਿਹੜੇ ਖੂਹ-ਖਾਤੇ ਪਾਵੋਗੇ?

*(4)*

ਲਾਸ਼ ਦਾ ਖੁਦ ਦੀ ਲਾਸ਼ ਨੂੰ ਢੋਣਾ
ਦਰਅਸਲ
ਖੁਦ ਨੂੰ ਅੱਥਰੂਆਂ 'ਚ ਹੰਘਾਲਣਾ
ਤੇ ਵਰਲਾਪ ਤੇ ਵਿਯੋਗ ਨੂੰ
ਸਾਹਾਂ 'ਚ ਨਿਚੋੜਨਾ ਹੁੰਦਾ।
ਬੜਾ ਔਖਾ ਹੁੰਦਾ ਹੈ
ਪੈਰਾਂ ਦੀਆਂ ਬਿਆਈਆਂ 'ਚ
ਗਮਾਂ ਦਾ ਖੁੱਭਣਾ
ਹੱਥਾਂ ਦੇ ਰੱਟਣਾਂ 'ਤੇ
ਸਿਸਕੀਆਂ ਦਾ ਉਗਣਾ
ਦਰਦਵੰਤੇ ਰਾਹਾਂ 'ਤੇ ਤੁਰਨਾ
ਕਿਣਕਾ ਕਿਣਕਾ ਕਰਕੇ ਭੁਰਨਾ
ਆਹਿਸਤਾ ਆਹਿਸਤਾ ਖੁਰਨਾ
ਹੌਕਿਆਂ ਦੀ ਚਿਖਾ 'ਚ ਪੈਰ ਧਰਨਾ
ਰਾਖ ਬਣ ਘਰਾਂ ਨੂੰ ਪਰਤਣਾ
ਤੇ ਭੁੱਬਲ ਵਿਚੋਂ ਲਾਸ਼ ਦੇ ਨਕਸ਼ ਪਛਾਨਣਾ।

ਬੜਾ ਪੀੜਤ ਹੁੰਦਾ ਹੈ
ਖੁਦ ਦੀ ਲਾਸ਼ ਨੂੰ ਖੁਦ ਹੀ ਢੋਣਾ।

*(5)*

ਲਾਸ਼ਾਂ ਦੀ ਰੁੱਤ
ਵਿਹੜਿਆਂ ਵਿਚ ਉਤਰ ਆਈ ਹੈ
ਚੌਗਿਰਦੇ ਵਿਚ ਛਹਿ ਗਈ ਏ ਚੁੱਪ
ਅੱਖਾਂ 'ਚ ਉਗਦੀਆਂ ਨੇ ਅਰਥੀਆਂ
ਸ਼ਬਦਾਂ ਵਿਚ ਬਲਦੇ ਨੇ ਸਿਵੇ
ਵਾਕਾਂ ਵਿਚ ਨੇ ਵੈਣ ਤੇ ਕੀਰਨੇ
ਕਿਤਾਬਾਂ 'ਚ ਉਗਦੀਆਂ ਨੇ ਕਬਰਾਂ
ਅਤੇ ਆਲੇ-ਦੁਆਲੇ ਲਾਸ਼ਾਂ ਹੀ ਲਾਸ਼ਾਂ।

*(6)*

ਕੇਹਾ ਵਕਤ ਕਿ ਲਾਸ਼ਾਂ ਗੁੰਗੀਆਂ ਹੋਈਆਂ
ਜਿਉਣ ਦਾ ਭਰਮ ਵੀ ਟੁੱਟਾ
ਸਾਹਾਂ 'ਚ ਸੋਗ ਘੁੱਲਣ ਲੱਗਾ
ਬੁੱਸਿਆ ਰਾਜ਼ ਖੁੱਲਣ ਲੱਗਾ।
ਪਰ ਹੁਣ
ਇਨ੍ਹਾਂ ਲਾਸ਼ਾਂ ਚੁੱਪ ਨਹੀਂ ਰਹਿਣਾ
ਵਕਤ ਨੂੰ ਹੈ ਕਹਿਣਾ
ਅੱਖਾਂ 'ਚ ਵੱਸ ਜਾਣਾ ਰੋਣਾ।

ਜਦ ਲਾਸ਼ਾਂ ਦਾ ਲਾਸ਼ਾਂ ਭਰਨ ਹੁੰਗਾਰਾ
ਅੰਬਰੋਂ ਟੁੱਟਦਾ ਤਾਰਾ
ਤੇ ਧਰਤ ਤੇ ਛਾਵੇ ਅੰਧਿਆਰਾ
ਅੰਨ੍ਹਾ ਹੋ ਜਾਏ ਜੱਗ ਹੀ ਸਾਰਾ
ਤਾਂ ਹੀ ਅਸੀਂ ਅੰਨ੍ਹੇ ਯੁੱਗ ਦੇ ਵਾਸੀ ਹੋਏ
ਅੰਦਰੋਂ ਹੱਸੀਏ ਤੇ ਬਾਹਰੋਂ ਰੋਏ।

ਲਾਸ਼ਾਂ ਸੋਚਣ
ਕੌਣ ਫਿਰ ਉਦਾਸੀ 'ਤੇ ਆਵੇ
ਕਾਲਖਾਂ ਵਿਚ ਸੂਰਜ ਉਗਾਵੇ
ਤੇ ਨਿਰਜਿੰਦ ਜਿਹੀਆਂ ਲਾਸ਼ਾਂ ਨੂੰ
ਫਿਰ ਤੋਂ ਕੋਈ ਮਨੁੱਖ ਬਣਾਵੇ
ਤੇ ਮਰ ਗਈਆਂ ਭਾਵਨਾਵਾਂ ਦੀ ਹਿੱਕੇ
ਜਾਗਣ ਦਾ ਜਾਗ ਹੀ ਲਾਵੇ
ਤੇ ਲਾਸ਼ਾਂ ਦੀ ਬੇਹੁਰਮਤੀ ਦਾ
ਇਨ੍ਹਾਂ ਦੇ ਮਨੀਂ ਦਰਦ ਜਗਾਵੇ।

ਵੇ ਲੋਕਾ! ਲਾਸ਼ਾਂ ਨੂੰ ਗਿਣਨ ਦੀ ਥਾਂਵੇਂ
ਖੁਦ ਹੀ ਲਾਸ਼ ਬਣਨ ਤੋਂ ਬਚ ਜਾ
ਤੇ ਸਭ ਨੂੰ ਲਾਸ਼ਾਂ ਬਣਨ ਤੋਂ ਰੋਕ।

*(7)*

ਲਾਸ਼ਾਂ ਦਾ ਇਹ ਕੇਹਾ ਝੁਰਮਟ
ਸ਼ਹਿਰ ਵੀ ਲਾਸ਼ਾਂ
ਪਿੰਡ ਵੀ ਲਾਸ਼ਾਂ
ਖੇਤ ਵੀ ਲਾਸ਼ਾਂ
ਫਿਰਨੀਏ ਲਾਸ਼ਾਂ
ਘਰ ਵੀ ਲਾਸ਼ਾਂ
ਦਰ ਵੀ ਲਾਸ਼ਾਂ
ਰਿਸ਼ਤੇ, ਸਾਕ-ਸਬੰਧੀ ਲਾਸ਼ਾਂ
ਆਪਣੇ ਤੇ ਬਿਗਾਨੇ ਲਾਸ਼ਾਂ
ਹਰ ਪਾਸੇ ਲਾਸ਼ਾਂ ਹੀ ਲਾਸ਼ਾਂ।

ਇਨ੍ਹਾਂ ਲਾਸ਼ਾਂ 'ਚੋਂ
ਕਿਸ ਨੂੰ ਕਿੰਜ ਪਛਾਣੋਗੇ?
ਕਿੰਜ ਲਾਸ਼ਾਂ ਦੇ ਗੁਣ ਜਾਣੋਗੇ?
ਅਜਿਹੀਆਂ ਲਾਸ਼ਾਂ ਦੀ ਰਹਿਬਰੀ ਵਿਚੋਂ
ਕਿਹੜੀ ਜ਼ਿੰਦਗੀ ਦੇ ਨਕਸ਼ ਉਘਾੜੋਗੇ?

ਇਨ੍ਹਾਂ ਦੀ ਅਗਵਾਈ ਦਿੱਤਾ
ਮੌਤ ਦਾ ਮੰਜ਼ਰ
ਦਰਿੰਦਗੀ ਦਾ ਨਾਚ
ਤੇ ਹੌਕਿਆਂ ਦੀ ਘੁੱਟ
ਜਿਸ ਨੂੰ ਪੀਦਿਆਂ ਖੁਦ ਹੀ ਮਰਨਾ
ਤੇ ਕੰਧਾਂ ਸਿਰ ਇਲਜ਼ਾਮ ਧਰਨਾ।

ਅਜਿਹੇ ਸਮਿਆਂ ਵਿਚ ਨਜ਼ਰ ਹੀ ਆਉਣੀਆਂ
ਉਠਦੀਆਂ ਅਰਥੀਆਂ
ਤਾਜੀਆਂ ਕਬਰਾਂ, ਬਲਦੇ ਸਿਵੇ
ਤੇ ਦਰਿਆਵਾਂ ਕੰਢੇ ਲਾਸ਼ਾਂ ਦਾ ਤਹਿਖਾਨਾ।
ਫਿਜ਼ਾ ਦੀ ਵੱਖੀ ਲੱਗੇ
ਸੁੱਕੇ ਹੰਝੂ, ਧੁਆਂਖੇ ਸੁਪਨੇ ਤੇ ਸੋਗੀ ਸੱਥਾਂ।

ਹੋਰ ਭਲਾ ਆਸ ਵੀ ਕੀ ਰੱਖੀ ਜਾ ਸਕਦੀ ਹੈ
ਅਜਿਹੇ ਸਮਿਆਂ ਵਿਚ?

*(8)*

ਇਹ ਵੀ ਵੇਲਾ ਆਉਣਾ ਸੀ ਕਿ
ਲਾਸ਼ ਹੀ ਲਾਸ਼ ਨੂੰ ਮੋਢੇ ਲਾਵੇ
ਲਾਸ਼ ਹੀ ਲਾਸ਼ ਦਾ ਸਿਵਾ ਚਿਣਾਵੇ
ਲਾਸ਼ ਹੀ ਲਾਸ਼ ਨੂੰ ਲਾਂਬੂ ਲਾਵੇ
ਲਾਸ਼ ਹੀ ਲਾਸ਼ ਦੇ ਫੁੱਲ ਚੁਗੀਂਦੀ
ਅਤੇ ਵੱਗਦੇ ਪਾਣੀਆਂ ਵਿਚ ਤਰੀਂਦੀ।

ਲਾਸ਼ ਹੀ ਲਾਸ਼ ਲਈ ਕਬਰ ਪੁੱਟੇ
ਲਾਸ਼ ਹੀ ਲਾਸ਼ ਨੂੰ ਕਬਰ 'ਚ ਸੁੱਟੇ
ਲਾਸ਼ ਹੀ ਉਸ 'ਤੇ ਚਾਦਰ ਪਾਉਂਦੀ
ਤੇ ਅੱਖ ਬਚਾ ਕੇ
ਲਾਸ਼ ਹੀ ਲਾਸ਼ ਤੋਂ ਚਾਦਰ ਲਾਹੁੰਦੀ
ਲਾਸ਼ ਹੀ ਲਾਸ਼ ਦਾ ਮਰਸੀਆ ਪੜ੍ਹਦੀ
ਤੇ ਫਿਰ ਕਿਸੇ ਬੇ-ਲਾਸ਼ੇ ਘਰ ਵੜਦੀ
ਤੇ ਲਾਸ਼ਾਂ ਉਸ ਦੇ ਨਾਮ ਹੈ ਕਰਦੀ।

*(9)*

ਗਰਾਂ, ਘਰਾਂ ਵਿਚ ਰਹਿੰਦੀਆਂ ਲਾਸ਼ਾਂ
ਪਹਾੜਾਂ ਜੇਡ ਦਰਦ ਸਹਿੰਦੀਆਂ ਲਾਸ਼ਾਂ
ਮੂੰਹੋਂ ਕੁਝ ਨਾ ਕਹਿੰਦੀਆਂ ਲਾਸ਼ਾਂ
ਆਪਣੀ ਸੀਹੜੀ ਤੇ ਬਹਿੰਦੀਆਂ ਲਾਸ਼ਾਂ
ਦੁੱਖਾਂ ਦਾ ਪੀਹਣਾ ਛੋਹੰਦੀਆਂ ਲਾਸ਼ਾਂ
ਲਾਸ਼ਾਂ ਨੂੰ ਹੀ ਮੋਹਦੀਆਂ ਲਾਸ਼ਾਂ
ਪਤਾ ਨਹੀਂ ਕੀ ਕੀ ਚਾਹੁੰਦੀਆਂ ਲਾਸ਼ਾਂ
ਸੋਗ ਦਾ ਬੁਰਕਾ ਪਾਉਂਦੀਆਂ ਲਾਸ਼ਾਂ।

ਅਸੀਂ ਸਭ ਲਾਸ਼ਾਂ ਵਿਚ ਰਹੀਏ
ਜਾਣਦਿਆਂ ਵੀ ਕੁਝ ਨਾ ਕਹੀਏ
ਲਾਸ਼ਾਂ ਦੇ ਵਿਚ ਲਾਸ਼ ਬਣ ਕੇ
ਸਦਾ ਚੁੱਪ ਹੀ ਰਹੀਏ
ਤੇ ਕੰਧਾਂ ਤੇ ਕੌਲਿਆਂ ਨੂੰ ਵੀ
ਰੋਣ ਤੋਂ ਵਰਜਦੇ ਰਹੀਏ।

*(10)*

ਕੇਹਾ ਸਿਤਮ ਢਾਹਿਆ ਏ ਵਕਤ ਨੇ
ਕਿ ਹੁਣ ਬੰਦੇ ਬਹੁਤ ਦੂਰ ਦੂਰ ਹੋ ਗਏ
ਕਦੇ ਨਹੀਂ ਗਲ ਲੱਗ ਕੇ ਮਿਲਦੇ
ਪਰ ਹੁਣ ਲਾਸ਼ਾਂ
ਇਕ ਦੂਜੇ ਨੂੰ ਮਿਲਦੀਆਂ
ਕਦੇ ਹਸਪਤਾਲ ਦੇ ਬੈੱਡ 'ਤੇ
ਆਪਸ ਵਿਚ ਲਿਪਟੀਆਂ
ਕਦੇ ਐਂਬੂਲੈਂਸ ਵਿਚ ਕੜੰਗੀ ਪਾਈ
ਕਦੇ ਸਿਵਿਆਂ ਵਿਚ ਇਕਸਾਰ ਬਲਦੀਆਂ
ਕਦੇ ਕਬਰਾਂ ਵਿਚ ਹਮਸਫਰ ਬਣੀਆਂ
ਤੇ ਕਦੇ ਦਰਿਆ 'ਚ ਇਕੱਠੀਆਂ ਤਰਦੀਆਂ
ਤੇ ਪੱਤਣ 'ਤੇ ਲੱਗ
ਲਾਸ਼ਾਂ ਦਾ ਰੁਦਨ ਬਣਦੀਆਂ।

ਉਹ ਮਿਲਦੀਆਂ
ਆਪਣੀ ਕਹਾਣੀ ਛੂੰਹਦੀਆਂ
ਦੁੱਖ-ਦਰਦ ਸੁਣਾਉਂਦੀਆਂ
ਮਨ ਦਾ ਭਾਰ ਲਾਹੁੰਦੀਆਂ।

ਇਹ ਲਾਸ਼ਾਂ ਬਹੁਤ ਕੁਝ ਅਣਕਿਹਾ
ਉਨ੍ਹਾਂ ਬੈਡਾਂ, ਐਂਬੂਲੈਂਸਾਂ,
ਸਿਵਿਆਂ, ਕਬਰਾਂ ਤੇ
ਦਰਿਆਵਾਂ ਦੇ ਨਾਮ ਕਰ ਜਾਂਦੀਆਂ।
ਤਾਂ ਹੀ ਇਹ ਸਾਰੇ ਅੱਜ ਕੱਲ੍ਹ
ਮਾਤਮੀ ਖਾਮੋਸ਼ੀ 'ਚ ਲੀਨ ਆ।

*(11)*

ਸੱਚੀਂ! ਕਿੰਨਾ ਲੰਮਾ ਸਫਰ
ਤੈਅ ਕਰ ਲਿਆ ਹੈ ਅਸਾਂ।
ਕਦੇ ਬੰਦਾ ਦਾ ਬੰਦੇ ਨੂੰ ਮਿਲਣਾ
ਫਿਰ ਲਾਸ਼ ਦਾ ਬੰਦੇ ਨੂੰ ਮਿਲਣਾ
ਅਤੇ ਅੱਜ ਕੱਲ੍ਹ ਸਿਰਫ
ਲਾਸ਼ ਹੀ ਲਾਸ਼ ਨੂੰ ਮਿਲਦੀ ਹੈ
ਸੱਚੀਂ! ਕਿੰਨਾ ਲੰਮਾ ਸਫਰ
ਤੈਅ ਕਰ ਲਿਆ ਹੈ ਅਸੀਂ।

*-ਡਾ. ਗੁਰਬਖਸ਼ ਸਿੰਘ ਭੰਡਾਲ*
*ਫੋਨ: 216-556-2080*

---

## ਲਾਸ਼ਾਂ ਢੋਂਦੀ ਗੰਗਾ

*(ਪਾਰੁਲ ਖੱਖਰ ਦੀ ਗੁਜਰਾਤੀ ਕਵਿਤਾ)*

'ਕੱਠੇ ਹੋ ਸਭ ਮੁਰਦੇ ਬੋਲੇ,
"ਸਭ ਕੁਛ ਚੰਗਾ ਚੰਗਾ"
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਸ਼ਮਸ਼ਾਨਘਾਟ ਸਭ ਭਰ ਗਏ ਤੇਰੇ
ਲੱਕੜਾਂ ਬਲ ਬਲ ਮੁੱਕੀਆਂ,
ਥੱਕ ਗਏ ਨੇ ਮੋਢੇ ਸਾਰੇ
ਅੱਖੀਆਂ ਰੋ ਰੋ ਸੁੱਕੀਆਂ।
ਦਰ ਦਰ ਜਾ ਜਮਦੂਤ ਖੇਲਦੇ
ਮੌਤ-ਨਾਚ ਬੇਢੰਗਾ।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਦਿਨ ਰਾਤ ਜੋ ਬਲਣ ਚਿਤਾਵਾਂ
ਰੋਕ ਨਾ ਪੈਂਦੀ ਪਲ ਭਰ।
ਟੁੱਟੀ ਜਾਂਦੇ ਗਜਰੇ, ਵੰਙਾਂ
ਛਾਤੀਆਂ ਪਿੱਟਣ ਘਰ ਘਰ।
ਲਾਟਾਂ ਦੇਖ ਵੀ ਮੱਛਰੇ ਫਿਰਦੇ,
ਦੋਵੇਂ 'ਬਿੱਲਾ-ਰੰਗਾ।'
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਰਾਜਨ ਤੇਰੇ ਉਜਲੇ ਵਸਤਰ
ਕਹਿਣ ਤੂੰ ਰੱਬੀ ਜੋਤੀ।
ਤੂੰ ਜੋ ਸੀ ਪੱਥਰ ਤੋਂ ਭੈੜਾ
ਰਹੇ ਸਮਝਦੇ ਮੋਤੀ।
ਹਿੰਮਤ ਹੈ ਤਾਂ ਬੋਲੋ ਭਾਈ
ਸਾਡਾ ਰਾਜਨ ਨੰਗਾ।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

*(ਪੰਜਾਬੀ ਅਨੁਵਾਦ: ਜਸਵੰਤ ਜ਼ਫਰ)*

## ਆਖਰੀ ਸਲਾਮ

ਤੇਰੇ ਬਿਨਾਂ ਮੈਂ ਕਿਵੇਂ ਜੀ ਲਵਾਂ,
ਤੇਰੇ ਬਿਨਾਂ ਤਾਂ ਮੈਂ ਮਰ ਜਾਵਾਂ,

ਤੇਰੇ ਪਿਆਰ ਦੀ ਜੇ ਹੋਵੇ ਵਰਖਾ,
ਹੰਝੂਆਂ ਦਾ ਸਾਗਰ ਵੀ ਤਰ ਜਾਵਾਂ,

ਤੇਰੇ ਬੁੱਲ੍ਹਾਂ ਤੇ ਹੋਵੇ ਇਜ਼ਹਾਰੇ ਮੁਹੱਬਤ,
ਮੈਂ ਨਿੱਘੇ ਅਹਿਸਾਸ ਨਾਲ ਠਰ ਜਾਵਾਂ,

ਇਕ ਵਾਰ ਹੱਥ ਜੇ ਮੇਰਾ ਫੜ ਲਵੇਂ,
ਆਪਣੀ ਚੁੰਨੀ ਦਾ ਪੱਲਾ ਹੱਥ ਧਰ ਜਾਵਾਂ,

ਤੇਰੀ ਬਣ ਕੇ ਨਿਕਲਾ ਜੱਗ ਅੰਦਰ,
ਦੂਰੀ ਸੋਚ ਕੇ ਹੀ ਡਾਢਾ ਮੈਂ ਡਰ ਜਾਵਾਂ,

ਲਾਵਾਂ ਲੈ ਕੇ ਤੇਰੇ ਨਾਲ ਘਰ ਆਵਾਂ ,
ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਜਾਵਾਂ,

ਮੁਹੱਬਤ ਦਾ ਆਖਰੀ ਸਲਾਮ ਤਰਵਿੰਦਰ
ਨਿਛਾਵਰ ਖੁਸ਼ੀ ਤੇਰੀ ਝੋਲੀ ਭਰ ਜਾਵਾਂ।

*-ਤਰਵਿੰਦਰ ਕੌਰ ਝੰਡੋਕ*

---

## ਸੋਹਣੀ ਸਵੇਰ

ਹੁਣ ਸੋਹਣੀ ਸਵੇਰ ਚੜ੍ਹਾ ਵੇ ਰੱਬਾ
ਬਹੁਤ ਹੋ ਗਿਆ, ਬਹੁਤ ਹੋ ਗਿਆ
ਅੰਤ ਕਰ ਮਹਾਮਾਰੀ ਦਾ।

ਬਖਸ਼ ਦੇ ਭੁੱਲਾਂ ਮੇਰੇ ਦਾਤਾ
ਹੋਰ ਨਾ ਲੈ ਇਮਤਿਹਾਨ
ਆਪਣੇ ਬੱਚਿਆਂ ਦਾ।

ਘਰ ਘਰ ਵਿਚ ਸੰਨਾਟਾ ਏ
ਉਦਾਸੀ ਹੈ ਚਿਹਰਿਆਂ 'ਤੇ
ਸੁੰਨੇ ਨੇ ਬਾਜ਼ਾਰ
ਹਸਪਤਾਲਾਂ ਵਿਚ ਭੈੜੇ ਹਾਲ।

ਤੂੰ ਖੋਲ੍ਹ ਦਰਵਾਜ਼ੇ ਆਪਣੇ ਦਰ ਦੇ
ਆਉਣ ਦਾ ਹੁਕਮ ਕਰ ਦੇ ਜਾਰੀ
ਮਹਾਮਾਰੀ ਨੂੰ ਵਿਰਾਮ ਲਾ ਦੇ।

ਝੋਲੀ ਫੈਲਾਏ ਖੜ੍ਹੇ ਹਾਂ
ਤੂੰ ਹੁਣ ਖੈਰ ਪਾ ਦੇ
ਇੱਕ ਸੋਹਣੀ ਸਵੇਰ
ਚੜ੍ਹਾ ਦੇ ਬਾਬਾ
'ਇੱਕ ਸੋਹਣੀ ਸਵੇਰ।'

*-ਕੰਵਲਜੀਤ ਕੌਰ ਜੁਨੇਜਾ*
*ਫੋਨ: 91-98120-32868*

---

## ਨਜ਼ਮ

ਕਰੋਨਾ ਨੇ ਚਲੇ ਜਾਣੈ
ਨਵਾਂ ਕੋਈ ਦੌਰ ਆ ਜਾਣੈ,
ਮਗਰ ਜਦ ਚਿੱਠੇ ਖੁੱਲ੍ਹਣੇ ਨੇ,
ਇਹ ਚਲਦੇ ਦੌਰ ਦੇ ਸਾਥੀ,
ਤਬਾਹੀਆਂ ਦੀ ਕਥਾ ਚੱਲਣੀ।
ਅਜ਼ੀਅਤਨਾਕ ਹੋਊ ਸਭ,
ਤੇ ਸਾਹ ਨਾਲ ਸਾਹ ਨਹੀਂ ਰਲਣੇ,
ਨਜ਼ਰ ਜੋ ਆ ਰਿਹਾ ਉਹ ਤਾਂ,
ਦਿਖਾਇਆ ਜਾ ਰਿਹਾ ਏ, ਤੇ
ਉਹ ਕੁਝ ਚਿਰ ਬਾਅਦ ਦਿਖਣਾ,
ਜੋ ਛੁਪਾਇਆ ਜਾ ਰਿਹਾ ਏ,
ਤੇ ਕਿੰਨੇ ਹੀ ਲੋਕ ਮਰ'ਗੇ ਨੇ,
ਦਵਾਈ ਤੋਂ ਬਿਨਾ ਏਥੇ,
ਦਵਾਈ ਖਾ ਮਰੇ ਨੇ ਉਹ,
ਹਿਸਾਬਾਂ ਵਿੱਚ ਲਿਖਣਗੇ ਉਹ,
ਤੇ ਪੈਸਾ ਸਭ ਦਵਾਈ ਦਾ,
ਸ਼ੈਤਾਨਾਂ ਨੇ ਹੈ ਖਾ ਜਾਣਾ।
ਇਹ ਜਨਤਾ ਵਾਸਤੇ ਹੋਣਾ,
ਬੜਾ ਹੀ ਦੌਰ ਮੁਸ਼ਕਿਲ ਦਾ,
ਅਸਾਡੇ ਹਾਕਮਾਂ ਇਸ 'ਚੋਂ,
ਬਹੁਤ ਪੈਸਾ ਕਮਾ ਜਾਣਾ।

*-ਕਮਲ ਸਰਾਵਾਂ*
*ਰਿਸਰਚ ਸਕਾਲਰ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਮਿਕਨਾਤੀਸੀ ਅਚੰਭਾ: ਸੁਰਜੀਤ ਹਾਂਸ

**ਸੁਰਜੀਤ ਹਾਂਸ ਸ਼ਾਇਰ ਸੀ, ਇਤਿਹਾਸਕਾਰ ਸੀ ਅਤੇ ਰੱਜ ਕੇ ਜੀਣ-ਥੀਣ ਵਾਲਾ ਜਿਊੜਾ ਸੀ। ਉਹਦੇ ਕੋਲ ਆਪਣੀ ਗੱਲ ਕਹਿਣ ਦਾ ਜੇਰਾ ਸੀ ਅਤੇ ਉਹ ਭੀੜ ਤੋਂ ਅਲੱਗ ਹੋ ਕੇ ਤੁਰਨ ਦੀ ਜੁਰਅਤ ਰੱਖਦਾ ਸੀ। ਉਘੇ ਸ਼ਾਇਰ ਜਸਵੰਤ ਦੀਦ ਨੇ ਉਹਦੇ ਬਾਰੇ ਇਹ ਸ਼ਬਦ ਚਿੱਤਰ ਉਲੀਕਿਆ ਹੈ, ਜਿਸ ਵਿਚ ਉਸ ਦੀ ਪੜ੍ਹਾਈ-ਲਿਖਾਈ ਅਤੇ ਜ਼ਿੰਦਗੀ ਨਾਲ ਜੁੜੀਆਂ ਗੱਲਾਂਬਾਤਾਂ ਦੇ ਨਾਲ-ਨਾਲ ਸਮੁੱਚੇ ਸਮਾਜ ਦੇ ਦਰਸ਼ਨ ਹੁੰਦੇ ਹਨ।**

'ਏਧਰ ਸੁਰਜੀਤ ਹਾਂਸ ਤਾਂ ਨਹੀਂ ਆਏ ?'

ਸ.ਸ. ਮੀਸ਼ਾ ਨੂੰ ਮੈਂ ਪਹਿਲੀ ਵਾਰ ਅਪਸੈੱਟ ਦੇਖਿਆ। ਆਲ ਇੰਡੀਆ ਰੇਡੀਓ ਦੇ ਖਾਲੀ ਕਾਰੀਡੋਰ 'ਚ ਦੂਰ ਤਕ ਝਾਕਦਿਆਂ। ਆਪਣੀ ਕੁਰਸੀ ਛੱਡ ਕੇ ਮੈਂ ਮੀਸ਼ਾ ਹੁਰਾਂ ਦੇ ਨਾਲ ਚੱਲ ਪਿਆ।

'ਏਡਾ ਵੱਡਾ ਸਕਾਲਰ ਰੀਕਾਰਡਿੰਗ ਲਈ ਆਇਆ, ਕਿਸੇ ਨੇ ਬਗ਼ੈਰ ਰੀਕਾਰਡਿੰਗ ਕੀਤਿਆਂ ਵਾਪਸ ਭੇਜ ਦਿੱਤਾ। ਬਦਤਮੀਜ਼ੀ ਹੈ ਇਹ।' ਮੀਸ਼ਾ ਆਪਣੀ ਤਿੱਲੇਦਾਰ ਜੁੱਤੀ ਤੇ ਸਿਲਕੀ ਕੁੜਤੇ ਪਜਾਮੇ 'ਚ ਆਮ ਨਾਲੋਂ ਤੇਜ਼ ਤੁਰ ਰਿਹਾ ਸੀ। ਮੈਂ ਮੀਸ਼ਾ ਦੇ ਨਾਲ ਨਾਲ। ਮੀਸ਼ਾ ਨੇ ਸੁਰਜੀਤ ਹਾਂਸ ਨੂੰ ਰੀਕਾਰਡਿੰਗ ਲਈ ਬੁਲਾਇਆ ਸੀ। ਮੀਸ਼ਾ ਨੂੰ ਯਾਦ ਭੁੱਲ ਗਿਆ। ਸਹਾਇਕ ਚੈਨ ਸਿੰਘ ਨੂੰ ਕੋਈ ਕੰਮ ਪੈ ਗਿਆ। ਤੇ ਸੁਰਜੀਤ ਹਾਂਸ ਵਾਪਸ ਚਲੇ ਗਏ। ਪੀਅਨ ਨੇ ਦੱਸਿਆ, ਹੁਣੇ ਬਾਹਰ ਨਿਕਲੇ ਨੇ। ਅਸੀਂ ਹਾਂਸ ਸਾਹਿਬ ਦੀ ਪੈੜ ਨੱਪਦੇ ਗੇਟ ਤੋਂ ਬਾਹਰ ਨਿਕਲੇ।



'ਅਹੁ ਆ ਗਏ।'

**ਜਸਵੰਤ ਦੀਦ**
**ਫੋਨ: +1-416-275-7494**

ਮੀਸ਼ਾ ਨੂੰ ਜਿਵੇਂ ਗੁਆਚਾ ਹੋਇਆ ਕੋਈ ਅਮੁੱਲ ਖਜ਼ਾਨਾ ਲੱਭ ਗਿਆ ਹੋਵੇ! ਸਾਹਮਣਿਉਂ ਗੁਲਾਬੀ ਫਿੱਕੀ ਪੱਗ ਵਾਲਾ, ਡੱਬੀਦਾਰ ਕੋਟ ਵਾਲਾ, ਬੂਟੀਦਾਰ ਸਿਲਕੀ ਮਫਲਰ ਵਾਲਾ, ਕੱਟੀ ਦਾੜ੍ਹੀ 'ਚ ਹੱਥ ਫੇਰਦਾ ਬੰਦਾ, ਮੀਸ਼ਾ ਨੇ ਗਲਵਕੜੀ 'ਚ ਲੈ ਲਿਆ। ਜਿਵੇਂ ਪੋਰਸ ਨੇ ਸਿਕੰਦਰ ਨੂੰ ਜੱਫੀ ਪਾਈ ਹੋਵੇ। ਪੋਰਸ ਨੇ ਸਿਕੰਦਰ ਕੋਲ਼ੋਂ ਮਾਫੀ ਮੰਗੀ। ਪੋਰਸ ਮੀਸ਼ਾ ਨੇ ਮੈਨੂੰ ਸਿਕੰਦਰ ਹਾਂਸ ਨਾਲ ਮਿਲਾਇਆ, ਜਿਵੇਂ ਕਿਸੇ ਸਿਪਾਹਸਲਾਰ ਨੂੰ ਮਿਲਾਈਦਾ। ਸੁਰਜੀਤ ਹਾਂਸ ਨਾਲ ਮੇਰੀ ਇਹ ਪਹਿਲੀ ਮੁਲਾਕਾਤ ਸੀ। ਹਾਂਸ ਹੁਰਾਂ ਮੇਰੇ ਨਾਲ ਕੋਈ ਗੱਲ ਨਾ ਕੀਤੀ। ਮੂੰਹ ਪੁੱਠੇ ਪਾਸੇ ਕਰਕੇ ਖਲੋਤਾ ਰਿਹਾ ਇਹ ਬੰਦਾ। ਮੈਨੂੰ ਯਾਦ ਆਇਆ, ਇਹ ਉਹੀ ਸੁਰਜੀਤ ਹਾਂਸ ਸੀ ਜਿਸ ਨੂੰ ਮੈਂ ਵਲੈਤ ਵਿਖੇ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਦੇਖਿਆ ਸੀ। ਉਦੋਂ ਵੀ ਇਹ ਸ਼ਖਸ ਸ.ਸ.ਮੀਸ਼ਾ ਨਾਲ ਈ ਖਲੋਤਾ ਸੀ। ਮੂੰਹ ਉਦੋਂ ਵੀ ਦੂਜੇ ਪਾਸੇ ਈ ਸੀ। ਇਸ ਵਾਰੀ ਵੀ ਮੂੰਹ ਦੂਜੇ ਪਾਸੇ ਈ ਰਿਹਾ। ਮੈਂ ਕਮਰੇ 'ਚ ਵਾਪਸ ਆ ਗਿਆ। ਮੀਸ਼ਾ ਨੇ ਹਾਂਸ ਸਾਂਭ ਲਿਆ।

ਪ੍ਰੇਮ ਪ੍ਰਕਾਸ਼ ਕੋਲ਼ੋਂ ਮੈਂ ਸੁਰਜੀਤ ਹਾਂਸ ਦੇ ਕੌੜੇ-ਪਣ ਦੇ ਕਈ ਕਿੱਸੇ ਸੁਣਦਾ ਸਾਂ- 'ਇਹ ਬੰਦਾ ਕਿਸੇ ਨੂੰ ਮਿਲਦਾ ਨਹੀਂ। ਗਿਆਨ ਦਾ ਗਲ਼ਿਆ ਹੋਇਐ।' ਇਕ ਵਾਰ ਮੈਂ ਪ੍ਰੇਮ ਨੂੰ ਉਸ ਦੀ ਮਿਆਨੀ 'ਚ ਮਿਲਣ ਗਿਆ ਤਾਂ ਪ੍ਰੇਮ ਕੋਠਿਉਂ ਹੇਠਾਂ ਉਤਰ ਆਇਆ, ਕਹਿੰਦਾ- ਉਪਰ ਬੁੜ੍ਹਾ ਆਇਆ ਹੋਇਆ। ਆਪਾਂ ਹੇਠਾਂ ਬੈਠਦੇ ਆਂ।'

'ਕੌਣ ਬੁੜ੍ਹਾ?'

'ਸੁਰਜੀਤ ਹਾਂਸ।'

ਮੈਨੂੰ ਹੌਲ਼ੀ ਹੌਲ਼ੀ ਪਤਾ ਲੱਗਾ ਕਿ ਇਹ ਦੋਵੇਂ ਇਕ ਦੂਜੇ ਨੂੰ 'ਬੁੜ੍ਹਾ' ਕਹਿੰਦੇ ਨੇ। ਮੈਨੂੰ ਪ੍ਰੇਮ ਪ੍ਰਕਾਸ਼ ਨੇ ਤਿੰਨ ਚਾਰ ਸਾਲ ਸੁਰਜੀਤ ਹਾਂਸ ਨੂੰ ਮਿਲਣ ਨਾ ਦਿੱਤਾ। ਨਹੀਂ ਤਾਂ ਨਾ ਸਹੀ ਪਰ ਹਰ ਵਾਰ ਦਿਲ ਕਰੇ, ਸੁਰਜੀਤ ਹਾਂਸ ਨਾਲ ਗੱਲ ਕਰਾਂ।

1985 'ਚ ਮੇਰੀ ਕਵਿਤਾਵਾਂ ਦੀ ਪਹਿਲੀ ਕਿਤਾਬ ਛਪੀ- 'ਬੱਚੇ ਤੋਂ ਡਰਦੀ ਕਵਿਤਾ'। ਮੈਂ ਪ੍ਰੇਮ ਪ੍ਰਕਾਸ਼ ਨੂੰ 'ਲਕੀਰ' 'ਚ ਰੀਵਿਊ ਕਰਨ ਲਈ ਦਿੱਤੀ। ਪ੍ਰੇਮ ਕਹਿੰਦਾ- 'ਕਵਿਤਾ ਦੀ ਕਿਤਾਬ ਦਾ ਰੀਵਿਊ ਸੁਰਜੀਤ ਹਾਂਸ ਕਰਦਾ। ਟੋਕੇ ਥੱਲੇ ਸਿਰ ਦੇਣ ਵਾਲੀ ਗੱਲ ਐ।' ਮੈਂ ਇਕ ਕਾਪੀ ਟੋਕੇ ਥੱਲੇ ਦੇਣ ਵਾਸਤੇ ਦੇ ਦਿੱਤੀ। ਅਗਲੇ ਹਫਤੇ ਸਿਆ਼ਲੀ ਧੁੱਪ 'ਚ ਬੰਦ ਲਿਫਾਫੇ 'ਚ ਖਤ ਮਿਲਿਆ। ਖੋਲ੍ਹਿਆ। ਪੜ੍ਹਿਆ-

ਪਿਆਰੇ ਦੀਦ, ਅੱਜ ਸਵੇਰੇ ਤੁਹਾਡੀ ਕਿਤਾਬ ਮੁਕਾਈ ਹੈ। ਇਕੋ ਸਾਹ ਬਹੁਤੀਆਂ ਨਜ਼ਮਾਂ ਪੜ੍ਹਨੀਆਂ ਔਖੀਆਂ ਲਗਦੀਆਂ ਸੀ। ਤਾਂ ਹੀ ਕਈ ਦਿਨ ਲੱਗੇ। ਕਈ ਕਵਿਤਾਵਾਂ ਬਹੁਤ ਅੱਛੀਆਂ ਹਨ, ਹੈਰਾਨ-ਕੁਨ। ਮੈਨੂੰ ਲਗਦਾ, ਇਹਨਾਂ ਦਾ ਮੇਰੇ 'ਤੇ ਅਸਰ ਹੋ ਜਾਣਾ ਹੈ। ਬਾਕੀ ਫੇਰ ਕਦੇ ਮਿਲਣ 'ਤੇ।

ਤਾਬੇਦਾਰ, ਸੁਰਜੀਤ, 3.11.87

ਟੇਢੇ ਅੱਖਰਾਂ ਵਾਲਾ ਖਤ ਪੜ੍ਹ ਕੇ, ਮੈਂ ਆਪਣੇ ਕਿਰਾਏ ਦੇ ਘਰ ਦੀ ਛੱਤ 'ਤੇ, ਸਿਆ਼ਲ ਦੀ ਖਿੜੀ ਧੁੱਪ 'ਚ, ਗੋਲਡਨ ਈਗਲ ਦੀ ਬੀਅਰ ਦੀ ਬੋਤਲ ਦਾ ਡੱਟ, ਪਟਾਕਾ ਮਾਰ ਕੇ ਖੋਲ੍ਹਿਆ। ਗਲਾਸ ਬੀਅਰ ਦੀ ਝੱਗ ਨਾਲ ਖਿੜ ਗਿਆ। ਮੈਂ ਬੀਅਰ ਦਾ ਭਰਵਾਂ ਘੁੱਟ ਲਿਆ। ਖਤ ਫੇਰ ਪੜ੍ਹਿਆ। ਤੇ ਸਾਰੀ ਬੀਅਰ ਗਟਾਗਟ ਮੁਕਾ ਦਿੱਤੀ।

ਕੁਝ ਮਹੀਨਿਆਂ ਬਾਅਦ ਰੇਡੀਓ 'ਤੇ ਰੀਕਾਰਡਿੰਗ ਕਰਨ ਆਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਨੇ ਮੇਰੇ ਨਾਲ ਹੱਥ ਮਿਲਾ ਕੇ ਮੈਨੂੰ ਮੁਬਾਰਕਬਾਦ ਦਿੰਦਿਆਂ ਕਿਹਾ- ਅੱਜ ਈ ਮੀਟਿੰਗ ਵਿਚ 'ਬੱਚੇ ਤੋਂ ਡਰਦੀ ਕਵਿਤਾ' ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪ੍ਰੋ. ਮੋਹਨ ਸਿੰਘ ਅਵਾਰਡ ਦੇਣ ਦਾ ਫੈਸਲਾ ਹੋਇਆ ਹੈ। ਕਿਸੇ ਨੇ ਤੁਹਾਡਾ ਨਾਮ ਪ੍ਰੋਪੋਜ਼ ਕੀਤਾ ਤਾਂ ਡਾ. ਸੁਰਜੀਤ ਹਾਂਸ ਨੇ ਬਗ਼ੈਰ ਕੁਝ ਬੋਲੇ ਸਿਰਫ ਤਿੰਨ ਤਾੜੀਆਂ ਮਾਰੀਆਂ। 'ਸੁਰਜੀਤ ਹਾਂਸ ਕੀ ਤੀਨ ਤਾਲੀਆਂ' ਨੇ ਇਸ ਪ੍ਰੋਪੋਜ਼ਲ ਨੂੰ ਫੈਸਲੇ 'ਚ ਤਬਦੀਲ ਕਰ ਦਿੱਤਾ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਇਨਾਮ ਸੀ।

ਕੁਝ ਹਫਤਿਆਂ ਬਾਅਦ ਪ੍ਰੇਮ ਪ੍ਰਕਾਸ਼ ਦਾ ਫੋਨ ਆਇਆ- 'ਸ਼ਾਇਰ, ਆ ਜਾ! ਸੁਰਜੀਤ ਹਾਂਸ ਆਇਆ ਹੋਇਆ।'

ਇਹ ਸੁਰਜੀਤ ਹਾਂਸ ਨਾਲ ਮੇਰੀ ਪਹਿਲੀ ਅਸਲੀ ਮੁਲਾਕਾਤ ਸੀ। ਦਾਰੂ ਦੇ ਭਰੇ ਗਲਾਸਾਂ ਸਮੇਤ। 1987 ਤੋਂ ਹੁਣ ਤਕ ਇਹ ਮੁਲਾਕਾਤ ਜਿਊਂਦੀ ਹੈ। ਇਹ ਲਿਖਤ ਵੀ ਉਸ ਬੰਦੇ ਨਾਲ ਗੱਲਾਂ ਈ ਨੇ।

ਸੁਰਜੀਤ ਹਾਂਸ ਨਾਲ ਮੇਰੀ ਯਾਰੀ ਨਹੀਂ ਸੀ, ਇਹ ਸਿਰਫ਼ ਵਾਕਫੀ ਵੀ ਨਹੀਂ ਸੀ ਪਰ ਇਸ ਰਿਸ਼ਤੇ ਅੰਦਰ ਮਜ਼ਬੂਤ ਪਕੜ ਸੀ, ਸਮੁੰਦਰ 'ਚ ਖਲੋਤੇ ਬਹੁਤ ਪੁਰਾਣੇ ਤਾਕਤਵਰ ਕਰੂਜ਼ ਦੇ ਸੁੱਟੇ ਸਖਤ ਲੰਗਰ ਵਰਗੀ। ਸੁਰਜੀਤ ਹਾਂਸ ਜਦ ਕਦੀ ਵੀ ਪ੍ਰੇਮ ਕੋਲ਼ ਆਉਂਦਾ, ਮੈਨੂੰ ਅਗਾਊਂ ਸੂਚਨਾ ਹੋ ਜਾਂਦੀ। ਹੇਠਲਾ ਖਤ ਇਹੀ ਦੱਸਦਾ- 'ਸ਼ਾਮ ਨੂੰ ਬੁੜ੍ਹੇ ਕੋਲ਼ ਆਵਾਂਗਾ। ਨਜ਼ਮਾਂ ਬਹੁਤ ਹੋ ਗਈਆਂ। ਬਰਾਬਰ ਦੀ ਟੱਕਰ ਲਈ ਤਿਆਰੀ ਕਰ ਕੇ ਆਉਣੀ।'

ਪ੍ਰੇਮ ਸਾਡੇ ਲਈ ਗਲਾਸ, ਬਰਫ਼ ਤੇ ਲਵਾਜ਼ਮਾਤ ਰੱਖ ਕੇ ਸਾਡੀ ਇਕ ਅੱਧੀ ਕਵਿਤਾ ਸੁਣ ਕੇ ਕਿਸੇ ਬਹਾਨੇ ਬਾਹਰ ਚਲਾ ਜਾਂਦਾ। ਮੈਂ ਤੇ ਸੁਰਜੀਤ ਹਾਂਸ ਘੁੱਟ ਘੁੱਟ ਕਰ ਕੇ 'ਕਵਿਤੋ-ਕਵਿਤੀ' ਹੁੰਦੇ ਰਹਿੰਦੇ। ਮੈਂ ਸੁਰਜੀਤ ਹਾਂਸ ਦੀਆਂ ਕਵਿਤਾਵਾਂ ਨੂੰ ਕਿਤਾਬ 'ਚੋਂ ਪੜ੍ਹਦਾ ਤਾਂ ਸਮਝ ਨਾ ਪੈਂਦੀ ਪਰ ਜਦ ਉਸ ਦੇ ਮੂੰਹੋਂ ਸੁਣਦਾ ਤਾਂ ਗੱਲ ਆਰਾਮ ਨਾਲ ਪੱਲੇ ਪੈ ਜਾਂਦੀ।

'ਹਰ ਕਵਿਤਾ ਦਾ ਆਪਣਾ ਵਜ਼ਨ, ਰਾਈਮ ਹੁੰਦਾ। ਕਵਿਤਾ ਪੜ੍ਹਨ ਦਾ ਵੀ ਤਰੀਕਾ ਹੁੰਦਾ, ਸਿੱਖਣਾ ਪੈਂਦਾ।' ਸੁਰਜੀਤ ਹਾਂਸ ਦੱਸਦੇ ਤੇ ਨਾਲ ਆਪਣੀ ਕਵਿਤਾ ਵਿਚ ਵਰਤੇ ਸ਼ਬਦਾਂ ਦੇ ਮਾਅਨੇ ਸਮਝਾਉਂਦੇ। ਜਿਵੇਂ ਗਿਆਨ ਦੀਆਂ ਧੁਰ ਤਹਿਆਂ ਜਗ ਪੈਂਦੀਆਂ। ਮੇਰੀਆਂ ਕਵਿਤਾਵਾਂ ਸੁਣ ਕੇ ਹਾਂਸ ਸਾਹਿਬ ਐਸੀ ਰਾਇ ਦਿੰਦੇ ਕਿ ਮੈਨੂੰ ਇਹ ਰਾਇ ਕਬੂਲ ਕਰਨੀ ਪੈਂਦੀ। ਅਸਲ ਵਿਚ, ਮੇਰੇ ਉਪਰ ਸੁਰਜੀਤ ਹਾਂਸ ਦੀ ਸ਼ਖਸੀਅਤ ਦਾ ਦਾਬਾ ਹੋ ਗਿਆ ਸੀ। ਬਹੁਤਾ ਗਿਆਨ ਦਾ ਦਾਬਾ ਤੇ ਫੇਰ ਉਮਰ ਵਿਚ ਮੇਰੇ ਨਾਲੋਂ ਕਿਤੇ ਵੱਡੇ ਹੋਣ ਦਾ ਦਾਬਾ। ਇਸ ਦਾਬੇ ਹੇਠ ਮੈਨੂੰ ਕਈ ਵਾਰ ਇਸ ਘਣੇ ਤਜਰਬਾਕਾਰ ਦੀ ਸੰਗਤ ਕਰਦਿਆਂ ਜ਼ਿਆਦਾ ਦਾਰੂ ਪੀਣੀ ਪੈਂਦੀ। ਹਾਂਸ ਸਾਹਿਬ 'ਨੀਟ' ਪੀਂਦੇ ਸਨ, ਮੈਨੂੰ ਵੀ 'ਨੀਟ' ਪੀਣੀ ਪੈਂਦੀ। ਹਾਂਸ ਸਾਹਿਬ ਜ਼ਿਆਦਾ ਕਵਿਤਾ ਸੁਣਾਉਂਦੇ ਸਨ, ਮੈਨੂੰ ਵੀ ਸੁਣਾਉਣੀਆਂ ਪੈਂਦੀਆਂ। ਨਾ ਮੇਰੇ ਕੋਲ਼ੋਂ ਸੁਰਜੀਤ ਹਾਂਸ ਦੀ ਕਵਿਤਾ ਦਾ ਮੁਕਾਬਲਾ ਹੁੰਦਾ, ਨਾ ਦਾਰੂ ਦਾ। ਹੌਲ਼ੀ ਹੌਲ਼ੀ ਮੈਂ ਇਹ ਦਾਬਾ ਨਾ-ਮਨਜ਼ੂਰ ਕਰਨਾ ਸ਼ੁਰੂ ਕਰ ਦਿੱਤਾ। ਇਕ ਦਿਨ ਮੈਂ ਦੋਵੇਂ ਗੱਲਾਂ 'ਤੇ ਕਾਟਾ ਫੇਰ ਦਿੱਤਾ। ਮੈਂ ਕਿਹਾ- ਨੋ। ਮੈਂ ਪਾਣੀ ਪਾ ਕੇ ਪੀਵਾਂਗਾ, ਜਿਵੇਂ ਮੈਂ ਪੀਂਦਾਂ ਹਾਂ। ਮੈਂ ਤੁਹਾਡੀ ਕਵਿਤਾ ਸੁਣਾਂਗਾ, ਆਪਣੀ ਨਹੀਂ ਸੁਣਾਵਾਂਗਾ। ਮੈਥੋਂ ਨਹੀਂ ਏਨੀਆਂ ਕਵਿਤਾਵਾਂ ਲਿਖੀਆਂ ਜਾਂਦੀਆਂ।'

ਹਾਂਸ ਨੇ ਇਕ ਵਾਰ ਮੂੰਹ ਦੂਜੇ ਪਾਸੇ ਕੀਤਾ ਪਰ ਦੂਜੀ ਵਾਰ ਅਸੀਂ ਇਕ ਦੂਜੇ ਵੱਲ ਮੂੰਹ ਸਿੱਧਾ ਕਰ ਕੇ ਬੈਠ ਗਏ। ਤਵਾਜ਼ਨ ਵਿਚ ਆ ਗਏ। ਫੇਰ ਜਿਵੇਂ ਸਾਡਾ ਮਨ ਕਰਦਾ, ਉਵੇਂ ਪੀਂਦੇ; ਜੋ ਦਿਲ ਕਰਦਾ, ਉਹ ਪੀਂਦੇ। ਦਿਲ ਕਰਦਾ ਕਵਿਤਾ ਸੁਣਾਉਂਦੇ, ਨਹੀਂ ਤਾਂ ਨਾ ਸੁਣਾਉਂਦੇ। ਪਹਿਲਾਂ ਪਹਿਲ ਪ੍ਰੇਮ ਬਿਨਾਂ ਸਾਡੀ ਗੱਲ ਨਾ ਚਲਦੀ ਪਰ ਹੌਲ਼ੀ ਹੌਲ਼ੀ ਚੱਲਣ ਲੱਗ ਪਈ। ਹਾਂਸ ਉਦੋਂ ਅੰਮ੍ਰਿਤਸਰ ਯੂਨੀਵਰਸਿਟੀ 'ਚ ਹਿਸਟਰੀ ਦੇ ਹੈੱਡ ਸਨ। ਮੈਂ ਕਦੇ ਰੀਕਾਰਡਿੰਗ ਲਈ ਅੰਮ੍ਰਿਤਸਰ ਜਾਣਾ ਤਾਂ 'ਬੁੜ੍ਹੇ ਦੇ ਚੁਬਾਰੇ' ਆਹਟਾ ਜਾਣਾ। ਖਾਲਸਾ ਕਾਲਜ ਦੇ ਸਾਹਮਣੇ ਲੋਹੇ ਦੇ ਵੱਡੇ ਖੁੱਲ੍ਹੇ ਗੇਟ ਵਾਲਾ ਲੰਮਾ




*ਇਕ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸੁਰਜੀਤ ਹਾਂਸ।*

ਚੌੜਾ ਪੁਰਾਤਨ ਹਵੇਲੀ-ਨੁਮਾ ਘਰ। ਅੰਦਰ ਵੜਦਿਆਂ ਈ ਪੌੜੀਆਂ ਚੜ੍ਹੋ, ਖੁੱਲ੍ਹੇ ਕੋਠੇ 'ਤੇ ਬਣੀ ਰਸੋਈ ਦਾ ਜਾਲ਼ੀਦਾਰ ਦਰਵਾਜ਼ਾ। ਨਾਲ ਵੱਡਾ ਹਾਲ-ਨੁਮਾ ਕਮਰਾ। ਇਕ ਹੋਰ ਕਮਰਾ। ਵਿਚ ਡਾਇਨਿੰਗ ਟੇਬਲ। ਫਰਿਜ। ਕਿਤਾਬਾਂ ਵਾਲੀ ਵੱਡੀ ਅਲਮਾਰੀ। ਸੋਫਾ-ਨੁਮਾ ਵੱਡੀ ਕੁਰਸੀ। ਦੋ ਹੋਰ ਲੱਕੜ ਦੀਆਂ ਕੁਰਸੀਆਂ। ਜਿਵੇਂ ਕਿਸੇ ਇਤਿਹਾਸਕ ਫਿਲਮ ਦੀ ਸ਼ੂਟਿੰਗ ਲਈ ਸੈੱਟ ਲਾਇਆ ਹੋਵੇ। ਜਾਲ਼ੀ ਵਾਲਾ ਲੱਕੜ ਦਾ ਦਰਵਾਜ਼ਾ ਖੋਲ੍ਹਦਿਆਂ ਈ ਅੰਦਰੋਂ ਆਵਾਜ਼ ਆਉਣੀ- 'ਵਾਹ! ਵਾਹ!' ਤੇ ਫੇਰ ਬੈਠਦਿਆਂ ਈ 'ਹਰੀਆਂ ਬੋਤਲਾਂ ਭਰੀਆਂ ਬੋਤਲਾਂ'। ਕੀ ਪੀਓਗੇ? ਬੀਅਰ ਖੁੱਲ੍ਹ ਜਾਣੀ। ਅਗਲਾ ਗਲਾਸ ਵੋਦਕਾ ਦਾ। ਇਕ ਘੁੱਟ ਜੂਸ ਦਾ। ਇਕ ਘੁੱਟ ਗਰਮ ਕੌਫੀ ਦਾ। ਅਜੀਬ ਬੰਦਾ ਸੀ। ਬੀਅਰ, ਵੋਦਕਾ, ਜੂਸ, ਕੌਫੀ, ਸਭ ਇਕੱਠੇ ਘੁੱਟ ਘੁੱਟ ਕਰ ਕੇ ਪੀਵੀ ਜਾਣੇ।

'ਇਹ ਇਕ ਦੂਜੇ ਨੂੰ ਕੁਝ ਨਹੀਂ ਕਹਿੰਦੇ।' ਫੇਰ ਇਤਿਹਾਸਕਾਰ ਨੇ ਦੁਨੀਆ ਭਰ ਦੀਆਂ ਵਿਸਕੀਆਂ, ਵਾਈਨਾਂ, ਬੀਅਰਾਂ, ਬਿਊਰੀਆਂ ਦਾ ਇਤਿਹਾਸ ਸੁਣਾ ਕੇ ਹੈਰਾਨ ਕਰ ਦੇਣਾ। ਫੇਰ ਵੋਦਕਾ 'ਚ ਹਰੀ ਮਿਰਚ ਕੱਟ ਕੇ ਪਾ ਦੇਣੀ। ਕਿੰਨੂ ਛਿੱਲ ਛਿੱਲ ਮੇਰੇ ਅੱਗੇ ਰੱਖੀ ਜਾਣੇ। ਫੇਰ ਅੱਧ ਪਚੱਧ ਡੋਲਦੇ ਇਤਿਹਾਸਕਾਰ ਚਿੰਤਕ-ਸ਼ਾਇਰ ਨੇ ਰਸੋਈ ਅੰਦਰ ਜਾ ਵੜਨਾ। ਪੂਰੇ ਤਵੇ ਦੇ ਆਕਾਰ ਦਾ ਮੱਕੀ ਕਣਕ ਜਵਾਰ ਵੇਸਣ ਦੇ ਮਿਲਵੇਂ ਆਟੇ ਦਾ ਮੋਟਾ ਰੋਟ ਰਾੜ੍ਹ ਦੇਣਾ। ਉੱਪਰ ਮੀਟ ਦਾਲ ਸਬਜ਼ੀ ਦਾ ਮਿਲਵਾਂ ਕੜਛਾ ਪਾ ਦੇਣਾ। ਰੋਟ ਨੂੰ ਚਾਕੂ ਨਾਲ ਚਾਰ ਟੁਕੜਿਆਂ 'ਚ ਕੱਟ ਦੇਣਾ। ਨਾਲ ਬੀਅਰ ਦਾ ਨੱਕੋ ਨੱਕ ਗਲਾਸ ਭਰ ਦੇਣਾ। ਸ਼ਾਇਦ ਹੀ ਦੁਨੀਆ ਭਰ 'ਚ ਮੈਂ ਕਦੇ ਏਨਾ ਸੁਆਦਿਸ਼ਟ, ਅਦਭੁੱਤ ਅਤੇ ਇਨੋਵੇਟਿਵ ਖਾਣਾ ਖਾਧਾ ਹੋਇਆ ਹੋਵੇ। ਸ਼ਾਹੀ ਭੋਜਨ ਦਾ ਸ਼ਾਹੀ ਭੋਜਨ, ਲੰਗਰ ਦਾ ਲੰਗਰ, ਢਾਬੇ ਦਾ ਢਾਬਾ, ਫਾਈਵ ਸਟਾਰ ਦਾ ਫਾਈਵ ਸਟਾਰ।

ਇਕ ਵਾਰ ਇਕ ਅੰਗਰੇਜ਼ ਨੂੰ ਕੁਝ ਪੰਜਾਬੀ ਲੰਗਰ ਖਵਾਉਣ ਲੈ ਗਏ। ਅੰਗਰੇਜ਼ ਅਸ਼ ਅਸ਼ ਕਰ ਉੱਠਿਆ। ਇਕ ਨੇ ਪੁੱਛਿਆ- 'ਡਿਡ ਯੂ ਲਾਈਕ ਇਟ?' ਅੰਗਰੇਜ਼ ਆਪਣੀਆਂ ਭਖਦੀਆਂ ਗੱਲ੍ਹਾਂ ਤੇ ਚਮਕਦੀਆਂ ਅੱਖਾਂ ਨਾਲ ਝਾਕਦਾ ਕਹਿੰਦਾ- 'ਆਈ ਲਾਈਕਡ ਇਟ ਟੂ ਮੱਚ। ਬੱਟ ਆਈ ਹੈਵ ਏ ਸੁਜੈਸ਼ਨ ਦੈਟ, ਇਫ਼ ਯੂ ਇੰਟਰੋਡਿਊਸ ਬੀਅਰ ਵਿੱਦ ਲੰਗਰ, ਇਟ ਵਿਲ ਬੀ ਵੰਡਰਫੁੱਲ।' ਪੰਜਾਬੀ ਦੋਸਤ ਠਹਾਕਾ ਮਾਰ ਕੇ ਹੱਸੇ।

ਸੁਰਜੀਤ ਹਾਂਸ ਦਾ ਲੰਗਰ, ਅੰਗਰੇਜ਼ ਦੀ ਸੁਜੈਸ਼ਨ ਤੋਂ ਵੀ 'ਤਾਹਾਂ ਦਾ ਹੁੰਦਾ।

ਪ੍ਰੇਮ ਪ੍ਰਕਾਸ਼ ਦੇ ਘਰ ਮੈਂ 'ਬੁੜ੍ਹੇ' ਨੂੰ ਖਾਣਾ ਖਾਂਦਿਆਂ ਪਹਿਲੀ ਵਾਰ ਦੇਖਿਆ। ਦੋਵੇਂ ਬੁੜ੍ਹੇ ਸਿਆ਼ਲਾਂ ਦੀ ਖੁੱਲ੍ਹੀ ਧੁੱਪੇ ਬਰਾਮਦੇ 'ਚ ਡੱਠੇ ਤਖਤਪੋਸ਼ ਕੋਲ਼ ਨਵਾਰ ਦੀਆਂ ਕੁਰਸੀਆਂ ਡਾਹੀ ਬੈਠੇ। ਚਾਚੀ (ਪ੍ਰੇਮ ਦੀ ਪਤਨੀ) ਨੇ ਹਾਂਸ ਦਾ ਖਾਣਾ ਪਰੋਸ ਦਿੱਤਾ। ਕੈਹੇਂ ਦੀ ਥਾਲੀ। ਇਕ ਕੌਲੀ ਦਹੀਂ, ਇਕ ਕੌਲੀ ਦਾਲ਼, ਇਕ ਕੌਲੀ ਆਲੂ-ਗਾਜਰ-ਮਟਰ, ਇਕ ਕੌਲੀ ਖੀਰ। ਦੋ ਰੋਟੀਆਂ ਕਣਕ ਦੀਆਂ। ਨਾਲ ਪਾਣੀ ਦਾ ਗਿਲਾਸ, ਸਲਾਦ ਦੀ ਛੋਟੀ ਪਲੇਟ ਤੇ ਨਾਲ ਇਕ ਕੌਲੀ 'ਚ ਗੁੜ। ਮੈਂ ਕੋਲ਼ ਬੈਠਾ 'ਲਕੀਰ' ਦਾ ਨਵਾਂ ਆਇਆ ਅੰਕ ਦੇਖਦਾ ਰਿਹਾ, ਕੈਰੀ ਅੱਖ ਨਾਲ ਖਾਣਾ ਖਾਂਦੇ ਹਾਂਸ ਵੱਲ ਵੀ। ਹਾਂਸ ਨੇ ਸਭ ਤੋਂ ਪਹਿਲਾਂ ਪਾਣੀ ਦਾ ਗਲਾਸ ਪੀਤਾ, ਫੇਰ ਗੁੜ ਮੁਕਾਇਆ। ਫੇਰ ਖੀਰ ਖਾਧੀ। ਫੇਰ ਸਲਾਦ ਦੀ ਪਲੇਟ। ਫੇਰ ਦਹੀਂ ਦੀ ਕਟੋਰੀ, ਫੇਰ ਦਾਲ਼ ਦੀ ਕੌਲੀ ਮੂੰਹ ਲਾ ਕੇ ਪੀਤੀ, ਫੇਰ ਚਮਚੇ ਨਾਲ ਆਲੂ ਗਾਜਰ ਮਟਰ। ਅਖੀਰ ਵਿਚ ਰੁੱਖਾ ਫੁਲਕਾ। ਤੇ ਜੈ ਹਿੰਦ। ਮੈਂ ਦੇਖਦਾ ਰਹਿ ਗਿਆ। ਅਜੀਬ ਪੁੱਠਾ ਬੰਦਾ! ਸਵੀਟ ਡਿਸ਼ ਪਹਿਲਾਂ ਖਾਧਾ, ਸਬਜ਼ੀ ਦਾਲ਼ ਤੇ ਰੁੱਖਾ ਫੁਲਕਾ ਸਭ ਤੋਂ ਮਗਰੋਂ। ਹਰ ਵਾਰ ਇਸੇ ਤਰ੍ਹਾਂ ਖਾਂਦਾ ਸੀ ਉਹ ਖਾਣਾ।

ਇਕ ਵਾਰ ਗਰਮੀ 'ਚ ਪੱਖੇ ਥੱਲੇ ਸੁਰਜੀਤ ਹਾਂਸ ਪੁੱਠੀ ਬਨੈਣ ਪਾਈ ਬੈਠਾ। ਮੈਂ ਸੋਚਿਆ ਗ਼ਲਤੀ ਨਾਲ ਪਾ ਲਈ ਹੋਣੀ। ਕਹਿਣ ਦਾ ਹੌਸਲਾ ਨਾ ਪਿਆ। ਕੁਝ ਦੇਰ ਬਾਅਦ ਸੁਰਜੀਤ ਹਾਂਸ ਨਹਾ ਕੇ ਬਨੈਣ ਬਦਲ ਕੇ ਫੇਰ ਪੱਖੇ ਥੱਲੇ ਆ ਬੈਠਾ। ਬਨੈਣ ਫੇਰ ਪੁੱਠੀ। ਮੈਂ ਲਫਜ਼ਾਂ ਨੂੰ ਸੰਭਲ ਕੇ ਬੋਲਿਆ- 'ਹਾਂਸ ਸਾਬ੍ਹ, ਬਨੈਣ ਸ਼ਾਇਦ ਪੁੱਠੀ ਪਾਈ ਗਈ?' ਹਾਂਸ ਹੁਰਾਂ ਮੂੰਹ ਉਲਟੇ ਪਾਸੇ ਕਰ ਲਿਆ। ਫੇਰ ਮੇਰੇ ਵੱਲ ਦੇਖ ਕੇ ਬਰੀਕ ਅੱਖਾਂ ਨਾਲ ਕਿਹਾ- 'ਸਰੀਰ ਨੂੰ ਨਰਮ ਹਿੱਸਾ ਛੋਹਣਾ ਚਾਹੀਦਾ, ਬਨੈਣ ਦੇ ਅੰਦਰਲਾ ਸੀਣ ਵਾਲਾ ਪਾਸਾ ਬਾਹਰ ਰਹਿਣਾ ਚਾਹੀਦਾ।' ਅਜੀਬ ਪੁੱਠਾ ਬੰਦਾ! ਘਰ ਆ ਕੇ ਮੈਂ ਆਪਣੀ ਪਾਈ ਬਨੈਣ ਪੁੱਠੀ ਪਾ ਕੇ ਦੇਖੀ। ਅਰੇ!

ਅੱਜ ਤਕ ਮੈਂ ਬਨੈਣ ਹਾਂਸ-ਸਟਾਇਲ 'ਚ ਪਾਉਂਦਾ ਹਾਂ।

ਮੇਰੀਆਂ ਕਵਿਤਾਵਾਂ ਦਾ ਅਸਰ ਤਾਂ ਪਤਾ ਨਹੀਂ ਹਾਂਸ ਸਾਬ੍ਹ 'ਤੇ ਹੋਇਆ ਜਾਂ ਨਹੀਂ ਪਰ ਹਾਂਸ ਦੇ ਕਈ ਸਟਾਇਲਾਂ ਦਾ ਅਸਰ ਮੇਰੇ 'ਤੇ ਹੋ ਗਿਆ।

ਸੁਰਜੀਤ ਹਾਂਸ ਵਰਗੀ ਚਾਹ ਸ਼ਾਇਦ ਹੀ ਕੋਈ ਮਾਈ ਦਾ ਲਾਲ ਬਣਾ ਸਕੇ। ਏਨੀ ਲਾਲ ਚਾਹ! ਵਾਹ! ਲਿਪਟਨ ਵਾਹ! ਮੈਂ ਚਾਹ ਹਾਂਸ-ਸਟਾਇਲ 'ਚ ਬਣਾਉਣ ਲੱਗ ਪਿਆ। ਕਾਮਯਾਬ ਨਾ ਹੋਇਆ।

ਅਜੀਬ ਬੰਦਾ! ਦਹੀਂ ਨਹਾਉਣ ਵਾਲੇ ਮੱਗ 'ਚ ਜਮਾਉਂਦਾ। ਮੈਂ ਵੀ ਜਮਾਉਣ ਲੱਗ ਪਿਆ। ਘਰਵਾਲੀ ਕਹਿੰਦੀ, ਪੁੱਠੀਆਂ ਗੱਲਾਂ ਪਤਾ ਨਹੀਂ ਕਿੱਥੋਂ ਸਿੱਖਦਾ?

ਕਦੀ ਵਿਸਕੀ 'ਚ ਪਾਣੀ ਜਾਂ ਸੋਢਾ ਪਾ ਲੈਣਾ ਤਾਂ ਹਾਂਸ ਸਾਬ੍ਹ ਨੇ ਕਹਿਣਾ- 'ਓ ਹੋ! ਸੱਤਿਆਨਾਸ ਕਰ ਲਿਆ ਵਿਸਕੀ ਦਾ।' ਦਾਰੂ ਹਮੇਸ਼ਾ ਨੀਟ ਤੇ ਬਰਫ ਪਾ ਕੇ ਪੀਣੀ। 'ਆਨ ਦਾ ਰਾਕਸ'। ਚਾਹੇ ਸਿਆ਼ਲ ਚਾਹੇ ਹੁਨਾਲ! ਨਾਲ ਕੁਝ ਨਹੀਂ ਖਾਣਾ। ਨਮਕੀਨ ਸ਼ਮਕੀਨ ਦਾ ਇਕ ਦਾਣਾ ਵੀ ਨਹੀਂ। ਪਹਿਲਾਂ ਜਾਂ ਬਾਅਦ 'ਚ ਕਿੰਨੂ ਰੱਜ ਕੇ ਖਾਣੇ। ਲਾਲ ਸੁਰਖ ਚਿਹਰਾ। ਫੀਮ ਦੀ ਡਲ਼ੀ। ਮੈਂ ਪਟਿਆਲੇ ਹੋਸਟਲ ਵਿਚ ਫੀਮ ਪਹਿਲੀ ਵਾਰ ਖਾਧੀ ਸੀ। ਦੇਖੀ ਕਈ ਵਾਰ ਸੀ ਆਪਣੇ ਨਾਨੇ ਕੋਲ਼। ਫੇਰ ਨੰਬਰ ਵੰਨ ਡਲ਼ੀ ਹਾਂਸ ਸਾਬ੍ਹ ਕੋਲ਼ੋਂ ਮਿਲ ਜਾਂਦੀ ਕਦੀ ਕਦਾਈਂ। ਵਰ੍ਹੇ ਛਿਮਾਹੀ। ਮੈਂ ਕਿਹੜਾ ਅਮਲੀ ਸੀ। ਹਾਂਸ ਸਾਬ੍ਹ ਨੇ ਜਿਸ ਕੰਮ ਲਈ ਪਹਿਲੀ ਵਾਰ ਡਲ਼ੀ ਦਿੱਤੀ, ਉਸ ਕੰਮ 'ਚ ਮੈਂ ਕਾਮਯਾਬ ਨਾ ਹੋਇਆ। ਅਗਲੀ ਵਾਰ ਮਿਲੇ ਤਾਂ ਦੱਸਿਆ। ਕਹਿੰਦੇ- 'ਇਹਦੇ ਖਾਣ ਦਾ ਵੀ ਤਰੀਕਾ ਹੁੰਦਾ।' ਮੈਂ ਮੁੜ ਕੇ ਉਹ ਤਰੀਕਾ ਵੀ ਨਾ ਅਪਣਾਇਆ।

ਜਦੋਂ 'ਕੱਲੇ ਹੁੰਦੇ, ਮੈਂ ਤੇ ਸੁਰਜੀਤ ਹਾਂਸ ਉਮਰ ਦੇ ਏਡੇ ਵੱਡੇ ਵਖਰੇਵੇਂ ਦੇ ਬਾਵਜੂਦ ਕਈ ਅਜਿਹੀਆਂ ਗੱਲਾਂ ਕਰਦੇ ਸਾਂ ਜਿਨ੍ਹਾਂ 'ਤੇ ਮੈਨੂੰ ਅਜੇ ਵੀ ਇਤਬਾਰ ਨਹੀਂ ਆਉਂਦਾ ਕਿ ਕਰਦੇ ਹੋਵਾਂਗੇ? ਸੁਰਜੀਤ ਹਾਂਸ ਦੀ ਮਿਕਨਾਤੀਸੀ ਖਿੱਚ ਸੀ ਜੋ ਬੰਦੇ ਨੂੰ ਇਕੋ ਝਟਕੇ ਨਾਲ ਆਪਣੇ ਵੱਲ ਖਿੱਚ ਲੈਂਦੀ। ਸ਼ਰਤ ਇਕੋ, ਤੁਹਾਡੇ ਅੰਦਰ ਲੋਹਾ ਹੋਵੇ! ਬਿਨਾਂ ਜੰਗਾਲ ਦੇ, ਬਿਨਾਂ ਮਿਲਾਵਟ ਦੇ। ਫੇਰ ਤੁਸੀਂ ਉਹਦੀ ਗ੍ਰਿਫਤ 'ਚੋਂ ਬਾਹਰ ਨਹੀਂ ਆ ਸਕਦੇ। ਤਾ-ਉਮਰ। ਮਿਕਨਾਤੀਸੀ ਖਿੱਚ ਵਾਲੇ ਉਸੇ ਸੁਰਜੀਤ ਹਾਂਸ ਵਿਚ 2500 ਹਾਰਸ ਪਾਵਰ ਦਾ ਨੰਗੀਆਂ ਤਾਰਾਂ ਵਾਲਾ ਮਹਾਂ-ਕਰੰਟ ਵੀ ਸੀ ਜਿਸ ਨਾਲ ਤੁਸੀਂ ਪੰਗਾ ਲਿਆ ਤਾਂ ਅਸਮਾਨੀ ਝਟਕੇ ਨਾਲ ਫਟਾਕ! ਸੁਆਹ! ਹਮਨੇ ਜਲਵਾ ਦਿਖਾਇਆ ਤੋ ਜਲ ਜਾਓਗੇ! ਇਹਦੇ ਇਸ ਝਟਕੇ ਤੋਂ, ਮੈਂ ਤਾਂ ਕੀ, ਬੜੇ ਬੜੇ ਲਾਟੀਕੀਨ ਵੀ ਡਰਦੇ ਸਨ। ਸਣੇ ਪ੍ਰੇਮ ਪ੍ਰਕਾਸ਼ ਦੇ। ਪ੍ਰੇਮ ਨੂੰ ਮੈਂ ਅੱਜ ਤਕ ਸਿਰਫ ਇਸੇ ਬੰਦੇ ਕੋਲ਼ੋਂ ਡਰਦੇ ਦੇਖਿਆ। ਹਾਂਸ ਦੇ ਇਸ ਝਟਕੇ ਜਾਂ ਹਠ ਦੀ ਮਿਸਾਲ ਉਹਦੇ ਬਹੁਤ ਕਰੀਬੀ ਦੋਸਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜੇ.ਐਸ. ਗਰੇਵਾਲ ਨਾਲ ਆਖਰੀ ਦਮ ਤਕ ਨਿਭਾਇਆ ਤੋੜ-ਵਿਛੋੜਾ ਹੈ। ਸੁਰਜੀਤ ਹਾਂਸ ਵਰਗਾ ਸਿਰੜੀ ਬੰਦਾ ਵਿਰਲਾ-ਟਾਵਾਂ ਈ ਮਿਲਦਾ। ਇਸ ਸਿਰੜ ਤੇ ਹੱਠ ਦੀ ਬੁਨਿਆਦ ਪੰਜਾਬੀ ਦੀ ਇਸ ਅਨੂਠੀ ਸ਼ਖਸੀਅਤ ਦਾ ਵਿਸ਼ਾਲ ਗਿਆਨ ਸੀ ਜਿਸ ਦਾ ਘੱਟੋ-ਘੱਟ ਪੰਜਾਬੀ ਸਾਹਿਤ ਵਿਚ ਤਾਂ ਕੋਈ ਸਾਨੀ ਨਹੀਂ। ਪੰਜਾਬੀ ਵਿਚ ਬੜਬੋਲੇ ਬੇਥਵ੍ਹੀਆਂ ਮਾਰਨ ਵਾਲਿਆਂ ਦਾ ਬੋਲਬਾਲਾ ਹੈ। ਬੋਲਬਾਲਾ ਥੋੜ੍ਹ-ਚਿਰਾ ਹੁੰਦਾ। ਜਿਹੜੀ ਗੱਲ ਢਾਈ ਢਾਈ ਘੰਟੇ ਬੋਲ ਕੇ ਤੇ ਪੰਜਾਹ-ਬਵੰਜਾ ਸਫੇ ਲਿਖ ਕੇ ਵੀ ਖੱਬੀਖਾਨਾਂ ਕੋਲੋਂ ਸਪਸ਼ਟ ਨਹੀਂ ਹੁੰਦੀ, ਉਹ ਸੁਰਜੀਤ ਹਾਂਸ ਦੋ ਸਤਰਾਂ ਵਿਚ ਵਿਅਕਤ ਕਰਨ ਦੀ ਸਮਰੱਥਾ, ਸ਼ਕਤੀ ਤੇ ਹੁਨਰ ਰੱਖਦਾ ਸੀ।

ਅਸਲ ਵਿਚ 'ਬਰੈਵਿਟੀ'(ਸੰਖੇਪਤਾ) ਹੀ ਹਾਂਸ ਦੀ ਅਸਲੀ ਵਿਸ਼ੇਸ਼ਤਾ ਹੈ। ਉਸ ਦੀ ਸ਼ਖਸੀਅਤ ਤੇ ਜੀਵਨ-ਸ਼ੈਲੀ। ਵਾਧੂ ਲਗ-ਲਬੇੜ ਨਹੀਂ। ਨਾ ਰਿਸ਼ਤਿਆਂ 'ਚ, ਨਾ ਗ੍ਰਿਹਸਤ ਜੀਵਨ 'ਚ, ਨਾ ਰਚਨਾਵਾਂ ਵਿਚ। 'ਲਕੀਰ' ਵਿਚ ਸੁਰਜੀਤ ਹਾਂਸ ਦੇ ਕੀਤੇ ਰੀਵਿਊ ਇਸ ਬਰੈਵਿਟੀ ਦੀ ਅਤਿ-ਉੱਤਮ ਮਿਸਾਲ ਨੇ। ਉਹਦੇ ਕੀਤੇ ਰੀਵਿਊ ਬੜਿਆਂ ਬੜਿਆਂ ਦੇ ਤੌਰ ਭੰਵਾ ਦਿੰਦੇ। ਦੋ-ਸਤਰੀ ਪਰ ਤਿੱਖੇ ਤਲਵਾਰ। ਕਿਸੇ ਦੇ ਸੀਨੇ 'ਚੋਂ ਪਾਰ , ਕਿਸੇ ਦੇ ਦਿਲ 'ਚੋਂ ਪਾਰ! ਮੈਂ 'ਲਕੀਰ' ਵਿਚ ਪਹਿਲੀ ਵਾਰ ਸੁਰਜੀਤ ਹਾਂਸ ਦਾ ਕੀਤਾ ਹਰਭਜਨ ਹਲਵਾਰਵੀ ਦੀ ਕਿਤਾਬ ਦਾ ਰੀਵਿਊ ਪੜ੍ਹਿਆ- 'ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਨੂੰ ਪਤਾ ਹੋਣਾ ਚਾਹੀਦਾ ਕਿ ਪੰਜਾਬੀ ਟ੍ਰਿਬਿਊਨ ਦਾ ਅਗਲਾ ਸੰਪਾਦਕ ਵੀ ਬਹੁਤ ਵੱਡਾ ਕਵੀ ਹੋਏਗਾ।' ਫੇਰ ਇਕ ਰੀਵਿਊ ਪਤਾ ਨਹੀਂ ਕਿਹੜੀ ਕਿਤਾਬ ਦਾ- 'ਏਸ ਕਿਤਾਬ ਨੂੰ ਪੜ੍ਹ ਲਓ ਤਾਂ ਵੀ ਕੋਈ ਫਰਕ ਨਹੀਂ ਪੈਂਦਾ, ਨਾ ਪੜ੍ਹੋ ਤਾਂ ਵੀ ਕੋਈ ਫਰਕ ਨਹੀਂ ਪੈਣਾ।' ਇਹਨਾਂ ਰੀਵਿਊਆਂ ਨੇ ਕਈ ਬੰਦੇ ਕਈ ਕਈ ਰਾਤਾਂ ਸੌਣ ਨਹੀਂ ਦਿੱਤੇ।

'ਸਿਰਜਣਾ' 'ਚ ਛਪਦੇ ਰਹੇ ਹਾਂਸ ਦੇ ਲੇਖ, ਲੇਖਕ ਦੀ ਵਿਦਵਤਾ ਅਤੇ ਸੰਖੇਪਤਾ ਦਾ ਜੀਵੰਤ ਪ੍ਰਮਾਣ ਨੇ।

*(ਬਾਕੀ ਅਗਲੇ ਸਫੇ 'ਤੇ)*

ਸੁਰਜੀਤ ਹਾਂਸ ਨੂੰ ਮੈਂ ਟੀ.ਵੀ. ਇੰਟਰਵਿਊ 'ਚ ਪੁੱਛਿਆ- 'ਤੁਸੀਂ ਜੀਵਨ 'ਚ ਜੋ ਚਾਹਿਆ, ਉਹ ਕੀਤਾ?'

ਹਾਂਸ ਦੇ ਜੁਆਬ ਨੇ ਮੈਨੂੰ ਅਤੇ ਦਰਸ਼ਕਾਂ ਨੂੰ ਅਚੰਭਿਤ ਕਰ ਦਿੱਤਾ- "ਅਸਲ ਵਿਚ ਮੈਂ ਰੇਲ ਗੱਡੀ ਦਾ ਡਰਾਇਵਰ ਬਣਨਾ ਚਾਹੁੰਦਾ ਸੀ ਪਰ ਵਲੈਤ ਜਾ ਕੇ ਮੈਂ ਬੱਸ ਕੰਡਕਟਰ ਬਣ ਗਿਆ।" ਵਲੈਤ ਵਿਚ ਕੰਡਕਟਰੀ ਅਤੇ ਡਾਕੀਏ ਦਾ ਕੰਮ ਕਰਨ ਵਾਲਾ ਸੁਰਜੀਤ ਹਾਂਸ ਆਖਰ ਪੰਜਾਬੀ ਸਾਹਿਤ ਦਾ ਅਦਭੁਤ ਰਚਨਾਕਾਰ, ਅਨੂਠਾ ਇਤਿਹਾਸਕਾਰ, ਕਵੀ, ਵਾਰਤਕਕਾਰ, ਵਿਅੰਗਕਾਰ, ਨਾਵਲਕਾਰ, ਨਿਬੰਧਕਾਰ ਤੇ ਅਨਿਕ ਵਿਧਾ-ਕਾਰ ਬਣ ਚਮਕਿਆ। ਹਰ ਵਿਧਾ 'ਚ ਚਮਤਕਾਰ! ਅਚਾਰੀਆ ਭੱਟ ਲੋਲਟ, ਸਾਹਿਤ ਦੀ ਅਸਲੀ ਤਾਕਤ 'ਅਚੰਭਾ' ਮੰਨਦਾ ਹੈ। ਇਸੇ ਅਨਿਕ-ਵਿਧਾਵੀ ਗੁੰਝਲਦਾਰ ਮਿਕਨਾਤੀਸੀ ਅਚੰਭੇ ਦਾ ਨਾਂ ਹੈ ਸੁਰਜੀਤ ਹਾਂਸ।

ਮੈਂ ਇਕ ਵਾਰ ਸ਼ਿਵ ਬਟਾਲਵੀ 'ਤੇ ਡਾਕੂਮੈਂਟਰੀ ਕਰਨ ਲੱਗ ਪਿਆ। ਹਾਂਸ ਨੇ ਸ਼ਿਵ ਨੂੰ ਇੰਗਲੈਂਡ ਵੀ ਦੇਖਿਆ/ਸੁਣਿਆ ਹੋਇਆ ਸੀ। ਮੈਂ ਸਟੇਟਮੈਂਟ ਰੀਕਾਰਡ ਕਰਨ ਲਈ ਕਿਹਾ। ਹਾਂਸ ਨੇ ਸਾਫ਼ ਨਾਂਹ ਕਰ ਦਿੱਤੀ। ਕਹਿੰਦੇ- 'ਉਹ ਕੰਮ ਨਹੀਂ ਕਰੀਦਾ ਜੀਹਦੇ ਨਾਲ ਮੁਫਤ ਦੀ ਬਦਨਾਮੀ ਹੋਵੇ। ਸ਼ਿਵ 'ਤੇ ਡਾਕੂਮੈਂਟਰੀ ਕਰਨ ਦਾ ਮਤਲਬ ਹੈ ਮੁਫਤ ਦੀ ਬਦਨਾਮੀ।' ਮੇਰਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ। ਜਿਸ ਸ਼ਿਵ ਨੂੰ ਮੇਰੇ ਸਣੇ ਸਾਰਾ ਪੰਜਾਬੀ ਸਾਹਿਤ-ਜਗਤ ਵੱਡਾ ਕਵੀ ਮੰਨਦਾ, ਹਾਂਸ ਨੇ ਉਸ ਨੂੰ ਬਦਨਾਮੀ ਵਾਲਾ ਕੰਮ ਕਹਿ ਕੇ ਮੈਨੂੰ ਸੋਚੀਂ ਪਾ ਦਿੱਤਾ। ਨਤੀਜਨ ਮੇਰਾ ਸ਼ਿਵ ਦੀ ਡਾਕੂਮੈਂਟਰੀ ਵਾਲਾ ਕੰਮ ਵਿਚੇ ਰਹਿ ਗਿਆ। ਸ਼ਾਇਦ ਹਾਂਸ ਸਾਹਿਬ ਠੀਕ ਈ ਕਹਿੰਦੇ ਹੋਣ! ਜਿਹੜਾ ਬੰਦਾ ਪਾਬਲੋ ਨੈਰੂਦਾ ਤੇ ਫੈਜ਼ ਅਹਿਮਦ ਫੈਜ਼ ਨੂੰ ਬੜੇ ਆਰਾਮ ਨਾਲ 'ਫਜ਼ੂਲ' ਸ਼ਾਇਰ ਆਖ ਸਕਦਾ ਹੋਵੇ, ਉਸ ਨੂੰ ਸਮਝਣ ਵਾਸਤੇ ਬੇਆਰਾਮ ਹੋਣਾ ਪਏਗਾ। ਬਾਬਾ ਨਾਨਕ ਤੇ ਗ਼ਾਲਿਬ ਤੋਂ ਹੇਠਾਂ ਸੁਰਜੀਤ ਹਾਂਸ ਗੱਲ ਨਹੀਂ ਸੀ ਕਰਦਾ। ਸੋਹਣੀ ਦਿੱਖ ਵਾਲੀਆਂ ਪੰਜਾਬੀ ਕਿਤਾਬਾਂ/ਕਵਿੱਤਰੀਆਂ ਦਾ ਰੀਵਿਊ ਤਾਂ ਸੁਰਜੀਤ ਹਾਂਸ ਅਲਾਮਾ ਇਕਬਾਲ ਦੇ ਇਕ ਸ਼ੇਅਰ ਨਾਲ ਮੁਕਾ ਦਿੰਦਾ- ਨਹੀਂ ਮੁਹਤਾਜ ਜ਼ੇਵਰ ਕਾ, ਜਿਸੇ ਖ਼ੂਬੀ ਖ਼ੁਦਾ ਨੇ ਦੀ।'

ਸੁਰਜੀਤ ਹਾਂਸ ਟੀ.ਵੀ. ਦੇਖਣ ਦੇ ਏਨੇ ਕੁ ਸ਼ੁਕੀਨ ਸੀ ਕਿ ਹਰ ਦੂਜੇ ਮਿੰਟ ਟੀ.ਵੀ 'ਚ ਪ੍ਰੋਗਰਾਮ ਪੇਸ਼ ਕਰਨ ਵਾਲੇ ਨੂੰ ਗਾਲ੍ਹ ਜ਼ਰੂਰ ਕੱਢਣੀ। ਹਰਾਮਜ਼ਾਦਾ, ਬੇਵਾਕੂਫ, ਬਕਵਾਸ, ਨੌਨ ਸੈਂਸ! ਮੈਂ ਟੀ.ਵੀ 'ਚ ਕੰਮ ਕਰਦਾ ਸਾਂ, ਮੈਨੂੰ ਲਗਦਾ ਇਹ ਗਾਲ੍ਹਾਂ ਉਹ ਮੈਨੂੰ ਕੱਢ ਰਹੇ ਨੇ। ਫੇਰ ਰੀਮੋਟ ਦੇ ਇਕ ਝਟਕੇ ਨਾਲ ਹਾਂਸ ਟੀ.ਵੀ ਬੰਦ ਕਰ ਦਿੰਦਾ। ਮੈਂ ਸ਼ੁਕਰ ਕਰਦਾ।

ਇਤਿਹਾਸਕਾਰ ਕਿਤਾਬਾਂ ਵਾਲੀ ਆਪਣੀ ਅਲਮਾਰੀ ਦੇ ਲਾਗੇ ਕਿਸੇ ਨੂੰ ਵੀ ਫਟਕਣ ਨਹੀਂ ਸੀ ਦਿੰਦਾ। ਕਿਸੇ ਦੀ ਹਿੰਮਤ ਨਹੀਂ ਸੀ ਕਿ ਕਿਤਾਬ ਹੁਦਾਰ ਮੰਗ ਲਵੇ। ਇਕ ਵਾਰ ਮੈਨੂੰ ਆਪੇ ਇੰਗਲਿਸ਼ ਪੋਇਟਰੀ ਦੀਆਂ ਸੱਤ ਕਿਤਾਬਾਂ ਆਪਣੀ ਕੀਮਤੀ ਲਾਇਬਰੇਰੀ 'ਚੋਂ ਦੇ ਦਿੱਤੀਆਂ। ਮੈਨੂੰ ਲੱਗਾ ਜਿਵੇਂ ਸ਼ਹਿਨਸ਼ਾਹ ਅਕਬਰ ਨੇ ਆਪਣੇ ਕੀਮਤੀ ਖਜ਼ਾਨੇ 'ਚੋਂ ਅਸ਼ਰਫੀਆਂ ਦੀ ਮੁੱਠ ਭਰ ਕੇ ਕਿਸੇ ਦਰਬਾਨ ਨੂੰ ਦੇ ਦਿੱਤੀ ਹੋਵੇ! ਕਵਿਤਾ ਦੀਆਂ ਉਹ ਬੇਸ਼ਕੀਮਤੀ ਕਿਤਾਬਾਂ ਅਤੇ ਹਾਂਸ ਸਾਬ੍ਹ ਦੇ ਮੈਨੂੰ ਲਿਖੇ ਦੋ ਖਤ, ਅਜੇ ਤਕ ਮੇਰੇ ਖਜ਼ਾਨੇ 'ਚ ਮਹਿਫੂਜ਼ ਨੇ।

ਪ੍ਰੇਮ 'ਬੁੜ੍ਹੇ' ਦੇ ਨੁਕਸ ਮੇਰੇ ਕੋਲ਼ ਕੱਢਦਾ ਰਹਿੰਦਾ। ਆਦਤਨ, ਮੇਰੇ ਉਹਦੇ ਕੋਲ਼ ਕੱਢਦਾ ਹੋਵੇਗਾ। ਕਹਿੰਦਾ- 'ਸੁਰਜੀਤ ਹਾਂਸ ਦੋਸਤ-ਨਵਾਜ਼ ਹੈ। ਆਪਣੀਆਂ ਕਿੜਾਂ ਵੀ ਕੱਢਦਾ। ਉਹਦੀ ਕਵਿਤਾ ਕਿਸੇ ਨੂੰ ਸਮਝ ਨਹੀਂ ਆਉਂਦੀ। ਦੋਸਤਾਂ ਦੀ ਰੈਅ ਵੀ ਕਰਦਾ।' ਮੈਂ ਕਿਹਾ- 'ਕਿਹੜੇ ਦੋਸਤ ਆ ਉਹਦੇ?' ਏਨੇ ਨੂੰ ਇਕ ਵਲੈਤੀਆ ਆ ਗਿਆ। ਗੋਰਾ, ਲੰਮਾ ਉੱਚਾ, ਸੋਹਣਾ ਖਿੜ ਖਿੜ ਹੱਸਣ ਵਾਲਾ। ਸੁਰਜੀਤ ਹਾਂਸ ਉਪਰ ਮਿਆਨੀ 'ਚ ਬੈਠਾ ਸੀ। ਅਸੀਂ ਵੀ ਉਥੇ ਚਲੇ ਗਏ। ਵਲੈਤੀਆ, ਹਾਂਸ ਸਾਬ੍ਹ ਦਾ ਪੁਰਾਣਾ ਦੋਸਤ/ਵਾਕਫ਼/ਚੇਲਾ ਸੀ। ਹਾਂਸ ਸਾਬ੍ਹ ਨੂੰ ਉੱਡ ਕੇ ਮਿਲਿਆ। ਹਾਂਸ ਕਦੀ ਕਿਸੇ ਨੂੰ ਉੱਡ ਕੇ ਨਹੀਂ ਸੀ ਮਿਲਦਾ। ਦਾਨਾਈ ਨਿੱਘ ਤਪਾਕ ਤੇ ਦਿਲੋਂ ਮਿਲਦਾ ਸੀ। ਵਲੈਤੀਏ ਨੂੰ ਵੀ ਮਿਲਿਆ। ਸ਼ਾਮ ਜੰਮ ਗਈ। ਵਲੈਤੀਏ ਨੇ ਆਪਣੀਆਂ ਕਵਿਤਾਵਾਂ ਦੀ ਬਦਾਮੀ ਰੰਗੀ ਕਿਤਾਬ ਆਪਣੇ ਕਾਲੇ ਬੈਗ 'ਚੋਂ ਬਾਹਰ ਕੱਢੀ। ਲਿਖ ਕੇ ਸੁਰਜੀਤ ਹਾਂਸ ਨੂੰ ਭੇਂਟ ਕੀਤੀ। ਹਾਂਸ ਸਾਬ੍ਹ ਨੇ ਕਿਹਾ- 'ਵਾਹ! ਵਾਹ!' ਕਿਤਾਬ ਖੋਲ੍ਹੀ। ਦਾਰੂ ਦਾ ਘੁੱਟ ਭਰਿਆ। ਕੁਝ ਵਰਕੇ ਫਰੋਲੇ। ਮੁਖਬੰਦ ਦੇਖਿਆ। ਤੇ ਹਾਂਸ ਸਾਬ੍ਹ ਨੇ ਕਿਤਾਬ ਦੇ ਮੂਹਰਲੇ ਵੀਹ ਪੱਚੀ ਵਰਕੇ ਆਪਣੇ ਮਜ਼ਬੂਤ ਸੱਜੇ ਹੱਥ 'ਚ ਇਉਂ ਮਰੋੜ ਕੇ ਫੜ ਲਏ, ਜਿਵੇਂ ਚਾਚੇ ਗਿਆਨ ਸਿੰਘ ਨੇ ਝਟਕਾਉਣ ਲਈ ਮੁਰਗਾ ਗਿੱਚੀਉਂ ਫੜਿਆ ਹੋਵੇ। ਤੇ ਦੇਖਦਿਆਂ ਹੀ ਦੇਖਦਿਆਂ ਹਾਂਸ ਸਾਬ੍ਹ ਨੇ ਮਰੋੜੇ ਹੋਏ ਵਰਕੇ ਇਕ ਝਟਕੇ ਨਾਲ ਕਿਤਾਬ 'ਚੋਂ ਪਾੜ ਕੇ ਬਾਹਰ ਰੱਖ ਦਿੱਤੇ। ਜਿਲਦ ਅੱਡ, ਵਰਕੇ ਅੱਡ। ਵਲੈਤੀ ਕਵੀ ਦਾ ਰੰਗ ਫੱਕ। ਪ੍ਰੇਮ ਤੇ ਮੈਂ ਚੁੱਪ। ਤੇ ਅਗਲਾ ਪੈੱਗ। ਮੈਂ ਸੋਚਿਆ, ਪ੍ਰੇਮ ਪ੍ਰਕਾਸ਼ ਇਸੇ ਸੁਰਜੀਤ ਹਾਂਸ ਨੂੰ 'ਦੋਸਤ-ਨਵਾਜ਼' ਕਹਿੰਦਾ ਹੈ? ਇਕ ਦੋ ਵਾਰ ਮੈਂ ਬੁੜ੍ਹੇ ਨੂੰ ਬੁੜ੍ਹੇ ਨਾਲ ਖਹਿੰਦਿਆਂ ਵੀ ਦੇਖਿਆ। ਸੁਰਜੀਤ ਹਾਂਸ ਪ੍ਰੇਮ ਨੂੰ ਮੂਜ਼ੀ ਕਹਿੰਦਾ ਸੀ। ਹਰ ਬੰਦੇ ਦਾ ਉਹ ਕੋਈ ਸ਼ਾਰਟ-ਕੱਟ ਨਾਮ ਰੱਖਦਾ ਸੀ। ਕਿਸੇ ਨੂੰ ਕਹਿਣਾ- ਹਰਾਮ ਉਲ ਦਹਿਰ, ਕਿਸੇ ਨੂੰ ਕਹਿਣਾ ਹੈਂਡਲ, ਕਿਸੇ ਨੂੰ ਡੈਮਡਮੀ, ਕਿਸੇ ਨੂੰ ਗੁਲਜ਼ਾਰਾ, ਕਿਸੇ ਨੂੰ ਮਲਿਕਾ, ਕਿਸੇ ਨੂੰ ਸ਼ਾਇਰਾ! ਕਿਸੇ ਨੂੰ ਮਜ਼ਾਕ ਖਾਤਰ ਕਿਸੇ ਨੂੰ ਪਿਆਰ ਨਾਲ। ਮੇਰਾ ਵੀ ਜ਼ਰੂਰ ਰੱਖਿਆ ਹੋਏਗਾ ਕੋਈ ਸ਼ਾਰਟ ਕੱਟ! ਦੋਸਤਾਂ ਬਾਰੇ ਸੁਰਜੀਤ ਹਾਂਸ ਕਹਿੰਦਾ- 'ਦੋਸਤ ਤੁਹਾਨੂੰ ਦੁੱਖ ਦੇਣ ਲਈ ਬਣੇ ਹੁੰਦੇ ਨੇ, ਹੋਰ ਇਹਨਾਂ ਨੂੰ ਰਗੜ ਕੇ ਗੋਡਿਆਂ 'ਤੇ ਲਾਉਣਾ?' ਉਸ ਦੇ ਸਰਕਲ ਵਿਚ ਗਿਣਤੀ ਦੇ, ਪਰ ਰੰਗ ਬਰੰਗੇ ਦੋਸਤ ਸਨ, ਕੋਈ ਵੀ.ਸੀ., ਕੋਈ ਡੀ. ਜੀ., ਕੋਈ ਰਜਿਸਟਰਾਰ, ਕੋਈ ਭਲਵਾਨ, ਕੋਈ ਲੇਖਕ, ਕੋਈ ਪੇਂਟਰ। ਸਾਰੇ ਹਾਂਸ ਹਾਂਸ ਕਰਦੇ ਫਿਰਦੇ। ਸੁਰਜੀਤ ਹਾਂਸ ਦੇ ਅੰਮ੍ਰਿਤਸਰੀ ਚੁਬਾਰੇ ਵਿਚ ਜੋ ਦੀਵਾਨ ਸਜਦੇ ਸਨ, ਉਹਨਾਂ ਵਿਚ ਅੰਗਰੇਜ਼ੀ-ਪੰਜਾਬੀ ਦੇ ਚੋਣਵੇਂ ਧਨੰਤਰ ਵਿਦਵਾਨ, ਅਰਥ-ਸ਼ਾਸਤਰੀ, ਰਾਜਨੀਤੀ-ਵਾਨ, ਵਾਈਸ ਚਾਂਸਲਰ ਤੇ ਬਾਂਕੀਆਂ ਭਾਗਭਰੀਆਂ ਹਾਜ਼ਰੀ ਭਰਦੇ ਸਨ। ਹਾਂਸ ਕਦੀ ਕਦਾਈਂ ਮਿਲਦਾ ਪਰ ਇਕੋ ਵਾਰ 'ਚ ਸਾਲ ਦਾ ਰਾਸ਼ਨ ਪਾਣੀ ਦੇ ਦਿੰਦਾ। ਰੱਜਮੀ ਦਾਰੂ, ਰੱਜਮਾਂ ਗਿਆਨ, ਰੱਜਮਾਂ ਮੋਹ, ਰੱਜਮੀ ਆਓ-ਭਾਗਤ! ਸੁਰਜੀਤ ਹਾਂਸ ਦੀ ਮਹਿਮਾਨ ਨਵਾਜ਼ੀ ਦਾ ਕੋਈ ਮੁਕਾਬਲਾ ਨਹੀਂ ਸੀ।



ਬਲੈਕ ਐਂਡ ਵ੍ਹਾਈਟ ਫਰੇਮ ਅੰਦਰ ਸੁਰਜੀਤ ਹਾਂਸ।

ਮੈਂ ਇਸ ਚੁਬਾਰੇ 'ਚ ਹਾਂਸ ਦੀਆਂ ਅਣਗਣਿਤ ਕਵਿਤਾਵਾਂ ਸੁਣੀਆਂ। ਹਰ ਵਾਰ ਵਿਦਵਾਨ ਸ਼ਾਇਰ ਨੇ ਕਹਿਣਾ 'ਕਲਮ-ਬਦਲੀ'। ਮਤਲਬ ਸਟਾਇਲ ਬਦਲ ਗਿਆ। ਪੰਜਾਬੀ ਸ਼ਾਇਰੀ ਵਿਚ ਸਭ ਤੋਂ ਵੱਧ ਸ਼ਬਦ ਤੇ ਫੁੱਟ-ਨੋਟ ਸ਼ਾਇਦ ਸ਼ਾਇਰ ਸੁਰਜੀਤ ਹਾਂਸ ਨੇ ਵਰਤੇ ਹੋਣ। ਮੇਰੇ ਕਾਵਿ ਸੰਗ੍ਰਿਹ 'ਕਮੰਡਲ' ਦੀਆਂ ਅੱਧੇ ਤੋਂ ਵੱਧ ਕਵਿਤਾਵਾਂ ਛਪਣ ਤੋਂ ਪਹਿਲਾਂ ਸੁਰਜੀਤ ਹਾਂਸ ਨੇ ਸੁਣੀਆਂ/ਨਜ਼ਰਸਾਨੀ ਕੀਤੀਆਂ ਹੋਈਆਂ। ਇਸੇ ਲਈ ਕਮੰਡਲ ਕਾਵਿ ਸੰਗ੍ਰਹਿ 'ਸੁਰਜੀਤ ਹਾਂਸ ਦੇ ਨਾਉਂ' ਹੈ।

ਬਾਅਦ ਵਿਚ ਹਾਂਸ ਹੁਰਾਂ ਦੱਸਿਆ ਕਿ ਸ.ਸ. ਮੀਸ਼ਾ ਦੀ ਸਾਹਿਤ ਅਕਾਦਮੀ ਸਨਮਾਨਤ ਕਾਵਿ-ਕਿਤਾਬ 'ਕੱਚ ਦੇ ਵਸਤਰ' ਵੀ ਸ.ਸ. ਮੀਸ਼ਾ ਨੇ ਸੁਰਜੀਤ ਹਾਂਸ ਦੇ ਨਾਮ ਕੀਤੀ ਸੀ।

ਮੈਂ ਜ਼ਿੰਦਗੀ 'ਚ ਕਦੇ ਵੋਟ ਨਹੀਂ ਪਾਈ। ਮੇਰੀ ਮਰਜ਼ੀ। ਨਾ ਮੈਂ ਸਾਰੀ ਉਮਰ ਕਿਸੇ ਸਾਹਿਤ ਸਭਾ ਦਾ ਮੈਂਬਰ ਬਣਿਆ, ਨਾ ਕੇਂਦਰੀ ਲੇਖਕ ਬਣਿਆ। ਪਾਸੇ ਰਿਹਾ। ਹੁਣ ਤਕ ਪਾਸੇ ਹਾਂ। ਪਰ ਮੇਰਾ, ਵੋਟ ਨਾ ਪਾਉਣ ਦਾ ਪ੍ਰਣ, ਸੁਰਜੀਤ ਹਾਂਸ ਹੁਰਾਂ ਦੇ ਇਕੋ 'ਹੁਕਮ' ਨੇ ਤੋੜ ਦਿੱਤਾ। ਮੈਂ ਚੰਡੀਗੜ੍ਹ ਪ੍ਰੈੱਸ ਕਲੱਬ ਦਾ ਪੱਕਾ ਮੈਂਬਰ ਸਾਂ। ਇਹ ਮੇਰੇ ਕਿੱਤੇ ਨਾਲ ਜੁੜੀ ਮੈਂਬਰਸ਼ਿਪ ਸੀ/ਹੈ ਪਰ ਵੋਟ ਮੈਂ ਉਥੇ ਵੀ ਕਦੇ ਨਾ ਪਾਈ। ਬਣੀ ਜਾਣ ਪ੍ਰਧਾਨ, ਸੈਕਟਰੀ, ਖਜ਼ਾਨਚੀ, ਮੈਂ ਕੀ ਲੈਣਾ? ਪਰ ਇਕ ਦਿਨ ਸੁਰਜੀਤ ਹਾਂਸ ਦਾ ਫੋਨ ਆ ਗਿਆ- 'ਓ ਕੁੜੀ (ਧੀ ਨਾਨਕੀ) ਪ੍ਰੈੱਸ ਕਲੱਬ ਦੀ ਪ੍ਰਧਾਨਗੀ ਲਈ ਖੜ੍ਹੀ ਹੈ। ਫਲਾਂ ਤਰੀਕ ਨੂੰ ਵੋਟ ਪਾਉਣ ਆ ਜਾਣਾ।' ਮੇਰੇ ਕੋਲ਼ੋਂ ਨਾਂਹ ਲਈ ਜ਼ੁਬਾਨ ਹੀ ਨਾ ਪੱਟ ਹੋਈ। ਤੇ ਫੋਨ ਬੰਦ। ਮੈਂ ਵੋਟਾਂ ਵਾਲੇ ਦਿਨ 178 ਹਰਦਿਆਲ ਨਗਰ ਜਲੰਧਰੋਂ ਚੱਲੀ ਆਪਣੀ ਕਾਰ ਸਿੱਧੀ ਪ੍ਰੈੱਸ ਕਲੱਬ ਚੰਡੀਗੜ੍ਹ ਜਾ ਰੋਕੀ। ਸਿਰਫ਼ ਨਾਨਕੀ ਹਾਂਸ ਦੇ ਨਾਂ 'ਤੇ ਮੋਹਰ ਲਾਈ ਤੇ ਵਾਪਸ।

ਸਵੇਰੇ ਹਾਂਸ ਸਾਬ੍ਹ ਦਾ ਫੋਨ ਆ ਗਿਆ- ਨਾਨਕੀ ਤੁਹਾਡੀ ਵੋਟ ਨਾਲ ਪ੍ਰੈੱਸ ਕਲੱਬ ਦੀ ਪ੍ਰਧਾਨ ਬਣ ਗਈ ਐ।' ਇਹ ਮੇਰੀ ਜ਼ਿੰਦਗੀ ਦੀ ਪਹਿਲੀ ਤੇ ਸ਼ਾਇਦ ਹੁਣ ਤਕ ਦੀ ਆਖਰੀ ਵੋਟ ਹੈ। ਸੁਰਜੀਤ ਹਾਂਸ, ਧੀ ਨਾਨਕੀ ਵਾਸਤੇ ਕੁਝ ਵੀ ਕਰ ਸਕਦਾ ਸੀ। ਘਰ ਵਿਚ ਕੁੱਤੇ ਜਰ ਸਕਦਾ, ਨਾਨਕੀ ਦਾ ਗੁੱਸਾ ਸਹਿ ਸਕਦਾ, ਪੁੱਤ ਪੁੱਤ ਕਰ ਸਕਦਾ। ਵਰਨਾ ਹਾਂਸ ਤੇ ਪੁਚ ਪੁਚ?

ਮੈਂ ਹਾਂਸ ਹੁਰਾਂ ਦੀਆਂ ਕੁਝ ਰੀਕਾਰਡਿੰਗਾਂ ਦੂਰਦਰਸ਼ਨ ਜਲੰਧਰ 'ਤੇ ਕੀਤੀਆਂ। ਪਹਿਲੀ ਰੀਕਾਰਡਿੰਗ 'ਚ ਚਾਰ ਵਿਦਵਾਨ ਸਨ। ਸਾਰੀ ਰੀਕਾਰਡਿੰਗ 'ਚ ਹਾਂਸ ਹੁਰਾਂ ਦਾ ਮੂੰਹ ਕੈਮਰੇ ਤੋਂ ਉਲਟਾ ਰਿਹਾ। ਉਹ ਹਰ ਸ਼ਾਟ ਵਿਚ ਆਪਣਾ ਮੂੰਹ ਖੱਬੇ ਮੋੜ ਲੈਂਦੇ। ਕੈਮਰਾਮੈਨ ਪ੍ਰੇਸ਼ਾਨ ਹੋ ਗਿਆ। ਪੈਨਲ 'ਤੇ ਬੈਠਾ ਮੈਂ ਵੀ ਪਰੇਸ਼ਾਨ। ਰੀਕਾਰਡਿੰਗ ਤੋਂ ਬਾਅਦ ਹਾਂਸ ਹੁਰਾਂ ਮੈਨੂੰ ਦੱਸਿਆ- 'ਤੁਹਾਡੇ ਪ੍ਰੋਗਰਾਮ ਦੇ ਤਿੰਨੋਂ ਪਾਰਟੀਸੀਪੈਂਟ ਬੇਵਾਕੂਫ ਸਨ।' ਹਾਂਸ ਦੀ ਨਜ਼ਰ ਵਿਚ 99% ਬੰਦੇ ਬੇਵਾਕੂਫ਼ ਸਨ। ਇਕ ਵਾਰ ਪ੍ਰੇਮ ਪ੍ਰਕਾਸ਼ ਤੇ ਸੁਰਜੀਤ ਹਾਂਸ ਮਿਆਨੀ 'ਚ ਬੈਠੇ ਗੱਲ ਗੱਲ 'ਤੇ ਹਰ ਬੰਦੇ ਨੂੰ ਬੇਵਾਕੂਫ਼ ਕਹੀ ਜਾਣ। ਥੱਲੇ ਖਲੋਤੀ ਪ੍ਰੇਮ ਦੀ ਪੇਂਟਰ ਧੀ ਨੇ ਵਾਰ ਵਾਰ ਬੇਵਾਕੂਫ ਲਫ਼ਜ਼ ਸੁਣ ਲਿਆ। ਆ ਕੇ ਹਾਂਸ ਨੂੰ ਕਹਿੰਦੀ- 'ਤਾਇਆ ਜੀ, ਦੁਨੀਆ 'ਚ ਦੋ ਈ ਬੰਦੇ ਸਿਆਣੇ ਨੇ, ਇਕ ਮੇਰੇ ਡੈਡੀ ਤੇ ਇਕ ਤੁਸੀਂ।' ਫੇਰ ਬੇਵਾਕੂਫ ਕਹਿਣ ਲੱਗੇ ਦੋਵੇਂ ਬੁੜ੍ਹੇ ਪੌੜੀਆਂ ਵੱਲ ਝਾਕ ਲਿਆ ਕਰਨ।

ਸੁਰਜੀਤ ਹਾਂਸ ਦੀਵਾਨਾ ਸੀ। ਦਾਰੂ ਦਾ, ਅੱਛੀ ਕਵਿਤਾ ਦਾ, ਦੋਸਤੀ ਦਾ। ਦੋਸਤੀ ਦੀ ਦੀਵਾਨਗੀ 'ਚ ਇਕ ਰਾਤ ਮੈਂ ਤੇ ਪ੍ਰੇਮ ਪ੍ਰਕਾਸ਼, ਬੁੜ੍ਹੇ ਦੇ ਅੰਬਰਸਰੀ ਚੁਬਾਰੇ ਰਾਤ ਕੱਟਣ ਚਲੇ ਗਏ। ਹਾਂਸ ਨੂੰ ਚਾਅ ਚੜ੍ਹ ਗਿਆ। ਗੱਲਾਂ ਕਰਨ ਕਰਾਉਣ ਲਈ ਪ੍ਰੇਮ, ਦਾਰੂ ਪੀਣ ਤੇ ਕਵਿਤਾ ਸੁਣਨ ਸੁਣਾਉਣ ਲਈ ਦੀਦ। ਗੱਲ ਤੇ ਗੱਲ, ਪੈੱਗ ਤੇ ਪੈੱਗ, ਕਵਿਤਾ ਤੇ ਕਵਿਤਾ। ਗਰਮੀਆਂ ਦੀ ਰਾਤ ਦੌੜਦੀ ਜਾਵੇ। ਬਾਹਰ ਵਿਹੜੇ 'ਚ ਕੂਲਰ, ਫਰਾਟੇਦਾਰ ਪੱਖਾ ਤੇ ਗੱਲਾਂ ਦੀ ਨ੍ਹੇਰੀ। ਪੂਰੇ ਰੰਗ 'ਚ ਮਲੰਗ। ਹਾਂਸ ਸਾਬ੍ਹ ਸ਼ਾਹੀ ਡਿਨਰ ਤੋਂ ਬਾਅਦ ਚੂਪਣ ਲਈ ਦੁਸਹਿਰੀ ਅੰਬ ਲੈ ਆਏ। ਨਸ਼ੇ ਦੀ ਲੋਰ। ਇਕ ਪੈਰ ਇਧਰ, ਇਕ ਓਧਰ।

'ਚੂਪੋ!' ਡੋਲਦੇ ਕਦਮਾਂ ਵਾਲੇ ਸ਼ਾਇਰ ਇਤਿਹਾਸਕਾਰ ਨੇ ਕਿਹਾ।

ਮੈਨੂੰ ਪ੍ਰੇਮ ਦੀ ਦੱਸੀ ਗੱਲ ਯਾਦ ਆ ਗਈ ਕਿ ਇਕ ਵਾਰ ਮੀਸ਼ੇ, ਪ੍ਰੇਮ ਤੇ ਹਾਂਸ ਨੇ ਇਸੇ ਚੁਬਾਰੇ 'ਚ ਦੁਸਹਿਰੀ ਅੰਬ ਬਾਲਟੀ 'ਚ ਪਾ ਕੇ ਨੰਗੇ ਹੋ ਕੇ ਚੂਪੇ ਸਨ। ਮੈਨੂੰ ਲੱਗਾ, ਅੱਜ ਉਹੀ ਦ੍ਰਿਸ਼ ਫਿਰ ਬੱਝੇਗਾ ਪਰ ਪਤਾ ਈ ਨਾ ਲੱਗਾ, ਡਿਨਰ ਤੋਂ ਬਾਅਦ ਕਦੋਂ ਹਾਂਸ ਆਪਣੇ ਮੰਜੇ 'ਤੇ ਢਹਿ ਢੇਰੀ ਹੋ ਗਿਆ, ਕਦੋਂ ਮੈਂ, ਕਦੋਂ ਪ੍ਰੇਮ। ਅੱਧੀ ਰਾਤੀਂ ਹਾਂਸ ਨੇ ਪ੍ਰੇਮ ਨੂੰ ਮੋਢੇ ਤੋਂ ਹਲੂਣ ਕੇ ਕਿਹਾ- 'ਉੱਠੋ ਰੋਟੀ ਖਾਈਏ।' ਮੈਂ ਤੇ ਪ੍ਰੇਮ ਜਾਗੋਮੀਟੀ 'ਚ ਹੱਸ ਪਏ। ਸੁਰਜੀਤ ਹਾਂਸ ਨਸ਼ੇ 'ਚ ਏਨਾ ਸੋਹਣਾ ਲੱਗਦਾ ਸੀ ਕਿ ਕੋਈ ਵੀ ਹੀਰ ਉਹਨੂੰ ਰਾਂਝਾ ਜੋਗੀ ਸਮਝ ਕੇ ਬਾਹਾਂ 'ਚ ਸਾਂਭ ਲੈਂਦੀ। ਸੁਰਜੀਤ ਹਾਂਸ ਦੀਆਂ ਹੀਰਾਂ ਭਾਗਭਰੀਆਂ ਦੇ ਕਿੱਸੇ ਵੱਖਰੇ ਸਨ। ਅਲੋਕਾਰ। ਧੁਰ ਅੰਦਰੋਂ ਵਿਛੁੰਨੀ ਰੂਹ ਸੀ ਸੁਰਜੀਤ ਹਾਂਸ। ਸਖਤ ਬੰਦੇ ਦੇ ਦੁੱਖ ਵੀ ਓਨੇ ਈ ਸਖਤ ਹੁੰਦੇ ਸਗੋਂ ਬੰਦੇ ਨੂੰ ਸਖਤ ਬਣਾਇਆ ਹੀ ਦੁੱਖਾਂ ਨੇ ਹੁੰਦਾ। ਵਰਨਾ 99% ਬੰਦਿਆਂ ਨੂੰ ਬੇਵਾਕੂਫ਼ ਕਹਿਣਾ ਐਵੇਂ ਨਹੀਂ ਹਾਸਲ ਹੋ ਜਾਂਦਾ।

ਸੁਰਜੀਤ ਹਾਂਸ ਕੋਲ਼ ਤੁਸੀਂ ਚਲੇ ਗਏ ਤਾਂ ਕੋਲ਼ੋਂ ਉੱਠਣ ਨੂੰ ਦਿਲ ਨਾ ਕਰਦਾ। ਤੁਹਾਡਾ ਜਾਣ ਨੂੰ ਦਿਲ ਕਰਦਾ ਤਾਂ ਹਾਂਸ ਸਾਬ੍ਹ ਨਾ ਮੁੜਨ ਦਿੰਦੇ। ਕੁਝ ਪੀਤੇ ਬਿਨਾਂ ਮੁੜ ਕੇ ਦਿਖਾਓ! ਮੈਂ ਇਕ ਵਾਰ ਜ਼ਰਾ ਕਾਹਲ ਵਿਚ ਸਾਂ। ਮੈਂ ਹਾਂਸ ਸਾਬ੍ਹ ਕੋਲ਼ੋਂ ਜਾਣ ਦੀ ਇਜਾਜ਼ਤ ਮੰਗੀ। ਕਹਿੰਦੇ- 'ਬੀਅਰ ਪੀ ਕੇ ਜਾਇਓ, ਰਘਬੀਰ (ਸਿਰਜਣਾ) ਹੁਰੀਂ ਕਨੇਡਾ ਨੇ, ਨਹੀਂ ਤਾਂ ਉਹਨਾਂ ਨੂੰ ਬੁਲਾ ਲੈਂਦੇ।' ਮੈਂ ਮੀਟਿੰਗ ਦਾ ਬਹਾਨਾ ਮਾਰ ਕੇ ਉੱਠਣ ਲੱਗਾ ਤਾਂ ਕਹਿੰਦੇ- 'ਬੈਠੋ ਬੈਠੋ ਗੁਲਜ਼ਾਰ ਸੰਧੂ ਨੂੰ ਬੁਲਾਉਂਦੇ ਹਾਂ।' ਮੈਂ ਕਾਹ਼ਲੀ ਨਾਲ ਉੱਠ ਕੇ ਹੱਥ ਮਿਲਾਉਣ ਲਈ ਹੱਥ ਅੱਗੇ ਵਧਾਇਆ, ਕਹਿੰਦੇ- 'ਬੈਠੋ ਤਾਂ ਸਹੀ, ਗੁਲਜ਼ਾਰ ਸੰਧੂ ਨੂੰ ਨਹੀਂ ਬੁਲਾਉਂਦੇ।'

ਹਾਂਸ ਦੀ ਵਿੱਟ ਬਰੀਕ ਹੁੰਦੀ ਸੀ। ਇਸੇ ਤਰਜ਼ 'ਤੇ ਸੁਰਜੀਤ ਹਾਂਸ ਨੇ ਬਹੁਤ ਸਾਰੇ ਲਤੀਫ਼ੇ ਵੀ ਇਕੱਤਰ ਕੀਤੇ ਜੋ 'ਲਕੀਰ' ਵਿਚ ਛਪਦੇ ਰਹੇ। 'ਲਕੀਰ' ਸੁਰਜੀਤ ਹਾਂਸ ਆਸਰੇ ਚਲਦਾ ਰਿਹਾ। ਸੁਰਜੀਤ ਹਾਂਸ ਨੇ 'ਲਕੀਰ' ਹੇਠੋਂ ਮੋਢਾ ਕੱਢ ਲਿਆ, 'ਲਕੀਰ' ਡਿੱਗ ਪਿਆ।

ਵਿਅੰਗ ਕੱਸਣ ਵਾਲੇ ਹਾਂਸ ਦਾ ਅਤਿਵਾਦ ਦੇ ਦਿਨੀਂ ਮੌਤ ਦੇ ਲਾਗੇ ਹੋਣ ਦਾ ਅਭਿਆਸ ਅੱਤਵਾਦੀਆਂ ਨੇ ਕਰਵਾ ਦਿੱਤਾ। ਨਤੀਜਨ, ਸ਼ਾਇਰ ਹਾਂਸ ਦਾ, ਮੌਤ ਦੇ ਖ਼ੌਫ਼ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਅਗਿਆਤ ਮ੍ਰਿਤਕ ਦੇ ਨਾਉਂ' ਪ੍ਰਕਾਸ਼ਤ ਹੋਇਆ। ਇਹਨਾਂ ਕਵਿਤਾਵਾਂ ਦਾ ਰਚਨ-ਕਾਲ ਤੇ ਰਚਨਾ-ਸਥਲ ਮੈਂ ਅੱਖੀਂ ਦੇਖੇ। ਅੰਮ੍ਰਿਤਸਰ ਦਾ ਇਤਿਹਾਸਕ ਚੁਬਾਰਾ। ਜਿਹੜਾ ਸੁਰਜੀਤ ਹਾਂਸ ਇਸ ਇਤਿਹਾਸਕ ਸ਼ਕਲ ਵਾਲੀ ਇਮਾਰਤ ਵਿਚ ਮੁਗਲ ਬਾਦਸ਼ਾਹਾਂ ਵਾਂਗ ਸ਼ਾਹੀ ਮੁਗ਼ਲਈ ਗਾਊਨ ਪਾ ਕੇ ਘੁੰਮਦਾ ਸੀ, ਉਹੀ ਹਾਂਸ ਦੁਬਕੇ ਹੋਏ ਅਰਦਲੀ ਵਾਂਗ ਹਰ ਬਿੜਕ 'ਤੇ ਉੱਠ ਉੱਠ ਦੇਖਦਾ ਮੈਂ ਖੁਦ ਦੇਖਿਆ। ਕਿਤਾਬ 'ਅਗਿਆਤ ਮ੍ਰਿਤਕ ਦੇ ਨਾਉਂ' ਹੱਥਾਂ 'ਚ ਲੈ ਕੇ ਸ਼ਾਇਰ ਹਾਂਸ ਨੇ ਕਿਹਾ- 'ਹੁਣ ਮੌਤ ਵੀ ਆਉਂਦੀ ਤਾਂ ਆਵੇ।'

ਪਰ ਅਤਿਵਾਦੀ ਮੁੰਡਿਆਂ ਨੂੰ ਅਹਿਸਾਸ ਹੋ ਗਿਆ ਜਾਂ ਕਿਸੇ ਨੇ ਕਰਵਾ ਦਿੱਤਾ ਕਿ ਹਾਂਸ ਵਰਗੇ ਸਿੱਖ ਇਤਿਹਾਸਕਾਰਾਂ ਨੂੰ ਵੀ ਜੇ ਤੁਸੀਂ ਮਾਰ ਦਿੱਤਾ ਤਾਂ ਇਤਿਹਾਸ ਤੁਹਾਨੂੰ ਤੁਹਾਡੀ ਆਪਣੀ ਬੰਦੂਕ ਨਾਲ ਭੁੰਨ ਦੇਵੇਗਾ। ਤੇ ਇਤਿਹਾਸਕਾਰ ਦਾ ਨਾਂ ਹਿੱਟ ਲਿਸਟ 'ਚੋਂ ਬਾਹਰ ਹੋ ਗਿਆ। ਫੇਰ ਸ਼ਾਇਰੀ ਦੀਆਂ ਹੋਰ ਕਿਤਾਬਾਂ। 'ਲੰਘ ਚੱਲੀ' ਵਿਚ ਬੁੜ੍ਹਾਪੇ ਦੇ ਅਹਿਸਾਸ ਪੰਜਾਬੀ ਕਵਿਤਾ ਵਿਚ ਇੰਨੀ ਸ਼ਿੱਦਤ ਨਾਲ ਪਹਿਲੀ ਵਾਰ ਕਿਸੇ ਨੇ ਕਵਿਤਾ-ਬੱਧ ਕੀਤਾ। ਹਾਂਸ ਮਨਮਰਜ਼ੀ ਦਾ ਮਾਲਕ ਸੀ। ਪਾਠਕ ਆਲੋਚਕ ਦੀ ਪ੍ਰਵਾਹ ਨਹੀਂ ਸੀ ਕਰਦਾ। ਕਿਸੇ ਪੱਤਰਕਾਰ ਨੇ ਸੁਆਲ ਕੀਤਾ- 'ਜੇ ਕਿਸੇ ਲੇਖਕ ਦੇ ਪਾਠਕ ਈ ਨਹੀਂ ਹਨ ਤਾਂ ਉਹ ਲਿਖਦਾ ਕੀਹਦੇ ਲਈ ਹੈ?' ਹਾਂਸ ਦਾ ਜੁਆਬ ਸੀ- 'ਆਪਣੇ ਲਈ'। ਪੰਜਾਬੀ 'ਚ ਇਹ ਗੱਲ ਸਮਝ ਆਉਣੀ ਮੁਸ਼ਕਿਲ ਹੈ, ਹਾਂਸ ਨੂੰ ਸਮਝਣ ਵਾਂਗ। ਜੀਣ ਦਾ ਤੇ ਲਿਖਣ ਦਾ ਸੁਰਜੀਤ ਹਾਂਸ ਸਟਾਇਲ ਆਖਰੀ ਦਮ ਤਕ ਕਾਇਮ ਰਿਹਾ। ਆਖਰੀ ਵੇਲੇ ਹਸਪਤਾਲ 'ਚ ਆਪਣੀ ਛਪਣ ਵਾਲੀ ਕਿਤਾਬ ਦੀਆਂ ਕਵਿਤਾਵਾਂ ਦੇ ਪਰੂਫ਼ ਕੰਬਦੇ ਹੱਥਾਂ ਨਾਲ ਕਰਦਾ ਰਿਹਾ। ਦਿਲੋ-ਦਿਮਾਗ਼ ਵੱਸ ਵਿਚ ਸਨ ਪਰ ਦਿਲ ਦੇ ਰੋਗ ਨੇ ਤੇ ਸਰੀਰਕ ਕਮਜ਼ੋਰੀ ਨੇ ਸਿਰੜੀ ਹਾਂਸ ਨੂੰ ਬੇਵੱਸ ਕਰ ਦਿੱਤਾ। ਆਖਰੀ ਦਿਨਾਂ 'ਚ ਬੇਵੱਸ ਹਾਂਸ ਨੇ ਨਾਨਕੀ ਨੂੰ ਕਿਹਾ-ਇਕ ਵਾਰ ਪ੍ਰੇਮ ਨੂੰ ਬੁਲਾ ਦੇ।' ਪ੍ਰੇਮ ਨੇ ਮੈਨੂੰ ਦੱਸਿਆ, ਮੈਂ ਕਿਹਾ- 'ਚਲੋ ਸਵੇਰੇ ਈ ਚੱਲਦੇ ਹਾਂ।' ਪ੍ਰੇਮ ਦਾ ਆਪਣਾ ਸਰੀਰ ਠੰਢ ਨਾਲ ਜਵਾਬ ਦਈ ਬੈਠਾ ਸੀ। ਹਾਂਸ, ਪ੍ਰੇਮ ਨੂੰ ਯਾਦ ਕਰਦਾ, ਖਾਲੀ ਗਲਵਕੜੀ ਨਾਲ ਹਮੇਸ਼ਾ ਲਈ ਟੁਰ ਗਿਆ। ਬਾਅਦ ਵਿਚ ਪ੍ਰੇਮ ਨੇ ਮੈਨੂੰ ਝੋਰੇ ਨਾਲ ਕਿਹਾ- "ਬੁੜ੍ਹਾ ਮੈਨੂੰ ਮਿਲਣ ਲਈ ਤਰਸਦਾ ਤੁਰ ਗਿਆ"। ਪ੍ਰੇਮ ਦੀਆਂ ਪੱਥਰ-ਅੱਖਾਂ 'ਚੋਂ ਪਾਣੀ ਸਿੰਮ ਆਇਆ। ਮੈਂ ਆਪਣੀ ਅੱਖ ਦਾ ਅੱਥਰੂ ਦੂਜੇ ਪਾਸੇ ਮੂੰਹ ਕਰ ਕੇ ਲੁਕੋਇਆ। ਹਾਂਸ ਪ੍ਰੇਮ ਕੋਲ਼, ਨਾ ਮਿਲਣ ਦਾ ਕਰਜ਼ਾ ਛੱਡ ਗਿਆ। ਤੇ ਨਾਲ ਪ੍ਰੇਮ ਲਈ ਮੁੱਖਬੰਦ ਲਿਖਣ ਦੇ ਸੁਨੇਹੇ ਸਮੇਤ, ਧੀ ਨਾਨਕੀ ਕੋਲ਼ ਆਪਣੀ ਆਖਰੀ ਕਿਤਾਬ ਦਾ ਖਰੜਾ ਛੱਡ ਗਿਆ।

ਆਖਰੀ ਦਿਨਾਂ ਦੀ ਇਕ ਮਿਲਣੀ 'ਚ ਹਾਂਸ ਹੁਰਾਂ ਨੂੰ ਮੈਂ ਉਹਨਾਂ ਦੇ ਘਰ ਕਿਤਾਬਾਂ ਨਾਲ ਭਰੀਆਂ ਅਲਮਾਰੀਆਂ ਬਾਰੇ ਪੁੱਛਿਆ- ਇਹਨਾਂ ਕਿਤਾਬਾਂ ਦਾ ਕੀ ਕਰਨਾ?'

ਹਾਂਸ ਨੇ ਕਿਹਾ- 'ਇਹ ਤਾਂ ਮੇਰੇ ਨਾਲ ਈ ਜਾਣਗੀਆਂ।'

ਮੈਂ ਪੁੱਛਿਆ- 'ਹੁਣ ਤੁਹਾਨੂੰ ਫਲਾਂ ਫਲਾਂ ਵੀ ਮਿਲਣ ਨਹੀਂ ਆਉਂਦਾ?

ਜਵਾਬ: "ਲੋਡ ਸ਼ੈਂਟਿੰਗ। ਮੈਂ ਸਭ ਨੂੰ ਮਿਲਣਾ ਬੰਦ ਕਰ ਦਿੱਤਾ। ਹੁਣ ਇੰਜਣ ਭਾਰ ਨਹੀਂ ਝੱਲਦਾ। ਖਾਲੀ ਡੱਬੇ ਸ਼ੰਟ।" ਹਾਂਸ ਔਖੇ ਸੁਆਲਾਂ ਦੇ ਸੌਖੇ ਜੁਆਬ ਦੇਣ ਦਾ ਹੁਨਰ ਜਾਣਦਾ ਸੀ। ਇਹ ਹੁਨਰ ਉਸਦੇ ਹੱਠੀ ਨਿੱਜ ਦਾ ਆਇਨਾ ਹੁੰਦਾ।

ਇਹਨੀਂ ਦਿਨੀਂ ਸੁਰਜੀਤ ਹਾਂਸ ਦਾ ਉਹ ਹੱਠੀ ਆਇਨਾ ਬਹੁਤ ਯਾਦ ਆਇਆ। ਲੋਡ-ਸ਼ੈਂਟਿਗ ਵੇ਼ਲੇ। ਆਇਨੇ ਦੀ ਲਿਸ਼ਕੋਰ ਨਾਲ ਮੈਂ ਜਗ ਪਿਆ। ਭਾਰ-ਮੁਕਤ। ਹੌਲ਼ਾ ਫੁੱਲ। ਸੁਰਜੀਤ ਹਾਂਸ ਦੇ ਨਿਰਛਲ ਹਾਸੇ ਵਰਗਾ।

ਮੈਂ ਹੁਣ ਆਪ ਟੀਵੀ ਦੇਖਦਿਆਂ ਰੀਮੋਟ 'ਤੇ ਟਿਕ ਟਿਕ ਚੈਨਲ ਬਦਲਦਾ ਹਰ ਟਿਕ 'ਤੇ ਮੰਦਾ-ਚੰਗਾ ਬੋਲਦਾ ਹਾਂ, ਕਿਉਂ?... ਹਾਂਸ ਜਾਣੇ!

ਸੁਰਜੀਤ ਹਾਂਸ ਦੀ ਕਵਿਤਾ, ਇਤਿਹਾਸਕਾਰੀ ਅਤੇ ਚਿੰਤਨ-ਲੇਖ ਉਹ ਕੁੱਜੇ ਨੇ ਜੀਹਨਾਂ ਅੰਦਰ ਅਨੇਕ ਤਹਿਆਂ ਵਾਲੇ ਸਮੁੰਦਰ, ਹਾਂਸ ਨੇ ਲਪੇਟ ਕੇ ਰੱਖੇ ਹੋਏ ਨੇ। ਕੋਈ ਕੋਲੰਬਸ ਜ਼ਰੂਰ ਆਵੇਗਾ। ਸ਼ੇਕਸਪੀਅਰ ਦਾ ਅਨੁਵਾਦ ਪੰਜਾਬੀਆਂ ਲਈ ਕੀਤਾ ਸੁਰਜੀਤ ਹਾਂਸ ਦਾ ਇਤਿਹਾਸਕ ਕੰਮ ਹੈ ਪਰ ਇਸ ਅਨੁਵਾਦ ਨੂੰ ਸਮਝਣਾ ਸ਼ੇਕਸਪੀਅਰ ਨੂੰ ਸਮਝਣ ਜਿੰਨਾ ਔਖਾ। ਇਕ ਵਾਰ ਪੜ੍ਹ ਕੇ ਤਾਂ ਦੇਖੋ!

ਸੁਰਜੀਤ ਹਾਂਸ ਨਾਲ ਕੋਈ ਮਿਲਣੀ ਐਸੀ ਨਹੀਂ ਜਿਸ ਵਿਚ ਕੋਈ ਨਾ ਕੋਈ ਪੱਲੇ ਗੱਠ ਬੰਨ੍ਹਣ ਵਾਲੀ ਗੱਲ ਨਾ ਹੋਵੇ। ਹੈਰਾਨਕੁਨ ਗੱਲਾਂ। ਏਨਾ ਗਿਆਨ! ਇਨਸਾਈਕਲੋਪੀਡੀਆ ਖੋਲ੍ਹਣ ਦੀ ਲੋੜ ਈ ਨਹੀਂ। ਅਜਿਹੇ ਬੰਦੇ ਨਾਲ ਕਈ ਦਿਨ ਗੁਜ਼ਾਰ ਕੇ ਕਿਤਾਬ ਲਿਖਣ ਦੀ ਲੋੜ ਸੀ ਜਿਸ ਦੀ ਘਾਟ ਮਹਿਸੂਸ ਹੁੰਦੀ ਰਹੇਗੀ। ਇਹ ਕੰਮ ਵੱਡੇ ਅਦਾਰਿਆਂ ਨੂੰ ਕਰਨੇ ਕਰਵਾਉਣੇ ਚਾਹੀਦੇ ਨੇ। ਤੇ ਉਹ ਜਿਹੜੇ ਕੰਮੀਂ ਲੱਗੇ ਹੋਏ ਨੇ, ਉਹੋ ਜਿਹੀ ਹੀ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਸ਼ਕਲ ਬਣਦੀ ਜਾ ਰਹੀ ਹੈ। ਪੰਜਾਬੀ ਵਿਚ ਮਰਨ ਤੋਂ ਬਾਅਦ ਮੁੱਲ ਪਾਉਣ ਦਾ ਰਿਵਾਜ ਹੈ। ਹੁਣ ਤਾਂ ਉਹ ਵੀ ਬੱਸ। ਕੀ ਫਰਕ ਪੈਂਦਾ?

ਸੁਰਜੀਤ ਹਾਂਸ ਅਤਿ ਦਾ ਜ਼ਿੱਦੀ, ਹੱਠੀ, ਸਨਕੀ, ਸਿਰੜੀ ਤੇ ਸੂਝਵਾਨ ਸੀ। ਕਿਸੇ ਨੂੰ ਆਪਣੀ ਕਿਤਾਬ ਨੂੰ ਹੱਥ ਨਹੀਂ ਸੀ ਲਾਉਣ ਦਿੰਦਾ, ਕਿਸੇ ਨੂੰ ਆਪਣੀ ਰਸੋਈ 'ਚ ਕੰਮ ਨਹੀਂ ਸੀ ਕਰਨ ਦਿੰਦਾ, ਕਿਸੇ ਨੂੰ ਆਪਣਾ ਖਾਣਾ ਨਹੀਂ ਸੀ ਪਾਉਣ ਦਿੰਦਾ। ਮੇਰੀ ਆਖਰੀ ਮਿਲਣੀ ਉਹਨਾਂ ਦੇ ਮੁਹਾਲੀ ਵਾਲੇ ਘਰ ਪ੍ਰੇਮ ਪ੍ਰਕਾਸ਼ ਸਮੇਤ ਹੋਈ। ਧੀ ਨਾਨਕੀ ਨੇ ਦੁਪਹਿਰ ਦਾ ਖਾਣਾ ਡਾਇਨਿੰਗ ਟੇਬਲ 'ਤੇ ਲਗਵਾ ਦਿੱਤਾ। ਕਦੀ ਯੂਨੀਵਰਸਿਟੀ ਦੀਆਂ ਸੜਕਾਂ 'ਤੇ ਨ੍ਹੇਰੀ ਵਾਂਗ ਫੁੱਲ ਸਪੀਡ 'ਤੇ ਸੈਰ ਕਰਨ ਵਾਲਾ ਸੁਰਜੀਤ ਹਾਂਸ, ਮੁਸ਼ਕਿਲ ਨਾਲ ਨਿੱਕੇ ਨਿੱਕੇ ਕਦਮ ਪੁੱਟਦਾ ਡਾਇਨਿੰਗ ਟੇਬਲ ਕੋਲ਼ ਪੁੱਜਾ। ਕਦੀ ਤੀਰ ਵਾਂਗ ਸਿੱਧੇ ਤੁਰਨ ਵਾਲਾ ਹਾਂਸ ਸਾਬ੍ਹ ਕਮਾਨ ਵਾਂਗ ਝੁਕਿਆ ਖਲੋਤਾ ਸੀ। ਨੰਗਾ ਪਿੰਡਾ, ਸਮੇਂ ਤੇ ਸਰੀਰ ਦਾ ਇਤਿਹਾਸ ਬਣੀ ਖਲੋਤਾ ਸੀ। ਸਰੀਰ ਸਾਥ ਨ੍ਹੀਂ ਦਿੰਦਾ ਨਾ ਦੇਵੇ! ਸਿਰੜ ਸਾਥ ਦੇ ਰਿਹਾ। ਖਾਣਾ ਆਪੇ ਪਾਉਣਾ। ਪਾਇਆ। ਕਿਸੇ ਦੀ ਹਿੰਮਤ ਨਹੀਂ ਹੋਈ ਕਹਿਣ ਦੀ- 'ਲਿਆਓ ਮੈਂ ਪਾ ਦਿੰਦਾ ਹਾਂ।' ਧੀ ਨਾਨਕੀ ਨੇ ਮੇਰੇ ਅਨੁਰੋਧ 'ਤੇ ਇਸ ਸਿਰੜੀ ਛਿਣ ਨੂੰ ਮੋਬਾਇਲ ਕੈਮਰੇ ਦੀ ਤਸਵੀਰ ਅੰਦਰ ਬੰਦ ਕਰ ਦਿੱਤਾ। ਇਵੇਂ ਹੀ ਜੀਵਿਆ ਸਾਰੀ ਉਮਰ ਸੁਰਜੀਤ ਹਾਂਸ, ਆਪਣੇ ਸਿਰੜ ਤੇ ਸਵੈਮਾਣ ਨਾਲ। ਗ਼ਾਲਿਬ ਦਾ ਇਹ ਸ਼ੇਅਰ ਮੈਂ ਪਹਿਲੀ ਵਾਰ ਸੁਰਜੀਤ ਹਾਂਸ ਹੁਰਾਂ ਕੋਲ਼ੋਂ ਸੁਣਿਆ ਸੀ-

ਗੋ ਹਾਥ ਕੋ ਜੁੰਬਿਸ਼ ਨਹੀਂ,
ਆਖੋਂ ਮੇਂ ਤੋ ਦਮ ਹੈ,
ਰਹਿਨੇ ਦੋ ਅਭੀ
ਸਾਗਰੋ ਮੀਨਾ ਮੇਰੇ ਆਗੇ।

ਸੁਰਜੀਤ ਹਾਂਸ ਇਸੇ ਸਿਰੜੀ-ਜੁੰਬਿਸ਼ ਨਾਲ ਸਾਰੀ ਉਮਰ ਇਕੱਲਾ ਰਿਹਾ। ਸਾਹਿਤ ਵਿਚ ਵੀ ਤੇ ਜੀਵਨ ਵਿਚ ਵੀ। 'ਏਕਲਾ ਚੋਲੋ ਰੇ''। 'ਕੱਲੇ ਹੋਣਾ/ਜਿਊਣਾ ਹਾਰੀ ਸਾਰੀ ਦਾ ਕੰਮ ਨਹੀਂ। ਪੰਜਾਬੀ ਦਾ 99% ਲੇਖਕ, ਟੋਲੇ ਬਣਾ ਕੇ ਜੀਣ ਵਾਲਾ ਲੇਖਕ ਹੈ। ਭੇਡ ਚਾਲ ਤੇ ਗਰੁੱਪ ਮਾਨਸਿਕਤਾ ਦਾ ਮਾਰਿਆ ਹੋਇਆ। ਇਸੇ ਲਈ ਪੰਜਾਬੀ ਲੇਖਕ ਆਪਣੇ ਸਹਾਰੇ ਆਪ ਨਹੀਂ ਖਲੋ ਸਕਦਾ। ਸਭਾਵਾਂ, ਪ੍ਰਧਾਨਗੀਆਂ, ਸਕੱਤਰੀਆਂ ਤੋਂ ਬਿਨਾਂ ਆਪਣੇ ਆਪ ਨੂੰ ਲਾਵਾਰਿਸ ਸਮਝਦਾ ਹੈ। ਸੁਰਜੀਤ ਹਾਂਸ ਭੀੜ ਵਿਚ ਇਕੱਲੇ, ਅੱਡਰੇ ਤੇ ਸਵੈ-ਵਿਸ਼ਵਾਸ ਨਾਲ ਆਪਣੇ ਬਲਬੂਤੇ ਖੜ੍ਹੇ ਦਿਸਣ ਵਾਲੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਚਿੰਤਕਾਂ/ਲੇਖਕਾਂ ਵਿਚੋਂ ਹੈ। ਸਿਰੜੀ ਸੁਰਜੀਤ ਹਾਂਸ ਸਦਾ ਲਈ ਅਸਾਧਾਰਨ ਵਿਅਕਤੀ ਵਾਂਗ ਸਾਧਾਰਨ ਸਫਰ ਲਈ ਤੁਰ ਗਿਆ।(31 ਅਕਤੂਬਰ 1930-17 ਜਨਵਰੀ 2020)। ਸੁਰਜੀਤ ਹਾਂਸ ਦਾ ਇਹ ਸਿਰੜ ਆਉਣ ਵਾਲੀਆਂ ਪੁਸ਼ਤਾਂ ਤਕ ਪੁੱਜਣ ਦੀ ਸੰਭਾਵਨਾ ਰੱਖਦਾ ਹੈ। ਲੋੜ ਹੈ 60 ਦੇ ਕਰੀਬ ਕਿਤਾਬਾਂ ਦੇ ਰਚਨਹਾਰੇ ਸੁਰਜੀਤ ਹਾਂਸ ਦੇ ਸਮੁੱਚੇ ਕੰਮ ਨੂੰ ਮੁੜ-ਵਿਚਾਰਨ ਦੀ ਅਤੇ ਵਿਦਵਾਨ-ਸ਼ਾਇਰ-ਇਤਿਹਾਸਕਾਰ ਦੇ ਸੀਲੈਕਟਡ-ਵਰਕ ਛਾਪਣ ਦੀ।

ਪੰਜਾਬੀ ਸਾਹਿਤ ਨੂੰ ਵਿਸ਼ਵ ਸਾਹਿਤ, ਭਾਸ਼ਾ, ਇਤਿਹਾਸ, ਮਨੋਵਿਗਿਆਨ ਅਤੇ ਫਲਸਫੇ ਦੀ ਪੁੱਠ ਚਾੜ੍ਹਨ ਵਾਲੇ ਸੁਰਜੀਤ ਹਾਂਸ ਦਾ ਅਨੂਠਾ ਰਚਨਾ ਜਗਤ ਪੰਜਾਬੀਆਂ ਲਈ ਸੁਰਜੀਤ ਹਾਂਸ ਦੀ ਸ਼ਖਸੀਅਤ ਵਾਂਗ ਗੁੰਝਲਦਾਰ ਮਿਕਨਾਤੀਸੀ ਅਚੰਭਾ ਅਤੇ ਗੌਰਵਸ਼ੀਲ ਖਜ਼ਾਨਾ ਬਣੇ ਰਹਿਣਗੇ।

*('ਸਿਰਜਣਾ' ਵਿਚੋਂ ਧੰਨਵਾਦ ਸਹਿਤ)*

# ‘ਗੋਲਡਨ ਗੋਲ’ ਵਾਲਾ ਬਲਬੀਰ ਸਿੰਘ

ਪੰਜਾਬੀ ਖੇਡ ਸਾਹਿਤ 43



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦੁਨੀਆਂ ਭਰ ਦੇ ਹਾਕੀ ਮੈਦਾਨਾਂ ਵਿਚ ਵੀਹ ਵਰ੍ਹੇ ‘ਬਲਬੀਰ-ਬਲਬੀਰ’ ਹੁੰਦੀ ਰਹੀ ਸੀ। ਉਦੋਂ ਹਾਕੀ ਖੇਡਣ ਵਾਲੇ ਕਈ ਬਲਬੀਰ ਸਨ। ਪੰਜ ਬਲਬੀਰ ਭਾਰਤੀ ਹਾਕੀ ਟੀਮਾਂ ਦੇ ਮੈਂਬਰ ਬਣੇ। ਤਿੰਨ ਬਲਬੀਰ ਬੈਂਕਾਕ-66 ਦੀਆਂ ਏਸ਼ਿਆਈ ਖੇਡਾਂ ਤੇ ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ’ਚ ਭਾਰਤੀ ਹਾਕੀ ਟੀਮਾਂ ਵਿਚ ’ਕੱਠੇ ਖੇਡੇ। ਪੁਲਿਸ ਵਾਲਾ ਬਲਬੀਰ, ਰੇਲਵੇ ਵਾਲਾ ਬਲਬੀਰ ਤੇ ਫੌਜ ਵਾਲਾ ਬਲਬੀਰ। ਬਾਲ ਬਲਬੀਰਾਂ ਵਿਚਕਾਰ ਘੁੰਮਦੀ ਤਾਂ ਕੁਮੈਂਟੇਟਰ ਜਸਦੇਵ ਸਿੰਘ ਬਲਬੀਰ-ਬਲਬੀਰ ਕਰੀ ਜਾਂਦਾ। ’ਕੇਰਾਂ ਨੌਂ ਬਲਬੀਰ ਦਿੱਲੀ ਦਾ ਨਹਿਰੂ ਹਾਕੀ ਟੂਰਨਾਮੈਂਟ ਖੇਡੇ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਟੀਮਾਂ ਵਿਚ ਹਾਕੀ ਖੇਡਣ ਵਾਲੇ ਬਲਬੀਰਾਂ ਦਾ ਤਾਂ ਕੋਈ ਲੇਖਾ ਹੀ ਨਹੀਂ! ਗੱਲ ਕਰਦੇ ਹਾਂ ਗੋਲਡਨ ਗੋਲ ਤੇ ਗੋਲਡਨ ਹੈਟ ਟ੍ਰਿਕ ਵਾਲੇ ਬਲਬੀਰ ਸਿੰਘ ਦੀ।

‘ਗੋਲਡਨ ਹੈਟ ਟ੍ਰਿਕ’ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਸਵੈ-ਜੀਵਨੀ ਹੈ। ਉਹ ਖੇਡ ਪੱਤਰਕਾਰ ਸੈਮੂਅਲ ਬੈਨਰਜੀ ਨੇ ਅੰਗਰੇਜ਼ੀ ਵਿਚ ਲਿਖੀ ਸੀ, ਜੋ ਵਿਕਾਸ ਪਬਲਿਸ਼ਿੰਗ ਹਾਊਸ ਦਿੱਲੀ ਨੇ 1977 ਵਿਚ ਪ੍ਰਕਾਸ਼ਿਤ ਕੀਤੀ। ਉਸ ਦਾ ਪੂਰਾ ਨਾਂ ‘ਗੋਲਡਨ ਹੈਟ ਟ੍ਰਿਕ: ਮਾਈ ਹਾਕੀ ਡੇਅਜ਼, ਐਜ਼ ਟੋਲਡ ਟੂ ਸੈਮੂਅਲ ਬੈਨਰਜੀ’ ਹੈ। ਇੰਜ ਸਮਝ ਲਓ, ਜਿਵੇਂ ਮਿਲਖਾ ਸਿੰਘ ਦੀ ਸਵੈ-ਜੀਵਨੀ ‘ਫਲਾਈਂਗ ਸਿੱਖ ਮਿਲਖਾ ਸਿੰਘ’ ਐਜ਼ ਟੋਲਡ ਟੂ ਪਾਸ਼ ਹੈ, ਜੋ ਲਗਭਗ ਉਸੇ ਸਮੇਂ ਛਪੀ। ਉਸ ਤੋਂ ਪਹਿਲਾਂ ਬਲਬੀਰ ਸਿੰਘ ਤੇ ਮਿਲਖਾ ਸਿੰਘ ਵਿਚਕਾਰ ਪੰਜਾਬ ਖੇਡ ਵਿਭਾਗ ਦਾ ਡਾਇਰੈਕਟਰ ਬਣਨ ਲਈ ਕੇਸ ਹਾਈ ਕੋਰਟ ਵਿਚ ਚੱਲਿਆ ਸੀ, ਜਿਸ ਦਾ ਫੈਸਲਾ ਬਲਬੀਰ ਸਿੰਘ ਦੇ ਹੱਕ ਵਿਚ ਹੋਇਆ ਸੀ।

ਬਲਬੀਰ ਸਿੰਘ ਨੇ ਇਕ ਕਿਤਾਬ ਹਾਕੀ ਦੀ ਕੋਚਿੰਗ ਬਾਰੇ ਵੀ ਲਿਖੀ, ਜਿਸ ਦਾ ਨਾਂ ਹੈ ‘ਗੋਲਡਨ ਯਾਰਡਸਟਿੱਕ: ਇਨ ਕੁਇਸਟ ਆਫ ਹਾਕੀ ਐਕਸੇਲੈਂਸ’ ਜੋ 2008 ਵਿਚ ਪ੍ਰਕਾਸ਼ਿਤ ਹੋਈ। ਉਸ ਦਾ ਸਬ ਹੈਡਿੰਗ ‘ਟੈਸਟਸ ਫਾਰ ਅਸੈੱਸਮੈਂਟ ਐਂਡ ਡਿਵੈਲਪਮੈਂਟ ਆਫ ਗੇਮ ਸਕਿੱਲਜ਼’ ਹੈ। ਉਹ ਪੁਸਤਕ ਉਸ ਦੇ ਬਤੌਰ ਖਿਡਾਰੀ, ਕੋਚ, ਮੈਨੇਜਰ ਤੇ ਖੇਡ ਡਾਇਰੈਕਟਰ ਹੋਣ ਦੇ ਤਜਰਬਿਆਂ ਦਾ ਨਿਚੋੜ ਹੈ। ਖਿਡਾਰੀ ਉਸ ਪੁਸਤਕ ਤੋਂ ਬਹੁਤ ਕੁਝ ਸਿੱਖ ਸਕਦੇ ਹਨ ਤੇ ਹਾਕੀ ਵਿਚ ਐਕਸੇਲੈਂਸ ਹਾਸਲ ਕਰ ਸਕਦੇ ਹਨ। ਉਹ ਪੁਸਤਕ ਇਕ ਤਰ੍ਹਾਂ ਦਾ ਟ੍ਰੇਨਿੰਗ ਮੈਨੂਅਲ ਹੈ। ਉਸ ਦਾ ਮੁੱਖ ਬੰਦ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਸਾਬਕਾ ਪ੍ਰਧਾਨ ਜੈਕਸ ਰੋਗੀ ਨੇ ਲਿਖਿਆ ਅਤੇ ਭੂਮਿਕਾ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਅਸ਼ਵਨੀ ਕੁਮਾਰ ਨੇ ਬੰਨ੍ਹੀ। ਉਹ ਪੁਸਤਕ ਬਲਬੀਰ ਸਿੰਘ ਨੇ ਆਪਣੇ ਸਵਰਗੀ ਮਾਪਿਆਂ ਦਲੀਪ ਸਿੰਘ ਤੇ ਕਰਮ ਕੌਰ ਨੂੰ ਭੇਟ ਕੀਤੀ।

‘ਗੋਲਡਨ ਯਾਰਡਸਟਿਕ’ ਪੁਸਤਕ ਪਹਿਲੀ ਵਾਰ ਦਿੱਲੀ ਦੇ ਫੀਲਡ ਹਾਕੀ ਪਬਲੀਕੇਸ਼ਨਜ਼ ਨੇ ਛਾਪੀ ਸੀ। ਉਸ ਬਾਰੇ ਜੈਕਸ ਰੋਗੀ ਨੇ ਲਿਖਿਆ, “ਇਕ ਓਲੰਪੀਅਨ ਵਜੋਂ ਮੈਨੂੰ ਗੋਲਡਨ ਹੈਟ ਟ੍ਰਿਕ ਮਾਰਨ ਵਾਲੇ ਲੀਜੈਂਡਰੀ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਪੁਸਤਕ ਦਾ ਮੁੱਖ ਬੰਦ ਲਿਖਦਿਆਂ ਖੁਸ਼ੀ ਹੋ ਰਹੀ ਹੈ। ਸਾਡੇ ਸਮੇਂ ਦੇ ਖਿਡਾਰੀਆਂ, ਟੀਮ ਕਪਤਾਨਾਂ, ਕੋਚਾਂ ਤੇ ਮੈਨੇਜਰਾਂ ਨੇ ਬਲਬੀਰ ਸਿੰਘ ਨੂੰ ਹਾਕੀ ਦਾ ਸਰਬੋਤਮ ਖਿਡਾਰੀ ਮੰਨਿਆ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਨਾਲ ਬਲਬੀਰ ਸਿੰਘ ਨੇ ਹਾਕੀ ਨਾਲ ਆਪਣਾ ਸਨੇਹ ਪ੍ਰਗਟਾਉਂਦਿਆਂ ਹਾਕੀ ਦਾ ਸੰਦੇਸ਼ ਭਾਰਤ ਤੇ ਭਾਰਤ ਤੋਂ ਬਾਹਰ ਸਾਰੀ ਦੁਨੀਆਂ ਤਕ ਪਹੁੰਚਾਇਆ ਹੈ। ਹਾਕੀ ਦੀ ਖੇਡ ਨਾਲ ਉਸ ਦੀ ਲਗਨ ਤੇ ਖੇਡਾਂ ਦੀਆਂ ਕਦਰਾਂ-ਕੀਮਤਾਂ ਨਾਲ ਪਿਆਰ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਦਾ ਰਹੇਗਾ। ਦੇਸ਼-ਵਿਦੇਸ਼ ਦੇ ਬੱਚੇ ਤੇ ਨੌਜੁਆਨ ਉਹਦੇ ਵਿਖਾਏ ਖੇਡ ਮਾਰਗ ’ਤੇ ਚੱਲਣਗੇ। ਓਲੰਪਿਕ ਲਹਿਰ ਬਲਬੀਰ ਸਿੰਘ ਜਿਹੇ ਖਿਡਾਰੀਆਂ ਦੀ ਰਿਣੀ ਹੈ, ਜਿਨ੍ਹਾਂ ਨੇ 20ਵੀਂ ਸਦੀ ਦੇ ਖੇਡ ਇਤਿਹਾਸ ਨੂੰ ਰੰਗ ਭਾਗ ਲਾਏ।”

ਅਸ਼ਵਨੀ ਕੁਮਾਰ ਨੇ ਲਿਖਿਆ ਕਿ ਮੈਂ ਬਲਬੀਰ ਸਿੰਘ ਨੂੰ ਪਹਿਲੀ ਵਾਰ 1945 ਵਿਚ ਮਿਲਿਆ ਤੇ ਫਿਰ ਮਿਲਦਾ ਹੀ ਰਿਹਾ। ਉਹ ਤੇਜ਼-ਤਰਾਰ ਸੈਂਟਰ ਫਾਰਵਰਡ ਸੀ, ਜੋ ਖੇਡ ਮੈਦਾਨ ‘ਚ ਦੀਵਾਲੀ ਦੇ ਪਟਾਕੇ ਵਾਂਗ ਚਲਦਾ ਸੀ। ਬਾਲ ਮਗਰ ਉਹਦੀ ਝਪਟ ਚੀਤੇ ਵਰਗੀ ਹੁੰਦੀ ਸੀ। ਸ਼ਿਕਵਾ ਸ਼ਿਕਾਇਤ ਉਹਦੇ ਸੁਭਾਅ ਵਿਚ ਨਹੀਂ ਸੀ। ਉਹਦੇ ਨਾਲ ਵਧੀਕੀ ਵੀ ਹੁੰਦੀ ਤਾਂ ਉਹ ਚੁੱਪ ਚਾਪ ਸਹਿ ਜਾਂਦਾ। ਉਹ ਅਨੁਸ਼ਾਸਨਬੱਧ ਖਿਡਾਰੀ ਸੀ, ਜੋ ਸਾਥੀਆਂ ਨੂੰ ਜ਼ਾਬਤੇ ਵਿਚ ਰਹਿਣ ਦੀ




ਤਾਕੀਦ ਕਰਦਾ ਰਹਿੰਦਾ। ਅਸੀਂ ਦੋਵੇਂ ਪੰਜਾਬ ਪੁਲਿਸ ਵਿਚ ਸਾਂ। ਇਕ ਸਮਾਂ ਸੀ, ਜਦੋਂ ਭਾਰਤ ਦੀ ਲਗਭਗ ਸਾਰੀ ਹਾਕੀ ਟੀਮ ਪੰਜਾਬ ਪੁਲਿਸ ਦੇ ਖਿਡਾਰੀਆਂ ਨਾਲ ਲੈਸ ਹੁੰਦੀ ਸੀ। ਉਸ ਨੇ ਪੁਲਿਸ ਅਫਸਰ, ਹਾਕੀ ਖਿਡਾਰੀ, ਟੀਮ ਕੈਪਟਨ, ਕੋਚ, ਮੈਨੇਜਰ ਤੇ ਸਮਾਜ ਸੇਵਕ ਵਜੋਂ ਸ਼ਾਨਦਾਰ ਰੋਲ ਅਦਾ ਕੀਤਾ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਉਸ ਦੇ 5 ਗੋਲ ਅਜੇ ਵੀ ਓਲੰਪਿਕ ਰਿਕਾਰਡ ਹਨ। ਉਸ ਨੇ ਲੰਡਨ-1948 ਦੀਆਂ ਓਲੰਪਿਕ ਖੇਡਾਂ ‘ਚ ਦੋ ਮੈਚਾਂ ਵਿਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਕੀਤੇ ਸਨ। ਸੈਂਟਰ ਫਾਰਵਰਡ ਵਜੋਂ ਉਹਦੀ ਦਹਿਸ਼ਤ ਹੁੰਦੀ ਸੀ। ਬਾਲ ਡੀ ਵਿਚ ਪਹੁੰਚਿਆ ਨਹੀਂ ਤੇ ਗੋਲ ਹੋਇਆ ਨਹੀਂ। ‘ਗੋਲਡਨ ਯਾਰਡਸਟਿਕ’ ਪੁਸਤਕ ਹਾਕੀ ਖਿਡਾਰੀਆਂ ਲਈ ਅਨਮੋਲ ਤੋਹਫਾ ਹੈ।

‘ਗੋਲਡਨ ਯਾਰਡਸਟਿਕ’ ਪੁਸਤਕ ਦੇ ਪੰਜ ਭਾਗ ਤੇ ਵੀਹ ਅਧਿਆਏ ਹਨ। ਪਹਿਲੇ ਭਾਗ ’ਚ ਪੁਸ਼ਿੰਗ, ਹਿਟਿੰਗ, ਸਕੂਪਿੰਗ, ਸਟਰੋਕਿੰਗ ਤੇ ਡਰਿਬਲਿੰਗ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਦੂਜੇ ਭਾਗ ਵਿਚ ਪਾਸਿੰਗ, ਟੈਕਲਿੰਗ, ਬੀਟਿੰਗ, ਸਕੋਰਿੰਗ ਤੇ ਰੋਲਿੰਗ ਆਦਿ ਦੇ ਗੁਰ ਦੱਸੇ ਗਏ ਹਨ। ਤੀਜੇ ਭਾਗ ਵਿਚ ਰੀਬਾਊਂਡ, ਟ੍ਰੈਪਿੰਗ, ਡਿਫਲੈਕਸ਼ਨਜ਼, ਸਲੈਪਿੰਗ, ਸਵੀਪਿੰਗ, ਡਿਊਲਜ਼ ਆਦਿ ਬਾਰੇ ਵੇਰਵਾ ਹੈ। ਚੌਥੇ ਭਾਗ ਵਿਚ ਪੋਜੈਸ਼ਨ, ਮੈਨੋਵਰਿੰਗ, ਬਾਲ ਕੰਟਰੋਲਿੰਗ, ਗੇਮ ਸੈਂਸ ਡਿਵੈਲਪਿੰਗ ਤੇ ਗੋਲ ਕੀਪਿੰਗ ਬਾਰੇ ਕੋਚਿੰਗ ਦਿੱਤੀ ਗਈ ਹੈ। ਪੰਜਵੇਂ ਭਾਗ ਵਿਚ ਫਿਜ਼ੀਕਲ ਫਿਟਨੈੱਸ ਤੇ ਮੈਂਟਲ ਫਿਟਨੈੱਸ ਕਾਇਮ ਰੱਖਣ ਲਈ ਕਸਰਤਾਂ ਦੱਸੀਆਂ ਗਈਆਂ ਹਨ ਅਤੇ ਯੋਗਾ ਕਰਨ ਦੀ ਮਹੱਤਤਾ ਦਰਸਾਈ ਗਈ ਹੈ। ਖਿਡਾਰੀਆਂ ਦੀ ਸਕਿੱਲ ਟੈੱਸਟ ਕਰਨ ਦੇ ਅਨੇਕਾਂ ਟੈੱਸਟਾਂ ਦਾ ਵੇਰਵਾ ਦਿੱਤਾ ਗਿਆ ਹੈ। ਪੁਸਤਕ ਸੌ ਤੋਂ ਵੱਧ ਡਾਇਗਰਾਮਾਂ ਤੇ ਇਤਿਹਾਸਕ ਤਸਵੀਰਾਂ ਨਾਲ ਗਲਾਸੀ ਪੇਪਰ ਉਤੇ ਛਾਪੀ ਗਈ ਹੈ, ਜਿਸ ਦਾ ਸਾਈਜ਼ ਰਜਿਸਟਰ ਅਕਾਰ ਦਾ ਹੈ। ਕੁਲ ਪੰਨੇ 172 ਹਨ, ਪਰ ਇਸ ਦੀ ਕੋਈ ਕੀਮਤ ਨਹੀਂ ਰੱਖੀ ਗਈ, ਕਿਉਂਕਿ ਇਹ ਹੈ ਹੀ ਬੇਸ਼ਕੀਮਤੀ। ਸੀਮਤ ਸਾਧਨ, ਪਰ ਸਖੀ ਦਿਲ ਵਾਲਾ ਬਲਬੀਰ ਸਿੰਘ ਆਪਣਾ ਉਮਰ ਭਰ ਦਾ ਤਜਰਬਾ ਇਸ ਪੁਸਤਕ ਵਿਚ ਹਾਕੀ ਖਿਡਾਰੀਆਂ ਨੂੰ ਮੁਫਤ ਭੇਟ ਕਰ ਗਿਆ!

ਬਲਬੀਰ ਸਿੰਘ ਦੀ ਰੀਝ ਸੀ ਕਿ ਕੋਈ ਲੇਖਕ ਉਹਦੀ ਜੀਵਨੀ ਪੰਜਾਬੀ ਵਿਚ ਲਿਖੇ, ਜੋ ਆਖਰ ਲਿਖੀ ਵੀ ਗਈ। ਮੈਂ ਉਸ ਦਾ ਨਾਂ ਗੋਲਡਨ ਹੈਟ ਟ੍ਰਿਕ ਤੇ ਗੋਲਡਨ ਯਾਰਡਸਟਿੱਕ ਵਰਗਾ ਹੀ ‘ਗੋਲਡਨ ਗੋਲ’ ਰੱਖਿਆ, ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ 2015 ਵਿਚ ਪ੍ਰਕਾਸ਼ਿਤ ਕੀਤੀ। ਬਲਬੀਰ ਸਿੰਘ ਹਾਕੀ ਦਾ ਯੁੱਗ ਪੁਰਸ਼ ਸੀ। ਉਸ ਨੂੰ ‘ਗੋਲ ਕਿੰਗ’ ਕਿਹਾ ਜਾਂਦਾ ਸੀ। ਉਸ ਦੇ ਗੋਲਾਂ ਦਾ ਓਲੰਪਿਕ ਰਿਕਾਰਡ ਅਜੇ ਤਕ ਕਾਇਮ ਹੈ। ਲੰਡਨ ਓਲੰਪਿਕ-2012 ਵਿਚ ਉਹ ‘ਆਇਕੌਨਿਕ ਓਲੰਪੀਅਨ’ ਐਲਾਨਿਆ ਗਿਆ। ਮੈਂ ਉਸ ਨੂੰ ਪਹਿਲੀ ਵਾਰ 1962 ਵਿਚ ਮਿਲਿਆ ਸਾਂ। ਉਹ ਲੱਡਾ ਕੋਠੀ ਕੈਂਪ ਵਿਚ ਆਇਆ ਸੀ, ਜਿਥੇ ਪੰਜਾਬ ਯੂਨੀਵਰਸਿਟੀ ਦਾ ਹਾਕੀ ਤੇ ਅਥਲੈਟਿਕਸ ਦਾ ਕੋਚਿੰਗ ਕੈਂਪ ਲੱਗਾ ਹੋਇਆ ਸੀ। ਉਸ ਪਿੱਛੋਂ ਮੈਨੂੰ ਅਨੇਕਾਂ ਵਾਰ ਉਹਨੂੰ ਮਿਲਣ ਦੇ ਮੌਕੇ ਮਿਲੇ। ਉਹ ਢੁੱਡੀਕੇ ਵੀ ਆਇਆ। ਮੇਰੇ ਵੱਲੋਂ ਉਹਦੀ ਜੀਵਨੀ ਕਈ ਸਾਲ ਪਹਿਲਾਂ ਲਿਖੀ ਜਾਣੀ ਚਾਹੀਦੀ ਸੀ, ਪਰ ਮੈਥੋਂ ਘੌਲ ਹੁੰਦੀ ਗਈ। ਸਾਲ ਲੰਘਦੇ ਗਏ। ਇਹ ਘੌਲ ਹੋਰ ਵੀ ਹੋ ਜਾਂਦੀ, ਜੇ ਆਸਟ੍ਰੇਲੀਆ ਤੋਂ ਹਾਕੀ ਦਾ ਇਕ ਫੈਨ ਬਲਬੀਰ ਸਿੰਘ ਦੁਸਾਂਝ ਦੇ ਨਾਂ ਈਮੇਲ ਨਾ ਕਰਦਾ। ਉਸ ਵਿਚ ਉਹਨੇ ਬਲਬੀਰ ਸਿੰਘ ਦੇ ਦਸਤਖਤਾਂ ਵਾਲੀ ਫੋਟੋ ਹਾਸਲ ਕਰਨ ਦੀ ਬੇਨਤੀ ਕੀਤੀ ਸੀ।

ਮੈਲਬੌਰਨ ਤੋਂ ਭੇਜੀ ਈਮੇਲ ਬਲਬੀਰ ਸਿੰਘ ਨੂੰ ਮਿਲਣ ਦੀ ਥਾਂ ਵੈਨਕੂਵਰ ਵਸਦੇ ਪਿੰਡ ਦੁਸਾਂਝ ਕਲਾਂ ਦੇ ਬਲਬੀਰ ਸਿੰਘ ਦੁਸਾਂਝ ਨੂੰ ਮਿਲ ਗਈ, ਜੋ ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਜੀਵਨ ਮੈਂਬਰ ਸੀ। ਉਥੇ ਮੈਂ ਪ੍ਰਿੰਸੀਪਲ ਰਿਹਾ ਸਾਂ। ਦੁਸਾਂਝ ਮੈਨੂੰ ਜਾਣਦਾ ਸੀ ਤੇ ਉਸ ਨੂੰ ਪਤਾ ਸੀ ਕਿ ਮੈਂ ਹਾਕੀ ਵਾਲੇ ਬਲਬੀਰ ਸਿੰਘ ਨੂੰ ਜਾਣਦਾ ਹਾਂ। ਉਸ ਨੇ ਮੇਰੇ ਨਾਲ ਸੰਪਰਕ ਕੀਤਾ ਤੇ ਮੈਂ ਬਲਬੀਰ ਸਿੰਘ ਸੀਨੀਅਰ ਨਾਲ। ਸਰਦੀਆਂ ਸ਼ੁਰੂ ਹੋ ਚੁਕੀਆਂ ਸਨ। ਪਰਵਾਸੀ ਪੰਜਾਬੀ ਵਤਨੀਂ ਪਰਤ ਰਹੇ ਸਨ। ਦੁਸਾਂਝਾਂ ਵਾਲਾ ਬਲਬੀਰ ਸਿੰਘ ਤੇ ਮੈਂ ਪੰਜਾਬ ਪਹੁੰਚ ਗਏ ਸਾਂ। 31 ਦਸੰਬਰ 2013 ਨੂੰ ਬਲਬੀਰ ਸਿੰਘ ਸੀਨੀਅਰ ਦਾ 90ਵਾਂ ਜਨਮ ਦਿਨ ਸੀ। ਦੁਸਾਂਝਾਂ ਵਾਲਾ ਬਲਬੀਰ ਸਿੰਘ, ਅਮਰਦੀਪ ਕਾਲਜ ਦਾ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਤੇ ਮੈਂ ਬਲਬੀਰ ਸਿੰਘ ਨੂੰ ਚੰਡੀਗੜ੍ਹ ਜਾ ਮਿਲੇ। ਗੱਲਾਂ-ਗੱਲਾਂ ਵਿਚ ਗੱਲ ਚੱਲ ਪਈ ਕਿ ਪੰਜਾਬੀ ਵਿਚ ਉਹਦੀ ਜੀਵਨੀ ਲਿਖਣ ਦਾ ਵਰ੍ਹਿਆਂ ਤੋਂ ਪਛੜ ਰਿਹਾ ਕਾਰਜ ਹੁਣ ਨੇਪਰੇ ਚਾੜ੍ਹਨਾ ਚਾਹੀਦੈ। ਸਤਿਬਚਨ ਕਹਿੰਦਿਆਂ ਮੈਂ ਹੋਰ ਕੰਮ ਛੱਡ ਕੇ ਬਲਬੀਰ ਸਿੰਘ ਦੀ ਜੀਵਨੀ ਲਿਖਣੀ ਸ਼ੁਰੂ ਕਰ ਦਿੱਤੀ। ਧੰਨਵਾਦੀ ਹਾਂ ਬਲਬੀਰ ਸਿੰਘ, ਉਨ੍ਹਾਂ ਦੀ ਸਪੁੱਤਰੀ ਬੀਬੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਸਿੰਘ ਦਾ, ਜਿਨ੍ਹਾਂ ਨੇ ਸਮੇਂ ਸਮੇਂ ਲੋੜੀਂਦੀ ਜਾਣਕਾਰੀ ਦਿੱਤੀ, ਜਿਸ ਨਾਲ ਇਹ ਜੀਵਨੀ ਸਿਰੇ ਲੱਗੀ।


ਸ. ਬਲਬੀਰ ਸਿੰਘ ਅਤੇ ਪ੍ਰਿੰਸੀਪਲ ਸਰਵਣ ਸਿੰਘ

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ ‘ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ ਹੀ ‘ਗੋਲਡਨ ਹੈਟ ਟ੍ਰਿੱਕ’ ਵਾਲਾ ਬਲਬੀਰ ਸਿੰਘ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ ‘ਚ ਭਾਰਤੀ ਟੀਮ ਦੇ 9 ਗੋਲਾਂ ‘ਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਉਥੇ ਹਾਲੈਂਡ ਵਿਰੁੱਧ ਖੇਡੇ ਗਏ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ ‘ਚੋਂ ਉਸ ਦੇ 5 ਗੋਲ ਸਨ, ਜੋ ਓਲੰਪਿਕ ਖੇਡਾਂ ਦਾ ਰਿਕਾਰਡ ਹੈ ਤੇ ਗਿੱਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਦੇ ਪੰਨਿਆਂ ਉਤੇ ਦਰਜ ਹੈ। ਉਸ ਤੋਂ ਪਹਿਲਾਂ ਫਾਈਨਲ ਮੈਚ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਇੰਗਲੈਂਡ ਦੇ ਰੈਗੀ ਪ੍ਰਿਡਮੋਟ ਦਾ ਸੀ। ਉਸ ਨੇ ਲੰਡਨ-1908 ਦੀਆਂ ਓਲੰਪਿਕ ਖੇਡਾਂ ਵਿਚ ਇੰਗਲੈਂਡ ਤੇ ਆਇਰਲੈਂਡ ਦੀਆਂ ਟੀਮਾਂ ਵਿਚਾਲੇ ਹੋਏ ਫਾਈਨਲ ਮੈਚ ਵਿਚ 8 ਵਿਚੋਂ 4 ਗੋਲ ਕੀਤੇ ਸਨ। ਬਰਲਿਨ-1936 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਧਿਆਨ ਚੰਦ ਦੇ 8 ਵਿਚੋਂ 3 ਗੋਲ ਸਨ। ਉਪਰੋਕਤ ਖਿਡਾਰੀਆਂ ਨੇ ਕੁਦਰਤੀ ਘਾਹ ਵਾਲੇ ਮੈਦਾਨਾਂ ਉਤੇ ਗੋਲ ਕੀਤੇ ਸਨ। ਆਸਟ੍ਰੋ ਟਰਫ ਉਤੇ ਵਧੇਰੇ ਗੋਲ ਹੋਣ ਦੀ ਸੰਭਾਵਨਾ ਦੇ ਬਾਵਜੂਦ ਬਲਬੀਰ ਸਿੰਘ ਦਾ ਰਿਕਾਰਡ ਅੱਜ ਤਕ ਨਹੀਂ ਟੁੱਟਾ।

ਉਹ ਹਾਕੀ ਖੇਡਣ ਤੋਂ ਰਿਟਾਇਰ ਹੋਣ ਪਿੱਛੋਂ ਹਾਕੀ ਟੀਮਾਂ ਦਾ ਕੋਚ, ਮੈਨੇਜਰ ਤੇ ਪੰਜਾਬ ਦਾ ਸਪੋਰਟਸ ਡਾਇਰੈਕਟਰ ਰਿਹਾ। ਉਸ ਨੇ ਓਲੰਪਿਕ ਖੇਡਾਂ ਦੇ ਤਿੰਨ ਸੋਨ ਤਮਗੇ ਤੇ ਏਸ਼ਿਆਈ ਖੇਡਾਂ ‘ਚੋਂ ਚਾਂਦੀ ਦਾ ਤਮਗਾ ਜਿੱਤਣ ਨਾਲ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਦੋ ਸੋਨ ਤਮਗੇ, ਤਿੰਨ ਚਾਂਦੀ ਦੇ ਤਮਗੇ ਤੇ ਦੋ ਤਾਂਬੇ ਦੇ ਤਮਗੇ ਵੀ ਭਾਰਤ ਨੂੰ ਜਿਤਾਏ। ਭਾਰਤ ਨੇ ਵਿਸ਼ਵ ਹਾਕੀ ਕੱਪ ਸਿਰਫ ਇਕੋ ਵਾਰ ਜਿੱਤਿਆ, ਉਹ ਵੀ ਉਦੋਂ, ਜਦੋਂ ਉਹ ਭਾਰਤੀ ਟੀਮ ਦਾ ਚੀਫ ਕੋਚ/ਮੈਨੇਜਰ ਸੀ। ਉਸ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਲੈ ਕੇ ਓਲੰਪਿਕ ਤੇ ਏਸ਼ੀਅਨ ਖੇਡਾਂ ਵਿਚ ਭਾਰਤੀ ਟੀਮਾਂ ਦੀਆਂ ਕਪਤਾਨੀਆਂ ਕੀਤੀਆਂ। ਹੈਲਸਿੰਕੀ-1952 ਤੇ ਮੈਲਬੌਰਨ-1956 ਦੀਆਂ ਓਲੰਪਿਕ ਖੇਡਾਂ ਵਿਚ ਮਾਰਚ ਪਾਸਟ ਸਮੇਂ ਭਾਰਤੀ ਦਲ ਦਾ ਝੰਡਾਬਰਦਾਰ ਬਣਿਆ। 1954 ਵਿਚ ਸਿੰਘਾਪੁਰ ਮਲਾਇਆ ਟੂਰ ਦੇ 16 ਮੈਚਾਂ ਵਿਚ ਭਾਰਤੀ ਟੀਮ ਦੇ 121 ਗੋਲਾਂ ਵਿਚੋਂ ਉਸ ਨੇ 83 ਗੋਲ ਕੀਤੇ ਸਨ। 1955 ਵਿਚ ਨਿਊਜ਼ੀਲੈਂਡ ਦੇ ਟੂਰ ‘ਚ 37 ਮੈਚਾਂ ਵਿਚ ਭਾਰਤੀ ਟੀਮ ਦੇ 203 ਗੋਲਾਂ ਵਿਚੋਂ 141 ਗੋਲ ਬਲਬੀਰ ਸਿੰਘ ਦੀ ਹਾਕੀ ਨਾਲ ਹੋਏ। ਉਥੇ ਉਸ ਨੂੰ ‘ਗੋਲ ਕਿੰਗ’ ਦਾ ਖਿਤਾਬ ਮਿਲਿਆ।

ਉਹ 1957 ਵਿਚ ਭਾਰਤੀ ਖਿਡਾਰੀਆਂ ‘ਚੋਂ ਸਭ ਤੋਂ ਪਹਿਲਾਂ ਪਦਮਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ ਤੇ ਦੇਸ਼ ਦਾ ਸਰਬੋਤਮ ਖਿਡਾਰੀ ਮੰਨਿਆ ਗਿਆ। 1982 ਦੀਆਂ ਏਸ਼ਿਆਈ ਖੇਡਾਂ ਮੌਕੇ ਖੇਡ ਪੱਤਰਕਾਰਾਂ ਨੇ ਉਸ ਨੂੰ ‘ਸਪੋਰਟਸਮੈਨ ਆਫ ਦਾ ਸੈਂਚਰੀ’ ਐਲਾਨਿਆ। ਉਸ ਨੂੰ ਦਿੱਲੀ ਏਸ਼ੀਆਡ ਦੀ ਜੋਤ ਜਗਾਉਣ ਦਾ ਮਾਣ ਮਿਲਿਆ। ਲੰਡਨ-2012 ਦੀ ਪ੍ਰਦਰਸ਼ਨੀ ਵਿਚ ਓਲੰਪਿਕ ਖੇਡਾਂ ਦੇ ਇਤਿਹਾਸ ‘ਚੋਂ ਜਿਹੜੇ 16 ਖਿਡਾਰੀ ‘ਆਇਕੌਨਿਕ ਓਲੰਪੀਅਨ’ ਚੁਣੇ ਗਏ, ਬਲਬੀਰ ਸਿੰਘ ਉਨ੍ਹਾਂ ਵਿਚੋਂ ਇਕ ਸੀ। ਹਾਕੀ ਦਾ ਸਿਰਫ ਉਹੀ ਇਕੋ ਇਕ ਖਿਡਾਰੀ ਸੀ, ਜਿਸ ਨੂੰ ਇਹ ਮਾਣ ਮਿਲਿਆ। ਓਲੰਪਿਕ ਖੇਡਾਂ ਦੇ 16 ਰਤਨਾਂ ਵਿਚ 8 ਪੁਰਸ਼ ਹਨ ਤੇ 8 ਔਰਤਾਂ। ਉਨ੍ਹਾਂ ਵਿਚ ਏਸ਼ੀਆ ਦੇ ਸਿਰਫ ਦੋ ਤੇ ਭਾਰਤੀ ਉਪ ਮਹਾਦੀਪ ਦਾ ਇਕੱਲਾ ਬਲਬੀਰ ਸਿੰਘ ਹੀ ਹੈ।

ਉਹ ਲਿਖਣ/ਬੋਲਣ ਲੱਗਾ ਅਕਸਰ ਆਖਦਾ, “ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਖੇਡ ਸਾਥੀਆਂ ਤੇ ਸ਼ੁਭਚਿੰਤਕਾਂ ਕਰਕੇ ਹਾਂ। ਮੇਰੇ ਗੋਲ ਤੇ ਮੇਰੀਆਂ ਜਿੱਤਾਂ, ਮੇਰੀ ਟੀਮ ਤੇ ਮੇਰੇ ਸਾਥੀਆਂ ਦੀਆਂ ਜਿੱਤਾਂ ਹਨ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਹਾਕੀ ਮੈਨੂੰ ਇਕ ਪਰੀ ਵਾਂਗ ਮਿਲੀ। ਮੈਂ ਉਸ ਨਾਲ ਖੇਡਿਆ, ਪਿਆਰ ਪਾਇਆ, ਉਸ ਦੀ ਇੱਜ਼ਤ ਕੀਤੀ ਤੇ ਪੂਜਾ ਕਰਨ ਤਕ ਗਿਆ। ਉਹ ਮੇਰੇ ਲਈ ਦੇਵੀ ਬਣ ਗਈ। ਲੰਡਨ ਵਿਚ ਸਾਡੇ ਪਿਆਰ ਨੂੰ ਰੰਗ ਭਾਗ ਲੱਗੇ। ਹੈਲਸਿੰਕੀ ’ਚ ਸਾਡਾ ਵਿਆਹ ਹੋਇਆ ਤੇ ਮੈਲਬੌਰਨ ਵਿਚ ਹਨੀਮੂਨ ਮਨਾਇਆ ਗਿਆ। ਉਹ ਰੁੱਸਦੀ ਵੀ ਰਹੀ ਤੇ ਮੰਨਦੀ ਵੀ ਰਹੀ। ਨਾ ਉਹਨੇ ਸਾਥ ਛੱਡਿਆ, ਨਾ ਮੈਂ। ਮੇਰੀ ਇਕ ਪਤਨੀ ਸੁਸ਼ੀਲ ਸੀ, ਦੂਜੀ ਉਹ। ਉਹ ਕੋਈ ਹੋਰ ਨਹੀਂ, ਮੇਰੀ ਪਿਆਰੀ ਹਾਕੀ ਹੈ!”

ਬਲਬੀਰ ਸਿੰਘ ਨੇ 1985 ਵਿਚ ਆਪਣੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਅਜਾਇਬ ਘਰ ਲਈ ਦੇ ਦਿੱਤੀਆਂ ਸਨ। ਉਨ੍ਹਾਂ ਵਿਚ ਦੋ ਦਰਜਨ ਤੋਂ ਵੱਧ ਮੈਡਲ, ਮੋਮੈਂਟੋ, ਬਲੇਜ਼ਰ ਤੇ ਅਹਿਮ ਸ਼ਖਸੀਅਤਾਂ ਨਾਲ ਨਾਯਾਬ ਤਸਵੀਰਾਂ ਸਨ। ਉਹ ਸਾਈ ਦੇ ਸੈਕਟਰੀ ਏ. ਐਸ. ਤਲਵਾਰ ਨੇ ਵਸੂਲ ਕੀਤੀਆਂ ਸਨ, ਜਿਨ੍ਹਾਂ ਨੂੰ ਵਸੂਲ ਕਰਨ ਦੀ ਫੋਟੋ ਦਾ ਸਬੂਤ ਬਲਬੀਰ ਸਿੰਘ ਦੇ ਪਰਿਵਾਰ ਪਾਸ ਮੌਜੂਦ ਹੈ। ਬਲਬੀਰ ਸਿੰਘ ਦੀਆਂ ਅਨਮੋਲ ਖੇਡ ਨਿਸ਼ਾਨੀਆਂ ਪਤਾ ਨਹੀਂ ਕਿਉਂ ਗਾਇਬ ਕਰ ਦਿੱਤੀਆਂ ਹਨ, ਜੋ ਹੁਣ ਲੱਭ ਨਹੀਂ ਰਹੀਆਂ।

‘ਗੋਲਡਨ ਗੋਲ’ ਦੇ ਪਹਿਲੇ ਪੰਨੇ ’ਤੇ ਬਲਬੀਰ ਸਿੰਘ ਨੇ ਲਿਖਿਆ: 92 ਸਾਲ ਦੀ ਉਮਰ ਵਿਚ ਮੈਂ ਪਿੱਛਲਝਾਤ ਮਾਰਦਾ ਹਾਂ ਤਾਂ ਮੈਨੂੰ ਮੇਰਾ ਨਾਨਕਾ ਪਿੰਡ ਹਰੀਪੁਰ ਯਾਦ ਆ ਜਾਂਦਾ ਹੈ। ਮੇਰਾ ਉਥੇ ਜਨਮ ਹੋਇਆ ਤਾਂ ਕਿਸੇ ਦੇ ਖਾਬ ਖਿਆਲ ਵਿਚ ਨਹੀਂ ਹੋਣਾ ਕਿ ਹਾਕੀ ਮੇਰਾ ਪਹਿਲਾ ਪਿਆਰ ਹੋਵੇਗੀ ਤੇ ਮੈਂ ਉਸ ਦਾ ਦੀਵਾਨਾ ਹੋ ਜਾਵਾਂਗਾ। ਮੈਂ ਪਿੰਡ ਦੇ ਨਿਆਣੇ ਖਿੱਦੋ-ਖੂੰਡੀ ਖੇਡਦੇ ਦੇਖੇ। ਲੀਰਾਂ ਦੀਆਂ ਮੜ੍ਹੀਆਂ ਖਿੱਦੋਆਂ ਹੁੰਦੀਆਂ ਤੇ ਰੁੱਖਾਂ ਤੋਂ ਵੱਢੀਆਂ ਖੂੰਡੀਆਂ। ਪੰਜ ਕੁ ਸਾਲ ਦਾ ਸਾਂ, ਜਦੋਂ ਮੈਨੂੰ ਮੋਗੇ ਲਿਜਾਇਆ ਗਿਆ। ਉਥੇ ਮੇਰੇ ਪਿਤਾ ਜੀ ਅਧਿਆਪਕ ਸਨ। ਸਕੂਲ ਦੇ ਨਾਲ ਹੀ ਬਚਨ ਸਿੰਘ ਦਾ ਹਾਤਾ ਸੀ, ਜਿਥੇ ਅਸੀਂ ਰਹਿੰਦੇ ਸਾਂ। ਮੈਂ ਬੂਹੇ ’ਚ ਬੈਠਾ ਮੁੰਡਿਆਂ ਨੂੰ ਸਕੂਲ ਦੇ ਮੈਦਾਨ ਵਿਚ ਹਾਕੀ ਖੇਡਦੇ ਦੇਖੀ ਜਾਂਦਾ। ਹਾਕੀ ਮੈਨੂੰ ਮੈਸਮਰਾਈਜ਼ ਕਰ ਦਿੰਦੀ ਤੇ ਮੈਨੂੰ ਸੁਰਤ ਨਾ ਰਹਿੰਦੀ ਕਿ ਮੈਂ ਧੁੱਪੇ ਬੈਠਾਂ ਜਾਂ ਛਾਂਵੇਂ? ਹਾਕੀ ਦੇਖਦਾ ਮੈਂ ਭੁੱਖ ਤੇਹ ਵੀ ਭੁੱਲ ਜਾਂਦਾ।

ਫਿਰ ਮੇਰਾ ਜਨਮ ਦਿਨ ਆਇਆ। ਮੇਰੇ ਪਿਤਾ ਜੀ ਨੇ ਪੁੱਛਿਆ, ਕਿਹੜਾ ਖਿਡਾਉਣਾ ਲੈਣਾ? ਮੈਂ ਹਾਕੀ ਦੀ ਮੰਗ ਕੀਤੀ, ਜੋ ਮੈਨੂੰ ਜਨਮ ਦਿਨ ਦੇ ਤੋਹਫੇ ਵਜੋਂ ਮਿਲੀ। ਉਹ ਦਿਨ ਤੇ ਆਹ ਦਿਨ, ਹਾਕੀ ਮੇਰਾ ਇਸ਼ਕ ਬਣੀ ਰਹੀ। ਮੈਂ ਤਾਂ ਪਤਾ ਨਹੀਂ ਹਾਕੀ ਨੂੰ ਕੁਝ ਦੇ ਸਕਿਆਂ ਜਾਂ ਨਹੀਂ, ਪਰ ਹਾਕੀ ਨੇ ਮੈਨੂੰ ਬਹੁਤ ਕੁਛ ਦਿੱਤਾ। ਮੈਂ ਦੇਵ ਸਮਾਜ ਸਕੂਲ ਮੋਗੇ ਦੀ ਹਾਕੀ ਟੀਮ ‘ਸੀ’ ਤੋਂ ‘ਏ’ ਟੀਮ ਤਕ ਖੇਡਿਆ। ਮੋਗੇ, ਲਾਹੌਰ ਤੇ ਅੰਮ੍ਰਿਤਸਰ ਦੇ ਕਾਲਜਾਂ ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਦੀਆਂ ਹਾਕੀ ਟੀਮਾਂ ਵਿਚ ਖੇਡਦਾ, ਪੰਜਾਬ ਪੁਲਿਸ, ਪੰਜਾਬ ਸਟੇਟ ਤੇ ਫਿਰ ਇੰਡੀਆ ਦੀਆਂ ਟੀਮਾਂ ਵਿਚ ਖੇਡਣ ਲੱਗਾ। ਅਨੇਕਾਂ ਕੱਪ ਜਿੱਤੇ, ਟਰਾਫੀਆਂ ਜਿੱਤੀਆਂ ਤੇ ਦਰਜਨਾਂ ਮੈਡਲ, ਜਿਨ੍ਹਾਂ ਵਿਚ ਤਿੰਨ ਤਾਂ ਓਲੰਪਿਕ ਗੋਲਡ ਮੈਡਲ ਹੀ ਹਨ। ਟੀਮਾਂ ਦਾ ਕਪਤਾਨ, ਕੋਚ ਤੇ ਮੈਨੇਜਰ ਬਣ ਕੇ ਵੀ ਬੜੇ ਮੈਡਲ ਜਿੱਤੇ-ਜਿਤਾਏ। ਮੋਗੇ ਦੇ ਨਿੱਕੇ ਜਿਹੇ ‘ਬੀਰੂ’ ਨੂੰ ਹਾਕੀ ਨੇ ਸੱਤਵੇਂ ਅਕਾਸ਼ ਉਤੇ ਚੜ੍ਹਾ ਦਿੱਤਾ!

ਮੈਂ ਕਈ ਵਾਰ ਸੋਚਦਾਂ, ਇਹ ਕ੍ਰਿਸ਼ਮਾ ਕਿਵੇਂ ਹੋਇਆ? ਮੈਂ ਗੋਲਚੀ ਤੋਂ ਸੈਂਟਰ ਫਾਰਵਰਡ ਕਿਵੇਂ ਬਣ ਗਿਆ? ਮੈਨੂੰ ‘ਗੋਲ ਕਿੰਗ’ ਕਿਉਂ ਕਿਹਾ ਜਾਣ ਲੱਗਾ? ਹੈਰਾਨ ਹਾਂ ਕਿ ਹੈਲਸਿੰਕੀ ਓਲੰਪਿਕ ਦੇ ਹਾਕੀ ਫਾਈਨਲ ਵਿਚ ਮੈਂ ਪੰਜ ਗੋਲ ਕਿਵੇਂ ਕਰ ਗਿਆ? ਅਜਿਹਾ ਓਲੰਪਿਕ ਰਿਕਾਰਡ, ਜੋ ਛੇ ਦਹਾਕੇ ਬੀਤ ਜਾਣ ’ਤੇ ਵੀ ਨਹੀਂ ਟੁੱਟ ਰਿਹਾ! ਓਲੰਪਿਕ ਖੇਡਾਂ ਦੇ ਸਫਰ ਦੀਆਂ ਸਾਰੀਆਂ ਖੇਡਾਂ ਵਿਚੋਂ ਜਿਹੜੇ 16 ਆਇਕੌਨਿਕ ਓਲੰਪੀਅਨ ਚੁਣੇ ਗਏ, ਉਨ੍ਹਾਂ ਵਿਚ ਮੈਨੂੰ ਕਿਵੇਂ ਚੁਣ ਲਿਆ ਗਿਆ? ਉਹ ਵੀ ਹਾਕੀ ਦੀ ਦੁਨੀਆਂ ਦਾ ਇਕੋ ਇਕ ਖਿਡਾਰੀ!

ਮੈਂ ਮੁੱਢੋਂ ਹੁੰਦੜਹੇਲ ਬੱਚਾ ਨਹੀਂ ਸਾਂ। ਸਕੂਲ ਵਿਚ ਹਾਕੀ ਖੇਡਣ ਲੱਗਾ ਤਾਂ ਮੈਨੂੰ ਨਿਕੰਦਾ ਸਮਝ ਕੇ ਗੋਲ ਪੋਸਟ ਵਿਚ ਖੜ੍ਹਾ ਦਿੱਤਾ ਜਾਂਦਾ। ਮੈਂ ਗੋਲ ਹੁੰਦੇ ਦੇਖ ਸਕਦਾ ਸਾਂ, ਪਰ ਗੋਲ ਕਰ ਨਹੀਂ ਸਾਂ

(ਬਾਕੀ ਅਗਲੇ ਸਫੇ ’ਤੇ)

# ਸ੍ਰੀ ਚਮਕੌਰ ਸਾਹਿਬ ਦੀ ਧਰਤੀ ਦਾ ਕੋਹਿਨੂਰ-ਬਖਸ਼ੀਸ਼ ਸਿੰਘ 'ਹੀਰਾ'

ਧਿਆਨ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਪਿੰਡਾਂ ਸ਼ਹਿਰਾਂ, ਕਸਬਿਆਂ ਅਤੇ ਇਲਾਕਿਆਂ ਦੇ ਵੀ ਸੁਭਾਅ ਹੁੰਦੇ ਹਨ। ਇਹ ਸੁਭਾਅ ਅਤੇ ਵਰਤਾਰੇ ਆਮ ਲੋਕਾਂ ਉੱਤੇ ਅਸਰ ਪਾਉਂਦੇ ਹਨ। ਕਿਸੇ ਇਲਾਕੇ ਅਤੇ ਪਿੰਡ ਦੇ ਲੋਕ ਕੁਸ਼ਤੀਆਂ ਕਰਦੇ ਹਨ, ਕਿਸੇ ਹੋਰ ਇਲਾਕੇ ਵਾਲੇ ਬਾਕਸਿੰਗ ਕਰਦੇ ਹਨ। ਕਿਸੇ ਹੋਰ ਥਾਂ ਹਾਕੀ ਖੇਡੀ ਜਾਂਦੀ ਹੈ ਅਤੇ ਕਿਧਰੇ ਫੁਟਬਾਲ। ਇਹ ਇਲਾਕੇ ਦੇ ਚੌਗਿਰਦੇ ਦਾ ਹੀ ਅਸਰ ਹੁੰਦਾ ਹੈ। ਸ੍ਰੀ ਚਮਕੌਰ ਸਾਹਿਬ ਸਿੱਖਾਂ ਦਾ ਧਾਰਮਿਕ ਅਤੇ ਇਤਿਹਾਸਕ ਸਥਾਨ ਹੈ। ਇਸ ਅਸਥਾਨ ਉੱਤੇ ਵਾਪਰੀਆਂ ਘਟਨਾਵਾਂ ਨੇ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਅਸਰ ਪਾਇਆ ਹੈ। ਇਲਾਕੇ ਦੇ ਲੋਕਾਂ ਦੇ ਸੁਭਾਅ ਘੜਨ ਵਿਚ ਵੀ ਇਸ ਨੇ ਵੱਡਾ ਯੋਗਦਾਨ ਪਾਇਆ ਹੈ।



**ਨਿਰਮਲ ਸਿੰਘ ਧਾਰਨੀ**
ਫੋਨ: 905-497-1173

ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀ ਯਾਦ ਵਿਚ ਖਾਲਸਾ ਹਾਈ ਸਕੂਲ ਚਲਦਿਆਂ ਸੌ ਤੋਂ ਉੱਤੇ ਵਰ੍ਹੇ ਹੋ ਗਏ ਹਨ। ਇਸ ਸਕੂਲ ਨੇ ਕੁਦਰਤ-ਉਲ-ਸ਼ਆਬ ਵਰਗੇ ਪ੍ਰਬੰਧਕ ਪੈਦਾ ਕੀਤੇ ਹਨ। ਮਿਲਟਰੀ ਅਤੇ ਏਅਰ ਫੋਰਸ ਅਦਾਰਿਆਂ ਨੂੰ ਕਾਬਲ ਅਫਸਰ ਦਿੱਤੇ ਹਨ। ਇੱਥੋਂ ਲਾਗੇ ਪਿੰਡ ਖੇਤੀ ਸਲਾਬਤਪੁਰ ਦੇ ਜਵਾਨਾਂ ਦੀ ਫੌਜ ਵਿਚ ਗਿਣਤੀ ਸ਼ਾਇਦ ਇੰਡੀਆ ਵਿਚੋਂ ਸਭ ਤੋਂ ਵੱਧ ਹੋਵੇ। ਇੱਥੋਂ ਚੰਗੇ ਲਿਖਾਰੀ ਵੀ ਪੈਦਾ ਹੋਏ ਅਤੇ ਚੰਗੇ ਖਿਡਾਰੀ ਵੀ। ਹੈਡਮਾਸਟਰ ਸ. ਜਗਤ ਸਿੰਘ, ਜਿਨ੍ਹਾਂ ਦਾ ਪਿੰਡ ਲਾਗੇ ਹੀ ਸੀ, ਨੇ ਖੇਡਾਂ ਵੱਲ ਬਹੁਤ ਧਿਆਨ ਦਿੱਤਾ। ਕਬੱਡੀ ਅਤੇ ਵਾਲੀਬਾਲ ਦੀਆਂ ਚੰਗੀਆਂ ਟੀਮਾਂ ਤਿਆਰ ਕੀਤੀਆਂ। 30 ਫੁੱਟ ਸਰਕਲ ਦੀ ਕਬੱਡੀ ਸ਼ਾਇਦ ਇਸੇ ਸਕੂਲ ਵਿਚ ਚਲਦੀ ਸੀ। ਗਰਾਊਂਡ ਵੀ ਹੈਡਮਾਸਟਰ ਦੇ ਦਫਤਰ ਦੇ ਲਾਗੇ ਹੀ ਸੀ। ਮਿਹਨਤ ਸਦਕਾ ਇੱਥੋਂ ਬਿਕਰਮ ਸਿੰਘ ਮਹਿਤੋਤ, ਬਖਤੌਰ ਸਿੰਘ ਟੱਪਰੀਆਂ, ਸੀਤਲ ਸਿੰਘ ਰੌਣੀ, ਇੰਦਰਵੀਰ ਸਿੰਘ ਬਹਿਰਾਮਪੁਰ, ਪ੍ਰੇਮ ਸਿੰਘ ਸਾਂਤਪੁਰ ਅਤੇ ਗੁਰਦੇਵ ਸਿੰਘ ਸਿੱਧੂਪੁਰ ਵਰਗੇ ਖਿਡਾਰੀ ਪੈਦਾ ਹੋਏ, ਜਿਨ੍ਹਾਂ ਨੇ ਸਰਕਾਰੀ ਕਾਲਜ ਰੋਪੜ ਵਿਚ ਦਾਖਲ ਹੋ ਕੇ 1954, 1955 ਅਤੇ 1956 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਹਰਾ ਕੇ ਪੰਜਾਬ ਯੂਨੀਵਰਸਿਟੀ ਦੀ ਕਬੱਡੀ ਟਰਾਫੀ ਜਿੱਤੀ। ਇਸੇ ਸਕੂਲ ਤੋਂ ਪੈਦਾ ਹੋਇਆ ਸ. ਬਖਸ਼ੀਸ਼ ਸਿੰਘ 'ਹੀਰਾ', ਜਿਸ ਦਾ ਪਿੰਡ ਹੈ 'ਰੁੜਕੀ' ਹੀਰਾਂ।

ਬਖਸ਼ੀਸ਼ ਸਿੰਘ ਦੇ ਦੋ ਵੱਡੇ ਭਰਾ ਖੇਤੀ ਕਰਦੇ ਹਨ। ਚਾਰ ਛੋਟੇ ਅਤੇ ਸਤਵਾਂ ਬਖਸ਼ੀਸ਼ ਸਿੰਘ। ਪਿਤਾ ਘਰ ਦਾ ਕੰਮ ਕਰਨ ਦੇ ਨਾਲ ਨਾਲ ਆਪਣੇ ਪੁੱਤਰਾਂ ਨੂੰ ਪੜ੍ਹਾਉਣ ਅਤੇ ਖਿਡਾਰੀ ਬਣਾਉਣ ਲਈ ਹਰ ਸੰਭਵ ਉਪਰਾਲਾ ਕਰਦਾ। ਉਸ ਦਾ ਛੋਟਾ ਭਰਾ, ਬਖਸ਼ੀਸ਼ ਸਿੰਘ ਦਾ ਚਾਚਾ ਪਰਤਾਪ ਸਿੰਘ ਸਰਵਿਸਜ਼ ਦੀ ਟੀਮ ਵਿਚ ਹਾਕੀ ਖੇਡਦਾ ਸੀ, ਜਿਸ ਦੇ ਨਾਂ ਉੱਤੇ ਹਰ ਸਾਲ ਰੁੜਕੀ ਵਿਚ ਖੇਡ ਮੇਲਾ ਹੁੰਦਾ ਸੀ। ਇਸੇ ਖੇਡ ਮੇਲੇ ਸਮੇਂ 1967 ਵਿਚ ਮੈਂ ਪਹਿਲੀ ਵਾਰੀ ਸ. ਬਖਸ਼ੀਸ਼ ਸਿੰਘ ਨੂੰ ਦੇਖਿਆ, ਜਦੋਂ ਉਹ ਸਟੇਜ ਤੋਂ ਉਠ ਕੇ ਮੈਨੂੰ ਮਿਲਣ ਆਇਆ, ਕਿਉਂਕਿ ਮੈਂ ਉਸ ਦੀ ਆਸ ਤੋਂ ਉਲਟ ਮਾੜੇ ਪਿਟ ਵਿਚ ਸਾਢੇ ਵੀਹ ਫੁੱਟ ਲੰਮੀ ਛਾਲ ਮਾਰ ਦਿੱਤੀ ਸੀ। ਮਗਰੋਂ ਮੈਂ ਬਖਸ਼ੀਸ਼ ਸਿੰਘ ਦੇ ਨਾਲ ਜਾਂ ਵਿਰੋਧ ਵਿਚ ਵਾਲੀਬਾਲ ਦੇ ਮੈਚ ਵੀ ਖੇਡੇ।

ਸ੍ਰੀ ਚਮਕੌਰ ਸਾਹਿਬ ਦੇ ਸਕੂਲੀ ਜੀਵਨ ਸਮੇਂ ਸ. ਬਖਸ਼ੀਸ਼ ਸਿੰਘ ਹੋਰੀਂ ਪੰਜੇ ਭਰਾ ਕਬੱਡੀ ਖੇਡਦੇ ਰਹੇ। ਦਸਵੀਂ ਪਾਸ ਕਰਨ ਮਗਰੋਂ ਬਖਸ਼ੀਸ਼ ਸਿੰਘ ਮਹਿੰਦਰਾ ਕਾਲਜ ਪਟਿਆਲਾ ਵਿਚ ਦਾਖਲ ਹੋ ਗਿਆ। ਜਿੱਥੇ ਚਮਕੌਰ ਸਾਹਿਬ ਇਲਾਕੇ ਦੇ ਕਬੱਡੀ ਖਿਡਾਰੀ ਕਰਨਲ ਤਰਲੋਚਨ ਸਿੰਘ ਹੋਰੀਂ ਉਸ ਨੂੰ ਲੈ ਗਏ ਸਨ। 1958 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਮਹਿੰਦਰਾ ਕਾਲਜ ਨੂੰ ਟਾਸ ਨਾਲ ਜਿੱਤਿਆ ਸੀ। ਅੱਧੇ ਸਮੇਂ ਤੱਕ ਮਹਿੰਦਰਾ ਕਾਲਜ ਦੇ ਹੱਕ ਵਿਚ 15 ਅਤੇ ਖਾਲਸਾ ਕਾਲਜ ਦਾ ਇੱਕ ਅੰਕ ਸੀ। ਬਖਸ਼ੀਸ਼ ਸਿੰਘ ਨੂੰ ਆਪਣੀ ਖੇਡ ਦਿਖਾਉਣ ਦਾ ਮੌਕਾ ਨਾ ਮਿਲਣ ਕਾਰਨ ਉਹ ਉਸੇ ਸਾਲ ਜੈਨ ਕਾਲਜ ਅੰਬਾਲਾ ਆ ਗਿਆ। ਅੰਬਾਲੇ ਆ ਕੇ ਉਹ ਹਾਕੀ ਵੀ ਖੇਡਿਆ, ਵਾਲੀਬਾਲ ਵੀ, ਅਥਲੈਟਿਕਸ ਵੀ ਕੀਤੀ ਅਤੇ ਕਬੱਡੀ ਵੀ ਖੇਡੀ। 1961 ਵਿਚ ਕਬੱਡੀ ਖੇਡਣ ਲਈ ਪੰਜਾਬ ਸਟੇਟ ਦੀ ਟੀਮ ਵਿਚ ਸ਼ਾਮਲ ਹੋ ਗਿਆ। ਇਸ ਤੋਂ ਪਿੱਛੋਂ ਕਈ ਵਾਰ ਪੰਜਾਬ ਵੱਲੋਂ ਖੇਡਣ ਦਾ ਮੌਕਾ ਮਿਲਿਆ। 1962 ਵਿਚ ਬੀ. ਏ. ਪਾਸ ਕਰਨ ਮਗਰੋਂ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋਂ ਵਾਲੀਬਾਲ ਅਤੇ ਅਥਲੈਟਿਕਸ ਦਾ ਡਿਪਲੋਮਾ ਪਾਸ ਕੀਤਾ। ਜਰਨਲ ਸਪੋਰਟਸ ਇੰਸਟੀਚਿਊਟ, ਯੂਨੀਵਰਸਿਟੀ ਆਫ ਕੋਲੋਨ ਤੋਂ ਐਮ. ਐਸ. ਐਸ. ਪਾਸ ਕੀਤੀ। ਬਖਸ਼ੀਸ਼ ਸਿੰਘ ਦਾ ਵਿਆਹ ਜਬਲਪੁਰ ਦੇ ਆਰਮੀ ਅਫਸਰ ਦੀ ਡਾਕਟਰ ਲੜਕੀ ਨਾਲ ਹੋਇਆ, ਜੋ ਮਗਰੋਂ ਟੀਚਰ ਵੀ ਰਹੀ। ਪਰਿਵਾਰ ਵਿਚ ਦੋ ਬੇਟੇ ਅਤੇ ਦੋ ਬੇਟੀਆਂ ਹਨ। ਦੋ ਜੁਆਈ ਅਤੇ ਦੋ ਨੂੰਹਾਂ ਸਣੇ ਪਰਿਵਾਰ ਦੇ ਅੱਠ ਬੱਚੇ ਆਸਟ੍ਰੇਲੀਆ ਵਿਚ ਡਾਕਟਰ ਹਨ।

ਬਤੌਰ ਕੋਚ ਨਿਯੁਕਤੀ ਹੋ ਜਾਣ ਤੇ 1964 ਤੋਂ 1966 ਪੰਜਾਬ, 1966 ਤੋਂ ਹਰਿਆਣਾ ਵਿਚ ਕੰਮ ਕੀਤਾ। ਥੋੜ੍ਹੇ ਥੋੜ੍ਹੇ ਸਮੇਂ ਲਈ ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕੋਚਿੰਗ ਕੀਤੀ। ਭਾਰਤ ਦੇ ਨਾਰਥ ਜ਼ੋਨ ਮੁਕਾਬਲਿਆਂ ਵਿਚ ਵੱਖ ਵੱਖ ਸਮੇਂ, ਪੰਜਾਬ, ਹਿਮਾਚਲ ਅਤੇ ਰਾਜਸਥਾਨ ਵੱਲੋਂ ਕਬੱਡੀ, ਵਾਲੀਬਾਲ ਅਤੇ ਅਥਲੈਟਿਕਸ ਦੇ ਮੁਕਾਬਲਿਆਂ ਵਿਚ ਹਿੱਸਾ



ਬਖਸ਼ੀਸ਼ ਸਿੰਘ 'ਹੀਰਾ'

ਲਿਆ। 1965 ਵਿਚ ਸ਼ਿਮਲਾ ਵਿਖੇ ਆਲ ਰਾਊਂਡ ਸਪੋਰਟਸਮੈਨ ਆਫ ਇੰਡੀਆ ਐਲਾਨਿਆ ਗਿਆ। 1966 ਤੋਂ ਮਗਰੋਂ ਪੰਜਾਬ ਕਬੱਡੀ ਚੈਂਪੀਅਨਸ਼ਿਪ, ਹਰਿਆਣਾ ਕਬੱਡੀ ਚੈਂਪੀਅਨਸ਼ਿਪ ਅਤੇ ਸਟੇਟ ਲੈਵਲ ਦੇ ਹੋਰ ਟੂਰਨਾਮੈਂਟਾਂ ਵਿਚ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਹਿੱਸਾ ਲਿਆ। ਸਮਾਲਖਾ ਉਦੋਂ ਪੰਜਾਬ ਅਤੇ ਹੁਣ ਹਰਿਆਣਾ ਵਿਚ ਹੋਏ ਪੰਜਾਬ ਪੰਚਾਇਤੀ ਰਾਜ ਖੇਡ ਮੇਲੇ ਵਿਚ ਬੈਸਟ ਖਿਡਾਰੀ ਐਲਾਨਿਆ ਗਿਆ।

1966 ਵਿਚ ਰੋਪੜ ਜ਼ਿਲਾ ਹੋਂਦ ਵਿਚ ਆਉਣ 'ਤੇ ਹੀਰਾ ਜ਼ਿਲਾ ਕਬੱਡੀ ਐਸੋਸੀਏਸ਼ਨ ਦਾ ਜਨਰਲ ਸਕੱਤਰ ਬਣਿਆ। ਪੰਜਾਬ ਕਬੱਡੀ ਐਸੋਸੀਏਸ਼ਨ ਅਤੇ ਆਲ ਇੰਡੀਆ ਕਬੱਡੀ ਫੈਡਰੇਸ਼ਨ ਦਾ ਜੁਆਇੰਟ ਸਕੱਤਰ ਬਣਨ ਦਾ ਮੌਕਾ ਵੀ ਮਿਲਿਆ। 1972 ਵਿਚ ਜਲੰਧਰ ਵਿਚ ਆਲ ਇੰਡੀਆ ਸਰਕਲ ਸਟਾਈਲ ਕਬੱਡੀ ਦੇ ਮੈਚ ਕਰਵਾਏ, ਜਿਸ ਵਿਚ ਚਾਰ ਟੀਮਾਂ ਨੇ ਹਿੱਸਾ ਲਿਆ।

1973 ਵਿਚ ਜਰਮਨੀ ਦੇ ਸ਼ਹਿਰ ਡੁਜ਼ਲਡਾਰਫ ਵਿਚ ਪਾਕਿਸਤਾਨ ਨਾਲ ਹੋਏ ਮੈਚ ਦੇ ਸਮੇਂ ਭਾਰਤ ਦੀ ਕਪਤਾਨੀ ਕੀਤੀ। ਹੋਰ ਦੇਸ਼ਾਂ ਵਿਚ ਵੀ ਮੈਚ ਖੇਡੇ। ਇਰਾਨ ਵਿਚ ਕਬੱਡੀ ਟਰੇਨਿੰਗ ਸੈਮੀਨਾਰ ਆਰਗੇਨਾਈਜ਼ ਕੀਤਾ। 1970 ਵਿਚ ਆਨੰਦਪੁਰ ਸਾਹਿਬ ਵਿਖੇ ਖੇਡ ਮੇਲਾ ਸ਼ੁਰੂ ਕਰਵਾਇਆ। ਸਾਰੇ ਜ਼ਿਲਿਆਂ ਦੀਆਂ ਟੀਮਾਂ ਸ਼ਾਮਿਲ ਹੋਈਆਂ। ਦੇਵੀ ਦਿਆਲ ਵੀ ਇਹ ਮੈਚ ਰੋਪੜ ਵੱਲੋਂ ਖੇਡਿਆ ਅਤੇ ਰੋਪੜ ਹੀ ਫਸਟ ਆਇਆ।

1972-73 ਤੋਂ ਆਸਟ੍ਰੇਲੀਆ ਚਲਿਆ ਗਿਆ, ਜਿਥੇ ਸਪੋਰਟਸ ਮੈਡੀਕਲ ਸਾਇੰਸ ਦੀ ਪੜ੍ਹਾਈ ਕੀਤੀ। 1973 ਵਿਚ ਹੀ ਏਥਨਜ਼ ਵਿਖੇ ਆਸਟ੍ਰੇਲੀਆ ਵੱਲੋਂ ਖੇਡਣ ਦਾ ਮੌਕਾ ਮਿਲਿਆ। ਖੇਡ ਆਬਜ਼ਰਵਰ ਦੇ ਤੌਰ 'ਤੇ ਗਰੀਸ, ਇਰਾਨ, ਹਾਲੈਂਡ, ਜਰਮਨੀ ਨਿਊਜ਼ੀਲੈਂਡ ਅਤੇ ਬ੍ਰਾਜ਼ੀਲ ਵਿਚ ਗਿਆ। ਆਸਟ੍ਰੇਲੀਆ ਵਿਚ ਬਤੌਰ ਕੋਚ ਰਾਸ਼ਟਰੀ ਟੀਮਾਂ ਨੂੰ ਟਰੇਨਿੰਗ ਦੇਣ ਦਾ ਮੌਕਾ ਵੀ ਮਿਲਿਆ।

1979 ਤੋਂ ਆਸਟ੍ਰੇਲੀਆ ਵਿਚ ਅਤੇ ਨਿਊਜ਼ੀਲੈਂਡ ਵਿਚ ਜਿੱਥੇ ਰੇਡੀਓ ਅਤੇ ਟੈਲੀਵਿਜ਼ਨ ਉੱਤੇ ਵਾਲੀਬਾਲ ਅਤੇ ਅਥਲੈਟਿਕਸ ਬਾਰੇ ਟਾਕ ਸ਼ੋਅ ਕੀਤੇ, ਉੱਥੇ ਕਬੱਡੀ ਨੂੰ ਉਤਸ਼ਾਹ ਦੇਣ ਲਈ ਵੀ ਟੀ. ਵੀ. ਅਤੇ ਰੇਡੀਓ ਰਾਹੀਂ ਯੋਗਦਾਨ ਪਾਇਆ। ਇਨ੍ਹਾਂ ਤਿੰਨਾਂ ਗੇਮਾਂ ਦੀਆਂ ਟੀਮਾਂ ਤਿਆਰ ਕਰਨ ਵਿਚ ਬਣਦਾ ਯੋਗਦਾਨ ਪਾਇਆ। ਅਟਲਾਂਟਾ ਓਲੰਪਿਕਸ ਸਮੇਂ ਨਿਊਜ਼ੀਲੈਂਡ ਦੀ ਟੀਮ ਦਾ ਆਫੀਸ਼ੀਅਲ ਕੋਚ ਬਣ ਕੇ ਹਿੱਸਾ ਲਿਆ।

ਆਸਟ੍ਰੇਲੀਆ ਵਿਚ ਰਹਿੰਦਿਆਂ ਆਪਣੀਆਂ ਯੋਗਤਾਵਾਂ ਵਧਾਉਣੀਆਂ ਜਾਰੀ ਰੱਖੀਆਂ। ਮਾਸਟਰ ਆਫ ਫਿਜ਼ਿਓਲੋਜੀ ਆਫ ਐਕਸਰਸਾਈਜ਼ ਐਂਡ ਸਪੋਰਟਸ ਸਾਇੰਸ ਯੂਨੀਵਰਸਿਟੀ ਉਦਕੌਂਬੇ (ਸਿਡਨੀ) ਤੋਂ ਪਾਸ ਕੀਤਾ। ਮਾਸਟਰ ਆਫ ਰੀਕ੍ਰਿਏਸ਼ਨ ਅਤੇ ਲਈਅਰ ਰੁ ਰਿੰਗ ਗਾਲ ਅਡਵਾਂਸ ਕਾਲਜ, ਯੂਨੀਵਰਸਿਟੀ ਲਿੰਡਫੀਲਡ ਸਿਡਨੀ ਤੋਂ ਪਾਸ ਕੀਤਾ। ਬਿਜਨਸ ਸਟੱਡੀ ਕਾਲਜ ਸਿਡਨੀ ਤੋਂ ਡਿਪਲੋਮਾ ਪਾਸ ਕੀਤਾ।

2010 ਵਿਚ ਦਿੱਲੀ ਵਿਚ ਹੋਈਆਂ ਕਾਮਨਵੈਲਥ ਖੇਡਾਂ ਸਮੇਂ ਭਾਰਤੀ ਟੀਮਾਂ ਨੂੰ ਸਪੋਰਟਸ ਇੰਜਰੀ ਟਰੀਟਮੈਂਟ ਦੀ ਸੇਵਾ ਵੀ ਨਿਭਾਈ। ਇਨ੍ਹਾਂ ਦੀਆਂ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੀ ਨੈੱਟਬਾਲ ਟੀਮ ਦੀਆਂ ਸਾਰੀਆਂ ਲੜਕੀਆਂ ਨੇ ਇਨ੍ਹਾਂ ਤੋਂ ਮਿਲੇ ਮਾਂ ਵਰਗੇ ਪਿਆਰ ਅਤੇ ਪਿਤਾ ਵਰਗੀ ਅਗਵਾਈ ਦੀ ਭਰਪੂਰ ਪ੍ਰਸ਼ੰਸਾ ਕੀਤੀ। ਨਿਊਜ਼ੀਲੈਂਡ ਦੇ ਡਿਊਨਡਿਨ ਮਿਲੇਨੀਅਮ ਮਾਸਟਰਜ਼ ਗੇਮਜ਼ ਸਮੇਂ ਜਦੋਂ ਇਨ੍ਹਾਂ ਦੀ ਹਾਰਟ ਸਰਜਰੀ ਹੋਈ ਸੀ, 29 ਦੇਸ਼ਾਂ ਦੇ ਲਗਭਗ 8000 ਖਿਡਾਰੀ ਹਿੱਸਾ ਲੈ ਰਹੇ ਸਨ, ਇਨ੍ਹਾਂ ਨੇ ਸ਼ਾਟਪੁੱਟ ਵਿਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਹੈਮਰ ਥਰੋ ਤੇ ਡਿਸਕਸ ਥਰੋ ਵਿਚ ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਹੌਲੀ ਹੌਲੀ ਬੀਮਾਰੀ ਤੋਂ ਠੀਕ ਹੋਇਆ ਅਤੇ 3 ਤੋਂ 11 ਫਰਵਰੀ 2018 ਨੂੰ ਹੋਈਆਂ ਖੇਡਾਂ ਸਮੇਂ ਗੋਲਾ ਸੁੱਟਣ, ਹੈਮਰ ਥਰੋ, ਜੈਵਲਿਨ ਥਰੋ ਅਤੇ ਡਿਸਕਸ ਥਰੋ ਵਿਚ ਪਹਿਲਾ ਸਥਾਨ ਹਾਸਿਲ ਕੀਤਾ; ਚਾਰ ਗੋਲਡ ਮੈਡਲ ਜਿੱਤੇ।

ਪਹਿਲੀ ਤੋਂ 9 ਫਰਵਰੀ 2020 ਨੂੰ ਹੋਈਆਂ ਮਾਸਟਰਜ਼ ਖੇਡਾਂ ਵਿਚ ਫੇਰ ਚਾਰ ਗੋਲਡ ਮੈਡਲ ਜਿੱਤੇ। ਰੱਬ ਕਰੇ 2022 'ਚ ਵੀ ਇਹ ਆਪਣੀ ਚੜ੍ਹਦੀ ਕਲਾ ਇਸੇ ਤਰ੍ਹਾਂ ਹੀ ਜਾਰੀ ਰੱਖਣ। ਇਨ੍ਹਾਂ ਦੀਆਂ ਖੇਡ ਪ੍ਰਾਪਤੀਆਂ, ਕੋਚਿੰਗ ਸੇਵਾਵਾਂ ਅਤੇ ਖੇਡ ਮੁਕਾਬਲਿਆਂ ਨੂੰ ਸਹੀ ਤਰੀਕੇ ਨਾਲ ਨਿਭਾਉਣ ਬਦਲੇ ਬਹੁਤ ਸਾਰੇ ਪ੍ਰਸ਼ੰਸਾ ਪੱਤਰ ਮਿਲੇ ਹਨ। ਇਨ੍ਹਾਂ ਵਿਚ ਸ਼ਾਮਲ ਹਨ: ਅਮੈਚੁਅਰ ਅਥਲੈਟਿਕ ਫੈਡਰੇਸ਼ਨ ਆਫ ਇੰਡੀਆਂ ਵੱਲੋਂ ਦਿੱਤਾ ਗਿਆ ਪੱਤਰ, ਜਿਸ ਵਿਚ ਲਿਖਿਆ ਗਿਆ ਹੈ ਕਿ ਬਖਸ਼ੀਸ਼ ਸਿੰਘ ਹੀਰਾ ਡਿਕੈਥਲਨ ਵਿਚ ਭਾਰਤ ਦਾ ਚੈਂਪੀਅਨ ਹੈ ਅਤੇ ਭਾਰਤ ਦਾ ਅਥਲੈਟਿਕਸ ਕੋਚ ਹੈ। ਉਸ ਨੇ ਭਾਰਤ ਦੀ ਡਿਕੈਥਲਨ ਅਤੇ ਪੈਨਟੈਥਲਿਨ ਟੀਮ ਨੂੰ ਕਈ ਵਾਰ ਕੋਚਿੰਗ ਦਿੱਤੀ ਹੈ। ਉਸ ਨੇ ਥਰੋਜ਼ ਦੇ ਖੇਤਰ ਵਿਚ ਕੋਚਿੰਗ ਦਿੱਤੀ ਹੈ। ਉਸ ਦੀ ਯੋਗ ਅਗਵਾਈ ਅਤੇ ਮਿਕਨਾਤੀਸੀ ਕੋਚਿੰਗ ਅਧੀਨ ਭਾਰਤੀ ਅਥਲੈਟਿਕ ਟੀਮ ਨੇ ਬਹੁਤ ਸਾਰੇ ਮੁਕਾਬਲਿਆਂ ਵਿਚ ਹਿੱਸਾ ਲਿਆ।

ਉਸ ਨੂੰ ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਵਲੋਂ ਵੀ ਸਨਮਾਨਿਤ ਕੀਤਾ ਗਿਆ, ਕਿਉਂਕਿ ਉਸ ਨੇ ਸਿੱਖ ਖੇਡਾਂ ਦਾ ਆਯੋਜਨ ਕਰਨ ਵਿਚ ਵੱਡਾ ਯੋਗਦਾਨ ਪਾਇਆ। ਪਾਪਾਕੁਰਾ ਅਥਲੈਟਿਕ ਕਲੱਬ ਦੇ ਕੋਚਿੰਗ ਡਾਇਰੈਕਟਰ ਨੇ ਕਲੱਬ ਵਲੋਂ ਸਨਮਾਨਿਤ ਕੀਤਾ।

ਉਹ ਆਸਟ੍ਰੇਲੀਆ ਵਿਚ ਟਰੈਕ ਐਂਡ ਫੀਲਡ ਕੋਚਜ਼ ਐਸੋਸੀਏਸ਼ਨ ਦਾ ਮੈਂਬਰ ਹੈ। ਹੁਣ ਵੀ ਉਹ ਸਮੇਂ ਸਮੇਂ ਇੰਡੀਆ ਆਉਂਦੇ ਹਨ। ਬਹੁਤ ਸਾਰੀਆਂ ਖੇਡ ਸੰਸਥਾਵਾਂ ਨਾਲ ਜੁੜੇ ਹੋਏ ਹਨ। ਹਰਿਆਣਾ ਕਬੱਡੀ ਐਸੋਸੀਏਸ਼ਨ ਦੇ ਸਲਾਹਕਾਰ ਹਨ। ਭਾਰਤ ਆ ਕੇ ਇਲਾਕੇ ਦੇ ਖੇਡ ਮੇਲਿਆਂ ਵਿਚ ਯੋਗਦਾਨ ਪਾਉਂਦੇ ਹਨ। ਸੈਮੀਨਾਰ ਕਰਵਾਉਂਦੇ ਹਨ, ਜਿਨ੍ਹਾਂ ਦਾ ਵਿਸ਼ਾ ਹੁੰਦਾ ਹੈ-ਸੱਟਾਂ ਤੋਂ ਰੋਕਥਾਮ, ਕੰਡੀਸ਼ਨਿੰਗ ਅਤੇ ਫਿਟਨੈਸ। ਉਹ 3713 ਸੈਕਟਰ-46 ਵਿਚ ਸਪੋਰਟਸ ਮੈਡੀਸਿਨ ਕਲਿਨਿਕ ਚਲਾਉਂਦੇ ਹਨ, ਜਿੱਥੇ ਬਿਨਾ ਕਿਸੇ ਖਰਚ ਤੋਂ ਇਲਾਜ ਕੀਤਾ ਜਾਂਦਾ ਹੈ। ਇਸ ਇੰਟਰਨੈਸ਼ਨਲ ਹੈਲਥ-ਸਪੋਰਟਸ ਅਕੈਡਮੀ ਦੇ ਚੇਅਰਮੈਨ ਸ. ਮਹਿਤਾਬ ਸਿੰਘ ਭੰਗੂ ਏ. ਡੀ. ਸੀ ਹਨ। ਪ੍ਰਧਾਨ ਸ. ਬਖਸ਼ੀਸ਼ ਸਿੰਘ ਆਪ ਹਨ। ਉਹ ਆਪਣੀਆਂ ਵਿੱਦਿਅਕ ਪ੍ਰਾਪਤੀਆਂ ਅਤੇ ਖੇਡ ਪ੍ਰਾਪਤੀਆਂ ਨੂੰ ਆਪਣੀ ਸਤਿਕਾਰਯੋਗ ਮਾਂ ਦੀ ਦੇਣ ਸਮਝਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦੀ ਮਾਂ ਹੌਂਸਲੇ ਵਾਲੀ, ਇਮਾਨਦਾਰ ਅਤੇ ਹਰੇਕ ਦੇ ਕੰਮ ਆਉਣ ਵਾਲੀ ਔਰਤ ਸੀ। ਜੇ ਸਾਰੀਆਂ ਮਾਂਵਾਂ ਇਸ ਰਸਤੇ ਤੁਰ ਪੈਣ ਤਾਂ ਖੇਡਾਂ ਤਾਂ ਤਰੱਕੀ ਕਰਨਗੀਆਂ ਹੀ, ਨਸ਼ਿਆਂ ਤੋਂ ਵੀ ਪੰਜਾਬ ਦਾ ਖਹਿੜਾ ਛੁਟ ਜਾਵੇਗਾ। 10 ਫਰਵਰੀ 1941 ਨੂੰ ਜਨਮਿਆ ਬਖਸ਼ੀਸ਼ ਸਿੰਘ 82ਵੇਂ ਸਾਲ ਵਿਚ ਪਰਵੇਸ਼ ਕਰ ਗਿਆ ਹੈ। ਸ਼ਾਲਾ! ਉਹਦੀ ਲੰਮੀ ਉਮਰ ਹੋਵੇ!

## 'ਗੋਲਡਨ ਗੋਲ' ਵਾਲਾ ਬਲਬੀਰ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਸਕਦਾ। ਫਿਰ ਮੈਂ ਫੁੱਲ ਬੈਕ ਬਣਿਆ। ਜਦੋਂ ਮੈਨੂੰ ਸੈਂਟਰ ਫਾਰਵਰਡ ਬਣਨ ਦਾ ਮੌਕਾ ਮਿਲਿਆ, ਮੇਰੀ ਗੋਲ ਕਰਨ ਦੀ ਰੀਝ ਪੂਰੀ ਹੋਣ ਲੱਗੀ। ਮੈਂ ਦਰਸ਼ਕਾਂ ਦੀਆਂ ਨਜ਼ਰਾਂ ਵਿਚ ਆ ਗਿਆ, ਜਿਨ੍ਹਾਂ ਦੀ ਹੱਲਾਸ਼ੇਰੀ ਨਾਲ ਮੇਰੀ ਖੇਡ ਦਿਨੋ ਦਿਨ ਨਿਖਰਦੀ ਗਈ। ਮੇਰੀ ਹਾਕੀ ਨਾਲ ਸੈਂਕੜੇ ਗੋਲ ਹੋਏ, ਪਰ ਮੈਂ ਆਪਣੇ ਪਿਤਾ ਜੀ ਦੀ ਸਿੱਖਿਆ ਸਦਕਾ ਕਦੇ ਹਲੀਮੀ ਦਾ ਪੱਲਾ ਨਹੀਂ ਛੱਡਿਆ। ਸਿਆਣੇ ਸੱਚ ਕਹਿੰਦੇ ਹਨ ਕਿ ਫਲ ਨੀਵਿਆਂ ਰੁੱਖਾਂ ਨੂੰ ਹੀ ਲੱਗਦੇ ਹਨ। ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।

ਕਦੇ ਮੈਂ ਸੋਚਦਾ ਹਾਂ, ਹਾਕੀ ਦਾ ਮੈਨੂੰ ਨਸ਼ਾ ਤਾਂ ਨਹੀਂ ਚੜ੍ਹ ਗਿਆ ਹੋਇਆ? ਕਿਤੇ ਮੈਂ ਹਾਕੀ ਦਾ ਅਡਿਕਟ ਤਾਂ ਨਹੀਂ ਹੋ ਗਿਆ? ਮੈਨੂੰ ਹਰ ਵੇਲੇ ਹਾਕੀ ਦੇ ਸੁਫਨੇ ਕਿਉਂ ਆਉਂਦੇ ਹਨ? ਹਾਕੀ ਖੇਡਣੀ ਛੱਡਣ ਪਿੱਛੋਂ ਵੀ ਕਿਉਂ ਹਾਕੀ ਨਾਲ ਜੁੜਿਆ ਹੋਇਆਂ? ਹਾਕੀ ਮੇਰੇ ਬੁੱਢੇਵਾਰੇ ਵੀ ਕਿਉਂ ਸਿਰ੍ਹਾਣੇ ਪਈ ਹੈ? ਭਾਰਤੀ ਹਾਕੀ ਟੀਮ ਮੈਚ ਜਿੱਤੇ ਤਾਂ ਮੇਰਾ ਦਿਲ ਬਾਗੋਬਾਗ ਹੋ ਜਾਂਦੈ। ਹਾਰ ਜਾਵੇ ਤਾਂ ਮੈਨੂੰ ਪ੍ਰੇਸ਼ਾਨੀ ਹੁੰਦੀ ਹੈ। ਮੈਂ ਹਾਕੀ ਦੀ ਕੋਚਿੰਗ ਬਾਰੇ ਆਪਣੇ ਤਜਰਬੇ ਨਾਲ ਕਿਤਾਬ ਲਿਖੀ ਹੈ ਤੇ ਚਾਹੁੰਦਾ ਹਾਂ ਕਿ ਭਾਰਤੀ ਹਾਕੀ ਆਪਣੇ ਗੋਲਡਨ ਪੀਰੀਅਡ ਨੂੰ ਦੁਹਰਾਵੇ। ਭਾਰਤੀ ਟੀਮ ਮੁੜ ਓਲੰਪਿਕ ਚੈਂਪੀਅਨ ਬਣੇ ਤੇ ਵਰਲਡ ਕੱਪ ਜਿੱਤੇ। ਮੈਂ ਜਿੰਨੇ ਜੋਗਾ ਹਾਂ, ਯਥਾਯੋਗ ਹਿੱਸਾ ਪਾਉਣ ਦਾ ਯਤਨ ਕਰ ਰਿਹਾਂ।

ਮੈਂ ਸਮਝਦਾ ਹਾਂ ਮੇਰੇ 'ਤੇ ਰੱਬ ਦੀ ਰਹਿਮਤ ਹੈ, ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇੱਜ਼ਤ ਕਰਨੀ ਸਿਖਾਈ। ਮੈਨੂੰ ਅਨੁਸ਼ਾਸਨ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਸਾਥੀਆਂ, ਦੋਸਤਾਂ-ਮਿੱਤਰਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੈਂ ਉਨ੍ਹਾਂ ਸਭਨਾਂ ਦਾ ਰਿਣੀ ਹਾਂ, ਜਿਨ੍ਹਾਂ ਨੇ ਮੈਨੂੰ ਸਿੱਖਿਆ ਦਿੱਤੀ ਤੇ ਮੇਰੇ ਸ਼ੁਭਚਿੰਤਕ ਬਣੇ ਰਹੇ। ਮੈਂ ਆਪਣੀ ਪਤਨੀ ਸੁਸ਼ੀਲ ਦੇ ਸਹਿਯੋਗ ਬਿਨਾ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਤਾਂ ਕੀ, ਪੁਲਿਸ ਖੇਡਾਂ ਦੇ ਮੈਡਲ ਵੀ ਨਹੀਂ ਸੀ ਜਿੱਤ ਸਕਦਾ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹੀ ਹਨ। ਮੈਂ ਅਕਸਰ ਆਖਦਾ ਹਾਂ, ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ; ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ। ਉਸ ਦੀ ਕੁਰਬਾਨੀ ਬੇਮਿਸਾਲ ਹੈ।

ਮੈਂ ਧੰਨਵਾਦੀ ਹਾਂ ਪ੍ਰਿੰਸੀਪਲ ਸਰਵਣ ਸਿੰਘ ਜੀ ਦਾ, ਜਿਨ੍ਹਾਂ ਨੇ ਮੇਰੇ ਜੀਵਨ ਤੇ ਖੇਡ ਕੈਰੀਅਰ ਦੀ ਬਾਤ ਪਾ ਕੇ ਨਵੀਆਂ ਪੀੜੀਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨ ਦਾ ਉਚੇਚਾ ਉਪਰਾਲਾ ਕੀਤਾ। ਮੈਨੂੰ ਯਕੀਨ ਹੈ, ਇਹ ਪੁਸਤਕ ਉਨ੍ਹਾਂ ਬੱਚਿਆਂ ਤੇ ਨੌਜੁਆਨਾਂ ਨੂੰ ਜ਼ਰੂਰ ਪ੍ਰੇਰਿਤ ਕਰੇਗੀ, ਜਿਹੜੇ ਮਿਹਨਤ ਕਰ ਕੇ ਕੁਝ ਬਣਨਾ ਚਾਹੁੰਦੇ ਹਨ। ਮੇਰਾ ਭਵਿੱਖ ਦੇ ਖਿਡਾਰੀਆਂ ਨੂੰ ਇਹੋ ਸੰਦੇਸ਼ ਹੈ ਕਿ ਸਭ ਤੋਂ ਉਪਰਲਾ ਸਥਾਨ ਸਦਾ ਖਾਲੀ ਹੁੰਦਾ ਹੈ। ਤੁਹਾਡੀ ਮਿਹਨਤ ਤੁਹਾਨੂੰ ਸਭ ਤੋਂ ਉੱਚੇ ਸਥਾਨ 'ਤੇ ਪੁਚਾ ਸਕਦੀ ਹੈ।

ਬਲਬੀਰ ਸਿੰਘ ਸੀਨੀਅਰ ਦਾ ਅਸਲੀ ਨਾਂ ਬਲਬੀਰ ਸਿੰਘ ਦੁਸਾਂਝ ਸੀ। ਉਹ 31 ਦਸੰਬਰ 1923 ਤੋਂ 25 ਮਈ 2020 ਤਕ 96 ਸਾਲ 4 ਮਹੀਨੇ 25 ਦਿਨ ਜੀਵਿਆ। ਪਿਛਲੇ ਸਾਲ ਉਹਦੇ ਸਸਕਾਰ ਸਮੇਂ ਪੰਜਾਬ ਸਰਕਾਰ ਵੱਲੋਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਨੇ ਐਲਾਨ ਕੀਤਾ ਸੀ ਕਿ ਮੁਹਾਲੀ ਦੇ ਆਸਟਰੋ ਟਰਫ ਹਾਕੀ ਸਟੇਡੀਅਮ ਦਾ ਨਾਂ ਓਲੰਪੀਅਨ ਬਲਬੀਰ ਸਿੰਘ ਸਟੇਡੀਅਮ ਰੱਖਿਆ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ, ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਲਿਖਿਆ ਜਾਵੇਗਾ ਕਿ ਬਲਬੀਰ ਸਿੰਘ ਦੀਆਂ ਖੇਡ ਸੇਵਾਵਾਂ ਦੀ ਕਦਰ ਕਰਦਿਆਂ ਉਸ ਨੂੰ ਭਾਰਤ ਰਤਨ ਅਵਾਰਡ ਦਿੱਤਾ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਿਆਨ ਦਿੱਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਸਿੱਖ ਮਿਊਜ਼ੀਅਮ ਵਿਚ ਲਾਇਆ ਜਾਵੇਗਾ। ਇਹ ਅਜੇ ਤਕ ਬਿਆਨ ਹਨ। ਬਲਬੀਰ ਸਿੰਘ ਵਰਗੇ ਖਿਡਾਰੀ ਨਿੱਤ-ਨਿੱਤ ਨਹੀਂ ਜੰਮਦੇ। ਅਜੇ ਵੀ ਮੌਕਾ ਹੈ। ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਾਲੇ ਦੱਸਣ ਕਿ ਉਹ ਆਪਣੇ ਕਥਨਾਂ 'ਤੇ ਅਮਲ ਕਦੋਂ ਕਰਨਗੇ?

## ਆ ਗਿਆ ਵਣਜਾਰਾ

ਕੋਈ ਸਮਾਂ ਸੀ ਜਦੋਂ ਪਿੰਡਾਂ 'ਚ ਸਾਉਣ ਦੇ ਮਹੀਨੇ ਚੂੜੀਆਂ ਚੜ੍ਹਾਉਣ ਵਾਲੇ ਵਣਜਾਰੇ ਆਉਂਦੇ ਹੁੰਦੇ ਸਨ। ਉਦੋਂ ਨਿੱਕੀਆਂ ਕੁੜੀਆਂ ਤੋਂ ਲੈ ਕੇ ਵਿਆਹੀਆਂ ਹੋਈਆਂ ਕੁੜੀਆਂ ਤੇ ਔਰਤਾਂ ਨੂੰ ਚੂੜੀਆਂ ਚੜ੍ਹਾਉਣ ਦਾ ਮਣਾਂ-ਮੂੰਹੀ ਚਾਅ ਹੁੰਦਾ ਸੀ। ਇਨ੍ਹਾਂ ਚੂੜੀਆਂ ਨੂੰ ਵੇਚਣ ਆਉਣ ਵਾਲੇ ਵਪਾਰੀ ਨੂੰ ਹੀ ਵਣਜਾਰਾ ਕਿਹਾ ਜਾਂਦਾ ਸੀ। ਇਕ ਮਸ਼ਹੂਰ ਗੀਤ ਹੈ, "ਆ ਗਿਆ ਵਣਜਾਰਾ ਨੀ ਚੜ੍ਹਾ ਲੈ ਝਾਂਝੇ ਚੂੜੀਆਂ।"

ਚੂੜੀਆਂ ਚੜ੍ਹਾਉਣ ਵਾਲਾ ਵਣਜਾਰਾ ਆਮ ਤੌਰ 'ਤੇ ਇੱਕ ਸਾਈਕਲ ਉੱਤੇ ਆਉਂਦਾ ਸੀ ਅਤੇ ਉਸ ਨੇ ਆਪਣੇ ਮਗਰ ਇੱਕ ਲੱਕੜੀ ਦੀ ਪੇਟੀ ਜਾਂ ਬਕਸੇ ਨੂੰ ਕੱਪੜੇ ਵਿਚ ਬੰਨ੍ਹ ਕੇ ਰੱਖਿਆ ਹੁੰਦਾ ਸੀ। ਪਿੰਡ ਵੜਦੇ ਹੀ ਵਣਜਾਰਾ 'ਕੁੜੀਓ ਚੂੜੀਆਂ ਚੜ੍ਹਾ ਲਵੋ' ਦਾ ਹੋਕਾ ਦਿੰਦਾ ਤੇ ਫਿਰ ਪਿੰਡ ਦੀ ਕਿਸੇ ਸਾਂਝੀ ਜਗ੍ਹਾ ਜਿਵੇਂ ਧਰਮਸ਼ਾਲਾ ਆਦਿ ਵਿਚ ਆਪਣੀ ਦੁਕਾਨ ਜਮਾ ਲੈਂਦਾ। ਕਦੇ ਕਦੇ ਚੂੜੀਆਂ ਚੜ੍ਹਾਉਂਦੇ ਵਣਜਾਰੇ ਕੋਲੋਂ ਕੋਈ ਚੂੜੀ ਟੁੱਟ ਜਾਂਦੀ ਤਾਂ ਉਹ ਕਹਿੰਦਾ, 'ਕੁੜੇ ਤੇਰੀ ਸੱਸ ਤੈਨੂੰ ਬਾਹਲਾ ਪਿਆਰ ਕਰਦੀ ਆ।' ਵੰਗਾਂ ਵਾਲੇ ਬਕਸੇ ਵਿਚ ਉਸ ਨੇ ਵੰਗਾਂ ਨੂੰ ਵੱਖ ਵੱਖ ਰੰਗਾਂ ਵਿਚ ਸਜਾ ਸਜਾ ਕੇ ਰੱਖਿਆ ਹੁੰਦਾ। ਚੂੜੀਆਂ ਤੋਂ ਇਲਾਵਾ ਕੰਨ, ਨੱਕ ਵੀ ਵਿੰਨ੍ਹ ਦਿੰਦਾ ਸੀ। ਉਸ ਕੋਲ ਝੁੰਮਕੇ, ਨੱਤੀਆਂ, ਕੋਕੇ, ਗਾਨੀਆਂ, ਸੁਰਖੀ, ਪਾਊਡਰ, ਬਿੰਦੀਆਂ, ਕੱਜਲ, ਸਿੰਧੂਰ-ਗੱਲ ਕੀ! ਔਰਤਾਂ ਦੀ ਵਰਤੋਂ ਦਾ ਲਗਭਗ ਹਰ ਸਮਾਨ ਉਸ ਦੇ ਜਾਦੂ ਦੇ ਪਿਟਾਰੇ ਵਿਚੋਂ ਮਿਲ ਜਾਂਦਾ ਸੀ। ਵਣਜਾਰਿਆਂ ਬਾਰੇ ਬਹੁਤ ਸਾਰੇ ਗੀਤ ਤੇ ਲੋਕ ਗੀਤ ਵੀ ਘੜੇ ਗਏ ਹਨ। ਵਣਜਾਰਾ ਵੀ ਕੋਈ ਦਿਲਚਸਪ ਤਬੀਅਤ ਵਾਲਾ ਇਨਸਾਨ ਹੁੰਦਾ ਸੀ। ਹਾਸਾ-ਠੱਠਾ ਕਰਦੇ ਕਰਦੇ ਆਪਣਾ ਸਮਾਨ ਵੇਚਣ ਦਾ ਹੁਨਰ ਵੀ ਉਸ ਕੋਲ ਖੂਬ ਹੁੰਦਾ ਸੀ। ਉਸ ਸਮੇਂ ਕੁਆਰੀਆਂ ਕੁੜੀਆਂ ਨੂੰ ਜ਼ਿਆਦਾ ਹਾਰ-ਸ਼ਿੰਗਾਰ ਕਰਨ ਦੀ ਮਨਾਹੀ ਹੁੰਦੀ ਸੀ, ਉਨ੍ਹਾਂ ਨੂੰ ਤਾਂ ਸਿਰਫ ਚੂੜੀਆਂ ਚੜ੍ਹਾ ਕੇ ਹੀ ਸਬਰ ਕਰਨਾ ਪੈਂਦਾ ਸੀ। ਵਿਆਹੀਆਂ ਕੁੜੀਆਂ ਲਈ ਇਹ ਦਿਨ ਕਿਸੇ ਮੇਲੇ ਤਿਉਹਾਰ ਵਰਗਾ ਹੁੰਦਾ, ਜਦੋਂ ਉਹ ਆਪਣੀ ਰੀਝ ਦੀ ਹਰ ਚੀਜ਼ ਖਰੀਦ ਸਕਦੀਆਂ ਸਨ। ਕਈਆਂ ਕੁੜੀਆਂ ਦੇ ਪਿਓ-ਭਰਾ ਸਖਤ ਮਿਜਾਜ਼ ਦੇ ਹੋਣ ਕਰਕੇ ਉਨ੍ਹਾਂ ਨੂੰ ਚੂੜੀਆਂ ਦੀ ਆਗਿਆ ਨਾ ਮਿਲਦੀ ਤਾਂ ਉਹ ਮਨ ਮਸੋਸ ਕੇ ਰਹਿ ਜਾਂਦੀਆਂ। ਅਜਿਹੇ ਵਿਚ ਕੋਈ ਸਿਆਣੀ ਬਜ਼ੁਰਗ ਔਰਤ ਕੰਮ ਆ ਜਾਂਦੀ, ਜੋ ਕਈ ਵਾਰ ਉਨ੍ਹਾਂ ਦੇ ਬਾਪ ਜਾਂ ਭਰਾ ਨੂੰ ਝਿੜਕ ਕੇ ਚੂੜੀਆਂ ਚੜ੍ਹਵਾ ਲੈਣ ਵਿਚ ਮਦਦ ਵੀ ਕਰ ਦਿੰਦੀ। ਇਸ ਤਰ੍ਹਾਂ ਪਿੰਡ ਵਿਚ ਵਣਜਾਰੇ ਦਾ ਕਦੇ ਕਦਾਈਂ ਵੱਜਿਆ ਗੇੜਾ ਸਾਰੇ ਪਿੰਡ ਦੀਆਂ ਨੂੰਹਾਂ-ਧੀਆਂ ਲਈ ਬਹੁਤ ਵੱਡੀ ਖੁਸ਼ੀ ਦਾ ਸਬੱਬ ਬਣ ਜਾਂਦਾ ਸੀ।

*-ਰਾਜਨਦੀਪ ਕੌਰ ਮਾਨ, ਫੋਨ: 91-62393-26166*

# ਬੈਚ ਫੁੱਲ ਹਨੀਸੱਕਲ: ਅਤੀਤ ਦਾ ਹੇਰਵਾ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਿਵੇਂ ਹਰ ਦੇਸ ਦਾ ਇਤਿਹਾਸ ਹੁੰਦਾ ਹੈ, ਉਵੇਂ ਹੀ ਹਰ ਵਿਅਕਤੀ ਦਾ ਵੀ ਆਪਣਾ ਇਕ ਇਤਿਹਾਸ ਹੁੰਦਾ ਹੈ। ਇਹ ਇਤਿਹਾਸ ਉਸ ਦੇ ਜੀਵਨ ਦੀਆਂ ਘਟਨਾਵਾਂ ਨੇ ਰਚਿਆ ਹੁੰਦਾ ਹੈ ਤੇ ਯਾਦਾਂ ਦੀ ਸ਼ਕਲ ਵਿਚ ਉਸ ਦੇ ਮਨ ਦੀਆਂ ਤਹਿਆਂ ਵਿਚ ਪਿਆ ਹੁੰਦਾ ਹੈ। ਇਹ ਸਿਰਫ ਉਸ ਦੀਆਂ ਹੱਡਬੀਤੀਆਂ ਦਾ ਸਿੱਧਾ ਸਾਦਾ ਪੰਜੀਕਰਣ ਨਹੀਂ ਹੁੰਦਾ, ਸਗੋਂ ਉਸ ਦੇ ਗਹਿਰੇ ਜੈਵਿਕ ਅਨੁਭਵਾਂ ਦਾ ਸੰਗ੍ਰਹਿ ਹੁੰਦਾ ਹੈ। ਇਹ ਉਹ ਅਦੁੱਤੀ ਅਨੁਭਵ ਹੁੰਦੇ ਹਨ, ਜੋ ਉਸ ਨੇ ਹੀ ਹੰਢਾਏ ਹੁੰਦੇ ਹਨ, ਕਿਸੇ ਹੋਰ ਨੇ ਨਹੀਂ। ਉਸ ਨੇ ਇਨ੍ਹਾਂ ਨੂੰ ਆਪਣੀ ਇਕ ਵਿਲੱਖਣ ਰੰਗਤ ਤੇ ਆਪਣੇ ਮੁੱਲ (Values) ਦਿੱਤੇ ਹੁੰਦੇ ਹਨ। ਇਹੀ ਨਹੀਂ, ਇਨ੍ਹਾਂ ਅਨੁਭਵਾਂ ਨੇ ਹੀ ਉਸ ਦੀ ਸੋਚ ਤੇ ਮੁੱਲਾਂ ਨੂੰ ਵੀ ਸਿਰਜਿਆ ਹੁੰਦਾ ਹੈ। ਇਉਂ ਕਹੋ ਕਿ ਉਸ ਦੇ ਅਨੁਭਵ ਤੇ ਇਨ੍ਹਾਂ ਨਾਲ ਸਬੰਧਤ ਪ੍ਰਾਚੀਨ ਘਟਨਾਵਾਂ ਉਸ ਦੇ ਵਿਅਕਤੀਤਵ ਨਾਲ ਇੰਨੀਆਂ ਇੱਕ-ਮਿੱਕ ਹੋ ਗਈਆਂ ਹੁੰਦੀਆਂ ਹਨ ਕਿ ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਅਰਥਾਤ ਉਸ ਨੂੰ ਆਪਣੇ ਪਿਛੋਕੜ ਨੂੰ ਕਿਤਾਬ ਵਾਂਗੂ ਕੱਢ ਕੇ ਪੜ੍ਹਨਾ ਤੇ ਚਿਤਾਰਨਾ ਨਹੀਂ ਪੈਂਦਾ, ਸਗੋਂ ਇਸ ਦੇ ਲਤੀਵਾਰ ਹਵਾਲੇ ਭੂਮਿਕਾ ਵਜੋਂ ਆਪ ਹੀ ਉਸ ਅੱਗੇ ਖੁਲ੍ਹਦੇ ਰਹਿੰਦੇ ਹਨ ਤੇ ਉਸ ਨੂੰ ਵਾਹ ਲਗਦੇ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਸ ਲਈ ਸਾਧਾਰਣ ਮਨੁੱਖ ਲਈ ਉਸ ਦਾ ਅਤੀਤ ਮੁੱਖ ਤੌਰ 'ਤੇ ਇਕ ਸੰਦਰਵਮਈ ਪਛਾਣ ਦਾ ਕੰਮ ਕਰਦਾ ਹੈ, ਪਰ ਇਹ ਉਸ ਦੇ ਮਨਸ਼ਿਆਂ ਦਾ ਦਿਸ਼ਾ ਨਿਰਦੇਸ਼ਨ ਨਹੀਂ ਕਰਦਾ। ਦਿਸ਼ਾ ਨਿਰਧਾਰਤ ਕਰਨ ਲਈ ਇਸ ਵਿਚ ਕਈ ਹੋਰ ਵਰਤਮਾਨ ਤੇ ਭਵਿੱਖਮੁਖੀ ਤੱਤਾਂ ਦੀ ਲੋੜ ਹੁੰਦੀ ਹੈ।

ਕਈ ਲੋਕ ਅਤੀਤ ਪ੍ਰਤੀ ਇੰਨੇ ਲਗਾਉਵਾਦੀ ਹੋ ਜਾਂਦੇ ਹਨ ਕਿ ਉਹ ਇਸ ਨਾਲ ਚੰਬੜ ਕੇ ਬੈਠ ਜਾਂਦੇ ਹਨ। ਇਹ ਅਤੀਤਜੀਵੀ ਆਪਣੇ ਉਦੇਸ਼ਾਂ ਤੇ ਭਾਵਨਾਵਾਂ ਦਾ ਮੂੰਹ ਪਿਛਾਂਹ ਵੱਲ ਖੋਲ੍ਹ ਕੇ ਰੱਖਦੇ ਹਨ। ਉਨ੍ਹਾਂ ਦੀ ਆਪਣੇ ਵਰਤਮਾਨ ਤੇ ਭਵਿੱਖ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ ਤੇ ਉਹ ਆਪਣੇ ਬੀਤ ਚੁਕੇ ਸਮੇਂ ਨੂੰ ਨਿਹਾਰਦੇ ਰਹਿੰਦੇ ਹਨ। ਉਨ੍ਹਾਂ ਨੂੰ ਆਪਣੇ ਪਿਛੋਕੜ ਨਾਲ ਇੰਨਾ ਮੋਹ ਬਣ ਜਾਂਦਾ ਹੈ ਕਿ ਇਹ ਉਨ੍ਹਾਂ ਦੇ ਅੱਗੇ ਚਲਣ ਵਿਚ ਰੁਕਾਵਟ ਬਣ ਜਾਂਦਾ ਹੈ। ਉਹ ਵਰਤਮਾਨ ਨਾਲ ਨਜਿੱਠਣ ਤੇ ਭਵਿੱਖ ਦੀ ਯੋਜਨਾ ਕਰਨ ਦੀ ਥਾਂ ਪਿਛਾਂਹ ਵਲ ਤੱਕਦੇ ਰਹਿੰਦੇ ਹਨ। ਆਪਣੇ ਜੀਵਨ ਦੀਆਂ ਲਾਹੇਵੰਦ ਘੜੀਆਂ, ਜਿਨ੍ਹਾਂ ਵਿਚ ਅਗਾਂਹ ਵਲ ਚਲਣਾ ਹੁੰਦਾ ਹੈ, ਉਹ ਅਤੀਤ ਵਲ ਝਾਕਦੇ ਬਿਤਾ ਦਿੰਦੇ ਹਨ। ਅਤੀਤ ਦੇ ਸਿੱਟਿਆਂ ਤੋਂ ਸੇਧ ਲੈ ਕੇ ਅਗਲਾ ਕਦਮ ਚੁੱਕਣਾ ਹੋਰ ਗੱਲ ਹੈ, ਪਰ ਇਹ ਲੋਕ ਤਾਂ ਪਿਛਲਝਾਤ ਵਿਚ ਲੀਨ ਹੋ ਕੇ ਇਸ ਤੋਂ ਬਾਹਰ ਆਉਣਾ ਹੀ ਨਹੀਂ ਚਾਹੁੰਦੇ। ਕਈ ਲੋਕ ਇਨ੍ਹਾਂ ਨੂੰ ਅੰਤਰਮੁਖੀ ਕਹਿੰਦੇ ਹਨ, ਕਈ ਸੁਪਨਸਾਜ਼, ਪਰ ਹੁੰਦੇ ਇਹ ਇਕ ਤਰ੍ਹਾਂ ਦੇ ਬੀਮਾਰ ਹੀ ਹਨ, ਜਿਨ੍ਹਾਂ ਦੀ ਸੋਚ ਦਾ ਘੁੰਡ ਅੰਦਰਵਾਰ ਮੁੜਿਆ ਹੁੰਦਾ ਹੈ। ਕੋਈ ਘੱਟ ਤੇ ਕੋਈ ਵੱਧ, ਸਮੇਂ ਦੀ ਵੰਗਾਰ ਵੇਲੇ ਇਹ ਸਾਰੇ ਹੀ ਆਪਣੀ ਸੋਚ ਦੇ ਆਕਾਸ਼ ਵਿਚ ਤਾਰੀਆਂ ਲਾਉਂਦੇ ਰਹਿੰਦੇ ਹਨ। ਪਿੱਛਲਮੁਖੀ ਸੋਚ ਦੇ ਧਾਰਨੀ ਕਿੰਨੇ ਹੀ ਇਹ ਲੋਕ ਸਾਡੇ ਇਰਦ-ਗਿਰਦ ਘੁੰਮਦੇ ਮਿਲ ਜਾਣਗੇ। ਗੱਲ ਸਿਰਫ ਇਨ੍ਹਾਂ ਨੂੰ ਪਛਾਨਣ ਦੀ ਹੈ।

ਬੀਮਾਰ ਤਾਂ ਇਹ ਹੁੰਦੇ ਹੀ ਹਨ, ਪਰ ਕੀ ਇਹ ਲੋਕ ਸ਼ਦਾਈ ਭਾਵ ਨੀਮ-ਪਾਗਲ (Maniac) ਹੁੰਦੇ ਹਨ ਜਾਂ ਸਿਰਫ ਆਦਤਨ ਫੁਕਰੇ, ਨਿਕੰਮੇ ਤੇ ਭੂਤਕਾਲ-ਪ੍ਰਸਤੀ? ਇਹ ਕੁਝ ਵੀ ਹੋ ਸਕਦੇ ਹਨ। ਸਾਧਾਰਨ ਪੁਰਾ-ਪ੍ਰਸ਼ੰਸਨ ਤੋਂ ਲੈ ਕੇ ਪੂਰੇ ਪਾਗਲਪਣ ਤੀਕ ਇਨ੍ਹਾਂ ਦੀਆਂ ਅਨੇਕ ਕਿਸਮਾਂ ਹੋ ਸਕਦੀਆਂ ਹਨ, ਪਰ ਇਨ੍ਹਾਂ ਸਭ ਵਿਚ ਬੀਤੇ ਕੱਲ੍ਹ ਦਾ ਮੋਹ ਇਕ ਸਾਂਝੀ ਗੱਲ ਹੈ, ਜੋ ਰਿਣਾਤਮਿਕ ਹੋਣ ਕਰਕੇ ਸਿਹਤਮੰਦੀ ਦੀ ਨਿਸ਼ਾਨੀ ਨਹੀਂ। ਕਈ ਕਹਿਣਗੇ ਕਿ ਬੀਤੇ ਕੱਲ੍ਹ ਦਾ ਮੋਹ ਤਾਂ ਚੰਗੀ ਗੱਲ ਹੈ, ਵਿਰਸੇ ਨਾਲ ਜੋੜਦਾ ਹੈ, ਫਿਰ ਇਹ ਰਿਣਾਤਮਿਕ ਕਿਵੇਂ ਹੋਇਆ? ਇਹ ਉਵੇਂ ਹੀ ਹੈ, ਜਿਵੇਂ ਸਹਿਜ ਮਾਤਰਾ ਵਿਚ ਨਮਕ ਖਾਣੇ ਨੂੰ ਸਵਾਦੀ ਬਣਾਉਂਦਾ ਹੈ ਤੇ ਵਧੀਕ ਮਾਤਰਾ ਵਿਚ ਬੇਸਵਾਦੀ। ਇਹ ਇਵੇਂ ਵੀ ਹੈ, ਜਿਵੇਂ ਕੱਲ੍ਹ ਦਾ ਖਾਧਾ ਸਵਾਦੀ ਭੋਜਨ ਸੌ ਵਾਰ ਯਾਦ ਕਰਨ ਤੇ ਗੁਣਗਾਣ ਕਰਨ 'ਤੇ ਵੀ ਅੱਜ ਦੀ ਭੁੱਖ ਨਹੀਂ ਮਿਟਾ ਸਕਦਾ। ਜੀਵਨ ਦੀ ਦਿਸ਼ਾ ਅਗਾਂਹ-ਮੁਖੀ ਹੈ, ਪਰ ਇਨ੍ਹਾਂ ਲੋਕਾਂ ਦੀ ਮੱਤ ਅੰਤਰ-ਮੁਖੀ ਭਾਵ ਪਿਛਾਂਹ-ਮੁਖੀ ਹੁੰਦੀ ਹੈ। ਮਨੁੱਖੀ ਵਿਹਾਰ 'ਤੇ ਭਾਰੂ ਬਣਨ ਨਾਲ ਇਸ ਸੋਚ ਦਾ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਇਹ ਮਨੁੱਖ ਨੂੰ ਦਿਸ਼ਾ-ਹੀਣ ਕਰਦੀ ਹੈ। ਪੂਰੀ ਤਰ੍ਹਾਂ ਵਿਅਕਤੀਗਤ ਮੁੱਲਾਂ 'ਤੇ ਖੜ੍ਹੀ ਹੋਣ ਕਰ ਕੇ ਇਸ ਸੋਚ ਦਾ ਦਾਇਰਾ ਵਿਅਕਤੀ ਦੇ ਆਪਣੇ ਭੀਤਰੀ ਅਨੁਭਵਾਂ ਤੀਕ ਹੀ ਸੀਮਤ ਹੁੰਦਾ ਹੈ।

ਦੂਜੀਆਂ ਮਨੋਵਿਗਿਆਨਕ ਹਾਲਤਾਂ ਵਾਂਗ ਇਸ ਪਿਛਲੋਚਨੀ ਸੋਚ ਦਾ ਵੀ ਬੈਚ ਫੁੱਲ-ਪ੍ਰਣਾਲੀ ਤੋਂ ਬਿਨਾ ਕਿਸੇ ਮੈਡੀਕਲ ਸਿਸਟਮ ਵਿਚ ਕੋਈ ਇਲਾਜ ਨਹੀਂ ਹੈ। ਇਸ ਦੇ ਰੋਗੀਆਂ ਨੂੰ ਅੱਵਲ ਤਾਂ ਬਿਮਾਰ ਸਮਝਿਆ ਹੀ ਨਹੀਂ ਜਾਂਦਾ, ਕਿਉਂਕਿ ਭੂਤ ਕਾਲ ਨਾਲ ਖੋਏ (Obsessed) ਰਹਿੰਦਿਆਂ ਵੀ ਉਹ ਕੋਈ ਬਹੁਤੀ ਬੇਤੁਕੀ ਜਾਂ ਬੇ-ਤਰਕੀ ਗੱਲ ਤਾਂ ਕਰਦੇ ਨਹੀਂ, ਜੋ ਦੂਜਿਆਂ ਦੇ ਸਮਝ ਵਿਚ ਨਾ ਆ ਸਕਣ। ਡਾਕਟਰ ਲੋਕ ਆਮ ਤੌਰ 'ਤੇ ਉਨ੍ਹਾਂ ਨੂੰ ਖਬਤੀ ਕਹਿ ਕੇ ਸਾਰ ਦਿੰਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਵਲ ਬਹੁਤਾ ਧਿਆਨ ਨਹੀਂ ਦਿੰਦੇ। ਜੇ ਹਾਲਤ ਹੱਦੋਂ ਬਾਹਰ ਹੋਵੇ ਤਾਂ ਉਨ੍ਹਾਂ ਨੂੰ ਕਿਸੇ ਸਿਆਣੇ ਜਾਂ ਸਲਾਹਕਾਰ ਕੋਲ ਲਿਜਾਇਆ ਜਾਂਦਾ ਹੈ, ਜੋ ਉਸ ਨੂੰ ਆਪਣੇ ਇਲਮ ਨਾਲ ਠੀਕ ਕਰਨ ਦਾ ਭਰੋਸਾ ਦਿੰਦਾ ਹੈ। ਹਸਪਤਾਲ ਵਿਚ ਕੇਸ ਚਲਾ ਜਾਵੇ ਤਾਂ ਕਿਸੇ ਮਨੋਵਿਗਿਆਨੀ ਕੋਲ ਭੇਜ ਦਿੱਤਾ ਜਾਂਦਾ ਹੈ, ਜੋ ਆਪਣੀ ਪ੍ਰੈਕਟਿਸ ਦੇ ਹੁਨਰ ਤੇ ਮਨ ਨੂੰ ਕਾਬੂ ਕਰਨ ਵਾਲੀਆਂ ਨੀਮ ਨਸ਼ੀਲੀਆਂ ਦਵਾਈਆਂ ਨਾਲ ਉਸ ਨੂੰ ਸਹੀ ਰੱਖਣ ਦਾ ਯਤਨ ਕਰਦਾ ਹੈ; ਪਰ ਇਹ ਇਲਾਜ ਨਹੀਂ ਕਹੇ ਜਾ ਸਕਦੇ, ਸਿਰਫ ਡੰਗ-ਟਪਾਊ ਉਪਰਾਲੇ ਹੁੰਦੇ ਹਨ। ਇਨ੍ਹਾਂ ਮਰੀਜ਼ਾਂ ਨੂੰ ਅੰਤਰਮੁਖੀ ਰਟ ਵਿਚੋਂ ਬਾਹਰ ਕੱਢਣ ਦਾ ਇਕੋ ਇਕ ਰਸਤਾ ਬੈਚ ਫੁੱਲ ਦਵਾ ਹਨੀਸੱਕਲ (Honeysuckle) ਹੈ, ਜਿਸ ਦੇ ਸੇਵਨ ਨਾਲ ਉਸ ਦੀ ਸੋਚ ਤੇ ਵਿਹਾਰ ਸਾਵੇ ਹੋ ਜਾਂਦੇ ਹਨ।

ਇਸ ਦੇ ਭਾਈਚਾਰਕ ਮਨੋਰਥਾਂ ਦਾ ਘਾਣ ਕਰਦੇ ਹਨ। ਇਨ੍ਹਾਂ ਭੂਤ-ਕਾਲੀ ਯੂਟੋਪੀਆਈ ਲੋਕਾਂ ਸਾਹਮਣੇ ਆਰਥਿਕ, ਵਿਗਿਆਨਕ, ਭਾਈਚਾਰਕ ਤੇ ਵਾਤਾਵਾਰਨਕ ਸਮੱਸਿਆਵਾਂ ਦੀ ਵੰਗਾਰ ਕੋਈ ਅਰਥ ਨਹੀਂ ਰੱਖਦੀ, ਕਿਉਂਕਿ ਇਹ ਵਰਤਮਾਨ ਵਿਚ ਰਹਿੰਦੇ ਹੀ ਨਹੀਂ। ਇਨ੍ਹਾਂ ਲਈ ਆਪਣੇ ਸਾਹਮਣੇ ਵਿਚਰਦੀ ਜਨਤਾ ਦੀ ਅਨਪੜ੍ਹਤਾ, ਗਰੀਬੀ, ਲਾਚਾਰੀ, ਭੁੱਖਮਰੀ, ਸੋਸ਼ਣ, ਬਿਮਾਰੀ, ਬੇਰੁਜ਼ਗਾਰੀ ਤੇ ਬੇਆਵਾਸੀ ਦੀਆਂ ਸਮੱਸਿਆਵਾਂ ਦੀ ਕੋਈ ਚਿੰਤਾ ਨਹੀਂ, ਇਨ੍ਹਾਂ ਸਾਹਮਣੇ ਤਾਂ ਕਿਸੇ ਲੁਭਾਉਣੀ ਕਾਲਪਨਿਕ ਵਿਵਸਥਾ ਦਾ ਅਕਸ ਹੁੰਦਾ ਹੈ, ਜਿਸ ਵਿਚ ਇਹ ਰੰਗ ਭਰਦੇ ਰਹਿੰਦੇ ਹਨ। ਜਿਹਤੀਆਂ ਥਾਂਵਾਂ ਜਾਂ ਵਿਵਸਥਾਵਾਂ ਕਿਸੇ ਨੇ ਦੇਖੀਆਂ ਨਹੀਂ, ਉਹ ਇਨ੍ਹਾਂ ਦੇ ਮਨ ਨੂੰ ਇੰਨਾ ਟੁੰਬਦੀਆਂ ਹਨ ਕਿ ਇਹ ਉਨ੍ਹਾਂ ਵਿਚ ਹੀ ਲੁਪਤ ਹੋਏ ਰਹਿੰਦੇ ਹਨ।

ਲਗਦਾ ਹੈ ਕਿ ਅਤੀਤ ਨੂੰ ਕਲਪਣ ਤੇ ਇਸ ਦੇ ਲੁਭਾਵਣ ਵਿਚ ਆਉਣ ਵਾਲੇ ਬਹੁਤੇ ਵਿਅਕਤੀ ਭਾਰਤ ਵਿਚ ਰਹਿੰਦੇ ਹਨ। ਉੱਥੇ ਤਾਂ ਕਈ ਸਮੁਦਾਇਆਂ ਤੇ ਰਾਜਨੀਤਕ ਦਲਾਂ ਨੇ ਪ੍ਰਾਚੀਨ ਇਤਿਹਾਸਕ ਦੌਰਾਂ ਤੇ ਉਨ੍ਹਾਂ ਦੀਆਂ ਸਮਾਜਿਕ ਸੰਸਥਾਵਾਂ ਦੀ ਮੁੜ-ਸੁਰਜੀਤੀ ਨੂੰ ਆਪਣੇ ਰਾਜਨੀਤਕ ਮਨੋਰਥਾਂ ਦੀ ਲਿਸਟ ਵਿਚ ਪਾ ਰੱਖਿਆ ਹੈ। ਜਨਤਾ ਦੀਆਂ ਅੱਖਾਂ ਚੁੰਧਿਆਉਣ ਲਈ ਸੁਪਨਮਈ ਸੁਨਹਿਰੀ ਕਾਲ ਬਾਰੇ 'ਸੋਨੇ ਕੀ ਚਿੜੀਆ' ਤੇ 'ਸੋਨ ਬੰਗਲਾ' ਜਿਹੇ ਕਈ ਦਿਲਚਸਪ ਜੁਮਲੇ ਘੜ ਲਏ ਹਨ। ਇਹ ਖੇਡ ਹੁਣ ਤੋਂ ਨਹੀਂ, ਸਾਲਾਂ ਤੋਂ ਚਲ ਰਹੀ ਹੈ। ਸੁਨਹਿਰੀ ਕਾਲ ਹਰ ਦੇਸ ਦੇ ਇਤਿਹਾਸ ਵਿਚ ਹੁੰਦੇ ਹਨ, ਪਰ ਕੋਈ ਮੁਲਕ ਭੂਤ ਕਾਲ ਨੂੰ ਮੁੜ ਖੜ੍ਹਾ ਕਰਨ ਬਾਰੇ ਸੋਚ ਕੇ ਸਮਾਂ ਬਰਬਾਦ ਨਹੀਂ ਕਰਦਾ। ਇੰਗਲੈਂਡ ਦੇ ਲੋਕ ਕਦੇ ਮਹਾਰਾਣੀ ਐਲਿਜ਼ਬੈਥ ਪਹਿਲੀ ਦੇ ਰਾਜ ਕਾਲ ਨਾਲ ਦਿਵਾਨਗੀ ਦੀ ਹੱਦ ਤੀਕ ਨਹੀਂ ਜੁੜੇ। ਕਿਸੇ ਕਾਲ ਨੂੰ ਚੰਗਾ ਜਾਂ ਮਾੜਾ ਕਹਿ ਕੇ ਮੁਲੰਕਣ ਕਰਨ ਵਿਚ ਕੋਈ ਦੋਸ਼ ਨਹੀਂ ਹੁੰਦਾ, ਪਰ ਜੇ ਕੋਈ ਕਿਸੇ ਪੁਰਾਤਨ ਵਿਵਸਥਾ ਨੂੰ ਮੁੜ ਸੁਰਜੀਤ ਕਰਨ ਦੀ ਗੱਲ 'ਤੇ ਲੱਕ ਬੰਨ੍ਹ ਕੇ ਵਰਤਮਾਨ ਵਲੋਂ ਅੱਖਾਂ ਮੀਟ ਲਵੇ ਤਾਂ ਉਹ ਇਤਿਹਾਸਕ ਭੁੱਲ ਦਾ ਹੀ ਗੁਨਾਹਗਾਰ ਨਹੀਂ ਹੁੰਦਾ, ਟੇਢੀ ਸੋਚ ਦਾ ਵੀ ਭਾਗੀਦਾਰ ਹੁੰਦਾ ਹੈ। ਅਜਿਹੀ ਬਿਮਾਰ ਮਾਨਸਿਕ ਦਸ਼ਾ ਦਾ ਇਲਾਜ ਸਿਰਫ ਹਨੀਸੱਕਲ ਕਰ ਸਕਦੀ ਹੈ, ਪਰ ਇਹ ਵੀ ਅਸਲ ਬੀਮਾਰਾਂ ਨੂੰ ਹੀ ਠੀਕ ਕਰ ਸਕਦੀ ਹੈ; ਰਾਜਨੀਤਕ ਡਰਾਮੇਬਾਜ਼ਾਂ (Pretenders) ਦਾ ਇਹ ਕੁਝ ਨਹੀਂ ਕਰ ਸਕਦੀ।




ਹਨੀਸੱਕਲ ਬਾਰੇ ਡਾ. ਬੈਚ ਲਿਖਦੇ ਹਨ ਕਿ ਇਹ ਫੁੱਲ ਦਵਾਈ ਉਨ੍ਹਾਂ ਵਿਅਕਤੀਆਂ ਲਈ ਹੈ, "ਜੋ ਵਧੇਰੇ ਕਰਕੇ ਭੂਤ ਕਾਲ ਵਿਚ ਵਿਚਰਦੇ ਹਨ, ਇਸ ਨੂੰ ਆਪਣਾ ਸਭ ਤੋਂ ਖੁਸ਼ਹਾਲ ਭਾਵ ਖੁਸ਼ੀਆਂ ਭਰਿਆ ਸਮਾਂ ਮੰਨਦੇ ਹਨ ਜਾਂ ਕਿਸੇ ਵਿਛੜੇ ਦੋਸਤ ਦੀ ਯਾਦ ਵਿਚ ਲਾਉਂਦੇ ਹਨ ਜਾਂ ਉਨ੍ਹਾਂ ਖੁਆਹਿਸ਼ਾਂ ਬਾਰੇ ਸੋਚਦੇ ਰਹਿੰਦੇ ਹਨ, ਜੋ ਪੂਰੀਆਂ ਨਹੀਂ ਹੋ ਸਕੀਆਂ। ਉਹ ਜਿਸ ਸਮੇਂ ਨੂੰ ਪਿੱਛੇ ਹੰਢਾ ਚੁਕੇ ਹਨ, ਉਸ ਜਿਹਾ ਭਵਿੱਖ ਵਿਚ ਆਉਣ ਦੀ ਕਦੇ ਉਮੀਦ ਨਹੀਂ ਰੱਖਦੇ।" ਡਾ. ਬੈਚ ਨੇ ਇਸ ਸੰਖੇਪ ਵਰਣਨ ਵਿਚ ਹਨੀਸੱਕਲ ਬਾਰੇ ਉਹ ਕੁਝ ਸਭ ਕਹਿ ਦਿੱਤਾ ਹੈ, ਜੋ ਇਸ ਬਾਰੇ ਕਿਹਾ ਜਾ ਸਕਦਾ ਹੈ।

ਹਨੀਸੱਕਲ ਦੇ ਮਰੀਜ਼ ਆਪਣੇ ਭੂਤ ਕਾਲ ਦੇ ਸਮੇਂ ਨੂੰ ਕਦੇ ਨਾ ਆਉਣ ਵਾਲਾ ਸੁਨਹਿਰੀ ਯੁਗ ਸਮਝ ਕੇ ਵਡਿਆਉਂਦੇ ਹਨ। ਇਹ ਉਹੀ ਲੋਕ ਹੁੰਦੇ ਹਨ, ਜੋ ਪੁਰਾਤਨ ਲੋਕ-ਗਾਥਾਵਾਂ ਸੰਗ ਜਿਉਂਦੇ ਹਨ ਤੇ ਇਤਿਹਾਸ ਦਾ ਪਹੀਆ ਪਿਛਾਂਹ ਵਲ ਮੋੜਨਾ ਚਾਹੁੰਦੇ ਹਨ। ਇਹ ਉਹੀ ਲੋਕ ਹਨ, ਜੋ ਮਿਥਿਹਾਸਕ ਸੂਰਮਿਆਂ ਦੇ ਘਰ-ਸਮਾਰਕ ਬਣਾਉਂਦੇ ਹਨ, ਪਰ ਝੋਪੜੀਆਂ ਵਿਚ ਰੁਲਦੀ ਖਲਕਤ ਵਲ ਵੇਖਦੇ ਨਹੀਂ। ਇਹ ਉਹੀ ਲੋਕ ਹਨ, ਜੋ ਵੈਦਿਕ ਕਾਲ ਜਾਂ ਰਾਮ ਰਾਜ ਬਾਰੇ ਪੜ੍ਹ-ਸੁਣ ਕੇ ਇਸ ਨੂੰ ਆਪਣਾ ਸਵਰਨ ਯੁਗ ਮੰਨਦੇ ਹਨ ਤੇ ਇਸ ਦੀ ਮੁੜ ਸਥਾਪਨਾ ਨੂੰ ਆਪਣੀ ਕਲਪਨਾ ਦਾ ਧੁਰਾ ਮੰਨਦੇ ਹਨ, ਪਰ ਯਥਾਰਥਿਕ ਜੀਵਨ ਵਿਚ

ਹਨੀਸੱਕਲ ਜਿਹੀ ਰਿਣਾਤਮਿਕਤਾ ਕਈ ਹੋਰ ਰੂਪਾਂ ਵਿਚ ਵੀ ਉੱਭਰ ਸਕਦੀ ਹੈ। ਬਹੁਤ ਸਾਰੇ ਲੋਕ ਆਪਣੇ ਪਿਓ-ਦਾਦੇ ਨਾਲ ਬਿਤਾਏ ਦਿਨਾਂ ਨੂੰ ਬਹੁਤ ਯਾਦ ਕਰਦੇ ਰਹਿੰਦੇ ਹਨ ਤੇ ਕਈ ਮਾਂਵਾਂ ਠੰਡੀਆਂ ਛਾਂਵਾਂ ਨੂੰ ਯਾਦ ਕਰ ਕੇ ਝੂਰੀ ਜਾਂਦੇ ਹਨ। ਕਈ ਬਚਪਨ ਦੇ ਸਾਥੀਆਂ ਨੂੰ ਨਹੀਂ ਭੁੱਲਦੇ ਤੇ ਕਈਆਂ ਨੂੰ ਸਹਿਪਾਠੀਆਂ ਦਾ ਉਦਰੇਵਾਂ ਸਤਾਈ ਜਾਂਦਾ ਹੈ। ਫੇਸਬੁੱਕ ਤਾਂ ਸ਼ੁਰੂ ਹੀ ਇਨ੍ਹਾਂ ਲਈ ਹੋਇਆ ਸੀ। ਆਪਣੀ ਵਿਹਲ ਦੇ ਸਮੇਂ ਨੂੰ ਕਿਸੇ ਸਿਰਜਣਾਤਮਕ ਗਤੀਵਿਧੀ ਵਿਚ ਲਾਉਣ ਦੀ ਥਾਂ ਇਹ ਲੋਕ ਪਿਛਲਿਆਂ ਨੂੰ ਯਾਦ ਕਰਨ ਵਿਚ ਬਤੀਤ ਕਰੀ ਜਾਂਦੇ ਹਨ। ਜੇ ਕਿਸੇ ਦਾ ਜੀਵਨ ਸਾਥੀ ਵਿਛੜ ਜਾਵੇ ਤਾਂ ਇਹ ਬੜੇ ਹੀ ਸਦਮੇ ਵਾਲੀ ਗੱਲ ਹੁੰਦੀ ਹੈ, ਪਰ ਭਾਣਾ ਮੰਨਣ ਦੀ ਥਾਂ ਇਸ ਗੱਲ ਨੂੰ ਦਿਲ ਨਾਲ ਲਾ ਕੇ ਕਈ ਵਿਅਕਤੀ ਸਾਰੀ ਉਮਰ ਵਿਲ੍ਹਕਦੇ ਰਹਿੰਦੇ ਹਨ। ਉਹ ਹਰ ਗੱਲ ਵਿਚ ਉਸ ਦਾ ਜ਼ਿਕਰ ਕਰਦੇ ਹਨ ਤੇ ਹਰ ਜ਼ਿਕਰ 'ਤੇ ਰੋਂਦੇ ਰਹਿੰਦੇ ਹਨ। ਕਈ ਤਾਂ ਉੱਠਦੇ-ਬੈਠਦੇ ਆਪਣੇ ਵਿਛੜੇ ਮਿੱਤਰ-ਪਿਆਰੇ ਨੂੰ ਆਪਣੀਆਂ ਅੱਖਾਂ ਅੱਗੇ ਰੱਖਦੇ ਹਨ। ਕਈ ਉਨ੍ਹਾਂ ਨਾਲ ਆਹਮੋ-ਸਾਹਮਣੇ ਗੱਲਾਂ ਕਰਦੇ ਹਨ ਤੇ ਕਈ ਸੁਪਨਿਆਂ ਵਿਚ ਮਿਲਦੇ ਹਨ।

ਕਈ ਨੌਜਵਾਨ ਵਿਧਵਾਵਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਰਹਿੰਦੀ, ਉਹ ਆਪਣੇ ਵਿਛੜੇ ਸੁਹਾਗਾਂ ਦੀ ਯਾਦ ਵਿਚ ਹੀ ਜੀਵਨ ਬਿਤਾ ਦਿੰਦੀਆਂ ਹਨ। ਕਈਆਂ ਦੇ ਜੀਵਨ ਸਾਥੀ ਉਨ੍ਹਾਂ ਨੂੰ ਛੱਡ ਕੇ ਚਲੇ ਜਾਂਦੇ ਹਨ, ਪਰ ਉਹ ਉਨ੍ਹਾਂ ਦੇ ਮੋਹ ਤੋਂ ਬਾਹਰ ਨਹੀਂ ਆ ਸਕਦੇ। ਸਾਡੀ ਇਕ ਅਣਵਿਆਹੀ ਸਹਿਕਰਮੀ ਦਾ ਪ੍ਰੇਮੀ ਖਾੜਕੂਵਾਦ ਦੀ ਭੇਟ ਚੜ੍ਹ ਗਿਆ। ਉਸ ਨੇ ਸਾਰੀ ਉਮਰ ਉਸ ਦੇ ਗਮ ਵਿਚ ਰੋ ਕੇ ਗੁਜ਼ਾਰ ਦਿੱਤੀ ਤੇ ਕਦੇ ਵਿਆਹ ਨਾ ਕਰਵਾਇਆ। ਪੁੱਛਣ 'ਤੇ ਇਹੀ ਕਹਿੰਦੀ ਕਿ ਨਾ ਉਸ ਜਿਹਾ ਕੋਈ ਮਿਲੇਗਾ ਤੇ ਨਾ ਉਹ ਕਿਸੇ ਨੂੰ ਪ੍ਰਣਾਏਗੀ। ਡਾ. ਬੈਚ ਅਨੁਸਾਰ ਇਸ ਤਰ੍ਹਾਂ ਦੇ ਵਿਅਕਤੀ ਲੋੜ ਨਾਲੋਂ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਸਿਰਫ ਹਨੀਸੱਕਲ ਇਨ੍ਹਾਂ ਦੇ ਮਨ ਨੂੰ ਤਰਕ ਨਾਲ ਤਰ ਕਰ ਕੇ ਇਨ੍ਹਾਂ ਨੂੰ ਖੁਸ਼ੀ ਭਰਪੂਰ ਜੀਵਨ ਦਾ ਲੜ ਪਕੜਾ ਸਕਦੀ ਹੈ।

ਡਾ. ਸੋਹਨ ਰਾਜ ਤੇਤਰ ਤੇ ਮੋਹਨ ਲਾਲ ਜੈਨ ਹਨੀਸੱਕਲ ਦੇ ਲੱਛਣ ਦੱਸਦੇ ਲਿਖਦੇ ਹਨ, "ਹਮੇਸ਼ਾ ਪੁਰਾਣੀਆਂ ਯਾਦਾਂ ਵਿਚ ਖੋਏ ਰਹਿਣਾ, ਅਤੀਤ ਤੋਂ ਬਾਹਰ ਨਾ ਆਉਣਾ; ਪੁਰਾਣੀਆਂ ਗਲਤੀਆਂ ਤੇ ਪਛਤਾਉਂਦੇ ਰਹਿਣਾ ਤੇ ਦੁਖੀ ਹੁੰਦੇ ਰਹਿਣਾ; ਵਰਤਮਾਨ ਵਿਚ ਕੋਈ ਦਿਲਚਸਪੀ ਨਾ ਰੱਖਣਾ; ਪਰਿਵਾਰਕ ਮੈਂਬਰਾਂ ਤੋਂ ਪਰੇ ਨਾ ਰਹਿ ਸਕਣਾ ਤੇ ਉਨ੍ਹਾਂ ਨਾਲੋਂ ਵਿਛੜ ਕੇ ਨਾ-ਖੁਸ਼ ਰਹੀ ਜਾਣਾ।" ਇਨ੍ਹਾਂ ਡਾਕਟਰਾਂ ਨੇ ਸੱਚੀ ਮੁੱਚੀਂ ਹਨੀਸੱਕਲ ਦੀ ਥਾਹ ਪਾਈ ਲਗਦੀ ਹੈ। ਇਨ੍ਹਾਂ ਦਾ ਲਿਖਿਆ ਇਕ ਇਕ ਸ਼ਬਦ ਸੋਨਾ ਹੈ। ਇਹ ਮੈਂ ਆਪਣੀ ਪ੍ਰੈਕਟਿਸ ਵਿਚ ਆਪ ਅਜ਼ਮਾਇਆ ਹੈ।

ਦੋ ਸਾਲ ਦੀ ਗੱਲ ਹੈ, ਮੈਨੂੰ ਇਕ ਨੌਜਵਾਨ ਔਰਤ ਦਾ ਫੋਨ ਆਇਆ। ਉਸ ਨੇ ਮਿਲ ਕੇ ਆਪਣਾ ਦੁੱਖ ਦੱਸਣ ਦੀ ਮੰਗ ਕੀਤੀ। ਜਦੋਂ ਆਈ ਤਾਂ ਆ ਕੇ ਦੱਸਿਆ ਕਿ ਕਈ ਸਾਲ ਪਹਿਲਾਂ ਉਸ ਦਾ ਪਤੀ ਉਸ ਨੂੰ ਤਲਾਕ ਦੇ ਕੇ ਛੱਡ ਗਿਆ ਸੀ। ਉਸ ਦੇ ਜਾਣ ਤੋਂ ਬਾਅਦ ਉਹ ਆਪਣੇ ਮਾਤਾ-ਪਿਤਾ ਨਾਲ ਰਹਿ ਕੇ ਜਿਵੇਂ ਕਿਵੇਂ ਆਪਣੇ ਦੋ ਬੱਚਿਆਂ ਨੂੰ ਪਾਲਦੀ ਰਹੀ, ਪਰ ਫਿਰ ਉਸ ਦੇ ਦੋਵੇਂ ਮਾਪੇ ਉਪਰੋਥਲੀ ਪਰਲੋਕ ਸਿਧਾਰ ਗਏ। ਉਹ ਉਨ੍ਹਾਂ ਨਾਲ ਬੇਹੱਦ ਲਗਾਓ ਰੱਖਦੀ ਸੀ, ਇਸ ਲਈ ਉਨ੍ਹਾਂ ਦੇ ਵਿਛੋੜੇ ਦਾ ਗਮ ਦਿਲ ਨੂੰ ਲਾ ਗਈ। ਉਹ ਬੇਸਹਾਰਾ ਹੋ ਕੇ ਇੰਨੀ ਟੁੱਟ ਗਈ ਕਿ ਉਸ ਨੂੰ ਜੀਵਨ ਵਿਚ ਕੋਈ ਦਿਲਚਸਪੀ ਨਾ ਰਹੀ। ਸਾਰਾ ਦਿਨ ਬੀਤੇ ਪਲਾਂ ਨੂੰ ਯਾਦ ਕਰ ਕੇ ਰੋਂਦੀ ਰਹਿੰਦੀ। ਕਈ ਵਾਰ ਜੀਵਨ ਲੀਲਾ ਸਮਾਪਤ ਕਰਨ ਦੀ ਸੋਚਦੀ, ਪਰ ਬੱਚਿਆਂ ਕਾਰਨ ਉਹ ਵੀ ਨਾ ਕਰ ਸਕਦੀ। ਜਿੰਨੀ ਦੇਰ ਉਹ ਮੇਰੇ ਕੋਲ ਬੈਠੀ ਰਹੀ, ਰੋਂਦੀ ਹੀ ਰਹੀ। ਇਸ ਭਾਵੁਕ ਦੁਰਦਸ਼ਾ ਦੇ ਨਾਲ ਨਾਲ ਉਸ ਨੂੰ ਕਈ ਸਰੀਰਕ ਤਕਲੀਫਾਂ ਵੀ ਆ ਚੰਬੜੀਆਂ। ਇਨ੍ਹਾਂ ਦਾ ਇਲਾਜ ਕਰਨ ਲਈ ਉਸ ਨੇ ਬਹੁਤ ਕੀਤੀ। ਕੋਈ ਹੋਰ ਦਵਾਈ ਦੇਣ ਤੋਂ ਪਹਿਲਾਂ ਮੈਂ ਉਸ ਨੂੰ ਉਸ ਦੇ ਅਤੀਤ ਤੇ ਸਵਰਗਵਾਸੀ ਮਾਤਾ-ਪਿਤਾ ਦੇ ਮੋਹ-ਚੱਕਰ 'ਚੋਂ ਬਾਹਰ ਕੱਢਣ ਲਈ ਹਨੀਸੱਕਲ ਦਿੱਤੀ। ਇਕ ਮਹੀਨਾ ਇਹ ਦਵਾਈ ਖਾਣ ਤੋਂ ਬਾਅਦ ਜਦੋਂ ਉਹ ਫਿਰ ਆਈ ਤਾਂ ਰੋਣਾ-ਧੋਣਾ ਉਸ ਦੇ ਨੇੜੇ ਨਹੀਂ ਸੀ। ਕੁਝ ਸਮਾਂ ਹੋਰ ਉਸ ਦੀਆਂ ਦੂਜੀਆਂ ਤਕਲੀਫਾਂ ਦਾ ਇਲਾਜ ਚੱਲਿਆ। ਅੰਤ ਵਿਚ ਉਸ ਨੇ ਦੱਸਿਆ ਕਿ ਉਸ ਨੇ ਆਪਣੀ ਤਰੱਕੀ ਲਈ ਇਕ ਆਨ-ਲਾਈਨ ਕੋਰਸ ਸ਼ੁਰੂ ਕੀਤਾ ਹੈ ਤੇ ਇਕ ਜੀਵਨ ਸਾਥੀ ਦੀ ਤਾਲਾਸ਼ ਕਰ ਕੇ ਵਿਆਹ ਕਰਨ ਦਾ ਮਨ ਵੀ ਬਣਾਇਆ ਹੈ।

ਜਦੋਂ ਮੈਂ ਕਾਲਜ ਵਿਚ ਦਾਖਲ ਹੋਇਆ, ਉਦੋਂ ਦੇਸ ਨਵਾਂ ਨਵਾਂ ਆਜ਼ਾਦ ਹੋਇਆ ਸੀ। ਸਾਡੇ ਕਈ ਅਧਿਆਪਕ ਪੱਛਮੀ ਪੰਜਾਬ ਤੋਂ ਆਏ ਹੋਏ ਸਨ। ਦਰਅਸਲ ਉਹ ਸਾਰਾ ਕਾਲਜ ਹੀ ਲਾਹੌਰ ਤੋਂ ਉੱਖੜ ਕੇ ਇੱਧਰ ਮੁੜ-ਸਥਾਪਿਤ ਹੋਇਆ ਸੀ। ਉਸ ਦੇ ਨਾਂ ਵਿਚ ਹਾਲੇ ਵੀ ਕੌਮਿਆਂ ਵਿਚ (ਲਾਹੌਰ) ਲਿਖਿਆ ਹੋਇਆ ਸੀ। ਇਸ ਦਾ ਲਾਹੌਰ ਵਾਲਾ ਹੀ ਪੁਰਾਣਾ ਪ੍ਰਿੰਸੀਪਲ ਚਲਿਆ ਆ ਰਿਹਾ ਸੀ, ਜੋ ਕੋਟ-ਪੈਂਟ ਨਾਲ ਤੁੱਰਕੇ ਤੇ ਟੋਪੀ ਵਾਲੀ ਪਗੜੀ ਪਹਿਨਦਾ ਸੀ। ਇਨ੍ਹਾਂ ਲਹਿੰਦੇ ਪੰਜਾਬੋਂ ਆਏ ਲੋਕਾਂ ਵਿਚੋਂ ਸਾਡਾ ਇਕ ਅਧਿਆਪਕ ਲਾਹੌਰ ਦੇ ਹੀ ਗੁਣ ਗਾਈ ਜਾਂਦਾ ਹੁੰਦਾ ਸੀ। ਉਸ ਨੂੰ ਸੁਤੰਤਰਤਾ ਨਾਲ, ਆਪਣੇ ਨਵੇਂ ਦੇਸ ਨਾਲ ਤੇ ਇਸ ਦੇ ਮੌਜੂਦਾ ਹਾਲਾਤ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਉਸ ਦੇ ਦਿਮਾਗ ਤੇ ਤਾਂ ਲਾਹੌਰ ਹੀ ਇਸ ਕਦਰ ਛਾਇਆ ਹੋਇਆ ਸੀ, ਜਿਵੇਂ ਉਸ ਤੋਂ ਬਿਨਾ ਦੁਨੀਆਂ ਵਿਚ ਹੋਰ ਕੁਝ ਹੋਵੇ ਹੀ ਨਾ। ਇਸ ਸ਼ਹਿਰ ਦੇ ਜ਼ਿਕਰ ਤੋਂ ਬਿਨਾ ਕਿਸੇ ਗੱਲ ਨੂੰ ਕਰ ਸਕਣਾ ਉਸ ਦੇ ਵੱਸ ਨਹੀਂ ਸੀ। ਉਸ ਦੇ ਲੈਕਚਰਾਂ ਨਾਲ ਸਾਨੂੰ ਭਾਵੇਂ ਹੋਰ ਕੁਝ ਪਤਾ ਲੱਗਿਆ ਹੋਵੇ ਜਾਂ ਨਾ, ਪਰ ਲਾਹੌਰ ਦੇ ਸਭਿਆਚਾਰ ਦਾ ਪੂਰਾ ਗਿਆਨ ਹੋ ਗਿਆ ਸੀ। ਉਸ ਵੇਲੇ ਤਾਂ ਮੈਨੂੰ ਹਨੀਸੱਕਲ ਦਾ ਪਤਾ ਨਹੀਂ ਸੀ, ਪਰ ਹੁਣ ਸੋਚਦਾ ਹਾਂ ਕਿ ਉਹ ਅਧਿਆਪਕ ਇਸ ਫੁੱਲ ਦਵਾਈ ਨੂੰ ਲੈ ਕੇ ਵਰਤਮਾਨ ਨੂੰ ਵਧੇਰੇ ਚੰਗੀ ਤਰ੍ਹਾਂ ਜੀ ਸਕਦਾ ਸੀ। ਇਸ ਦੇ ਸੇਵਨ ਉਪਰੰਤ ਉਹ ਭੂਤ-ਕਾਲ ਦੀਆਂ ਯਾਦਾਂ ਤੋਂ ਬਾਹਰ ਆ ਸਕਦਾ ਸੀ ਤੇ ਬਦਲੇ ਹਾਲਾਤ ਨੂੰ ਪਛਾਣ ਕੇ ਆਪਣਾ ਵਿਸ਼ਾ ਪੜ੍ਹਾਉਣ ਵੱਲ ਵਧੇਰੇ ਧਿਆਨ ਦੇ ਸਕਦਾ ਸੀ।

ਪੰਜਾਬ ਯੂਨੀਵਰਸਿਟੀ ਵਿਚ ਹਰ ਤੀਜੇ ਦਿਨ ਕਿਸੇ ਨਾ ਕਿਸੇ ਵਿਭਾਗ ਵਿਚ ਕੋਈ ਨਾ ਕੋਈ ਅਕਾਦਮਿਕ ਸੈਮੀਨਾਰ ਹੁੰਦਾ ਰਹਿੰਦਾ ਸੀ। ਭਾਵੇਂ ਇਹ ਸੈਮੀਨਾਰ ਮੁੱਖ ਤੌਰ 'ਤੇ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਲਾਏ ਜਾਂਦੇ ਸਨ, ਪਰ ਇਨ੍ਹਾਂ ਵਿਚ ਹਿੱਸਾ ਲੈਣ 'ਤੇ ਕੋਈ ਪਾਬੰਦੀ ਨਹੀਂ ਸੀ। ਇਸ ਲਈ ਕਈ ਬਾਹਰਲੇ ਬੁੱਧੀਜੈਵਿਕ ਰੁਚੀਆਂ ਵਾਲੇ ਵਿਅਕਤੀ ਵੀ ਇਨ੍ਹਾਂ ਵਿਚ ਹਿੱਸਾ ਲੈਣ ਆ ਜਾਂਦੇ ਸਨ ਜਾਂ ਸੱਦ ਲਏ ਜਾਂਦੇ ਸਨ। ਅਜਿਹੇ ਵਿਅਕਤੀਆਂ ਵਿਚ ਸਭ ਤੋਂ ਵੱਧ ਫੇਰਾ ਪਾਉਣ ਵਾਲਾ ਇਕ ਰਿਟਾਇਰਡ ਆਈ. ਏ. ਐਸ. ਅਫਸਰ ਸੀ, ਜੋ ਹਰ ਸੈਮੀਨਾਰ ਵਿਚ ਦੇਖਣ ਨੂੰ ਮਿਲਦਾ ਸੀ। ਇਸ ਵਿਅਕਤੀ ਨੂੰ ਆਪਣੇ ਸੇਵਾਕਾਲ ਵਿਚ ਇਕ ਡੈਲੀਗੇਸ਼ਨ ਦੇ ਮੈਂਬਰ ਵਜੋਂ ਕੁਝ ਹਫਤੇ ਜਾਪਾਨ ਦਾ ਦੌਰਾ ਕਰਨ ਦਾ ਅਵਸਰ ਮਿਲਿਆ ਸੀ। ਉਹ ਇਸ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਜਾਪਾਨ ਉਸ ਦੇ ਸਿਰ ਨੂੰ ਚੜ੍ਹ ਗਿਆ। ਕਈ ਸਾਲ ਬੀਤ ਜਾਣ 'ਤੇ ਵੀ ਉਹ ਇਸ ਤੋਂ ਬਾਹਰ ਨਾ ਨਿਕਲ ਪਾਇਆ। ਉਹ ਹਰ ਸੈਮੀਨਾਰ ਵਿਚ, ਭਾਵੇਂ ਵਿਸ਼ਾ ਕੋਈ ਵੀ ਹੋਵੇ, ਜਾਪਾਨ ਦੇ ਗੁਣਗਾਣ ਕਰਨ ਦਾ ਮੌਕਾ ਲੱਭਦਾ ਰਹਿੰਦਾ। ਉਸ ਦਾ ਨਾਂ ਜਾਪਾਨ ਨਾਲ ਇੰਨਾ ਜੁੜ ਗਿਆ ਕਿ ਕਈ ਉਸ ਨੂੰ ਜਾਪਾਨੀ ਮਾਡਲ ਪੱਖੋਂ ਆਪਣੀ ਟਿੱਪਣੀ ਪੇਸ਼ ਕਰਨ ਲਈ ਕਹਿੰਦੇ। ਅਜਿਹੇ ਮੌਕਿਆਂ 'ਤੇ ਹਾਸਾ-ਮਜ਼ਾਕ ਵੀ ਉੱਠਦੇ, ਪਰ ਉਸ ਨੂੰ ਕੁਝ ਪਤਾ ਨਾ ਚਲਦਾ। ਹੋ ਸਕਦਾ ਹੈ ਕਿ ਉਸ ਨੂੰ ਜਾਪਾਨੀ ਮਾਡਲ ਨਾਲ ਇੰਨਾ ਮੋਹ ਪੈ ਗਿਆ ਹੋਵੇ ਕਿ ਉਹ ਉਸ ਦੀ ਸੋਚ ਵਿਚ ਰਚ ਗਿਆ ਹੋਵੇ, ਪਰ ਉਸ ਨੂੰ ਮੁੜ ਉੱਥੇ ਜਾਣ ਦਾ ਮੌਕਾ ਨਾ ਮਿਲਿਆ ਹੋਵੇ। ਹਨੀਸੱਕਲ ਉਸ ਦੇ ਇਸ ਹੇਰਵੇ ਨੂੰ ਸਾਵਾ ਕਰ ਕੇ ਉਸ ਨੂੰ ਬਾਕੀ ਦੁਨੀਆਂ, ਖਾਸ ਕਰ ਕੇ ਉਸ ਦੇ ਆਪਣੇ ਦੇਸ ਪ੍ਰਤੀ ਸੁਚੇਤ ਕਰ ਸਕਦੀ ਸੀ।

ਇਸ ਤਰ੍ਹਾਂ ਦੇ ਅਨੁਭਵ ਵਿਚ ਉਹ ਇੱਕਲਾ ਨਹੀਂ, ਸਗੋਂ ਬਹੁਤ ਸਾਰੇ ਵਿਅਕਤੀ ਭਾਗੀਦਾਰ ਹੁੰਦੇ ਹਨ। ਸੱਚ ਪੁੱਛੋ ਤਾਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਵਿਚ ਭਾਰਤ ਤੇ ਹੋਰ ਦੇਸ਼ਾਂ ਤੋਂ ਆ ਕੇ ਵਸੇ ਸਾਰੇ ਦੇ ਸਾਰੇ ਲੋਕ ਮਾਤਭੂਮੀ ਦੀ ਯਾਦ ਵਿਚ ਪੀੜਿਤ ਹਨ। ਵਿਛੋੜੇ ਦੀ ਤਾਬ ਨਾ ਝੱਲਦਿਆਂ ਕਈ ਇੱਥੋਂ ਆ ਕੇ ਵਾਪਸ ਚਲੇ ਜਾਂਦੇ ਹਨ ਤੇ ਕਈ ਮਜਬੂਰੀ ਵਸ ਉਮਰ ਭਰ ਦਾ ਝੋਰਾ ਹੰਢਾਈ ਜਾਂਦੇ ਹਨ। ਕਈ ਇਸ ਧਰਤੀ ਨਾਲ ਓਪਰੀਆਂ ਸਾਂਝਾਂ ਪਾ ਕੇ, ਕਈ ਕਹਾਣੀਆਂ-ਨਾਵਲ ਲਿਖ ਕੇ, ਕਈ ਸਕੇ ਸਨੇਹੀਆਂ ਨੂੰ ਆਪਣੇ ਕੋਲ ਸੱਦ ਕੇ ਤੇ ਕਈ ਉਨ੍ਹਾਂ ਨੂੰ ਉੱਥੇ ਮਦਦ ਭੇਜ ਕੇ ਆਪਣਾ ਦੁਖ ਘਟਾਉਣ ਦੀ ਕੋਸ਼ਿਸ਼ ਕਰਦੇ ਹਨ। ਕਈ ਵਿਛੜੇ ਵਤਨ ਦੀਆਂ ਯਾਦਾਂ ਨਾਲ ਜੁੜੇ ਰਹਿਣ ਦੀ ਤਾਂਘ ਕਾਰਨ ਸਾਲ ਛਿਮਾਹੀ ਉੱਥੇ ਜਾਂਦੇ ਰਹਿੰਦੇ ਹਨ, ਪਰ ਬਹੁਤੇ ਜੋ ਜਾ ਨਹੀਂ ਸਕਦੇ, ਉਹ ਇੱਥੇ ਹੀ ਵਿਲ੍ਹਕਦੇ ਰਹਿੰਦੇ ਹਨ ਤੇ ਦੇਸੋਂ ਆਏ ਸਹਿਵਤਨੀਆਂ ਨੂੰ ਦੇਖ ਕੇ ਮਨ ਹਲਕਾ ਕਰੀ ਜਾਂਦੇ ਹਨ। ਆਪਣੀ ਜਨਮ-ਭੂਮੀ ਦੇ ਹੇਜ ਵਿਚ ਤੜਪਦੇ ਅਜਿਹੇ ਵਿਅਕਤੀਆਂ ਲਈ ਹਨੀਸੱਕਲ ਇਕ ਵਰਦਾਨ ਹੈ। ਹੋਮਿਓਪੈਥੀ ਵਿਚ ਕਾਲੀ ਮਿਰਚ ਤੋਂ ਤਿਆਰ ਕੀਤੀ ਇਸ ਨਾਲ ਦੀ ਦਵਾਈ ਕੈਪਸੀਕਮ (Capsicum) ਹੈ, ਪਰ ਪੋਟੈਂਸੀ ਰੂਪ ਵਿਚ ਹੋਣ ਕਰ ਕੇ ਇਸ ਦੀ ਚੋਣ ਪੂਰੇ ਰੋਗ-ਨਿਸ਼ਾਨਾਂ ਅਨੁਸਾਰ ਕਰਨੀ ਪੈਂਦੀ ਹੈ, ਜੋ ਕਠਿਨ ਕੰਮ ਹੈ। ਬੈਚ ਫੁੱਲ ਦਵਾਈਆਂ ਪੋਟੈਂਸੀ ਰੂਪ ਵਿਚ ਨਾ ਹੋਣ ਕਰਕੇ ਇਕਹਿਰੀਆਂ ਨਿਸ਼ਾਨੀਆਂ ਦੇ ਆਧਾਰ 'ਤੇ ਵੀ ਦਿੱਤੀਆਂ ਜਾ ਸਕਦੀਆਂ ਹਨ, ਇਸ ਲਈ ਇਹ ਆਮ ਲੋਕਾਂ ਦੇ ਵਰਤਣ ਲਈ ਆਸਾਨ ਹਨ।

*(ਬਾਕੀ ਅਗਲੇ ਸਫੇ 'ਤੇ)*

# ਦਿਲ, ਦਿਮਾਗ, ਮਨ ਅਤੇ ਸ਼ਾਇਰ


ਰਵਿੰਦਰ ਚੋਟ, ਫਗਵਾੜਾ
ਫੋਨ: 91-98726-73703

ਦਿਲ, ਦਿਮਾਗ ਅਤੇ ਮਨ ਬਾਰੇ ਭਰਮ ਭੁਲੇਖੇ ਮੁੱਢ-ਕਦੀਮ ਤੋਂ ਚਲੇ ਆ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦਿਲ ਅਤੇ ਦਿਮਾਗ ਸਾਡੇ ਸਰੀਰ ਦੇ ਬਹੁਤ ਹੀ ਕਾਰਗਰ ਤੇ ਜ਼ਰੂਰੀ ਪੁਰਜੇ ਹਨ। ਇਹ ਦੋਵੇਂ ਸਰੀਰ ਨੂੰ ਸਹੀ ਤਰ੍ਹਾਂ ਕੰਮ ਕਰਨ ਵਿਚ ਰਲ ਕੇ ਸਹਿਯੋਗ ਦਿੰਦੇ ਹਨ, ਇਕ ਦੂਜੇ ਦੀ ਕਾਰਜ ਕੁਸ਼ਲਤਾ ਲਈ ਜੁਆਬਦੇਹ ਹਨ ਅਤੇ ਮਿੱਤਰਾਂ ਵਾਂਗ ਇਕ ਦੂਜੇ ਦੇ ਸਹਾਇਕ ਹਨ। ਜੇ ਇਕ ਕੰਮ ਕਰਨਾ ਬੰਦ ਕਰ ਦੇਵੇ ਤਾਂ ਦੂਸਰਾ ਵੀ ਹਥਿਆਰ ਸੁੱਟ ਦਿੰਦਾ ਹੈ। ਕਈ ਵਾਰੀ ਜੇ ਕਿਸੇ ਕਾਰਨ ਦਿਮਾਗ ਕੋਮਾ ਵਿਚ ਚਲਾ ਜਾਵੇ ਤਾਂ ਦਿਲ ਫਿਰ ਵੀ ਕਾਫੀ ਸਮਾਂ ਉਸ ਨੂੰ ਖੁਰਾਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਆਪਣੇ ਮਿੱਤਰ ਦੀ ਉਡੀਕ ਕਰਦਾ ਹੈ ਕਿ ਉਹ ਮੁੜ ਕੰਮ 'ਤੇ ਆ ਜਾਵੇ, ਪਰ ਦਿਲ ਫੇਲ੍ਹ ਹੋਣ 'ਤੇ ਦਿਮਾਗ ਜਲਦੀ ਹੀ ਹਥਿਆਰ ਸੁੱਟ ਦਿੰਦਾ ਹੈ। ਤੀਸਰਾ, ਮਨ ਬਾਰੇ ਵੀ ਅਸੀਂ ਕਈ ਭਰਮ ਲਈ ਬੈਠੇ ਹਾਂ। ਮਨ ਬਾਰੇ ਅਸੀਂ ਇਹ ਨਹੀਂ ਦਸ ਸਕਦੇ ਕਿ ਮਨ ਸਾਡੇ ਸਰੀਰ ਦੇ ਕਿਹੜੇ ਹਿੱਸੇ ਵਿਚ ਵਾਸ ਕਰਦਾ ਹੈ। ਇਹ ਦਿਲ ਅਤੇ ਦਿਮਾਗ-ਦੋਹਾਂ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਪ੍ਰਭਾਵਿਤ ਹੁੰਦਾ ਵੀ ਹੈ। ਇਹ ਤਿੰਨੇ ਥੋੜ੍ਹਾ ਹੋਰ ਵਿਸਥਾਰ ਮੰਗਦੇ ਹਨ।

ਦਿਲ ਆਕਸੀਜਨ-ਯੁਕਤ ਲਹੂ ਰਾਹੀਂ ਲੋੜੀਂਦੇ ਹਾਰਮੋਨਜ਼ ਅਤੇ ਮਿਨਰਲਜ਼ (ਖਣਿਜ) ਨੂੰ ਸਰੀਰ ਦੇ ਸਾਰੇ ਅੰਗਾਂ ਦੇ ਸੈਲਾਂ ਅਤੇ ਟਿਸ਼ੂਜ਼ ਤਕ ਪਹੁੰਚਾਉਣ ਦਾ ਕੰਮ ਜਨਮ ਤੋਂ ਲੈ ਕੇ ਮਰਨ ਤਕ ਲਗਾਤਾਰ ਕਰਦਾ ਰਹਿੰਦਾ ਹੈ। ਕਾਰਬਨਡਾਇਆਕਸਾਈਡ ਯੁਕਤ ਖੂਨ ਨੂੰ ਵਾਪਿਸ ਲਿਆ ਕੇ ਸਫਾਈ ਲਈ ਭੇਜਦਾ ਹੈ। ਜਦੋਂ ਅਸੀਂ ਸੌਂ ਰਹੇ ਹੁੰਦੇ ਹਾਂ, ਇਹ ਉਸ ਸਮੇਂ ਵੀ ਆਪਣੀ ਡਿਊਟੀ ਨਿਭਾ ਰਿਹਾ ਹੁੰਦਾ ਹੈ। ਇਹ ਸਾਡੇ ਸਰੀਰ ਦਾ ਸਭ ਤੋਂ ਸ਼ਕਤੀਸ਼ਾਲੀ ਪੱਠਾ (ਮਸਲ) ਹੈ। ਇਹ ਸਾਡੀ ਛਾਤੀ ਵਿਚ ਥੋੜ੍ਹਾ ਜਿਹਾ ਖੱਬੇ ਪਾਸੇ ਹੁੰਦਾ ਹੈ। ਵੱਖਰੇ ਵੱਖਰੇ ਪ੍ਰਾਣੀਆਂ ਵਿਚ ਇਸ ਦੀ ਸ਼ਕਲ ਵੱਖਰੀ ਵੱਖਰੀ ਹੁੰਦੀ ਹੈ। ਜਿਵੇਂ ਮੱਕੜੀ ਵਿਚ ਇਹ ਸਿੱਧੀ ਟਿਊਬ ਵਰਗਾ ਹੁੰਦਾ ਹੈ ਅਤੇ ਮੱਛੀਆਂ ਵਿਚ ਇਹ ਵਲਦਾਰ ਟਿਊਬ ਵਰਗਾ ਹੁੰਦਾ ਹੈ। ਮਨੁੱਖਾਂ ਵਿਚ ਇਹ ਸਾਡੀ ਮਿਚੀ ਹੋਈ ਮੁੱਠੀ ਜਿੱਡਾ ਹੁੰਦਾ ਹੈ ਅਤੇ ਇਸ ਦਾ ਭਾਰ ਕਰੀਬ 8 ਤੋਂ 12 ਔਂਸ ਤਕ ਹੁੰਦਾ ਹੈ। ਹਰ ਦਿਨ ਦਿਲ ਔਸਤ ਇਕ ਲੱਖ ਵਾਰੀ ਧੜਕਦਾ ਹੈ। ਦਿਲ ਦੀ ਕਾਰਜ ਕੁਸ਼ਲਤਾ ਇਸ ਗੱਲ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਇਹ ਹਰ ਰੋਜ਼ ਕਰੀਬ ਦੋ ਹਜ਼ਾਰ ਗੈਲਨ ਲਹੂ ਪੰਪ ਕਰਕੇ ਨਾੜੀਆਂ ਰਾਹੀਂ ਲਗਪਗ ਇਕ ਲੱਖ ਮੀਲ ਦਾ ਸਫਰ ਤੈਅ ਕਰਾ ਕੇ ਸਰੀਰ ਦੇ ਕੋਨੇ ਕੋਨੇ ਤਕ ਪਹੁੰਚਾਉਂਦਾ ਹੈ।

ਦਿਮਾਗ ਸਾਡੇ ਸਿਰ ਵਿਚ ਖੋਪੜੀ ਦਾ ਸਖਤ ਕਵਚ ਪਾਈ ਬੈਠਾ ਹੈ, ਜੋ ਖਰਬਾਂ ਸੈਲਾਂ ਦਾ ਬਣਿਆ ਹੁੰਦਾ ਹੈ। ਇਹ 100 ਬਿਲੀਅਨ ਨਾੜੀਆਂ ਰਾਹੀਂ ਮਨੁੱਖੀ ਸਰੀਰ ਦੇ ਸਾਰੇ ਅੰਗਾਂ ਨਾਲ ਆਪਣੇ ਆਪ ਨੂੰ ਜੋੜਦਾ ਹੈ। ਇਸ ਦਾ ਰੰਗ ਭੂਰਾ ਹੁੰਦਾ ਹੈ। ਇਸ ਦਾ ਭਾਰ 1.2 ਤੋਂ 1.4 ਕਿਲੋ ਤਕ ਹੁੰਦਾ ਹੈ। ਇਹ ਸਾਡੇ ਸਰੀਰ ਦੇ ਭਾਰ ਦਾ ਕਰੀਬ 2 ਫੀਸਦੀ ਹੁੰਦਾ ਹੈ। ਇਸ ਦਾ ਘਣਫਲ ਬੰਦਿਆਂ ਵਿਚ ਕਰੀਬ 1260 ਘਣ ਸੈਂਟੀਮੀਟਰ ਅਤੇ ਔਰਤਾਂ ਵਿਚ 1130 ਘਣ ਸੈਂਟੀਮੀਟਰ ਹੁੰਦਾ ਹੈ। ਇਸ ਦਾ ਅਗਲਾ ਹਿੱਸਾ ਸਾਡੀ ਤਰਕ, ਸਾਡੀਆਂ ਹਰਕਤਾਂ, ਸਾਡੇ ਜਜ਼ਬਾਤ ਅਤੇ ਸਾਡੀ ਭਾਸ਼ਾ ਨੂੰ ਕੰਟਰੋਲ ਕਰਦਾ ਹੈ। ਇਸ ਦਾ ਇਕ ਹਿੱਸਾ ਮੋਟਰ ਕਾਰਟੈਕਸ ਹੈ, ਜੋ ਸਾਰੇ ਅੰਗਾਂ ਦੀਆਂ ਹਰਕਤਾਂ ਨੂੰ ਯੋਜਨਾਬੱਧ ਤਰੀਕੇ ਨਾਲ ਇਕ ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨ ਵਿਚ ਮਦਦ ਕਰਦਾ ਹੈ। ਇਸ ਦਾ ਪਿਛਲਾ ਹਿੱਸਾ ਗੰਭੀਰ ਕਿਸਮ ਦੀਆਂ ਸਮੱਸਿਆਵਾਂ ਦੇ ਹੱਲ ਦਾ ਸੰਵਿਧਾਨ ਕਰਦਾ ਹੈ, ਕਿਸੇ ਵਿਸ਼ੇ ਨੂੰ ਸਿੱਖਣਾ, ਭਾਸ਼ਾ ਨੂੰ ਸਿੱਖਣਾ, ਨਵੇਂ ਵਿਚਾਰ ਪ੍ਰਗਟ ਕਰਨੇ ਆਦਿ ਲਈ ਕੰਮ ਕਰਦਾ ਹੈ।

ਦਿਮਾਗ ਸਾਡੀਆਂ ਗਿਆਨ ਇੰਦਰੀਆਂ ਰਾਹੀਂ ਬਾਹਰਲੀ ਦੁਨੀਆਂ ਵਲੋਂ ਨਾੜੀਆਂ ਰਾਹੀਂ ਸੁਨੇਹੇ ਪ੍ਰਾਪਤ ਕਰਕੇ ਉਸ ਦੇ ਸਬੰਧ ਵਿਚ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਉਸ ਮੁਤਾਬਕ ਕੰਮ ਕਰਨ ਲਈ ਸੁਨੇਹੇ ਘੱਲਦਾ ਹੈ। ਇਸ ਵਿਚ ਸਾਡੀ ਪਿੱਠ ਵਿਚ ਰੀੜ੍ਹ ਦੀ ਹੱਡੀ ਦੇ ਵਿਚੋਂ ਦੀ ਲੰਘਦੀ



ਸੁਖਸ਼ਮਨਾ ਨਾੜੀ (ਸਪਾਈਨਲ ਕੋਰਡ) ਬਹੁਤ ਹੀ ਅਹਿਮ ਰੋਲ ਅਦਾ ਕਰਦੀ ਹੈ। ਜੇ ਸਾਡੀ ਰੀੜ੍ਹ ਦੀ ਹੱਡੀ ਉਤੇ ਕੋਈ ਗੰਭੀਰ ਚੋਟ ਲੱਗਣ ਤੇ ਇਸ ਦੇ ਕਿਸੇ ਮਣਕੇ ਦੇ ਦੱਬਣ ਕਾਰਨ ਸਪਾਈਨਲ ਕੋਰਡ ਘੁਟ ਹੋ ਜਾਵੇ ਤਾਂ ਇਸ ਨਾਲ ਸਰੀਰ ਦੇ ਕਈ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਕਿਉਂਕਿ ਦਿਮਾਗ ਨਾਲੋਂ ਉਨ੍ਹਾਂ ਦਾ ਸੰਪਰਕ ਟੁੱਟ ਜਾਂਦਾ ਹੈ। ਦਿਮਾਗ ਅਤੇ ਸਪਾਈਨਲ ਕੋਰਡ ਵਿਚਕਾਰ ਸਟੈਮ ਹੁੰਦਾ ਹੈ, ਜੋ ਸਾਡੀ ਸਾਹ ਲੈਣ, ਸੌਣ ਅਤੇ ਚਿਹਰੇ ਦੀਆਂ ਕਿਰਿਆਵਾਂ ਨੂੰ ਕੰਟਰੋਲ ਕਰਦਾ ਹੈ।

ਦਿਲ ਅਤੇ ਦਿਮਾਗ ਸਾਡੇ ਸਰੀਰ ਵਿਚ ਹੋਂਦ ਰੱਖਦੇ ਹਨ, ਪਰ ਮਨ ਸਥੂਲ ਹੋਂਦ ਨਾ ਰੱਖਦਾ ਹੋਇਆ ਵੀ ਇਨ੍ਹਾਂ ਦੋਹਾਂ ਅਤੇ ਬਾਕੀ ਸਰੀਰ ਉਤੇ ਆਪਣਾ ਪੂਰਾ ਪ੍ਰਭਾਵ ਤੇ ਰੋਹਬ ਰੱਖਦਾ ਹੈ। ਇਹ ਦਿਲ ਅਤੇ ਦਿਮਾਗ ਦੇ ਕੰਮ ਵਿਚ ਗਾਹੇ-ਬਗਾਹੇ ਦਖਲ ਦਿੰਦਾ ਰਹਿੰਦਾ ਹੈ। ਮਨੋਵਿਗਿਆਨੀ ਦੱਸਦੇ ਹਨ ਕਿ ਮਨ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਸ ਦੀ ਤੁਲਨਾ ਉਹ ਆਈਸਬਰਗ ਨਾਲ ਕਰਦੇ ਹਨ, ਜਿਸ ਦਾ ਸਿਰਫ ਇਕ ਹਿੱਸਾ ਸਮੁੰਦਰ ਤੋਂ ਬਾਹਰ ਦਿਸਦਾ ਹੈ ਤੇ ਬਾਕੀ ਨੌਂ ਹਿੱਸੇ ਪਾਣੀ ਵਿਚ ਛੁਪੇ ਰਹਿੰਦੇ ਹਨ। ਪਹਿਲਾ ਭਾਗ ਸਾਰੇ ਮਨ ਦਾ ਸਿਰਫ ਦਸ ਫੀਸਦੀ ਹੀ ਹੁੰਦਾ ਹੈ, ਇਸ ਨੂੰ ਚੇਤਨ-ਮਨ ਕਹਿੰਦੇ ਹਨ, ਜਿਸ ਵਿਚ ਸਾਡੀ ਯਾਦਦਾਸ਼ਤ ਦਾ ਵਰਤਮਾਨ ਸਾਂਭਿਆ ਜਾਂਦਾ ਹੈ। ਜੋ ਵੀ ਅਸੀਂ ਹੁਣ ਕਰਦੇ ਹਾਂ, ਉਸ ਦਾ ਸਾਰਾ ਡਾਟਾ ਇਹ ਸਟੋਰ ਕਰਦਾ ਰਹਿੰਦਾ ਹੈ। ਭਾਵੇਂ ਇਸ ਦਾ ਆਪਣਾ ਕੋਈ ਸਟੋਰ ਨਹੀਂ ਹੈ, ਇਹ ਦਿਮਾਗ ਦਾ ਸਟੋਰ ਹੀ ਵਰਤਦਾ ਹੈ।

ਅਸਲ ਵਿਚ ਦਿਮਾਗ ਸਾਡੇ ਕੰਪਿਊਟਰ ਦਾ ਹਾਰਡਵੇਅਰ ਹੈ ਅਤੇ ਮਨ ਇਸ ਦਾ ਸੌਫਟਵੇਅਰ ਹੈ। ਦਿਮਾਗ ਤੇ ਮਨ ਇਕੱਠੇ ਹੀ ਕੰਮ ਕਰ ਸਕਦੇ ਹਨ, ਵੱਖਰੇ ਵੱਖਰੇ ਕੰਮ ਨਹੀਂ ਕਰ ਸਕਦੇ। ਉਪਰਲੀ ਸਤਹਾ ਦੀ ਯਾਦਦਾਸ਼ਤ ਨੂੰ ਸਾਡਾ ਚੇਤਨ ਮਨ ਕਾਬੂ (ਕੰਟਰੋਲ) ਕਰਦਾ ਹੈ, ਇਸ ਦਾ ਦੂਸਰੇ ਡਾਟੇ ਨਾਲ ਮੁਕਾਬਲਾ ਕਰਦਾ ਹੈ। ਵਰਤਮਾਨ ਸਮੇਂ ਵਿਚ ਫੈਸਲੇ ਕਰਨਾ, ਪੈਦਾ ਹੋਈਆਂ ਸਮੱਸਿਆਵਾਂ ਦਾ ਹੱਲ ਕਰਨਾ, ਹਰ ਤਰ੍ਹਾਂ ਦੇ ਹਾਲਾਤ ਦਾ ਜੁਆਬ ਦੇਣ ਲਈ ਹਰ ਵੇਲੇ ਤਿਆਰ ਰਹਿਣਾ ਅਤੇ ਕੁਝ ਨਵਾਂ ਪੈਦਾ ਕਰਦੇ ਰਹਿਣਾ ਇਸ ਦਾ ਕੰਮ ਹੈ। ਇਸ ਦਾ ਦੂਜਾ ਭਾਗ ਅਰਧ-ਚੇਤਨ ਮਨ ਹੈ। ਇਸ ਭਾਗ ਵਿਚ ਸਾਡੀ ਉਹ ਚੇਤਨਾ ਜਾਂ ਯਾਦਦਾਸ਼ਤ ਪਈ ਹੁੰਦੀ ਹੈ, ਜੋ ਵਰਤਮਾਨ ਸਮੇਂ ਵਿਚ ਯਾਦ ਨਹੀਂ ਹੁੰਦੀ, ਪਰ ਅਸੀਂ ਥੋੜ੍ਹਾ ਜਿਹਾ ਸੋਚ ਕੇ ਯਾਦ ਕਰ ਸਕਦੇ ਹਾਂ ਜਿਵੇਂ ਕਿ ਸਾਡੀਆਂ ਬਚਪਨ ਦੀਆਂ ਯਾਦਾਂ।

ਬਹੁਤੇ ਮਨੋਵਿਗਿਆਨੀ ਇਸ ਨੂੰ ਚੇਤਨ ਮਨ ਦਾ ਹੀ ਹਿੱਸਾ ਮੰਨਦੇ ਹਨ। ਮਨ ਦਾ ਸਭ ਤੋਂ ਵੱਡਾ ਭਾਗ ਅਚੇਤਨ ਮਨ ਹੈ। ਇਸ ਵਿਚ ਕੀ ਚਲਦਾ ਹੈ, ਇਸ ਬਾਰੇ ਚੇਤਨ ਤੌਰ 'ਤੇ ਸਾਨੂੰ ਕੁਝ ਵੀ



ਪਤਾ ਨਹੀਂ ਹੁੰਦਾ। ਇਸ ਵਿਚ ਗਏ ਡਾਟੇ ਨੂੰ ਅਸੀਂ ਆਪਣੇ ਆਪ ਕੱਢ ਨਹੀਂ ਸਕਦੇ। ਇਸ ਨੂੰ ਪੜ੍ਹਨ ਲਈ ਮਨੋਵਿਗਿਆਨੀਆਂ ਨੇ ਕਈ ਢੰਗ ਲੱਭੇ ਹਨ, ਜਿਨ੍ਹਾਂ ਵਿਚੋਂ ਇਕ ਸੰਮੋਹਨ (ਹਿਪਨੋਟਿਜ਼ਮ) ਹੈ। ਉਂਜ ਇਹ ਬਿਨਾ ਦੱਸਿਆਂ ਹੀ ਸਾਡੀ ਸਾਹ ਦੀ ਕ੍ਰਿਆ, ਪਚਾਉਣ ਦੀ ਕ੍ਰਿਆ, ਸੌਣ ਅਤੇ ਦਿਲ ਦਾ ਕੰਮ ਤੇ ਸਰੀਰ ਦੇ ਤਾਪਮਾਨ ਨੂੰ ਠੀਕ ਰੱਖਣ ਵਿਚ ਮਦਦ ਕਰਦਾ ਰਹਿੰਦਾ ਹੈ। ਇਹ ਸਾਨੂੰ ਖਤਰਿਆਂ ਆਦਿ ਤੋਂ ਬਚਾਉਣ ਲਈ ਇਸ਼ਾਰੇ ਕਰਦਾ ਰਹਿੰਦਾ ਹੈ, ਜਿਸ ਨੂੰ ਕਈ ਵਾਰੀ ਅਸੀਂ ਆਤਮਾ ਦੀ ਆਵਾਜ਼ ਵੀ ਕਹਿ ਦਿੰਦੇ ਹਾਂ। ਇਸ ਵਿਚ ਲੰਬੇ ਸਮੇਂ ਦੀ ਯਾਦਦਾਸ਼ਤ ਜਮ੍ਹਾਂ ਰਹਿੰਦੀ ਹੈ। ਇਸ ਵਿਚ ਸਾਡੀਆਂ ਅਪੂਰਣ ਖਾਹਿਸ਼ਾਂ, ਭਾਵਨਾਵਾਂ, ਜਜ਼ਬਾਤ ਆਦਿ ਸਭ ਜਮ੍ਹਾਂ ਰਹਿੰਦੇ ਹਨ। ਸਾਡੇ ਵੰਸ/ਕਣ (ਜ਼ੀਨਜ਼) ਰਾਹੀਂ ਵੀ ਸਾਨੂੰ ਜੋ ਤਜ਼ਰਬੇ ਆਪਣੇ ਵੱਡੇ ਵਡੇਰਿਆਂ ਤੋਂ ਮਿਲਦੇ ਹਨ, ਉਨ੍ਹਾਂ ਨੂੰ ਵੀ ਸੰਭਾਲਣ ਦਾ ਕੰਮ ਇਹੀ ਕਰਦਾ ਹੈ। ਇਹ ਚੇਨ ਪਿਛਲੀਆਂ ਕਿੰਨੀਆਂ ਪੀੜ੍ਹੀਆਂ ਤੋਂ ਚਲੀ ਆਉਂਦੀ ਹੈ। ਚੇਤਨ ਮਨ ਦੀਆਂ ਹਦਾਇਤਾਂ ਨੂੰ ਅਰਧ-ਚੇਤਨ ਮਨ ਤਾਂ ਸਵੀਕਾਰ ਕਰਦਾ ਹੈ, ਪਰ ਅਚੇਤਨ ਮਨ ਉਸ ਨੂੰ ਸਵੀਕਾਰ ਨਹੀਂ ਕਰਦਾ। ਅਚੇਤਨ ਮਨ ਗਲਤ-ਠੀਕ ਜਾਂ ਚੰਗੇ-ਮਾੜੇ ਬਾਰੇ ਨਹੀਂ ਜਾਣਦਾ, ਸਗੋਂ ਇਸ ਵਿਚ ਜਮ੍ਹਾਂ ਡਾਟੇ ਮੁਤਾਬਕ ਹੀ ਕੰਮ ਕਰਦਾ ਹੈ।

ਹੁਣ ਜੇ ਅਸੀਂ ਦਿਲ, ਦਿਮਾਗ ਅਤੇ ਮਨ ਬਾਰੇ ਇਨ੍ਹਾਂ ਦੀ ਸਾਂਝ ਦੀ ਗੱਲ ਕਰੀਏ ਤਾਂ ਇਉਂ ਲੱਗਦਾ ਹੈ ਕਿ ਦਿਮਾਗ ਤੇ ਮਨ ਤਾਂ ਆਪਸ ਵਿਚ ਘਿਓ-ਖਿਚੜੀ ਹੋਏ ਰਹਿੰਦੇ ਹਨ, ਭਾਵੇਂ ਹਮੇਸ਼ਾ ਮਨ ਦਾ ਪਲੜਾ ਭਾਰੂ ਰਹਿੰਦਾ ਹੈ। ਬਾਹਰੀ ਵਰਤਾਰੇ ਸਭ ਤੋਂ ਪਹਿਲਾਂ ਮਨ 'ਤੇ ਪ੍ਰਭਾਵ ਪਾਉਂਦੇ ਹਨ, ਫਿਰ ਮਨ ਖੁਸ਼ੀ ਜਾਂ ਗਮੀ ਵਾਲੇ ਪ੍ਰਭਾਵਾਂ ਨੂੰ ਦਿਮਾਗ ਵਲ ਭੇਜਦਾ ਹੈ। ਦਿਮਾਗ ਇਸ ਦੇ ਅਸਰ ਨੂੰ ਸਰੀਰ ਦੇ ਸਾਰੇ ਅੰਗਾਂ ਸਮੇਤ ਦਿਲ ਦੇ ਇਸ 'ਤੇ ਪ੍ਰਤੀਕਰਮ ਦੇਣ ਲਈ ਆਪਣੇ ਦੂਤਾਂ ਰਾਹੀਂ ਭੇਜਦਾ ਹੈ। ਇਹ ਅਸਰ ਹੀ ਸਾਡੇ ਸਾਰੇ ਗਲੈਂਡਜ਼ ਦੇ ਰਸ ਵਿਚ ਵਾਧਾ-ਘਾਟਾ ਕਰਦਾ ਹੈ, ਜਿਸ ਨਾਲ ਸਾਡੇ ਸੁਭਾਅ, ਮੂਡ, ਸਿਹਤ ਦੇ ਉਤਰਾ-ਚੜ੍ਹਾਅ ਆਉਂਦੇ ਹਨ। ਇਸ ਤਰ੍ਹਾਂ ਭੇਜੇ ਸੁਨੇਹੇ ਸਾਡੇ ਸਰੀਰ ਦੇ ਰਸਾਇਣ (ਕਮਿਸਟਰੀ) ਬਦਲ ਦਿੰਦੇ ਹਨ। ਗਮ ਦੇ ਸੁਨੇਹੇ ਨਕਾਰਾਤਮਕ ਬਦਲਾਓ ਲਿਆਉਂਦੇ ਹਨ ਅਤੇ ਖੁਸ਼ੀ ਦੇ ਸੁਨੇਹੇ ਸਕਾਰਾਤਮਕ ਬਦਲਾਓ ਲਿਆਉਂਦੇ ਹਨ। ਇਹ ਸੁਨੇਹੇ ਹੀ ਸਾਡੀ ਸੋਚ, ਸੰਵੇਦਨਾਵਾਂ, ਆਦਤਾਂ, ਵਿਸ਼ਵਾਸ, ਸਾਡੀ ਚੇਤਨਤਾ ਅਤੇ ਕਲਪਨਾ 'ਤੇ ਅਸਰ ਕਰਦੇ ਹਨ। ਲੇਖਕਾਂ-ਸ਼ਾਇਰਾਂ ਨੇ ਦਿਲ ਬੇਚਾਰੇ ਨੂੰ ਕਸੂਰਵਾਰ ਠਹਿਰਾਇਆ ਹੈ, ਜਦੋਂ ਕਿ ਅਸਲ ਜ਼ਿੰਮੇਵਾਰ ਮਨ ਤੇ ਦਿਮਾਗ ਹੈ। ਬਹੁਤ ਸਾਰੇ ਫਾਰਸੀ, ਉਰਦੂ, ਹਿੰਦੀ ਅਤੇ ਪੰਜਾਬੀ ਦੇ ਸ਼ਾਇਰਾਂ ਨੇ 'ਦਿਲ' ਨੂੰ ਵੱਖਰੇ ਵੱਖਰੇ ਅੰਦਾਜ਼ ਵਿਚ ਵਰਤਿਆ ਹੈ, ਪਰ ਕੁਝ ਕੁ ਸ਼ਾਇਰਾਂ ਦੇ ਸ਼ਿਅਰ ਹਾਜ਼ਰ ਹਨ। ਸਾਡੇ ਬਹੁਤ ਵੱਡੇ ਕਵੀ ਗੁਲਾਮ ਫਰੀਦ ਨੇ ਫਰਮਾਇਆ,

ਦਿਲ ਦਰਿਆ ਸਮੁੰਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ।
ਗੁਲਾਮ ਫਰੀਦਾ ਦਿਲ ਉਥੇ ਦਈਏ
ਜਿਥੇ ਅਗਲਾ ਕਦਰ ਵੀ ਜਾਣੇ।

ਫਾਰਸੀ ਦੇ ਆਲਮ ਫਾਜ਼ਲ ਸ਼ਾਇਰ ਸੁਲਤਾਨ ਬਾਹੂ ਨੇ ਦਿਲ ਬਾਰੇ ਆਪਣੀ ਇਕ ਸ਼ੀਹਰਫੀ ਵਿਚ ਇਸ ਤਰ੍ਹਾਂ ਲਿਖਿਆ,

ਦਾਲ ਦਿਲ ਕਾਲੇ ਕਨੋਂ ਮੂੰਹ ਕਾਲਾ ਚੰਗਾ
ਜੋ ਕੋਈ ਉਸ ਨੂੰ ਜਾਣੇ ਹੂ।
ਮੂੰਹ ਕਾਲਾ ਦਿਲ ਅੱਛਾ ਹੋਵੇ
ਤਾਂ ਦਿਲ ਯਾਰ ਪਛਾਣੇ ਹੂ।

ਮਨ ਦੁਖੀ ਹੁੰਦਾ ਹੈ, ਪਰ ਧੂੰਆਂ ਦਿਲ 'ਚੋਂ ਨਿਕਲਦਾ ਹੈ। ਮੀਰ ਤਕੀ ਮੀਰ ਨੇ ਫਰਮਾਇਆ,

ਦੇਖ ਤੋ ਦਿਲ ਕਿ ਜਾਂ ਸੇ ਉਠਤਾ ਹੈ
ਯਹ ਧੂੰਆਂ ਸਾ ਕਹਾਂ ਸੇ ਉਠਤਾ ਹੈ।

ਗਜ਼ਲ ਖੇਤਰ ਵਿਚ ਦਾਗ ਸਕੂਲ ਦੇ ਮੋਢੀ ਜਨਾਬ ਦਾਗ ਦੇਹਲਵੀ ਦਰਦ ਨੂੰ ਦਿਲ ਵਿਚ ਥਾਂ ਦਿੰਦੇ ਹਨ,

ਰਹਾ ਨ ਦਿਲ ਮੇ, ਵੋਹ ਬੇਦਰਦ
ਔਰ ਦਰਦ ਰਹਾ,
ਮੁਕੀਮ ਕੌਨ ਹੁਆ ਹੈ,
ਮੁਕਾਮ ਕਿਸ ਕਾ ਥਾ।

ਉਰਦੂ ਦੇ ਮਸ਼ਹੂਰ ਸ਼ਾਇਰ ਜਨਾਬ ਆਬਰੂ ਵੀ ਆਪਣੇ ਦਿਲ ਨੂੰ ਖੁਸ਼ ਕਰਦੇ ਹਨ, ਚਨੇ ਵਾਂਗ ਭੁੰਨ ਕੇ,

ਯੂੰ ਦਿਲ ਹਮਾਰਾ ਇਸ਼ਕ ਕੀ
ਆਤਿਸ਼ ਮੇ ਖੁਸ਼ ਹੁਆ,
ਭੁੰਨ ਕਰ ਤਮਾਮ ਆਗ ਮੇ
ਖੁਲਤਾ ਹੈ ਜੂੰ ਚਨਾ।

ਗਜ਼ਲ ਦੇ ਦੀਪਕ ਸਕੂਲ ਦੇ ਉਸਤਾਦ ਸ਼ਾਇਰ ਜਨਾਬ ਦੀਪਕ ਜੈਤੋਈ ਆਪਣਾ ਦਿਲ ਮਹਿਬੂਬ ਅੱਗੇ ਇਉਂ ਰੱਖਦੇ ਹਨ,

ਚੀਰ ਕੇ ਸੀਨਾ ਮੈਂ ਦਿਲ ਰੱਖਿਆ ਸੀ
ਜਿਸ ਦੇ ਸਾਹਮਣੇ,
ਉਸ ਦੇ ਦਿਲ ਵਿਚ ਭੀ
ਭੁਲੇਖੇ ਕਿਉਂ ਮੇਰੇ ਬਾਰੇ ਰਹੇ।

ਉਸਤਾਦ ਗਜ਼ਲਕਾਰ ਜਨਾਬ ਸਾਧੂ ਸਿੰਘ ਹਮਦਰਦ ਵੀ ਆਪਣੀ ਇਕ ਗਜ਼ਲ ਦੇ ਮਕਤੇ ਵਿਚ ਆਪਣੇ ਦਿਲ ਵਿਚ ਝਾਤੀ ਇਸ ਤਰ੍ਹਾਂ ਪਾਉਂਦੇ ਹਨ,

ਉਹਦੇ ਅੰਦਰ ਬੋਲਦਾ ਸੀ ਆਪ ਰੱਬ
ਦੋਸ਼ ਕਿਉਂ ਮੰਨਿਆ ਗਿਆ ਮਨਸੂਰ ਦਾ,
ਦਿਲ ਦੇ ਅੰਦਰ ਪਾ ਕੇ ਇਕ ਝਾਤੀ ਕਦੀ
ਵੇਖ ਲੈ 'ਹਮਦਰਦ' ਜਲਵਾ ਤੂਰ ਦਾ।

ਜਨਾਬ ਠਾਕੁਰ ਭਾਰਤੀ ਵੀ ਆਪਣੇ ਹੀ ਵੱਖਰੇ ਅੰਦਾਜ਼ ਆਪਣੇ ਦਿਲ ਦਾ ਹਾਲ ਪੁੱਛਦੇ ਹਨ,

ਗਮ ਦੀ ਮਸਤੀ ਸ਼ਰਾਬ ਵਰਗੀ ਏ
ਜ਼ਿੰਦਗੀ ਲਾ-ਜਵਾਬ ਵਰਗੀ ਏ,
ਖਬਰੇ ਕੀ ਹਾਲ ਹੈ ਮੇਰੇ ਦਿਲ ਦਾ
ਸਾਹ ਦੇ ਵਿਚ ਬੋ ਕਬਾਬ ਵਰਗੀ ਏ।

ਗਜ਼ਲ ਦੇ ਚਾਨਣ ਜਨਾਬ ਚਾਨਣ ਗੋਬਿੰਦਪੁਰੀ ਦਿਲ ਬਾਰੇ ਆਪਣੇ ਮਹਿਬੂਬ ਨੂੰ ਮੁਖਾਤਿਬ ਹੁੰਦੇ ਹਨ,

ਚਲ ਕੇ ਤੂੰ ਦੋ ਹੀ ਚਾਲਾਂ
ਬਾਜ਼ੀ ਏ ਮਾਤ ਕੀਤੀ,
ਹੱਸ ਕੇ ਖੋਹ ਲਿਆ ਦਿਲ
ਰੁਸ ਕੇ ਤੂੰ ਜਾਨ ਲਿਤੀ।

ਡਾ. ਇਕਬਾਲ ਚਾਹੁੰਦੇ ਹਨ ਕਿ ਅਕਲ ਵੀ ਦਿਲ ਦੇ ਵਰਤਾਰੇ ਨੂੰ ਕੰਟਰੋਲ ਕਰੇ,

ਅੱਛਾ ਹੈ ਦਿਲ ਕੇ ਸਾਥ ਰਹੇ ਪਾਸਬਾਨੇ
ਅਕਲ,
ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ
ਦੇ।

ਡਾ. ਜਗਤਾਰ ਵੀ ਦਿਲ 'ਚ ਮੰਦਰ ਦੀ ਹੋਂਦ ਨੂੰ ਕਾਇਮ ਰੱਖਣਾ ਚਾਹੁੰਦੇ ਹਨ,

ਕਰ ਲਏ ਤ੍ਰਿਸੂਲ, ਤੇਗਾਂ
ਖੂਬ ਸਭ ਨੇ ਤੇਜ਼ ਸਾਫ,
ਕੀ ਕਿਸੇ ਦੇ ਦਿਲ 'ਚ
ਬਚਿਆ ਪਾਕ ਮੰਦਰ ਹੈ ਅਜੇ।

ਸਾਡੇ ਪ੍ਰਸਿੱਧ ਕਵੀ ਪ੍ਰੋਫੈਸਰ ਮੋਹਨ ਸਿੰਘ ਨੇ ਮਹਿਸੂਸ ਕੀਤਾ ਕਿ ਦਿਲ/ਮਨ ਨੂੰ ਫੜਿਆ ਨਹੀਂ ਜਾ ਸਕਦਾ,

ਸ਼ੇਖ ਦਿਲ ਨੂੰ ਨਾ ਵਲੀ
ਨਾ ਪੈਗੰਬਰ ਫੜ ਸਕੇ,
ਆ ਕਿ ਤੈਨੂੰ ਅਜ ਮੈਂ
ਉਡਦਾ ਟਟਹਿਣਾ ਫੜ ਦਿਆਂ।

ਇਸੇ ਤਰ੍ਹਾਂ ਪ੍ਰਸਿੱਧ ਗਜ਼ਲਕਾਰ ਉਲਫਤ ਬਾਜਵਾ ਵੀ ਦਿਲ ਨੂੰ ਉਲਾਂਭਾ ਦਿੰਦੇ ਹਨ,

ਮੇਰੇ ਦਿਲ 'ਚੋਂ ਅਜੇ ਓਸ ਦਾ
ਸਾਇਆ ਨਹੀਂ ਜਾਂਦਾ,
ਜਵਾਨੀ ਵਿਚ ਪਰੀ ਬਣ ਕੇ
ਮਿਲੀ ਸੀ ਇਕ ਬਲਾ ਮੈਨੂੰ।

ਹਾਂ, ਇਕ ਪਰਵਾਸੀ ਕਵੀ ਸੰਤੋਖ ਸਿੰਘ ਗਿੱਲ ਨੇ ਦਿਲ ਨੂੰ ਕੋਸਣ ਦੀ ਥਾਂ ਉਸ ਨੇ ਸਿੱਧਾ ਮਨ ਨੂੰ ਦੋਸ਼ੀ ਠਹਿਰਾਇਆ ਹੈ,

ਸੋਚ ਮੇਰੇ ਮਨ ਦੀ ਹੈ
ਦਰਦ ਮੇਰੇ ਦਿਲ ਦਾ,
ਪੀੜ ਮੇਰੇ ਤਨ ਦੀ ਹੈ
ਦਰਦ ਮੇਰੇ ਦਿਲ ਦਾ।

ਪੰਜਾਬੀ ਦੀ ਸੰਜੀਦਾ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਵੀ ਸਵਾਲ ਦਿਲ ਨੂੰ ਹੀ ਕਰਦੀ ਹੈ,

ਸਾਂਭੇ ਹੋਏ ਨੇ ਤੇਰੇ ਸਾਰੇ ਗੁਲਾਬ ਹਾਲੇ
ਉਵੇਂ ਹੀ ਮਹਿਕਦੀ ਹੈ ਦਿਲ ਦੀ ਕਿਤਾਬ
ਹਾਲੇ।
ਦੱਸਾਂ ਕੀ ਪਿਆਰ ਕੀ ਹੈ
ਫੁੱਲ ਹੈ ਜਾਂ ਖਾਰ ਕੀ ਹੈ,
ਪੁੱਛਣਾ ਹੈ ਮੈਂ ਵੀ ਦਿਲ ਤੋਂ
ਇਸ ਦਾ ਜੁਆਬ ਹਾਲੇ।

ਅਖੀਰ 'ਤੇ ਸਾਡੇ ਸਿਰਮੌਰ ਕਵੀ ਪਦਮਸ੍ਰੀ ਸੁਰਜੀਤ ਪਾਤਰ ਦੇ ਇਸ ਸ਼ਿਅਰ ਨਾਲ ਆਪਣੀ ਗੱਲ ਖਤਮ ਕਰਦੇ ਹਾਂ,

ਖੋਲ੍ਹ ਦਿੰਦਾ ਦਿਲ ਜੇ ਤੂੰ
ਲਫਜ਼ਾਂ ਦੇ ਵਿਚ ਯਾਰਾਂ ਦੇ ਨਾਲ,
ਖੋਲ੍ਹਣਾ ਪੈਂਦਾ ਨਾ ਏਦਾਂ
ਅੱਜ ਔਜ਼ਾਰਾਂ ਦੇ ਨਾਲ।

# ਬੈਚ ਫੁੱਲ ਹਨੀਸੱਕਲ: ਅਤੀਤ ਦਾ ਹੇਰਵਾ

*(ਪਿਛਲੇ ਸਫੇ ਦੀ ਬਾਕੀ)*

ਜਿਨ੍ਹਾਂ ਜਿਨ੍ਹਾਂ ਹਾਲਤਾਂ ਵਿਚ ਤੇ ਜਿਨ੍ਹਾਂ ਜਿਨ੍ਹਾਂ ਵਿਅਕਤੀਆਂ ਨੂੰ ਹਨੀਸੱਕਲ ਦਿੱਤੀ ਜਾ ਸਕਦੀ ਹੈ, ਉਨ੍ਹਾਂ ਦੀ ਸੂਚੀ ਬਹੁਤ ਲੰਮੀ ਹੈ। ਸਭ ਤੋਂ ਪਹਿਲਾਂ ਇਹ ਉਨ੍ਹਾਂ ਬਾਲਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ, ਜੋ ਆਯਾ ਜਾਂ ਬੇਬੀ ਸਿਟਰ ਕੋਲ ਜਾ ਕੇ ਰੋਂਦੇ ਰਹਿੰਦੇ ਹਨ ਤੇ ਘਰ ਭੇਜਣ ਲਈ ਸਿਸਕਦੇ ਹਨ। ਮਾਤਾ-ਪਿਤਾ ਨੂੰ ਦੇਖਦਿਆਂ ਹੀ ਇਹ ਉਨ੍ਹਾਂ ਨੂੰ ਭੱਜ ਕੇ ਜਾ ਚੰਬੜਦੇ ਹਨ। ਜਿਸ ਬੱਚੇ ਦਾ ਬੋਰਡਿੰਗ ਸਕੂਲ ਵਿਚ ਦਿਲ ਨਾ ਲਗਦਾ ਹੋਵੇ, ਉਹ ਵੀ ਇਸ ਨਾਲ ਠੀਕ ਹੋ ਜਾਵੇਗਾ। ਕਈ ਬੱਚੇ, ਜੋ ਛੁੱਟੀਆਂ ਕੱਟਣ ਲਈ ਰਿਸ਼ਤੇਦਾਰਾਂ ਕੋਲ ਭੇਜ ਦਿੱਤੇ ਜਾਂਦੇ ਹਨ ਤੇ ਉਥੇ ਜਾ ਕੇ ਉਹ ਓਦਰ ਜਾਂਦੇ ਹਨ, ਉਨ੍ਹਾਂ ਲਈ ਵੀ ਇਹ ਲੋੜੀਂਦੀ ਹੈ। ਕਈ ਨਵ-ਵਿਆਹੀਆਂ ਬੀਬੀਆਂ, ਜੋ ਸਹੁਰੇ ਘਰ ਜਾ ਕੇ "ਬਾਬਲ ਦੇ ਵਿਹੜੇ" ਨੂੰ ਇੰਨਾ ਯਾਦ ਕਰਦੀਆਂ ਹਨ ਕਿ "ਕੋਠੀ ਵਿਚ ਮੂੰਹ ਦੇ ਕੇ" ਰੋਂਦੀਆਂ ਰਹਿੰਦੀਆਂ ਹਨ, ਉਹ ਵੀ ਇਸ ਨੂੰ ਜ਼ਰੂਰ ਲੈਣ।

ਬਜ਼ੁਰਗ ਤਾਂ ਆਮ ਤੌਰ 'ਤੇ ਆਪਣੇ ਭੂਤ-ਕਾਲ ਦੇ ਸੁਪਨਿਆਂ ਵਿਚ ਵਸਦੇ ਹੀ ਹਨ ਤੇ ਬੀਤੇ ਸਮੇਂ ਦੇ ਕਿੱਸੇ ਸੁਣਾ ਕੇ ਵਰਤਮਾਨ ਨੂੰ ਮਾੜਾ ਦੱਸੀ ਜਾਂਦੇ ਹਨ। ਉਨ੍ਹਾਂ ਲਈ ਆਪਣੀ ਮਾਨਸਿਕ ਸਿਹਤ ਨੂੰ ਬਰਕਰਾਰ ਰੱਖਣ ਲਈ ਹਨੀਸੱਕਲ ਇਕ ਵਰਦਾਨ ਤੋਂ ਘੱਟ ਨਹੀਂ। ਇਹ ਲੈ ਕੇ ਉਹ ਵਰਤਮਾਨ ਵਿਚ ਦਿਲਚਸਪੀ ਲੈਣ ਲੱਗਣਗੇ ਤੇ ਆਪਣੇ ਤਜ਼ਰਬਿਆਂ ਦਾ ਲਾਭ ਸਮਾਜ ਨੂੰ ਦੇਣ ਲੱਗਣਗੇ। ਕਈ ਬਜ਼ੁਰਗਾਂ ਨੂੰ ਕਿਸੇ ਕਾਰਨਵਸ ਬਢੇਪਾ-ਘਰਾਂ ਵਿਚ ਜਾਣਾ ਪੈਂਦਾ ਹੈ। ਉਹ ਉਥੇ ਬੈਠੇ ਆਪਣੇ ਜੀਵਨ ਦੀਆਂ ਪਿਛਲੀਆਂ ਗੱਲਾਂ ਤੇ ਪਰਿਵਾਰ ਵਿਚ ਭੋਗੇ ਸੁੱਖਾਂ ਨੂੰ ਯਾਦ ਕਰ ਕੇ ਹੰਝੂ ਕੇਰੀ ਜਾਂਦੇ ਹਨ। ਉਨ੍ਹਾਂ ਦੀ ਭਲਾਈ ਇਸੇ ਵਿਚ ਹੈ ਕਿ ਉਹ ਵੀ ਇਸ ਦਵਾਈ ਦਾ ਸੇਵਨ ਕਰਨ। ਹਾਂ, ਜਿਨ੍ਹਾਂ ਤੋਂ ਬੀਤੇ ਸਮੇਂ ਵਿਚ ਪਾਪ ਹੋਏ ਹਨ ਜਾਂ ਜਿਹੜੇ ਪਾਪਾਂ ਦਾ ਸ਼ਿਕਾਰ ਹੋਏ ਹਨ, ਉਹ ਵੀ ਅਤੀਤ ਦੇ ਗਿਲੇ-ਸ਼ਿਕਵਿਆਂ ਵਿਚ ਉਲਝੇ ਚੰਗਾ-ਮਾੜਾ ਸੋਚਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਦੀ ਮੁਕਤੀ ਵੀ ਹਨੀਸੱਕਲ ਦੇ ਹੱਥ ਹੈ।

ਕਈ ਸੱਜਣ ਪੁਰਾਤਨ ਵੇਲਿਆਂ ਨੂੰ ਯਾਦ ਕਰ ਕੇ ਉਂਜ ਹੀ ਭਾਵੁਕ ਹੋਏ ਰਹਿੰਦੇ ਹਨ। ਉਹ ਪੁਰਾਣੀਆਂ ਫਿਲਮਾਂ, ਪੁਰਾਣਾ ਸੰਗੀਤ, ਪੁਰਾਣੀ ਵੇਸਭੂਸ਼ਾ, ਪੁਰਾਤਨ ਪੇਂਡੂ ਸਭਿਆਚਾਰ ਤੇ ਪੁਰਾਣੀਆਂ ਰਹੁਰੀਤਾਂ ਦੇ ਦਿਵਾਨੇ ਬਣੇ ਰਹਿੰਦੇ ਹਨ। ਬੀਤੇ ਨੂੰ ਯਾਦ ਕਰਨਾ ਤੇ ਇਸ ਤੋਂ ਸੇਧ ਲੈਣਾ ਬੁਰੀ ਗੱਲ ਨਹੀਂ, ਪਰ ਇਸ ਨੂੰ ਯਾਦ ਕਰਦਿਆਂ ਵਰਤਮਾਨ ਨੂੰ ਭੁਲਾ ਦੇਣਾ ਜਾਂ ਤੁੱਛ ਸਮਝਣਾ ਬੱਜਰ ਭੁੱਲ ਹੈ। ਕੋਈ ਮੰਨੇ ਜਾਂ ਨਾ ਮੰਨੇ, ਭੂਤ ਤੇ ਭਵਿੱਖ ਸਿਰਫ ਸੋਚ-ਵਿਚਾਰ ਦੀ ਅਵਸਥਾ ਹਨ। ਰਹਿਣਾ ਸਭ ਨੂੰ ਵਰਤਮਾਨ ਵਿਚ ਹੀ ਪੈਂਦਾ ਹੈ ਤੇ ਇੱਥੋਂ ਹੀ ਸਭ ਲੋੜਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਵਰਤਮਾਨ ਵਿਚ ਦਿਲ ਲਾ ਕੇ ਰਹਿਣਾ ਕਾਮਯਾਬੀ ਦੀ ਨਿਸ਼ਾਨੀ ਹੈ ਤੇ ਹਨੀਸੱਕਲ ਇਸ ਕਾਮਯਾਬੀ ਦੀ ਚਾਬੀ ਹੈ। ਇਸ ਨੂੰ ਦੇਣ ਵੇਲੇ ਇਸ ਦਾ ਇਸੇ ਵਰਗੀ ਦੂਜੀ ਫੁੱਲ ਦਵਾਈ ਕਲੀਮੈਟਿਸ ਨਾਲੋਂ ਨਿਖੇੜਾ ਕਰ ਲਿਆ ਜਾਣਾ ਜ਼ਰੂਰੀ ਹੈ। ਇਸ ਦੇ ਬੀਮਾਰਾਂ ਸਿਰ ਅਤੀਤ ਦਾ ਹੇਜ ਚੜ੍ਹਿਆ ਹੁੰਦਾ ਹੈ ਤੇ ਕਲੀਮੈਟਿਸ ਦੇ ਰੋਗੀ ਆਪਣੇ ਖਿਆਲਾਂ ਦੀਆਂ ਉਡਾਰੀਆਂ ਵਿਚ ਖੋਏ ਰਹਿੰਦੇ ਹਨ।

ਯਾਦਾਂ ਦੇ ਝਰੋਖੇ 'ਚੋਂ

# ਮੇਰਾ ਨਾਟਕ 'ਹਿੰਦ ਦੀ ਚਾਦਰ'



ਰਵਿੰਦਰ ਸਿੰਘ ਸੋਢੀ
ਫੋਨ: 604-369-2371

ਨਾਟਕ ਦੇਖਣ ਦੀ ਚੇਟਕ ਤਾਂ ਬੀ. ਏ. (1967-70) ਦੌਰਾਨ ਹੀ ਲੱਗ ਗਈ ਸੀ, ਹਰਪਾਲ ਟਿਵਾਣਾ ਦੇ ਨਾਟਕ ਦੇਖ ਕੇ। 1972 ਵਿਚ ਐਮ. ਏ. ਕਰਨ ਤੱਕ ਰੰਗਮੰਚ ਦੇਖਣ ਦਾ ਸ਼ੌਕ ਬਰਕਰਾਰ ਹੀ ਨਹੀਂ ਰਿਹਾ, ਸਗੋਂ ਰੰਗਮੰਚ ਕਰਨ ਦੀ ਇੱਛਾ ਵੀ ਪੈਦਾ ਹੋ ਗਈ ਸੀ, ਪਰ ਮੌਕਾ ਨਹੀਂ ਸੀ ਮਿਲ ਰਿਹਾ। ਐਮ. ਏ. ਪਿਛੋਂ ਸਰਕਾਰੀ ਸਕੂਲ ਵਿਚ ਲੈਕਚਰਾਰ ਦੀ ਨੌਕਰੀ ਵੀ ਕੀਤੀ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਨੌਕਰੀ ਵੀ। ਬਿਜਲੀ ਮਹਿਕਮੇ ਦੀ ਨੌਕਰੀ ਦੌਰਾਨ ਇਕ ਦਿਨ ਪਤਾ ਲੱਗਾ ਕਿ ਬਿਜਲੀ ਬੋਰਡ ਦੀ ਇਕ ਸਭਿਆਚਾਰਕ ਟੋਲੀ ਵਲੋਂ ਕੋਈ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਮੈਂ ਨਾਲ ਦੇ ਸਾਥੀ (ਸੁਰਿੰਦਰ ਸਿੰਘ ਨਰੂਲਾ) ਨੂੰ ਮਨਾ ਲਿਆ ਕਿ ਆਪਾਂ ਵੀ ਕੋਈ ਆਈਟਮ ਪੇਸ਼ ਕਰੀਏ। ਮੈਂ ਕਾਲਜ ਸਮੇਂ ਇਕ ਸਕਿੱਟ 'ਮਦਾਰੀ ਦਾ ਤਮਾਸ਼ਾ' ਦੇਖੀ ਹੋਈ ਸੀ। ਉਸ ਨੇ ਮੇਰਾ ਸਾਥ ਦੇਣਾ ਮੰਨ ਲਿਆ। ਜਦੋਂ ਪ੍ਰੋਗਰਾਮ ਹੋਇਆ ਤਾਂ ਦੋ ਕੁ ਘੰਟੇ ਦੇ ਪ੍ਰੋਗਰਾਮ ਵਿਚੋਂ ਜੋ 4-5 ਆਈਟਮਾਂ ਵੱਧ ਪਸੰਦ ਕੀਤੀਆਂ ਗਈਆਂ, ਉਨ੍ਹਾਂ 'ਚ ਸਾਡੀ ਆਈਟਮ ਵੀ ਸੀ।

ਉਸ ਪ੍ਰੋਗਰਾਮ ਤੋਂ ਕੁਝ ਦਿਨਾਂ ਬਾਅਦ ਮੈਂ ਬਾਜ਼ਾਰ ਜਾ ਰਿਹਾ ਸਾਂ ਤਾਂ ਰਸਤੇ ਵਿਚ ਮੇਰੇ ਇਕ ਹਮ-ਉਮਰ ਨੇ ਰੋਕ ਲਿਆ। ਉਨ੍ਹਾਂ ਨੇ ਮੇਰਾ ਬਿਜਲੀ ਬੋਰਡ ਵਾਲਾ ਸਕਿੱਟ ਦੇਖਿਆ ਹੋਇਆ ਸੀ ਅਤੇ ਦੱਸਿਆ ਕਿ ਉਨ੍ਹਾਂ ਦਾ ਰੰਗਕਰਮੀਆਂ ਦਾ ਇਕ ਗਰੁੱਪ ਹੈ। ਉਨ੍ਹਾਂ ਨੇ ਮੈਨੂੰ ਆਪਣੇ ਗਰੁੱਪ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਉਹ ਸ਼ਖਸੀਅਤ ਸੀ ਜਗਜੀਤ ਸਰੀਨ, ਜਿਸ ਨੇ ਟਿਵਾਣਾ ਸਾਹਿਬ ਨਾਲ ਲੰਬਾ ਸਮਾਂ ਨਾਟਕ ਕੀਤੇ ਸਨ। ਫਿਰ ਪਤਾ ਲੱਗਾ ਕਿ ਸਰੀਨ ਸਾਹਿਬ ਅਤੇ ਮੈਂ ਮਹਿੰਦਰਾ ਕਾਲਜ ਵਿਚ ਇਕੋ ਸਮੇਂ ਪੜ੍ਹੇ ਸਾਂ। ਉਹ ਬੀ. ਐਸ. ਸੀ. ਵਿਚ ਅਤੇ ਮੈਂ ਬੀ. ਏ. ਵਿਚ। ਉਨ੍ਹਾਂ ਦੇ ਨਿਰਦੇਸ਼ਨ ਅਧੀਨ ਕਈ ਨਾਟਕ ਖੇਡੇ ਅਤੇ ਰੰਗ-ਮੰਚ ਦੀਆਂ ਕਈ ਬਾਰੀਕੀਆਂ ਦਾ ਆਪ ਮੁਹਾਰੇ ਹੀ ਪਤਾ ਲੱਗਦਾ ਰਿਹਾ।

ਇਕ ਦਿਨ ਮੈਂ (ਸੰਨ 1975) ਕਪੂਰਥਲਾ ਜਾ ਰਿਹਾ ਸਾਂ, ਕਿਸੇ ਕਾਲਜ ਵਿਚ ਲੈਕਚਰਾਰ ਦੀ ਇੰਟਰਵਿਊ ਦੇਣ। ਗੁਰੂ ਤੇਗ ਬਹਾਦਰ ਸੰਬੰਧੀ ਇਕ ਦ੍ਰਿਸ਼ ਮੇਰੇ ਦਿਮਾਗ ਵਿਚ ਘੁੰਮਣ ਲੱਗਾ। ਉਨ੍ਹੀਂ ਦਿਨੀਂ ਨੌਂਵੀਂ ਪਾਤਸ਼ਾਹੀ ਦੇ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਸੀ। ਘਰ ਆ ਕੇ ਮੈਂ ਨਾਟਕ ਲਿਖਣਾ ਸ਼ੁਰੂ ਕੀਤਾ। ਮੈਨੂੰ ਨਹੀਂ ਸੀ ਪਤਾ ਕਿ ਕਿਹੜਾ ਪਾਤਰ ਕਦੋਂ ਆਵੇਗਾ, ਕਿਹੜੇ ਕਿਹੜੇ ਪਾਤਰ ਹੋਣਗੇ ਅਤੇ ਨਾਟਕ ਵਿਚ ਕਿੰਨੇ ਦ੍ਰਿਸ਼ ਹੋਣਗੇ? ਦਿਮਾਗ 'ਚ ਜੋ ਆਇਆ, ਉਹੀ ਲਿਖਦਾ ਰਿਹਾ। ਜਦੋਂ ਕੁਝ ਸਮਝ ਨਾ ਆਉਂਦਾ ਕਿ ਅੱਗੇ ਕੀ ਲਿਖਿਆ ਜਾਵੇ, ਲਿਖਣਾ ਬੰਦ ਕਰ ਦਿੰਦਾ। ਪੰਦਰਾਂ-ਵੀਹ ਦਿਨਾਂ ਵਿਚ ਨਾਟਕ ਦਾ ਮੁਢਲਾ ਢਾਂਚਾ ਤਿਆਰ ਹੋ ਗਿਆ, ਪਰ ਮੈਨੂੰ ਲੱਗ ਰਿਹਾ ਸੀ ਕਿ ਨਾਟਕ ਦਾ ਅੰਤ ਮੇਰੀ ਮਰਜ਼ੀ ਅਨੁਸਾਰ ਨਹੀਂ ਸੀ ਹੋਇਆ। ਇਕ ਦਿਨ ਮੈਂ ਤੇ ਸਰੀਨ ਸਾਹਿਬ ਨੇ ਨਾਟਕ ਇਕੱਠਿਆਂ ਪੜ੍ਹਿਆ। ਉਨ੍ਹਾਂ ਦਾ ਹੁੰਗਾਰਾ ਹਾਂ-ਪੱਖੀ ਸੀ, ਪਰ ਉਨ੍ਹਾਂ ਨੂੰ ਵੀ ਲੱਗਾ ਕਿ ਨਾਟਕ ਵਿਚ ਹੋਰ ਵਾਧੇ ਦੀ ਗੁੰਜਾਇਸ਼ ਹੈ।

ਉਨ੍ਹੀਂ ਦਿਨੀਂ ਪ੍ਰਸਿੱਧ ਰੰਗਕਰਮੀ ਯੋਗਰਾਜ ਸੇਢਾ ਅਤੇ ਮੋਹਨ ਬੱਗਨ ਕੈਨੇਡਾ ਤੋਂ ਵਾਪਿਸ ਆਏ ਸਨ। ਯੋਗਰਾਜ ਜੀ ਨੇ ਬਿਜਲੀ ਬੋਰਡ ਵਿਚ ਜੇ. ਈ. ਦੀ ਨੌਕਰੀ ਮੁੜ ਸ਼ੁਰੂ ਕਰ ਲਈ ਸੀ। ਬਿਜਲੀ ਬੋਰਡ ਦੇ ਉਸ ਸਮੇਂ ਦੇ ਪੀ. ਆਰ. ਓ. ਵਿਭਾਗ ਦੇ ਮੁਖੀ ਨਿਰੰਜਣ ਸਿੰਘ ਮੀਠਾ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਨਾਟਕ 'ਸਿਰ ਦੀਜੈ ਬਾਂਹਿ ਨਾ ਛੋੜੀਐ' ਲਿਖ ਰਹੇ ਸਨ। ਉਨ੍ਹਾਂ ਨੇ ਬਿਜਲੀ ਬੋਰਡ ਵੱਲੋਂ ਉਹ ਨਾਟਕ ਤਿਆਰ ਕਰਵਾਉਣ ਦੀ ਜ਼ਿੰਮੇਵਾਰੀ ਯੋਗਰਾਜ ਸੇਢਾ ਦੀ ਲਾ ਦਿੱਤੀ। ਯੋਗਰਾਜ ਨੂੰ ਜਦੋਂ ਪਤਾ ਲੱਗਾ ਕਿ ਮੈਂ ਵੀ ਗੁਰੂ ਸਾਹਿਬ ਸੰਬੰਧੀ ਨਾਟਕ ਲਿਖ ਰਿਹਾ ਹਾਂ ਤਾਂ ਬੜੇ ਖੁਸ਼ ਹੋਏ। ਮੈਂ ਉਨ੍ਹਾਂ ਨੂੰ ਵੀ ਆਪਣੇ ਨਾਟਕ 'ਹਿੰਦ ਦੀ ਚਾਦਰ' ਦਾ ਖਰੜਾ ਪੜ੍ਹਨ ਨੂੰ ਦਿੱਤਾ। ਨਾਟਕ ਪੜ੍ਹ ਕੇ ਉਨ੍ਹਾਂ ਨੂੰ ਇਹ ਖੁਸ਼ੀ ਹੋਈ ਕਿ ਮੀਠਾ ਸਾਹਿਬ ਅਤੇ ਮੇਰੇ ਨਾਟਕ, ਦੋਵਾਂ ਦਾ ਭਾਵੇਂ ਕੇਂਦਰੀ ਵਿਸ਼ਾ ਇੱਕੋ ਹੀ ਹੈ, ਪਰ ਨਿਭਾਅ ਬਿਲਕੁਲ ਹੀ ਵੱਖਰਾ ਹੈ। ਮੇਰੇ ਵਾਲੇ ਨਾਟਕ ਵਿਚ ਔਰੰਗਜ਼ੇਬ ਦਾ ਪਾਤਰ ਹੋਣ ਕਰਕੇ, ਉਨ੍ਹਾਂ ਨੂੰ ਨਾਟਕ ਜ਼ਿਆਦਾ ਪਸੰਦ ਆਇਆ, ਪਰ ਉਨ੍ਹਾਂ ਨੇ ਵੀ ਸੁਝਾਅ ਦਿੱਤਾ ਕਿ ਨਾਟਕ ਦਾ ਅੰਤ ਕੁਝ ਨਾਟਕੀ ਟੱਕਰ ਵਾਲਾ ਹੋਣਾ ਚਾਹੀਦਾ ਹੈ। ਸਾਫਗੋਈ ਹੈ ਕਿ ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਆਖਰੀ ਦ੍ਰਿਸ਼ ਵਿਚ ਕੀ ਦਰਸਾਇਆ ਜਾਵੇ?

ਭਾਵੇਂ ਨਾਟਕ ਦੇ ਹਰ ਦ੍ਰਿਸ਼ ਦੀ ਹੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ, ਪਰ ਨਾਟਕ ਦੀ ਸਫਲਤਾ ਦਾ ਸਾਰਾ ਦਾਰੋਮਦਾਰ ਆਖਰੀ ਦ੍ਰਿਸ਼ 'ਤੇ ਹੀ ਨਿਰਭਰ ਕਰਦਾ ਹੈ। ਜਦੋਂ ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਾਂ ਤਾਂ ਇਕ ਰਾਤ, ਸੌਣ ਤੋਂ ਪਹਿਲਾਂ ਪਤਾ ਨਹੀਂ ਮੇਰੇ ਦਿਲ ਵਿਚ ਕੀ ਆਇਆ, ਮੈਂ ਲਿਖਣਾ ਸ਼ੁਰੂ ਕਰ ਦਿੱਤਾ। ਜਦੋਂ ਮੈਨੂੰ ਮਹਿਸੂਸ ਹੋਇਆ ਕਿ ਹੁਣ ਹੋਰ ਨਹੀਂ ਲਿਖਿਆ ਜਾਂਦਾ, ਮੈਂ ਸੌਂ ਗਿਆ। ਸਵੇਰੇ ਉੱਠ ਕੇ ਜਦੋਂ ਮੈਂ ਰਾਤ ਦਾ ਲਿਖਿਆ ਪੜ੍ਹਨ ਲੱਗਾ ਤਾਂ ਮੈਨੂੰ ਆਪ ਹੈਰਾਨੀ ਹੋ ਰਹੀ ਸੀ ਕਿ ਬਿਨਾ ਕੁਝ ਸੋਚੇ ਮੈਂ ਏਨਾ ਕੁਝ ਕਿਵੇਂ ਲਿਖ ਗਿਆ? ਮੈਨੂੰ ਮਹਿਸੂਸ ਹੋਇਆ ਕਿ ਨਾਟਕ ਪੂਰਾ ਹੋ ਗਿਆ ਹੈ। ਮੇਰੇ ਲਈ ਤਾਂ ਇਹ ਰੱਬੀ ਕ੍ਰਿਸ਼ਮਾ ਹੀ ਸੀ।

ਸਾਰਾ ਦ੍ਰਿਸ਼ ਮੁੜ ਲਿਖਿਆ ਅਤੇ ਸਰੀਨ ਸਾਹਿਬ ਕੋਲ ਬੈਂਕ ਪਹੁੰਚ ਗਿਆ। ਉਨ੍ਹਾਂ ਨੂੰ ਲਿਖੇ ਹੋਏ ਪੰਨੇ ਫੜਾ ਕੇ ਕਿਹਾ ਕਿ ਮੇਰੇ ਵੱਲੋਂ ਨਾਟਕ 'ਹਿੰਦ ਦੀ ਚਾਦਰ' ਪੂਰਾ ਹੈ, ਜੇ ਤੁਹਾਨੂੰ ਪਸੰਦ ਹੈ ਤਾਂ ਖੇਡਣ ਦੀ ਤਿਆਰੀ ਕਰ ਲਓ। ਇਹ ਵੀ ਕਹਿ ਦਿੱਤਾ ਕਿ ਪਹਿਲਾਂ ਤੁਸੀਂ ਪੜ੍ਹ ਲਉ, ਫੇਰ ਯੋਗਰਾਜ ਜੀ ਨੂੰ ਪੜ੍ਹਨ ਨੂੰ ਦੇਵਾਂਗੇ।

ਸ਼ਾਮ ਦੇ ਸਮੇਂ ਸਰੀਨ ਸਾਹਿਬ ਬਿਜਲੀ ਬੋਰਡ ਹੀ ਪਹੁੰਚ ਗਏ, ਜਿੱਥੇ ਅਸੀਂ 'ਸਿਰ ਦੀਜੈ ਬਾਂਹਿ ਨਾ ਛੋੜੀਐ' ਦੀ ਰਿਹਰਸਲ ਕਰਦੇ ਸਾਂ। ਉਹ ਮੈਨੂੰ ਇਸ਼ਾਰਾ ਕਰਕੇ ਕੁਝ ਦੂਰ ਲੈ ਗਏ ਅਤੇ ਖੁਸ਼ ਹੋ ਕੇ ਕਹਿਣ ਲੱਗੇ ਕਿ 'ਹਿੰਦ ਦੀ ਚਾਦਰ' ਨਾਟਕ ਦਾ ਅੰਤ ਬਹੁਤ ਹੀ ਭਾਵਪੂਰਤ ਬਣ ਗਿਆ ਹੈ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨੇ ਉਸ ਸਮੇਂ ਦੇ ਆਮ ਲੋਕਾਂ ਵਿਚ ਜੋ ਨਵਾਂ ਹੌਸਲਾ, ਦਲੇਰੀ ਅਤੇ ਜ਼ਾਲਮ ਹਕੂਮਤ ਵਿਰੁੱਧ ਨਫਰਤ ਦੀ ਭਾਵਨਾ ਪੈਦਾ ਕੀਤੀ ਸੀ, ਉਹ ਨਾਟਕ ਦੇ ਆਖਰੀ ਦ੍ਰਿਸ਼ ਵਿਚ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ। ਇਨ੍ਹਾਂ ਸ਼ਬਦਾਂ ਨਾਲ ਬਹੁਤ ਹੌਸਲਾ ਮਿਲਿਆ।

ਨਾਟਕ ਦੀ ਰਿਹਰਸਲ ਪਿਛੋਂ ਸਰੀਨ ਸਾਹਿਬ ਅਤੇ ਮੈਂ, ਯੋਗਰਾਜ ਜੀ ਨਾਲ ਉਨ੍ਹਾਂ ਦੇ ਘਰ ਹੀ ਚਲੇ ਗਏ ਤੇ ਉਨ੍ਹਾਂ ਨੂੰ ਕਿਹਾ ਕਿ ਨਾਟਕ ਦਾ ਆਖਰੀ ਦ੍ਰਿਸ਼ ਉਹ ਵੀ ਪੜ੍ਹ ਕੇ ਆਪਣੀ ਸਲਾਹ ਦੇਣ ਤਾਂ ਜੋ ਨਾਟਕ ਦੀ ਤਿਆਰੀ ਸ਼ੁਰੂ ਕੀਤੀ ਦਾ ਸਕੇ। ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਜਲਦੀ ਹੀ ਪੜ੍ਹ ਲੈਣਗੇ, ਪਰ ਨਾਟਕ ਦੀ ਤਿਆਰੀ ਲਈ ਕੁਝ ਦੇਰ ਰੁਕਣ ਲਈ ਕਿਹਾ, ਤਾਂ ਜੋ ਪਹਿਲਾਂ ਬਿਜਲੀ ਬੋਰਡ ਵਾਲੇ ਨਾਟਕ ਦੇ ਕੁਝ ਸ਼ੋਅ ਹੋ ਜਾਣ, ਕਿਉਂਕਿ ਦੋਹਾਂ ਨਾਟਕਾਂ ਵਿਚ ਕਈ ਕਲਾਕਾਰ ਸਾਂਝੇ ਹੀ ਸਨ। ਯੋਗਰਾਜ ਜੀ ਨੇ ਹੀ ਮੇਰੇ ਵਾਲੇ ਨਾਟਕ ਵਿਚ ਔਰੰਗਜ਼ੇਬ ਦਾ ਕਿਰਦਾਰ ਨਿਭਾਉਣਾ ਸੀ। ਮੀਠਾ ਸਾਹਿਬ ਵਾਲੇ ਨਾਟਕ ਦੇ ਉਹ ਨਿਰਦੇਸ਼ਕ ਵੀ ਸਨ ਅਤੇ ਭਾਈ ਜੈਤਾ ਜੀ ਦਾ ਰੋਲ ਵੀ ਕਰ ਰਹੇ ਸਨ। ਮੋਹਨ ਬੱਗਨ, ਭਾਰਤ ਭੂਸ਼ਨ ਵਰਮਾ, ਸੁਰਿੰਦਰ ਮਹਿਤਾ, ਪ੍ਰੇਮ ਚੰਦ ਆਦਿ ਵੀ ਦੋਹਾਂ ਨਾਟਕਾਂ ਵਿਚ ਸਨ।

ਯੋਗਰਾਜ ਜੀ ਨੇ ਵੀ 'ਹਿੰਦ ਦੀ ਚਾਦਰ' ਨਾਟਕ ਦਾ ਆਖਰੀ ਦ੍ਰਿਸ਼ ਬਹੁਤ ਪਸੰਦ ਕੀਤਾ ਅਤੇ ਕਿਹਾ ਕਿ ਇਹ ਨਵਾਂ ਸੀਨ ਜਿਥੇ ਕਲਾਕਾਰਾਂ ਨੂੰ ਆਪਣੀ ਕਲਾ ਦਿਖਾਉਣ ਦਾ ਮੌਕਾ ਦੇਵੇਗਾ, ਉਥੇ ਹੀ ਦਰਸ਼ਕਾਂ ਨੂੰ ਵੀ ਝੰਜੋੜੇਗਾ। ਸਰੀਨ ਸਾਹਿਬ ਅਤੇ ਯੋਗਰਾਜ ਜੀ ਤੋਂ ਮਿਲਿਆ ਹੁੰਗਾਰਾ ਮੇਰੇ ਲਈ ਕਿਸੇ ਇਨਾਮ ਤੋਂ ਘੱਟ ਨਹੀਂ ਸੀ।

ਮੰਚ 'ਤੇ ਨਾਟਕ ਪੇਸ਼ ਕਰਨ ਲਈ ਅਜੇ ਕੁਝ ਸਮਾਂ ਲੱਗਣਾ ਸੀ, ਇਸ ਲਈ ਮੈਂ ਨਾਟਕ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਫੈਸਲਾ ਕੀਤਾ। ਮੇਰਾ ਨਾਟਕ ਪੜ੍ਹ ਕੇ ਪ੍ਰਸਿੱਧ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਨੇ ਮੁੱਖ ਬੰਦ ਲਿਖਿਆ ਅਤੇ ਆਲ ਇੰਡੀਆ ਰੇਡੀਓ, ਜਲੰਧਰ ਤੋਂ ਇਸ ਦਾ ਰਿਵਿਊ ਵੀ ਕੀਤਾ। ਡਾ. ਰੌਸ਼ਨ ਲਾਲ ਆਹੂਜਾ ਨੇ 'ਦਿ ਟ੍ਰਿਬਿਊਨ' ਵਿਚ ਵੀ ਹਿੰਦ ਦੀ ਚਾਦਰ ਦਾ ਰਿਵਿਊ ਕੀਤਾ। ਵਿਦਵਾਨ ਨਾਟਕਕਾਰਾਂ ਵੱਲੋਂ ਮਿਲੇ ਇਸ ਥਾਪੜੇ ਨੇ ਮੇਰਾ ਹੌਂਸਲਾ ਹੋਰ ਵਧਾ ਦਿੱਤਾ।

ਜ਼ਿਕਰਯੋਗ ਹੈ ਕਿ ਮੇਰੇ ਗੁਰੂਦੇਵ ਅਤੇ ਪੰਜਾਬੀ ਦੇ ਮਹਾਨ ਨਾਟਕਕਾਰ ਡਾ. ਹਰਚਰਨ ਸਿੰਘ ਦੇ ਨਾਟਕ ਦਾ ਨਾਂ ਵੀ 'ਹਿੰਦ ਦੀ ਚਾਦਰ' ਹੀ ਸੀ। ਉਸ ਨੂੰ ਨਾਮਵਰ ਨਿਰਦੇਸ਼ਕ ਹਰਪਾਲ ਟਿਵਾਣਾ ਤਿਆਰ ਕਰ ਰਹੇ ਸਨ। ਮੇਰੇ ਨਾਟਕ ਦੇ ਨਿਰਦੇਸ਼ਕ ਜਗਜੀਤ ਸਰੀਨ ਵੀ ਟਿਵਾਣਾ ਸਾਹਿਬ ਦੇ ਸ਼ਾਗਿਰਦ ਰਹਿ ਚੁਕੇ ਸਨ ਅਤੇ ਨਾਟਕ ਦੇ ਦੋ ਮੁੱਖ ਅਦਾਕਾਰ-ਯੋਗਰਾਜ ਸੇਢਾ ਅਤੇ ਮੋਹਨ ਬੱਗਨ ਵੀ ਟਿਵਾਣਾ ਸਾਹਿਬ ਨਾਲ ਕਈ ਨਾਟਕਾਂ ਵਿਚ ਅਦਾਕਾਰੀ ਕਰ ਚੁਕੇ ਸਨ।



ਪੰਜਾਬ ਨਾਟਸ਼ਾਲਾ, ਪਟਿਆਲਾ ਵੱਲੋਂ 'ਹਿੰਦ ਦੀ ਚਾਦਰ' ਦੀ ਪਲੇਠੀ ਪੇਸ਼ਕਾਰੀ ਦਾ ਦ੍ਰਿਸ਼ (1976)



ਇੰਪੈਕਟ ਆਰਟਸ, ਚੰਡੀਗੜ੍ਹ ਵੱਲੋਂ 'ਹਿੰਦ ਦੀ ਚਾਦਰ' ਦਾ ਇਕ ਦ੍ਰਿਸ਼

ਦਸੰਬਰ 1975 ਦੇ ਅੱਧ ਤੋਂ ਬਾਅਦ ਅਸੀਂ ਨਾਟਕ ਦੀਆਂ ਰਿਹਰਸਲਾਂ ਸ਼ੁਰੂ ਕਰ ਦਿੱਤੀਆਂ। ਜਨਵਰੀ ਦੇ ਪਹਿਲੇ ਹਫਤੇ ਤੱਕ ਨਾਟਕ ਪੂਰੀ ਤਰ੍ਹਾਂ ਤਿਆਰ ਸੀ। ਨਾਟਕ ਦਾ ਕੋਈ ਵੀ ਵਾਰਤਾਲਾਪ ਜਾਂ ਦ੍ਰਿਸ਼ ਬਦਲਣਾ ਨਹੀਂ ਪਿਆ। ਸਿਰਫ ਇਕ ਛੋਟਾ ਜਿਹਾ ਵਾਕ ਹੀ ਕੱਟਿਆ, ਉਹ ਵੀ ਮੇਰੇ ਕਹਿਣ 'ਤੇ। ਅਸਲ ਵਿਚ ਉਹ ਵਾਕ ਬੋਲਣ ਵੇਲੇ ਉਸ ਦੇ ਅਰਥ ਦੇ ਅਨਰਥ ਹੋ ਰਹੇ ਸਨ।

ਅਸੀਂ 25 ਜਨਵਰੀ 1976 ਨੂੰ ਸੈਂਟਰਲ ਲਾਇਬ੍ਰੇਰੀ ਦੇ ਆਡੀਟੋਰੀਅਮ ਵਿਚ ਨਾਟਕ ਦੀ ਪੇਸ਼ਕਾਰੀ ਦੀ ਤਿਆਰੀ ਕਰ ਲਈ। ਕਲਾਕਾਰਾਂ ਦੀਆਂ ਪੁਸ਼ਾਕਾਂ ਦਾ ਸਾਨੂੰ ਬਹੁਤਾ ਇੰਤਜ਼ਾਮ ਨਾ ਕਰਨਾ ਪਿਆ, ਕਿਉਂਕਿ ਬਿਜਲੀ ਬੋਰਡ ਵਾਲੇ ਨਾਟਕ ਦੀਆਂ ਪੁਸ਼ਾਕਾਂ ਨਾਲ ਸਾਡਾ ਕੰਮ ਚੱਲ ਗਿਆ। ਸਮੱਸਿਆ ਆਈ ਔਰੰਗਜ਼ੇਬ ਦੀ ਸ਼ਾਹੀ ਟੋਪੀ ਦੀ। ਸਾਨੂੰ ਪਟਿਆਲਾ ਸ਼ਹਿਰ ਵਿਚ ਅਜਿਹਾ ਕਾਰੀਗਰ ਨਾ ਮਿਲਿਆ, ਜੋ ਟੋਪੀ ਬਣਾ ਦਿੰਦਾ; ਪਰ ਨਾਟਕ ਤੋਂ ਇਕ ਦਿਨ ਪਹਿਲਾਂ ਗੁਰਚਰਨ ਚੰਨੀ (ਪ੍ਰਸਿੱਧ ਨਾਟ ਕਰਮੀ) ਨੇ ਸਾਡੀ ਇਹ ਸਮੱਸਿਆ ਹੱਲ ਕਰ ਦਿੱਤੀ। ਉਂਜ ਮੁਸ਼ਕਿਲਾਂ ਕਦਮ ਕਦਮ 'ਤੇ ਸਾਡਾ ਇਮਤਿਹਾਨ ਲੈ ਰਹੀਆਂ ਸਨ। 24 ਜਨਵਰੀ ਦੀ ਰਾਤ ਨੂੰ ਯੋਗਰਾਜ ਸੇਢਾ ਦਾ ਇਕ ਕਰੀਬੀ ਰਿਸ਼ਤੇਦਾਰ ਅਚਾਨਕ ਹੀ ਅਕਾਲ ਚਲਾਣਾ ਕਰ ਗਿਆ ਅਤੇ ਉਨ੍ਹਾਂ ਨੂੰ ਜਾਣਾ ਪਿਆ, ਪਰ ਉਹ ਜਾਂਦੇ ਜਾਂਦੇ ਕਿਸੇ ਨੂੰ ਸੁਨੇਹਾ ਦੇ ਗਏ ਕੇ ਉਹ ਨਾਟਕ ਦੇ ਸਮੇਂ ਤੱਕ ਪਹੁੰਚ ਜਾਣਗੇ। ਨਾਟਕ ਅਸੀਂ ਸੱਤ ਵਜੇ ਸ਼ੁਰੂ ਕਰਨਾ ਸੀ। ਚਾਰ ਕੁ ਵਜੇ ਪ੍ਰੋਫੈਸਰ ਕ੍ਰਿਸ਼ਨ ਦਿਵੇਦੀ ਨੇ ਕਲਾਕਾਰਾਂ ਦਾ ਮੇਕ-ਅੱਪ ਸ਼ੁਰੂ ਕਰ ਦਿੱਤਾ। ਸਰੀਨ ਸਾਹਿਬ ਨੇ ਮੈਨੂੰ ਕਿਹਾ ਕਿ ਔਰੰਗਜ਼ੇਬ ਦੇ ਰੋਲ ਲਈ ਕਿਸੇ ਦੂਜੇ ਕਲਾਕਾਰ ਨੂੰ ਤਿਆਰ ਕਰੋ। ਉਹ ਕਲਾਕਾਰ ਰਿਹਰਸਲਾਂ ਦੌਰਾਨ ਹਾਜ਼ਰ ਹੁੰਦਾ ਸੀ ਅਤੇ ਬਹੁਤ ਹੀ ਵਧੀਆ ਕਲਾਕਾਰ ਸੀ। ਮੈਨੂੰ ਵੀ ਯਕੀਨ ਸੀ ਕਿ ਉਹ ਕੰਮ ਸਾਰ ਦੇਵੇਗਾ, ਪਰ ਪੰਜ ਵਜੇ ਯੋਗਰਾਜ ਜੀ ਪਹੁੰਚ ਗਏ।

ਆਡੀਟੋਰੀਅਮ ਦਾ ਹਾਲ ਤੇ ਗੈਲਰੀ ਪੂਰੀ ਤਰ੍ਹਾਂ ਭਰੇ ਹੋਏ ਸਨ। ਅਸੀਂ ਨਾਟਕ ਸਮੇਂ ਸਿਰ ਸ਼ੁਰੂ ਕਰ ਦਿੱਤਾ। ਸਾਰੇ ਨਾਟਕ ਦੌਰਾਨ ਦਰਸ਼ਕਾਂ ਨੇ ਚੁੱਪੀ ਸਾਧੀ ਰੱਖੀ ਤੇ ਨਾਟਕ ਨੂੰ ਮਾਣਦੇ ਰਹੇ। ਨਾਟਕ ਦੀ ਪੇਸ਼ਕਾਰੀ ਸਾਡੀ ਆਸ ਤੋਂ ਕਿਤੇ ਵੱਧ ਸਫਲ ਰਹੀ। ਅਗਲੇ ਕੁਝ ਦਿਨ ਸਾਨੂੰ ਵਧੀਆ ਨਾਟਕ ਪੇਸ਼ ਕਰਨ ਦੀਆਂ ਵਧਾਈਆਂ ਮਿਲਦੀਆਂ ਰਹੀਆਂ। ਰੰਗਮੰਚ ਦੀਆਂ ਕਈ ਨਾਮੀ ਸ਼ਖਸੀਅਤਾਂ ਨੇ ਸਾਡਾ ਹੌਸਲਾ ਵਧਾਇਆ ਅਤੇ ਨਾਟਕ ਦੇ ਹੋਰ ਸ਼ੋਅ ਕਰਨ ਲਈ ਪ੍ਰੇਰਿਆ। ਭਾਵੇਂ ਸਾਡਾ ਗਰੁੱਪ, ਪੰਜਾਬ ਨਾਟ ਸ਼ਾਲਾ, ਕੋਈ ਪੇਸ਼ੇਵਰ ਗਰੁੱਪ ਨਹੀਂ ਸੀ, ਪਰ ਨਾਟਕ 'ਹਿੰਦ ਦੀ ਚਾਦਰ' ਦੀ ਪੇਸ਼ਕਾਰੀ ਜ਼ਰੂਰ ਪੇਸ਼ੇਵਰ ਪੱਧਰ ਦੀ ਰਹੀ। ਨਾਟਕ ਦਾ ਹਰ ਦ੍ਰਿਸ਼ ਹੀ ਆਪਣਾ ਪ੍ਰਭਾਵ ਪਾ ਰਿਹਾ ਸੀ। ਮੈਂ ਵੀ ਦਰਸ਼ਕਾਂ ਵਿਚ ਬੈਠ ਕੇ ਨਾਟਕ ਦਾ ਅਨੰਦ ਮਾਣਿਆ। ਆਖਰੀ ਦ੍ਰਿਸ਼ ਨੇ ਦਰਸ਼ਕਾਂ ਨੂੰ ਖੂਬ ਟੁੰਬਿਆ। ਨਾਟਕ ਦੀ ਸਫਲਤਾ ਦਾ ਸਿਹਰਾ ਨਿਰਦੇਸ਼ਕ ਜਗਜੀਤ ਸਰੀਨ, ਯੋਗਰਾਜ ਸੇਢਾ (ਔਰੰਗਜ਼ੇਬ), ਭਾਰਤ ਭੂਸ਼ਨ ਵਰਮਾ (ਨਵਾਬ), ਮੋਹਨ ਬੱਗਨ (ਦੂਜਾ ਸਿਪਾਹੀ), ਸਰੀਨ ਸਾਹਿਬ (ਕਾਜ਼ੀ), ਮਹਿੰਦਰ ਸਿੰਘ (ਅਫਜ਼ ਬੇਗ), ਕਲਾਕਾਰਾਂ ਦੇ ਮੇਕ-ਅੱਪ ਲਈ ਪ੍ਰੋਫੈਸਰ ਕ੍ਰਿਸ਼ਨ ਦਿਵੇਦੀ ਅਤੇ ਨਾਟਕ ਦੇ ਬਾਕੀ ਸਾਰੇ ਕਲਾਕਾਰਾਂ ਨੂੰ ਜਾਂਦਾ ਹੈ।

ਪੰਤਾਲੀ ਸਾਲ ਪਹਿਲਾਂ ਦੀ 'ਹਿੰਦ ਦੀ ਚਾਦਰ' ਨਾਟਕ ਦੀ ਪਹਿਲੀ ਪੇਸ਼ਕਾਰੀ ਹੁਣ ਵੀ ਜਦੋਂ ਯਾਦ ਆਉਂਦੀ ਹੈ ਤਾਂ ਦਿਲ ਖੁਸ਼ ਹੋਣ ਦੇ ਨਾਲ-ਨਾਲ ਉਦਾਸ ਵੀ ਹੋ ਜਾਂਦਾ ਹੈ, ਕਿਉਂਕਿ ਸਾਡੇ ਕੁਝ ਸਾਥੀ, ਜਿਨ੍ਹਾਂ ਨੇ ਨਾਟਕ ਦੀ ਪੇਸ਼ਕਾਰੀ ਵਿਚ ਅਹਿਮ ਯੋਗਦਾਨ ਪਾਇਆ ਸੀ, ਉਹ ਸਾਥੋਂ ਸਦਾ ਲਈ ਵਿਛੜ ਚੁਕੇ ਹਨ। ਉਹ ਵਧੀਆ ਕਲਾਕਾਰ ਹੋਣ ਦੇ ਨਾਲ-ਨਾਲ ਵਧੀਆ ਇਨਸਾਨ ਵੀ ਸਨ, ਜਿਵੇਂ ਕਿ ਯੋਗਰਾਜ ਸੇਢਾ, ਮਹਿੰਦਰ ਸਿੰਘ, ਸੁਰਿੰਦਰ, ਸਤਵੰਤ ਕੈਂਥ, ਅੰਬਾਖਸ਼, ਹਰਗੱਜਣ ਸਿੰਘ, ਪ੍ਰੋਫੈਸਰ ਕ੍ਰਿਸ਼ਨ ਦਿਵੇਦੀ ਆਦਿ।

ਗੁਲਜ਼ਾਰ ਪਵਾਰ ਨੇ ਵੀ ਪੰਜਾਬ ਆਰਟ ਥੀਏਟਰ ਵੱਲੋਂ 'ਹਿੰਦ ਦੀ ਚਾਦਰ' ਨਾਟਕ ਦੀਆਂ ਕਰੀਬ ਵੀਹ ਪੇਸ਼ਕਾਰੀਆਂ ਕੀਤੀਆਂ। 2003 ਵਿਚ ਗੁਲਜ਼ਾਰ ਮੇਰੇ ਇਕ ਮਿੱਤਰ ਨੂੰ ਲੈ ਕੇ ਮੈਨੂੰ ਨਾਭੇ ਮਿਲਣ ਆਇਆ। ਮੈਂ ਉਸ ਤੋਂ ਪਹਿਲਾਂ ਗੁਲਜ਼ਾਰ ਨੂੰ ਕਦੇ ਮਿਲਿਆ ਨਹੀਂ ਸੀ। ਉਹ ਮੇਰਾ ਨਾਟਕ 'ਹਿੰਦ ਦੀ ਚਾਦਰ' ਖੇਡਣ ਦਾ ਇਛੁੱਕ ਸੀ। ਮੈਨੂੰ ਖੁਸ਼ੀ ਹੋਈ ਕਿ ਅਠਾਈ ਸਾਲ ਪਹਿਲਾਂ ਲਿਖੇ ਨਾਟਕ ਨੂੰ ਕੋਈ ਨਿਰਦੇਸ਼ਕ ਮੁੜ ਮੰਚ 'ਤੇ ਪੇਸ਼ ਕਰਨਾ ਚਾਹੁੰਦਾ ਹੈ, ਭਾਵੇਂ ਦਿਲ ਵਿਚ ਕੁਝ ਤੌਖਲਾ ਵੀ ਸੀ ਕਿ ਪਤਾ ਨਹੀਂ ਇਨ੍ਹਾਂ ਕੋਲ ਕਲਾਕਾਰ ਕਿਸ ਤਰ੍ਹਾਂ ਦੇ ਹਨ? ਪਰ ਮੈਂ ਉਨ੍ਹਾਂ ਨੂੰ ਆਪਣੀ ਲਿਖਤੀ ਮਨਜ਼ੂਰੀ ਦੇ ਦਿੱਤੀ। ਪੰਜਾਬ ਆਰਟ ਥੀਏਟਰ ਨੇ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਇਸ ਨਾਟਕ ਦੀਆਂ ਕਈ ਸਫਲ ਪੇਸ਼ਕਾਰੀਆਂ ਕੀਤੀਆਂ। ਗੁਲਜ਼ਾਰ ਪਵਾਰ ਨੇ ਕਈ ਵਾਰ ਮੈਨੂੰ ਨਾਟਕ ਦੇਖਣ ਲਈ ਸੁਨੇਹਾ ਭੇਜਿਆ, ਪਰ ਮੈਂ ਆਪਣੇ ਰਿਹਾਇਸ਼ੀ ਪਬਲਿਕ ਸਕੂਲ ਦੀ ਨੌਕਰੀ ਦੇ ਰੁਝੇਵਿਆਂ ਕਾਰਨ ਆਪਣਾ ਹੀ ਨਾਟਕ ਦੇਖਣ ਨਾ ਜਾ ਸਕਿਆ।

ਗੁਲਜ਼ਾਰ ਪਵਾਰ ਨੇ ਆਪ ਹੀ ਹਿੰਮਤ ਕਰਕੇ ਸਾਡੇ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਨਾਟਕ ਕਰਨ ਦਾ ਉੱਦਮ ਕਰ ਲਿਆ। ਮੈਨੂੰ ਖੁਸ਼ੀ ਵੀ ਹੋ ਰਹੀ ਸੀ ਕਿ ਮੇਰਾ ਲਿਖਿਆ ਨਾਟਕ ਮੇਰੇ ਸਕੂਲ ਵਿਚ ਖੇਡਿਆ ਜਾ ਰਿਹਾ ਹੈ, ਪਰ ਦਿਲ ਦੀ ਕਿਸੇ ਨੁੱਕਰੇ ਡਰ ਵੀ ਸੀ, ਜਿਵੇਂ ਹਰ ਵਿਦਿਆਰਥੀ ਦੇ ਦਿਲ ਵਿਚ ਇਮਤਿਹਾਨ ਤੋਂ ਪਹਿਲਾਂ ਹੁੰਦਾ ਹੈ। ਅਸਲ ਵਿਚ ਸਕੂਲ ਦੇ ਮੁੱਖ ਅਧਿਆਪਕ, ਸਾਥੀ ਅਧਿਆਪਕਾਂ ਅਤੇ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਮੇਰਾ ਇਮਤਿਹਾਨ ਹੀ ਸੀ। ਪਰਦਾ ਉਠਦਾ ਹੈ ਅਤੇ ਨਾਟਕ ਦੇ ਸਾਰੇ ਪਾਤਰ ਮੰਚ 'ਤੇ ਬੈਠੇ ਹਨ ਤੇ ਗਾਇਕ ਮੰਡਲੀ 'ਅਵਲਿ ਅਲਾਹ ਨੂਰੁ ਉਪਾਇਆ' ਸ਼ਬਦ ਗਾ ਰਹੀ ਹੈ। ਮੇਰੇ ਨਾਟਕ ਵਿਚ ਇਹ ਦ੍ਰਿਸ਼ ਨਹੀਂ ਸੀ। ਇਸ ਸ਼ਬਦ ਤੋਂ ਬਾਅਦ ਨਾਟਕ ਸ਼ੁਰੂ ਹੁੰਦਾ ਹੈ। ਪਹਿਲੇ ਦ੍ਰਿਸ਼ ਵਿਚ ਹੀ ਨਿਰਦੇਸ਼ਕ ਨੇ 'ਔਰਤ' ਪਾਤਰ ਦੀ ਥਾਂ 'ਦਰਵੇਸ਼' ਦਾ ਨਵਾਂ ਪਾਤਰ ਜੋੜ ਲਿਆ। ਗੁਲਜ਼ਾਰ ਨੇ ਇਹ ਕਿਰਦਾਰ ਆਪ ਨਿਭਾਇਆ। ਨਾਟਕ ਦਾ ਪਹਿਲਾ ਦ੍ਰਿਸ਼ ਖਤਮ ਹੁੰਦੇ ਹੀ ਮੇਰਾ ਸਾਰਾ ਡਰ ਖਤਮ ਹੋ ਗਿਆ। ਨਾਟਕ ਸਹੀ ਦਿਸ਼ਾ ਵੱਲ ਜਾ ਰਿਹਾ ਸੀ ਅਤੇ ਸਾਰੇ ਕਲਾਕਾਰ ਵੀ ਹੰਢੇ ਹੋਏ ਸਨ। ਰਾਜੇਸ਼ ਸ਼ਰਮਾ (ਨਵਾਬ), ਲੱਖਾ ਲਹਿਰੀ (ਔਰੰਗਜ਼ੇਬ), ਕਾਜ਼ੀ (ਰਵੀ ਭੂਸ਼ਨ), ਦੂਜਾ ਸਿਪਾਹੀ (ਅਨਿਲ ਸਨੌਰੀ), ਮੱਖਣ ਸ਼ਾਹ (ਪਰਮਜੀਤ) ਅਤੇ ਬਾਕੀ ਕਲਾਕਾਰਾਂ ਨੇ ਵੀ ਆਪਣੇ ਆਪਣੇ ਕਿਰਦਾਰ ਬਾਖੂਬੀ ਨਿਭਾਏ। ਕਲਾਕਾਰਾਂ ਦੀਆਂ ਪੁਸ਼ਾਕਾਂ, ਮੇਕ-ਅੱਪ, ਪਿੱਠਵਰਤੀ ਸੰਗੀਤ ਅਤੇ ਨਿਰਦੇਸ਼ਨ ਨੇ ਨਾਟਕ ਦੀ ਪੇਸ਼ਕਾਰੀ ਨੂੰ ਸਫਲ ਬਣਾਇਆ। ਵਿਦਿਆਰਥੀਆਂ ਨੂੰ ਨਾਟਕ ਵਧੀਆ ਲੱਗਾ। ਨਾਟਕ ਦੇ ਲੇਖਕ ਦੇ ਤੌਰ 'ਤੇ ਮੈਂ ਇਸ ਪੇਸ਼ਕਾਰੀ ਤੋਂ ਬਹੁਤ ਪ੍ਰਭਾਵਿਤ ਹੋਇਆ, ਪਰ ਅਨਿਲ ਸਨੌਰੀ ਵਰਗੇ ਵਧੀਆ ਕਲਾਕਾਰ ਦਾ ਜਵਾਨੀ ਵਿਚ ਹੀ ਵਿਛੋੜਾ ਬਹੁਤ ਦੁਖਦਾਈ ਹੈ।

2016 ਵਿਚ ਮੈਂ ਕੈਨੇਡਾ ਆਇਆ ਹੋਇਆ ਸਾਂ। ਇਕ ਦਿਨ ਇੰਪੈਕਟ ਆਰਟਸ, ਚੰਡੀਗੜ੍ਹ ਦੇ ਨਿਰਦੇਸ਼ਕ ਬਨਿੰਦਰਜੀਤ ਸਿੰਘ ਬਨੀ ਦੀ ਈਮੇਲ ਆਈ ਕਿ ਉਨ੍ਹਾਂ ਦਾ ਗਰੁੱਪ ਮੇਰਾ ਨਾਟਕ 'ਸੂਰਾ ਸੋ ਪਹਿਚਾਨੀਐ' ਖੇਡਣਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਨਾਟਕ ਖੇਡਣ ਦੀ ਇਜਾਜ਼ਤ ਦੇ ਦਿੱਤੀ। ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਮੈਨੂੰ ਜਗਜੀਤ ਸਰੀਨ ਅਤੇ ਭਾਰਤ ਭੂਸ਼ਨ ਵਰਮਾ ਦਾ ਫੋਨ ਆ ਗਿਆ ਕਿ ਨਾਟਕ ਦੀ ਪੇਸ਼ਕਾਰੀ ਬਹੁਤ ਹੀ ਸ਼ਾਨਦਾਰ ਸੀ। ਕਰੀਬ ਹਰ ਅਖਬਾਰ ਵਿਚ ਹੀ ਉਸ ਪੇਸ਼ਕਾਰੀ ਸੰਬੰਧੀ ਲੇਖ ਲੱਗੇ ਹੋਏ ਸਨ। 2017 ਵਿਚ ਹੀ ਬਨਿੰਦਰਜੀਤ ਬਨੀ ਦੀ ਨਿਰਦੇਸ਼ਨਾ ਅਧੀਨ ਮੇਰਾ ਨਾਟਕ 'ਹਿੰਦ ਦੀ ਚਾਦਰ' ਵੀ ਇੰਪੈਕਟ ਆਰਟਸ ਵੱਲੋਂ ਖੇਡਿਆ ਗਿਆ। ਮੈਂ ਜਨਵਰੀ 2017 ਦੇ ਆਖਰੀ ਹਫਤੇ ਇੰਡੀਆ ਪਹੁੰਚਣਾ ਸੀ, ਪਰ ਉਨ੍ਹਾਂ ਦਾ ਇਹ ਨਾਟਕ ਪਹਿਲਾਂ ਖੇਡਣ ਦਾ ਪ੍ਰੋਗਰਾਮ ਬਣ ਚੁਕਾ ਸੀ। ਮੈਂ ਸਰੀਨ ਸਾਹਿਬ ਅਤੇ ਭਾਰਤ ਭੂਸ਼ਨ ਵਰਮਾ ਨੂੰ ਉਚੇਚੇ ਤੌਰ 'ਤੇ ਕਿਹਾ ਕਿ ਉਹ ਇਹ ਪੇਸ਼ਕਾਰੀ ਜ਼ਰੂਰ ਦੇਖ ਕੇ ਆਉਣ। ਸਰੀਨ ਸਾਹਿਬ, ਜਿਨ੍ਹਾਂ ਨੇ ਆਪ ਇਹ ਨਾਟਕ ਖੇਡਿਆ ਸੀ, ਉਹ ਇਸ ਪੇਸ਼ਕਾਰੀ ਤੋਂ ਵੀ ਪੂਰੀ ਤਰ੍ਹਾਂ ਸੰਤੁਸ਼ਟ ਸੀ। ਉਨ੍ਹਾਂ ਅਨੁਸਾਰ ਸਾਰੇ ਕਲਾਕਾਰਾਂ ਨੇ ਨਾਟਕ ਦੇ ਪਾਤਰਾਂ ਨੂੰ ਸਹੀ ਢੰਗ ਨਾਲ ਮੰਚ 'ਤੇ ਸਜੀਵ ਕੀਤਾ। ਉਨ੍ਹਾਂ ਨੇ ਨਾਟਕ ਦੇ ਨਿਰਦੇਸ਼ਕ ਬਨਿੰਦਰਜੀਤ ਦੀ ਵੀ ਵਿਸ਼ੇਸ਼ ਪ੍ਰਸ਼ੰਸਾ ਕੀਤੀ। ਬਨੀ ਅੱਜ ਕੱਲ੍ਹ ਪੰਜਾਬੀ ਫਿਲਮਾਂ ਵੱਲ ਜ਼ਿਆਦਾ ਧਿਆਨ ਦੇ ਰਿਹਾ ਹੈ, ਰੰਗਮੰਚ ਵੱਲ ਘੱਟ, ਪਰ ਖੁਸ਼ੀ ਹੈ ਕਿ ਉਸ ਨੇ ਪੰਜਾਬੀ ਫਿਲਮਾਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ ਹੈ।

ਅੱਜ ਕੱਲ੍ਹ ਗੁਰੂ ਤੇਗ ਬਹਾਦਰ ਸਾਹਿਬ ਦੇ ਜਨਮ ਦੇ ਚਾਰ ਸੌ ਸਾਲਾ ਗੁਰਪੁਰਬ ਦੇ ਪ੍ਰੋਗਰਾਮ ਚੱਲ ਰਹੇ ਹਨ। ਮੈਨੂੰ ਖੁਸ਼ੀ ਹੈ ਕਿ ਪਟਿਆਲਾ ਦਾ ਇਕ ਰੰਗਮੰਚ ਗਰੁੱਪ (ਸੁਖਨਵਰ ਰੰਗਮੰਚ ਟੋਲੀ) ਮੇਰਾ ਨਾਟਕ 'ਹਿੰਦ ਦੀ ਚਾਦਰ' ਨੂੰ ਲਾਈਟ ਐਂਡ ਸਾਊਂਡ ਦੀ ਵਿਧੀ ਨਾਲ ਪੇਸ਼ ਕਰਨ ਦੀ ਤਿਆਰੀ ਵਿਚ ਹੈ। ਇਸ ਦਾ ਨਿਰਦੇਸ਼ਨ ਇਕ ਪੁਰਾਣੇ ਰੰਗਕਰਮੀ ਜੋਗਾ ਸਿੰਘ ਖੀਵਾ ਕਰ ਰਹੇ ਹਨ। ਪੰਜਾਬੀ ਰੰਗ-ਮੰਚ ਦੀ ਇਕ ਉੱਘੀ ਹਸਤੀ ਨੇ ਗੁਰੂ ਤੇਗ ਬਹਾਦਰ ਜੀ ਸੰਬੰਧੀ ਨਾਟਕਾਂ ਦਾ ਸੰਗ੍ਰਹਿ ਸੰਪਾਦਿਤ ਕੀਤਾ ਹੈ, ਜਿਸ ਵਿਚ ਮੇਰਾ ਨਾਟਕ 'ਹਿੰਦ ਦੀ ਚਾਦਰ' ਵੀ ਸ਼ਾਮਲ ਹੈ (ਭਾਵੇਂ ਇਸ ਲਈ ਮੇਰੀ ਇਜਾਜ਼ਤ ਨਹੀਂ ਸੀ ਲਈ ਗਈ)।

ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਜਿਹੜਾ ਨਾਟਕ ਮੈਂ 24-25 ਸਾਲ ਦੀ ਉਮਰ ਵਿਚ ਲਿਖਿਆ ਸੀ, ਉਹ ਪੰਤਾਲੀ ਸਾਲ ਬਾਅਦ ਵੀ ਕਿਸੇ ਨਾ ਕਿਸੇ ਨਿਰਦੇਸ਼ਕ ਦੀ ਨਜ਼ਰ ਚੜ੍ਹ ਜਾਂਦਾ ਹੈ। ਇਹ ਪ੍ਰਾਪਤੀ ਸਿਰਫ ਮੇਰੀ ਨਹੀਂ, ਸਗੋਂ ਮੇਰੇ ਰੰਗਕਰਮੀ ਸਾਥੀਆਂ ਦੀ ਵੀ ਹੈ, ਜੋ ਹਮੇਸ਼ਾ ਮੈਨੂੰ ਹੱਲਾਸ਼ੇਰੀ ਦਿੰਦੇ ਰਹੇ। ਪਰਿਵਾਰ ਵੱਲੋਂ ਮਿਲੇ ਸਨੇਹ, ਪਿਆਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਅਤੇ ਮੈਂ ਸਮਝਦਾ ਹਾਂ ਕਿ ਅਜਿਹੀਆਂ ਪ੍ਰਾਪਤੀਆਂ ਪਿੱਛੇ ਕਿਸੇ ਅਦਿੱਖ ਸ਼ਕਤੀ ਦਾ ਹੱਥ ਵੀ ਜ਼ਰੂਰ ਹੁੰਦਾ ਹੈ।

# ਪੂੰਜੀਵਾਦ ਦੇ ਮਾਰੂਥਲ ਦਾ ਤੋੜ ਤਲਾਸ਼ਦੀ ਫਿਲਮ 'ਰੈੱਡ ਡੈਜ਼ਰਟ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਰੈੱਡ ਡੈਜ਼ਰਟ' ਸਾਲ 1964 ਵਿਚ ਰਿਲੀਜ਼ ਹੋਈ। ਇਹ ਮਾਈਕਲਏਂਜਲੋ ਅੰਤੋਨੀਓਨੀ ਦੀ ਪਹਿਲੀ ਰੰਗਦਾਰ ਫਿਲਮ ਸੀ। ਇਹ ਤੱਥ ਇਸ ਲਈ ਵੱਧ ਮਹੱਤਵਪੂਰਨ ਹੈ ਕਿਉਂਕਿ ਉਸ ਦੀਆਂ ਪਹਿਲੀਆਂ ਸਾਰੀਆਂ ਹੀ ਫਿਲਮ ਵਿਚ ਕਾਲੇ ਤੇ ਚਿੱਟੇ ਰੰਗਾਂ ਰਾਹੀਂ ਕਹਾਣੀ ਬੁਣਨ ਅਤੇ ਇਸ ਦੇ ਬਿਰਤਾਂਤ ਨੂੰ ਅੱਗੇ ਤੋਰਨ ਵਿਚ ਰੋਲ ਕੌਮਾਂਤਰੀ ਸਿਨੇਮਾ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਸੀ। ਇਸ ਤੋਂ ਪਹਿਲਾ ਉਸ ਨੇ ਜਿਤਨੀਆਂ ਵੀ ਫਿਲਮਾਂ ਦਾ ਨਿਰਦੇਸ਼ਨ ਕੀਤਾ ਸੀ, ਉਹਨਾਂ ਵਿਚ ਦੂਜੇ ਸੰਸਾਰ ਯੁੱਧ ਤੋਂ ਬਾਅਦ ਹਾਰੀ-ਹੰਭੀ ਲੋਕਾਈ ਦਾ ਬਹੁਤ ਵਿਸਥਾਰ ਸਹਿਤ ਚਿਤਰਨ ਸੀ, ਖਾਸ ਤੌਰ 'ਤੇ ਇਨ੍ਹਾਂ ਅੰਦਰ ਅਜਿਹੇ ਸਮਾਜਾਂ ਵਿਚ ਰਹਿ ਰਹੀਆਂ ਉੱਚ ਵਰਗੀ ਜਮਾਤਾਂ ਦੇ ਮਾਨਸਿਕ ਤੇ ਭਾਵਨਾਤਮਿਕ ਲੈਂਡਸਕੇਪਾਂ ਦਾ ਖਾਕਾ ਖਿੱਚਿਆ ਗਿਆ ਸੀ।

ਫਿਲਮ 'ਰੈੱਡ ਡੈਜ਼ਰਟ' ਤੱਕ ਆਉਂਦਿਆਂ ਆਉਂਦਿਆਂ ਮਾਈਕਲਏਂਜਲੋ ਅੰਤੋਨੀਓਨੀ ਦੇ ਸਾਹਮਣੇ ਇਸ ਸਮੁੱਚੇ ਵਰਤਾਰੇ ਦੀਆਂ ਬਹੁਤੀਆਂ ਤਹਿਆਂ ਨੰਗੀਆਂ ਹੋ ਚੁੱਕੀਆਂ ਹਨ ਤੇ ਉਹ ਅਜਿਹੀ ਫਿਲਮ ਬਣਾਉਣ ਦੀ ਸਮਰੱਥਾ ਰੱਖਦਾ ਸੀ ਜਿਹੜੀ ਉਸ ਦੌਰ ਦਾ ਇੱਕ ਮੁਕੰਮਲ ਬਿਆਨ ਹੋਵੇ। ਇਹ ਫਿਲਮ ਥਿਉਰੀ ਦੇ ਪੱਧਰ 'ਤੇ ਆਧੁਨਿਕਤਾ ਨੂੰ ਮਨੁੱਖੀ ਤਰਾਸਦੀਆਂ ਦਾ ਇਕਲੌਤਾ ਹੱਲ ਦੱਸਣ ਦੇ ਸੌਖੇ ਸਿਆਸੀ ਤਰੀਕਿਆਂ 'ਤੇ ਵੀ ਸਵਾਲ ਖੜ੍ਹਾ ਕਰਦੀ ਹੈ।

ਆਪਣੇ ਇੱਕ ਇੰਟਰਵਿਊ ਵਿਚ ਇਹ ਅਹਿਮ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਲਿਖਦਾ ਹੈ ਕਿ ਸਾਡੇ ਸਮਿਆਂ ਵਿਚ ਸਭਿਆਚਾਰ ਉਸ ਤਰ੍ਹਾਂ ਬਣ-ਵਿਗਸ ਹੀ ਨਹੀਂ ਸਕਿਆ ਜਿਸ ਤਰ੍ਹਾਂ ਵਿਗਿਆਨ ਤੇ ਤਕਨੀਕ ਦੀ ਤਰੱਕੀ ਹੋਈ ਹੈ। ਇਹਨਾਂ ਸ਼ਬਦਾਂ ਨੂੰ ਉਸ ਦੀਆਂ ਫਿਲਮਾਂ ਦੇ ਕਿਰਦਾਰਾਂ ਵਿਚੋਂ ਬਹੁਤ ਆਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ। ਉਸ ਦੇ ਜ਼ਿਆਦਾਤਰ ਕਿਰਦਾਰਾਂ ਨਾਲ ਆਮ ਲੋਕਾਂ ਦਾ ਵੱਡਾ ਵਰਗ ਖੁਦ ਨੂੰ ਜੋੜ ਕੇ ਨਹੀਂ ਸਮਝ ਸਕਦਾ। ਸ਼ਾਇਦ ਇਹੀ ਕਾਰਨ ਹੈ ਕਿ ਉਸ ਦਾ ਸਿਨੇਮਾ ਬਹੁਤੀ ਵਾਰ ਅਣਗੌਲਿਆ ਹੀ ਰਹਿ ਜਾਂਦਾ ਹੈ। ਉਸ ਦੇ ਕਿਰਦਾਰ ਕਿਸੇ ਅਜਿਹੇ ਮਾਨਵੀ ਅਨੁਭਵ ਵਿਚੋਂ ਗੁਜ਼ਰਦੇ ਹਨ ਜਿਹੜਾ ਜ਼ਰੂਰੀ ਨਹੀਂ ਹੈ ਕਿ ਹਰ ਕਿਸੇ ਨਾਲ ਵਾਪਰੇ ਹੀ ਵਾਪਰੇ।

ਅਸਲ ਵਿਚ, ਮਾਈਕਲਏਂਜਲੋ ਅੰਤੋਨੀਓਨੀ ਦੀਆਂ ਫਿਲਮਾਂ ਦੀ ਖਾਸੀਅਤ ਇਹ ਹੈ ਕਿ ਇਹ ਕਿਰਦਾਰ ਪਲ-ਪਲ ਬਦਲ ਰਹੇ ਸਮੁੱਚੇ ਹਾਲਾਤ ਬਾਰੇ ਲਗਾਤਾਰ ਚੇਤੰਨ ਰਹਿੰਦੇ ਹਨ ਅਤੇ ਖੁਦ ਨੂੰ ਬਦਲਾਉ ਲਈ ਤਿਆਰ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹਨਾਂ ਦਾ ਟਕਰਾਉ ਵੀ ਪਦਾਰਥਕ ਹਾਲਾਤ ਦੀ ਥਾਂ ਉਸ ਸਮੇਂ ਦੀ ਨੈਤਿਕਤਾ ਅਤੇ ਕਦਰਾਂ-ਕੀਮਤਾਂ ਨਾਲ ਹੁੰਦਾ ਹੈ। ਅਜਿਹੇ ਹਾਲਾਤ ਵਿਚ ਕਸ਼ਮਕਸ਼ ਅਤੇ ਸਿਧਾਂਤਕ ਟਕਰਾਉ ਦਾ ਤਿੱਖਾ ਅਤੇ ਗੁੰਝਲਦਾਰ ਹੋਣਾ ਸੁਭਾਵਿਕ ਹੈ। ਉਸ ਦੀਆਂ ਪਹਿਲੀਆਂ ਸਾਰੀਆਂ ਫਿਲਮਾਂ ਵਿਚ ਵਾਰ-ਵਾਰ ਨਜ਼ਰ ਆਉਂਦਾ ਇਹ ਵਰਤਾਰਾ ਫਿਲਮ 'ਰੈੱਡ ਡੈਜ਼ਰਟ' ਵਿਚ ਤਰਾਸਦੀ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹ ਫਿਲਮ ਪੂੰਜੀਵਾਦ ਦੁਆਰਾ ਆਧੁਨਿਕ ਸਮਾਜਾਂ ਨੂੰ ਸਨਅਤੀਕਰਨ ਦੇ ਅੰਨ੍ਹੇ ਖੂਹ ਵਿਚ ਸੁੱਟਣ ਤੋਂ ਉਪਜੀ ਟੁੱਟ-ਭੱਜ ਅਤੇ ਇਨ੍ਹਾਂ ਹਾਲਾਤ ਵਿਚ ਜਿਉਣਾ ਜਾਰੀ ਰੱਖਣ ਦੀ ਜੱਦੋ-ਜਹਿਦ ਦਾ ਕਥਾਰਸਿਸ ਹੋ ਨਿਬੜਦੀ ਹੈ।



ਫਿਲਮ 'ਰੈੱਡ ਡੈਜ਼ਰਟ' ਦੇ ਇਕ ਚਰਚਿਤ ਦ੍ਰਿਸ਼ ਵਿਚ ਅਦਾਕਾਰਾ ਮੋਨਿਕਾ ਵਿਤੀ ਅਤੇ ਇਕ ਬਾਲ ਕਲਾਕਾਰ।









ਫਿਲਮ 'ਰੈੱਡ ਡੈਜ਼ਰਟ' ਦਾ ਪੋਸਟਰ, (ਵਿਚਕਾਰ) ਫਿਲਮ 'ਰੈੱਡ ਡੈਜ਼ਰਟ' ਵਿਚ ਅਦਾਕਾਰਾ ਮੋਨਿਕਾ ਵਿਤੀ ਅਤੇ (ਐਨ ਸੱਜੇ) ਅਦਾਕਾਰਾ ਮੋਨਿਕਾ ਵਿਤੀ ਤੇ ਅਦਾਕਾਰ ਰਿਚਰਡ ਹੈਰਿਸ।

ਫਿਲਮ 'ਰੈੱਡ ਡੈਜ਼ਰਟ' ਗੁਲੀਆਨਾ ਨਾਮ ਦੀ ਔਰਤ ਦੇ ਆਲੇ-ਦੁਆਲੇ ਘੁੰਮਦੀ ਹੈ ਜਿਸ ਦਾ ਪਤੀ ਆਪਣੇ ਪੈਟਰੋ-ਕੈਮੀਕਲ ਉਦਯੋਗ ਦੀ ਸਫਲਤਾ ਦੇ ਨਸ਼ੇ ਵਿਚ ਗੁੰਮ ਹੋ ਗਿਆ ਹੈ। ਉਹਨਾਂ ਹੀ ਦਿਨਾਂ ਵਿਚ ਉਸ ਦੀ ਮੁਲਾਕਾਤ ਉਹਨਾਂ ਦੇ ਘਰੇਲੂ ਕਾਰਖਾਨੇ ਵਿਚ ਕੰਮ ਕਰਦੇ ਕਰੋੜੋ ਜੈਲਰ ਨਾਲ ਹੁੰਦੀ ਹੈ। ਇਟਲੀ ਦੇ ਇੱਕ ਸਭ ਤੋਂ ਵੱਡੇ ਸ਼ਹਿਰ ਵਿਚ ਰਹਿੰਦੇ ਹੋਏ ਵੀ ਇਹ ਭਾਵੁਕਤਾ ਅਤੇ ਪਿਆਰ ਲਈ ਸਹੀ ਜਗ੍ਹਾ ਨਹੀਂ। ਉਹਨਾਂ ਦੇ ਆਸ-ਪਾਸ ਦੂਰ-ਦੂਰ ਤੱਕ ਕਾਰਖਾਨਿਆਂ ਦਾ ਕੂੜਾ-ਕਬਾੜਾ ਖਿਲਰਿਆ ਪਿਆ ਹੈ। ਸ਼ਹਿਰ ਦੀ ਹਵਾ ਇੰਨੀ ਗੰਧਲੀ ਹੋ ਚੁੱਕੀ ਹੈ ਕਿ ਉਹਨਾਂ ਨੂੰ ਇੱਕ-ਦੂਜੇ ਦੇ ਚਿਹਰੇ ਵੀ ਸਹੀ-ਸਹੀ ਪਛਾਣਨੇ ਮੁਸ਼ਕਿਲ ਹਨ। ਪੀਣ ਵਾਲਾ ਸਾਫ ਪਾਣੀ ਨਾਦਾਰਦ ਹੈ। ਕਾਰਖਾਨਿਆਂ ਦੀਆਂ ਚਿਮਨੀਆਂ ਵਿਚੋਂ ਨਿਕਲਦਾ ਧੂੰਆਂ ਭਾਵਨਾਵਾਂ ਤੇ ਦਿਲੋ-ਦਿਮਾਗ ਉੱਤੇ ਜੰਮ ਰਿਹਾ ਹੈ, ਲਗਾਤਾਰ। ਅਜਿਹੀ ਹਾਲਤ ਵਿਚ ਜਿੱਥੇ ਹਰ ਆਵਾਜ਼ ਮਸ਼ੀਨਾਂ ਦੇ ਸ਼ੋਰ ਨਾਲ ਟਕਰਾ ਕੇ ਟੁੱਟ ਜਾਂਦੀ ਹੋਵੇ, ਉੱਥੇ ਪ੍ਰੇਮ ਗੀਤਾਂ ਦਾ ਕੀ ਅਰਥ ਬਣ ਸਕਦਾ ਹੈ? ਜਾਂ ਇਨ੍ਹਾਂ ਦਾ ਕੀ ਹਸ਼ਰ ਹੋ ਸਕਦਾ ਹੈ?

ਇਸ ਸੁੰਨ ਨੂੰ ਖਤਮ ਕਰਨ ਲਈ ਮਾਈਕਲਏਂਜਲੋ ਅੰਤੋਨੀਓਨੀ ਸੰਗੀਤ ਦੇ ਲੜ ਲੱਗ ਜਾਂਦਾ ਹੈ ਜਿਹੜਾ ਇਨ੍ਹਾਂ ਸਾਰੇ ਹਾਲਾਤ ਵਿਚ ਕੱਚ ਵਾਂਗ ਖੁਭ ਜਾਂਦਾ ਹੈ। ਉਹ ਰੰਗਾਂ ਨੂੰ ਇਨ੍ਹਾਂ ਸਾਰੇ ਹਾਲਾਤ ਦੀ ਬੇਉਮੀਦੀ ਤੇ ਬੇਰੰਗੇਪਣ ਨੂੰ ਭੰਨਣ ਲਈ ਵਰਤਦਾ ਹੈ। ਇਸ ਫਿਲਮ ਦੀ ਬਹੁਤ ਸਾਰੀ ਤਾਰੀਫ ਇਸ ਵਿਚ ਰੰਗਾਂ ਦੀ ਕਾਵਿਕ ਵਰਤੋਂ ਕਰਨ ਕਰ ਕੇ ਕੀਤੀ ਗਈ। ਫਿਲਮ ਵਿਚ ਜਿੱਥੇ ਕਿਰਦਾਰਾਂ ਦੇ ਕੱਪੜੇ ਅਤੇ ਸਮਾਨ ਬੇਹੱਦ ਤਿੱਖੇ ਤੇ ਆਧੁਨਿਕ ਢੰਗ ਦੇ ਹਨ, ਉਹਨਾਂ ਦੇ ਆਸ-ਪਾਸ ਬਹੁਤੀਆਂ ਚੀਜ਼ਾਂ ਲਗਾਤਾਰ ਉਤਪਾਦਨ ਲਈ ਵਰਤੇ ਜਾਣ ਕਾਰਨ ਬਦਰੰਗ ਤੇ ਬੇਜਾਨ ਹੋ ਚੁੱਕੀਆਂ ਹਨ।

ਇਸ ਫਿਲਮ ਦੀ ਮੁੱਖ ਕਿਰਦਾਰ ਆਪਣੀ ਜ਼ਿੰਦਗੀ ਦੇ ਉਦੇਸ਼ ਬਾਰੇ, ਜੀਣ ਦੇ ਤਰੀਕਿਆਂ ਬਾਰੇ, ਬਹੁਤ ਸਾਰੇ ਸ਼ੰਕਿਆਂ, ਖਦਸ਼ਿਆਂ ਤੇ ਡਰਾਂ ਨਾਲ ਭਰੀ ਹੋਈ ਹੈ। ਉਸ ਦੇ ਸਾਰੇ ਰਿਸ਼ਤੇ ਇਹਨਾਂ ਹੀ ਬੇਵਸਾਹੀਆਂ ਅਤੇ ਭਟਕਣ ਦਾ ਸ਼ਿਕਾਰ ਹੋ ਚੁੱਕੇ ਹਨ। ਉਸ ਦੀ ਸੋਚ ਵੀ ਇਹਨਾਂ ਕਾਰਖਾਨਿਆਂ ਦੇ ਧੂੰਏਂ ਵਾਂਗ ਅਸਪਸ਼ਟ ਅਤੇ ਧੁੰਦਲੀ ਹੈ। ਅਜਿਹੇ ਹਾਲਾਤ ਵਿਚ ਉਸ ਕੋਲ ਦੋਸਤਾਂ ਨਾਲ ਪਾਰਟੀ ਕਰਨ ਤੋਂ ਬਿਨਾਂ ਕੁਝ ਹੋਰ ਹੋਣ ਦੀ ਸੰਭਾਵਨਾ ਹੈ ਹੀ ਨਹੀਂ। ਉਹ ਇਸ ਸਾਰੇ ਸ਼ੋਰ-ਸ਼ਰਾਬੇ ਤੋਂ ਵੀ ਪ੍ਰੇਸ਼ਾਨ ਹੈ ਪਰ ਉਸ ਕੋਲ ਭੱਜਣ ਦਾ ਹੋਰ ਕੋਈ ਰਾਹ ਵੀ ਨਹੀਂ ਬਚਿਆ। ਅਚਾਨਕ ਹੀ ਇਸ ਸ਼ਹਿਰ ਦੇ ਕਿਨਾਰੇ 'ਤੇ ਇੱਕ ਜਹਾਜ਼ ਆਣ ਕੇ ਰੁਕਦਾ ਹੈ ਅਤੇ ਸ਼ਹਿਰ ਵਿਚ ਇਹ ਅਫਵਾਹ ਫੈਲ ਜਾਂਦੀ ਹੈ ਕਿ ਇਹ ਜਹਾਜ਼ ਛੂਤ ਦੀ ਬਿਮਾਰੀ ਦਾ ਜਹਾਜ਼ ਹੈ। ਉਹ ਡਰੀ ਹੋਈ ਆਪਣੇ ਘਰ ਵਿਚ ਆ ਕੇ ਲੁਕ ਜਾਂਦੀ ਹੈ, ਭਾਵੇਂ ਉਸ ਨੂੰ ਪਤਾ ਹੈ ਕਿ ਇਹ ਉਸ ਦੀ ਸਮੱਸਿਆ ਦਾ ਹੱਲ ਨਹੀਂ।

ਇਸ ਫਿਲਮ ਦਾ ਅੰਤ ਵੀ ਕਾਫੀ ਅਸਹਿਜ ਹੈ। ਫਿਲਮ ਦੇ ਅੰਤ ਵਿਚ ਉਹ ਆਪਣੇ ਮੁੰਡੇ ਨਾਲ ਕਾਰਖਾਨੇ ਦੀਆਂ ਗਤੀਵਿਧੀਆਂ ਦੀ ਨਿਰਖ-ਪਰਖ ਕਰ ਰਹੀ ਹੈ। ਉਸ ਦਾ ਇੱਕ ਵਰਕਰ ਉਸ ਨੂੰ ਦੱਸਦਾ ਹੈ ਕਿ ਪਿਛਲੇ ਦਿਨਾਂ ਵਿਚ ਕਾਰਖਾਨੇ ਦੀ ਜ਼ਹਿਰੀਲੀ ਹਵਾ ਕਾਰਨ ਬਹੁਤ ਸਾਰੇ ਪੰਛੀ ਮਰ ਗਏ ਹਨ। ਇਸ ਦੇ ਜਵਾਬ ਵਿਚ ਉਹ ਆਖਦੀ ਹੈ ਕਿ ਹੁਣ ਸ਼ਾਇਦ ਅਜਿਹਾ ਰੁਕ ਜਾਵੇ, ਕਿਉਂਕਿ ਪੰਛੀਆਂ ਨੇ ਇਸ ਪੀਲੀ ਹਵਾ ਤੋਂ ਦੂਰ ਰਹਿਣਾ ਸਿੱਖ ਲਿਆ ਹੈ। ਇਸ ਤਰ੍ਹਾਂ ਇਹ ਫਿਲਮ ਸਭ ਤੋਂ ਮਾੜੇ ਹਾਲਾਤ ਵਿਚ ਵੀ ਜਿਉਂਦੇ ਰਹਿਣ ਦੀ ਸੰਭਾਵਨਾ ਤਲਾਸ਼ਦੀ ਫਿਲਮ ਹੈ।

# ਅਦਾਕਾਰਾ ਵਿੱਦਿਆ ਬਾਲਨ ਹੁਣ 'ਸ਼ੇਰਨੀ' ਬਣੇਗੀ

ਅਦਾਕਾਰਾ ਵਿੱਦਿਆ ਬਾਲਨ ਦੀ ਫਿਲਮ 'ਸ਼ੇਰਨੀ' ਅਗਲੇ ਮਹੀਨੇ ਐਮਾਜ਼ੋਨ ਪ੍ਰਾਈਮ ਵੀਡੀਓ 'ਤੇ ਰਿਲੀਜ਼ ਕੀਤੀ ਜਾ ਰਹੀ ਹੈ। 'ਨਿਊਟਨ' ਫਿਲਮ ਲਈ ਪ੍ਰਸਿੱਧ ਹੋਏ ਅਮਿਤ ਮਸੂਰਕਰ ਵੱਲੋਂ ਨਿਰਦੇਸ਼ਤ ਇਸ ਫਿਲਮ ਵਿਚ ਵਿੱਦਿਆ ਬਾਲਨ ਨੂੰ ਜੰਗਲਾਤ ਅਫਸਰ ਵਜੋਂ ਪੇਸ਼ ਕੀਤਾ ਗਿਆ ਹੈ ਜੋ ਮਨੁੱਖਾਂ ਅਤੇ ਜਾਨਵਰਾਂ ਦੇ ਟਕਰਾਓ ਦੀ ਦੁਨੀਆ ਵਿਚ ਸੰਤੁਲਨ ਬਣਾਈ ਰੱਖਣ ਦੀ ਭਰਪੂਰ ਕੋਸ਼ਿਸ਼ ਕਰਦੀ ਹੈ। ਐਮਾਜ਼ੋਨ ਦੀ ਇਹ ਫਿਲਮ ਟੀ-ਸੀਰੀਜ਼ ਅਤੇ ਅਬੁੰਦਾਂਤੀਆ ਐਂਟਰਟੇਨਮੈਂਟ ਨੇ ਬਣਾਈ ਹੈ।

2020 ਦੀ ਆਲੋਚਨਾਤਮਕ ਪ੍ਰਸ਼ੰਸਾ ਵਾਲੀ ਫਿਲਮ 'ਸ਼ਕੁੰਤਲਾ ਦੇਵੀ' ਤੋਂ ਬਾਅਦ ਇਹ ਤਿੱਕੜੀ ਦੂਜੀ ਵਾਰ ਇਕੱਠਿਆਂ ਕੰਮ ਕਰ ਰਹੀ ਹੈ। ਐਮਾਜ਼ੋਨ ਪ੍ਰਾਈਮ ਵੀਡੀਓ ਇੰਡੀਆ ਦੇ ਵਿਸ਼ਾ ਵਸਤੂ ਦੇ ਡਾਇਰੈਕਟਰ ਅਤੇ ਮੁਖੀ ਵਿਜੈ ਸੁਬਰਾਮਨੀਅਮ ਨੇ ਕਿਹਾ ਕਿ ਉਹ ਅਬੁੰਦਾਂਤੀਆ ਐਂਟਰਟੇਨਮੈਂਟ ਅਤੇ ਟੀ-ਸੀਰੀਜ਼ ਨਾਲ ਸਹਿਯੋਗ ਕਰ ਕੇ ਬਹੁਤ ਖੁਸ਼ ਹਨ ਜੋ ਤਾਜ਼ੀ ਅਤੇ ਦਿਲਚਸਪ ਸਮੱਗਰੀ ਦਰਸ਼ਕਾਂ ਲਈ ਲਿਆਉਂਦੇ ਹਨ। ਉਸ ਨੇ ਕਿਹਾ, "ਸ਼ਕੁੰਤਲਾ ਦੇਵੀ ਦੀ ਸਫਲਤਾ ਤੋਂ ਬਾਅਦ ਅਸੀਂ ਭਾਰਤ ਅਤੇ ਦੁਨੀਆ ਭਰ ਦੇ ਆਪਣੇ ਦਰਸ਼ਕਾਂ ਲਈ ਵਿੱਦਿਆ ਬਾਲਨ ਦੀ ਇੱਕ ਹੋਰ ਪ੍ਰੋਜੈਕਟ 'ਸ਼ੇਰਨੀ' ਪੇਸ਼ ਕਰਨ ਲਈ ਉਤਸੁਕ ਹਾਂ। ਇਹ ਫਿਲਮ ਜਿੱਤ ਦੀ ਬਹੁਤ ਹੀ ਦਿਲਚਸਪ ਕਹਾਣੀ ਹੈ ਜੋ ਨਾ ਸਿਰਫ ਦਰਸ਼ਕਾਂ ਦਾ ਮਨੋਰੰਜਨ ਕਰੇਗੀ ਸਗੋਂ ਉਨ੍ਹਾਂ ਨੂੰ ਘਰਾਂ ਦੇ ਆਰਾਮਦਾਇਕ ਮਾਹੌਲ ਵਿਚ ਹੀ ਰੁਮਾਂਚਕ ਤਜਰਬਾ ਵੀ ਕਰਾਏਗੀ।" ਫਿਲਮ ਵਿਚ ਸ਼ਰਦ ਸਕਸੈਨਾ, ਮੁਕੁਲ ਚੱਢਾ, ਵਿਜੇ ਰਾਜ, ਈਲਾ ਅਰੁਣ ਆਦਿ ਕਲਾਕਾਰ ਨੇ ਕੰਮ ਕੀਤਾ ਹੈ ਅਤੇ ਚਾਰੇ ਪਾਸੇ ਇਨ੍ਹਾਂ ਦੇ ਕੰਮ ਦੀ ਤਾਰੀਫ ਹੋ ਰਹੀ ਹੈ।

ਪਹਿਲੀ ਜਨਵਰੀ 1979 ਨੂੰ ਜਨਮੀ ਵਿੱਦਿਆ ਬਾਲਨ ਦਾ ਕਹਿਣਾ ਹੈ ਕਿ 'ਸ਼ੇਰਨੀ' ਪ੍ਰੋਜੈਕਟ ਉਹਦੇ ਲਈ ਬਹੁਤ ਅਹਿਮ ਹੈ ਅਤੇ ਹੁਣ ਤੱਕ ਉਸ ਲਈ ਸਭ ਤੋਂ ਚੁਣੌਤੀ ਭਰਪੂਰ ਵੀ ਰਿਹਾ ਹੈ। ਇਸ ਪ੍ਰੋਜੈਕਟ ਦੇ ਨਾਲ-ਨਾਲ ਕੁਦਰਤ ਬਾਰੇ ਜਿਹੜਾ ਪਾਠ ਅਤੇ ਸਬਕ ਮਿਲਿਆ ਹੈ, ਉਹ ਬਹੁਤ ਮਹੱਤਵਪੂਰਨ ਹਨ। ਇਹ ਪ੍ਰੋਜੈਕਟ ਕਰਨ ਤੋਂ ਬਾਅਦ ਮੈਂ ਪਹਿਲਾਂ ਵਾਲੀ ਵਿੱਦਿਆ ਬਾਲਨ ਨਹੀਂ ਰਹੀ; ਮੈਨੂੰ ਜਾਪਦਾ ਹੈ ਕਿ ਇਹ ਸੀਰੀਜ਼ ਦੇਖਣ ਤੋਂ ਬਾਅਦ ਦਰਸ਼ਕ ਵੀ ਆਪਣੇ-ਆਪ ਨੂੰ ਬਦਲਿਆ-ਬਦਲਿਆ ਮਹਿਸੂਸ ਕਰਨਗੇ।



ਫਿਲਮ 'ਸ਼ੇਰਨੀ' ਦੇ ਇਕ ਦ੍ਰਿਸ਼ ਵਿਚ ਅਦਾਕਾਰਾ ਵਿੱਦਿਆ ਬਾਲਨ।

ਚੇਤੇ ਰਹੇ ਕਿ ਵਿੱਦਿਆ ਬਾਲਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1995 ਵਿਚ ਉਸ ਵਕਤ ਕਰ ਲਈ ਸੀ ਜਦੋਂ ਉਹ ਮਹਿਜ਼ 15-16 ਵਰ੍ਹਿਆਂ ਦੀ ਸੀ। ਉਸ ਵਕਤ ਉਸ ਨੇ 'ਹਮ ਪਾਂਚ' ਵਿਚ ਕੰਮ ਕੀਤਾ ਅਤੇ ਚੁਫੇਰਿਉਂ ਪ੍ਰਸ਼ੰਸਾ ਹਾਸਲ ਕੀਤੀ ਪਰ ਕਰੀਅਰ ਢੰਗ ਨਾਲ ਅੱਗੇ ਨਹੀਂ ਵਧਿਆ। ਯੂਨੀਵਰਸਿਟੀ ਵਿਚ ਪੜ੍ਹਾਈ ਦੌਰਾਨ ਅਦਾਕਾਰੀ ਦੇ ਖੇਤਰ ਵਿਚ ਪੈਂਠ ਬਣਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਪਰ ਸਫਲਤਾ ਨਹੀਂ ਮਿਲ ਸਕੀ। ਫਿਰ 2003 ਵਿਚ ਜਦੋਂ ਬੰਗਲਾ ਫਿਲਮ 'ਭਾਲੋ ਠੇਕੋ' ਆਈ ਤਾਂ ਉਹਦੇ ਲਈ ਅਦਾਕਾਰੀ ਦੇ ਰਾਹ ਬਹੁਤ ਮੋਕਲੇ ਹੋ ਗਏ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਹਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਹੁਣ ਉਹ ਅਦਾਕਾਰਾ ਵਜੋਂ ਆਪਣਾ ਵੱਖਰਾ ਮੁਕਾਮ ਬਣਾ ਚੁੱਕੀ ਹੈ। **-ਆਮਨਾ ਕੌਰ**



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com